Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763



Ad space available
Please call
Ph: 847-359-0746

Global Green INSURANCE AGENCY
of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM

Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 18, Issue 25, June 24, 2017 20451 N Plum Grove Rd., Palatine, IL 60074 Ph:847-359-0746, Fax:847-705-9388

## ਪੰਜਾਬ ਬਜਟ: ਸੱਖਣੇ ਖਜ਼ਾਨੇ ਵਿਚੋਂ ਵਾਅਦਿਆਂ ਦੀ ਝੜੀ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸਾਢੇ ਤਿੰਨ ਮਹੀਨੇ ਪਹਿਲਾਂ ਸੱਤਾ ਵਿਚ ਆਈ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ 1.18 ਲੱਖ ਕਰੋੜ ਦਾ ਆਪਣਾ ਪਹਿਲਾ ਬਜਟ ਪੇਸ਼ ਕਰ ਦਿੱਤਾ ਹੈ। ਬਜਟ ਵਿਚ ਤਕਰੀਬਨ ਹਰ ਵਰਗ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਦੋ ਲੱਖ ਕਰੋੜ ਦੀ ਕਰਜ਼ਈ ਸਰਕਾਰ ਇਹ ਵਾਅਦੇ ਕਿਵੇਂ ਪੂਰੇ ਕਰੇਗੀ, ਇਹ ਸਵਾਲ ਆਰਥਿਕ ਮਾਹਰਾਂ ਨੂੰ ਰੜਕ ਰਿਹਾ ਹੈ। ਬਜਟ ਵਿਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸੂਬੇ ਦੇ ਕਿਸਾਨਾਂ, ਨੌਜਵਾਨਾਂ, ਦਲਿਤਾਂ, ਪਛੜੇ ਵਰਗਾਂ, ਬਜ਼ੁਰਗਾਂ ਆਦਿ ਨੂੰ ਰਿਆਇਤਾਂ ਦੇਣ ਦਾ ਐਲਾਨ ਕੀਤਾ ਹੈ।



ਮਾਲੀ ਸਾਲ 2017-18 ਦੇ 118237.90 ਕਰੋੜ ਰੁਪਏ ਦੇ ਕੁੱਲ ਬਜਟ ਵਿਚ ਮਾਲੀ ਖਰਚੇ 105514.84 ਕਰੋੜ ਰੁਪਏ ਦੇ ਹਨ। ਇਸ ਤਰ੍ਹਾਂ 14784.87 ਕਰੋੜ ਰੁਪਏ ਦਾ ਮਾਲੀ ਘਾਟਾ ਦਿਖਾਇਆ ਗਿਆ ਹੈ ਜੋ ਪਿਛਲੇ ਸਾਲ 11362.02 ਕਰੋੜ ਰੁਪਏ ਸੀ। ਰਾਜਕੋਸ਼ੀ ਘਾਟਾ 23092.10 ਕਰੋੜ ਰੁਪਏ ਹੋਵੇਗਾ ਜੋ ਜੀ.ਐਸ.ਡੀ.ਪੀ. (ਕੁੱਲ ਘਰੇਲੂ ਪੈਦਾਵਾਰ) ਦਾ 4.96 ਫੀਸਦੀ ਬਣਦਾ ਹੈ। ਸਰਕਾਰ ਵੱਲੋਂ 12819 ਕਰੋੜ ਰੁਪਏ ਦਾ ਕਰਜ਼ਾ ਲਿਆ ਜਾਣਾ ਹੈ। ਇਨ੍ਹਾਂ ਤੱਥਾਂ ਤੋਂ ਇਹ ਵੀ ਸਾਫ ਹੈ ਕਿ ਕਰਜ਼ਾ ਲੈ ਕੇ ਵੀ ਖਰਚ ਤੇ ਆਮਦਨ ਦਾ ਖੱਪਾ ਪੂਰਾ ਨਹੀਂ ਹੋਣਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੀਮਾਂਤ ਅਤੇ ਛੋਟੇ ਕਿਸਾਨਾਂ ਦਾ 2 ਲੱਖ ਰੁਪਏ ਤੱਕ ਦਾ ਕਰਜ਼ਾ ਮੁਆਫ

*(ਬਾਕੀ ਸਫਾ 6 'ਤੇ)*

## ਕਰਜ਼ ਮੁਆਫੀ: ਸਰਕਾਰ ਖਾਨਾਪੂਰਤੀ ਦੇ ਰਾਹ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੂਬੇ ਦੇ ਪੰਜ ਏਕੜ ਜ਼ਮੀਨ ਦੀ ਮਾਲਕੀ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ ਕਰਜ਼ਾ ਮੁਆਫ ਕਰਨ ਦੇ ਐਲਾਨ ਪਿੱਛੋਂ ਸਰਕਾਰ ਉਤੇ ਵਾਅਦਾਖਿਲਾਫੀ ਦੇ ਦੋਸ਼ ਲੱਗਣ ਲੱਗੇ ਹਨ। ਵਿਰੋਧੀ ਧਿਰ ਸਮੇਤ ਕਿਸਾਨ ਵੀ ਸਰਕਾਰ ਦੇ ਇਸ ਫੈਸਲੇ ਤੋਂ ਕਾਫੀ ਨਿਰਾਸ਼ ਹਨ। ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਸਰਕਾਰ ਦੇ ਇਸ ਐਲਾਨ ਨਾਲ ਬਹੁਤੇ ਕਿਸਾਨਾਂ ਨੂੰ ਲਾਭ ਨਹੀਂ ਹੋਣਾ, ਜਦ ਕਿ ਚੋਣਾਂ ਸਮੇਂ ਕੈਪਟਨ ਨੇ ਕਿਸਾਨਾਂ ਨੇ ਸਮੁੱਚੇ ਕਰਜ਼ੇ 'ਤੇ ਲੀਕ ਫੇਰਨ ਦੀ ਗੱਲ ਆਖੀ ਸੀ। ਇਹ ਸਵਾਲ ਵੀ ਕੀਤਾ ਜਾ ਰਿਹਾ ਹੈ ਕਿ ਸਰਕਾਰ ਨੇ ਸਿਰਫ ਸਹਿਕਾਰੀ ਬੈਂਕਾਂ ਨਾਲ ਸਬੰਧਤ ਕਰਜ਼ ਹੀ ਮੁਆਫ ਕੀਤਾ ਹੈ, ਉਹ ਵੀ ਛੋਟੇ ਕਿਸਾਨਾਂ ਦਾ, ਜਦਕਿ ਵੱਡਾ ਕਰਜ਼ ਤਾਂ ਹੋਰਾਂ ਬੈਂਕਾਂ ਦਾ ਕਿਸਾਨਾਂ ਸਿਰ ਖੜ੍ਹਾ ਹੈ। ਸਰਕਾਰ ਨੇ ਬਜਟ ਵਿਚ ਕਰਜ਼ ਮੁਆਫੀ ਲਈ 1500 ਕਰੋੜ ਰੁਪਏ ਰੱਖੇ ਹਨ, ਕਿਸਾਨਾਂ ਸਿਰ 90 ਹਜ਼ਾਰ ਕਰੋੜ ਦਾ ਕੁੱਲ ਕਰਜ਼ਾ ਹੈ ਜਿਸ 'ਤੇ ਸਾਲਾਨਾ ਵਿਆਜ ਹੀ 8 ਤੋਂ 9 ਹਜ਼ਾਰ ਕਰੋੜ ਰੁਪਏ ਬਣ ਜਾਂਦਾ ਹੈ। 1500 ਕਰੋੜ ਨਾਲ ਤਾਂ ਕਿਸਾਨੀ ਕਰਜ਼ੇ ਦਾ 3 ਮਹੀਨੇ ਦਾ ਸੂਦ ਵੀ ਨਹੀਂ ਦਿੱਤਾ ਜਾ ਸਕਦਾ।

ਸਰਕਾਰ ਨੇ ਕਿਸਾਨਾਂ ਦੇ ਨਾਲ-ਨਾਲ ਖੇਤੀ ਮਜ਼ਦੂਰਾਂ ਦੇ ਕਰਜ ਮੁਆਫੀ ਦਾ ਵਾਅਦਾ ਕੀਤਾ ਸੀ, ਪਰ ਕੈਪਟਨ ਸਰਕਾਰ ਨੇ ਮਜ਼ਦੂਰ ਕਰਜ਼ੇ ਦਾ ਨਾਂ ਤੱਕ ਨਹੀਂ ਲਿਆ। ਸਰਵੇਖਣ ਇਹ ਸਿੱਧ ਕਰ ਚੁੱਕੇ ਹਨ ਕਿ ਖੇਤੀ 'ਤੇ ਨਿਰਭਰ

*(ਬਾਕੀ ਸਫਾ 6 'ਤੇ)*

## ਮਨਪ੍ਰੀਤ ਦੇ ਸਫੈਦ ਪੇਪਰ ਵਿਚ ਖੁੱਲ੍ਹਿਆ ਬਾਦਲਾਂ ਦਾ 'ਕਾਲਾ ਚਿੱਠਾ'

**ਚੰਡੀਗੜ੍ਹ:** ਪੰਜਾਬ ਦੀ ਕਾਂਗਰਸ ਸਰਕਾਰ ਨੇ ਪਿਛਲੇ 10 ਸਾਲ ਸੱਤਾ ਦਾ ਸੁੱਖ ਮਾਣ ਕੇ ਰੁਖਸਤ ਹੋਏ ਅਕਾਲੀ ਦਲ-ਭਾਜਪਾ ਗੱਠਜੋੜ ਦੀਆਂ ਨਾਕਾਮੀਆਂ ਦਾ ਕੱਚਾ ਚਿੱਠਾ ਖੋਲ੍ਹਦੇ ਹੋਏ ਵ੍ਹਾਈਟ ਪੇਪਰ ਜਾਰੀ ਕੀਤਾ ਹੈ। ਸੂਬੇ ਦੇ ਵਿੱਤੀ ਹਾਲਾਤ ਬਾਰੇ 'ਵ੍ਹਾਈਟ ਪੇਪਰ' ਪੇਸ਼ ਕਰਦਿਆਂ ਬਾਦਲ ਸਰਕਾਰ 'ਤੇ ਮਾਲੀ ਬੇਨਿਯਮੀਆਂ ਕਰਨ ਅਤੇ ਪੰਜਾਬ ਨੂੰ ਕਰਜ਼ੇ ਵਿਚ ਡੋਬਣ ਦੇ ਵੱਡੇ ਇਲਜ਼ਾਮ ਲਾਏ ਗਏ ਹਨ।

ਸੂਬੇ ਦੀ ਮਾਲੀ ਹਾਲਤ ਦੇ ਨਿਘਾਰ ਦੀ ਤਸਵੀਰ ਪੇਸ਼ ਕਰਦਿਆਂ ਦੱਸਿਆ ਗਿਆ ਕਿ ਸਰਕਾਰ ਨੂੰ ਹਾਸਲ ਹੁੰਦੀ ਕੁੱਲ ਆਮਦਨ ਦੇ ਮੁਕਾਬਲੇ ਖਰਚ 107 ਫੀਸਦੀ ਤੱਕ ਪਹੁੰਚ ਗਏ ਹਨ। ਕੈਪਟਨ ਸਰਕਾਰ ਨੇ ਬਾਦਲ ਸਰਕਾਰ 'ਤੇ ਸੂਬੇ ਦੇ ਵਿੱਤ ਨਾਲ ਖਿਲਵਾੜ ਅਤੇ ਮਨਮਰਜ਼ੀ ਕਰਨ ਬਾਰੇ ਤੱਥ ਪੇਸ਼ ਕੀਤੇ। ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਰਾਜ ਸਰਕਾਰ ਨੂੰ ਹਾਸਲ ਹੁੰਦੇ ਮਾਲੀਏ ਵਿਚੋਂ 85 ਫੀਸਦੀ ਤਾਂ ਤਨਖਾਹਾਂ, ਪੈਨਸ਼ਨਾਂ ਤੇ ਵਿਆਜ ਦੀਆਂ ਅਦਾਇਗੀਆਂ ਵਿਚ ਲੱਗ ਜਾਂਦਾ ਹੈ। ਜੇ ਬਿਜਲੀ ਸਬਸਿਡੀ ਤੇ ਪੁਲਿਸ ਦੇ ਖਰਚ ਨੂੰ ਵੀ ਸ਼ਾਮਲ ਕਰ ਲਿਆ ਜਾਵੇ ਤਾਂ ਖਰਚ 107 ਫੀਸਦੀ ਤੱਕ ਪਹੁੰਚ ਜਾਂਦਾ ਹੈ।


ਸਫੈਦ ਪੱਤਰ ਰਾਹੀਂ ਦਾਅਵਾ ਕੀਤਾ ਗਿਆ ਹੈ ਕਿ ਕਾਂਗਰਸ ਸਰਕਾਰ ਦੇ ਸਮੇਂ ਸਾਲ 2007 ਤੱਕ ਮਾਲੀ ਤੌਰ 'ਤੇ ਸਰਕਾਰ ਘਾਟੇ ਵਿਚ ਨਹੀਂ ਸੀ। ਅਕਾਲੀਆਂ ਦੇ ਸੱਤਾ ਸੰਭਾਲਦਿਆਂ ਹੀ 2007 ਤੋਂ ਅਜਿਹਾ ਘਾਟਾ ਸ਼ੁਰੂ ਹੋਇਆ ਕਿ ਖਜ਼ਾਨਾ ਸੰਭਲ ਹੀ ਨਹੀਂ

*(ਬਾਕੀ ਸਫਾ 6 'ਤੇ)*

We Do Real Estate in
Bay Area & Central Valley
We do loans anywhere
in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011



Raja SWEETS & CATERING
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING TABLE CLOTH, NAPKINS, CHAIRS ETC.
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com



Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com




IT'S CRICKET TIME!
vivo IPL
ON WILLOW HD
PUNJABI MEGA PACK
$19.99 /mo
FOR 24 MONTHS
Save $120 over 2 years
1-800-898-2681
Dish.com/Punjabi
dish
YOUR CULTURE AT HOME
WILLOW
PTC PUNJABI
etc ਪੰਜਾਬੀ
jus punjabi
PTC NEWS
JUS one
+5 CHANNELS
All offers require credit qualification, 2-Year commitment with early termination fee and eAutoPay. Requires subscription to a qualifying American or DishLATINO package starting at $29.99/mo.Offer for new and qualifying former customers only. Important Terms and Conditions: Qualification: Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 6/21/17. 2-Year Commitment: Early termination fee of $20/mo. remaininga applies if you cancel early. $120 Savings Offer: Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). NOT included in advertised price (and subject to change): Taxes & surcharges, add-on programming (including premium channels), Protection Plan, and transactional fees. Other: All packages, programming, features, and functionality are subject to change without notice. After 6 mos., you will be billed $8.99/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only. © 2017 DISH Network L.L.C. All rights reserved.

# ਗੁਰਦੁਆਰਾ ਸੁਧਾਰ ਲਹਿਰ ਛੇੜਨਗੇ ਮੁਤਵਾਜ਼ੀ ਜਥੇਦਾਰ

**ਜਲੰਧਰ:** ਸਰਬੱਤ ਖਾਲਸਾ ਵੱਲੋਂ ਥਾਪੇ ਮੁਤਵਾਜ਼ੀ ਜਥੇਦਾਰਾਂ ਨੇ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਜਥੇਦਾਰ ਧਿਆਨ ਸਿੰਘ ਮੰਡ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ਗੁਰਦੁਆਰਿਆਂ ਦੀ ਸਾਂਭ-ਸੰਭਾਲ ਵਿਚ ਕਾਫੀ ਨਿਘਾਰ ਆਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਗਤ ਦੇ ਚੜ੍ਹਾਵੇ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਕਰ ਰਹੀ ਹੈ ਅਤੇ ਸਿੱਖੀ ਦੇ ਪਸਾਰ ਲਈ ਕੰਮ ਨਹੀਂ ਕਰ ਰਹੀ, ਜਿਸ ਕਾਰਨ 60 ਫੀਸਦੀ ਨੌਜਵਾਨ ਸਿੱਖੀ ਨਾਲੋਂ ਟੁੱਟ ਕੇ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ।

ਜਥੇਦਾਰ ਮੰਡ ਨੇ ਦੱਸਿਆ ਕਿ ਲਹਿਰ ਦੇ ਪਹਿਲੇ ਪੜਾਅ ਵਿਚ ਉਹ ਹਰੇਕ ਜ਼ਿਲ੍ਹੇ ਦੇ ਗ੍ਰੰਥੀ ਸਿੰਘਾਂ ਨਾਲ ਮੀਟਿੰਗਾਂ ਕਰਨਗੇ। ਇਸ ਦੌਰਾਨ ਗ੍ਰੰਥੀ ਸਿੰਘਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਚਰਚਾ ਕਰ ਕੇ ਉਨ੍ਹਾਂ ਨੂੰ ਪ੍ਰਬੰਧ ਸੁਧਾਰ ਲਹਿਰ ਬਾਰੇ ਲਾਮਬੰਦ ਕੀਤਾ ਜਾਵੇਗਾ। ਦੂਜੇ ਪੜਾਅ 'ਚ ਰਾਗੀਆਂ, ਢਾਡੀਆਂ, ਸੰਤਾਂ, ਫੈਡਰੇਸ਼ਨਾਂ ਅਤੇ ਸਿਆਸੀ ਧੜਿਆਂ ਨਾਲ ਮੀਟਿੰਗਾਂ ਕੀਤੀਆਂ ਜਾਣਗੀਆਂ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਬਾਰੇ ਜਥੇਦਾਰ ਮੰਡ ਨੇ ਕਿਹਾ ਕਿ ਇੰਜ ਜਾਪਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣ ਕੇ ਆਪਣਾ ਵਾਅਦਾ ਭੁੱਲ ਗਏ ਹਨ। ਹਾਲੇ ਤੱਕ ਨਾ ਹੀ ਬੇਅਦਬੀ ਦੀਆਂ ਘਟਨਾਵਾਂ ਰੁਕੀਆਂ ਹਨ ਅਤੇ ਨਾ ਕੋਈ ਮੁਲਜ਼ਮ ਫੜਿਆ ਗਿਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਕੈਪਟਨ ਸਰਕਾਰ ਨੇ ਦਿੱਤੇ ਅਲਟੀਮੇਟਮ ਤੱਕ ਦੋਸ਼ੀਆਂ ਨੂੰ ਨਾ ਫੜਿਆ ਤਾਂ ਉਨ੍ਹਾਂ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਉਨ੍ਹਾਂ ਇਕ ਸੁਆਲ ਦੇ ਜੁਆਬ ਵਿਚ ਕਿਹਾ ਕਿ ਗੁਰਦੁਆਰਿਆਂ ਦੇ ਪ੍ਰਬੰਧਾਂ ਲਈ ਉਨ੍ਹਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਗ੍ਰੰਥੀਆਂ ਨੂੰ ਵੀ ਮੀਟਿੰਗਾਂ ਵਿਚ ਹਿੱਸਾ ਲੈਣ ਲਈ ਸੱਦਾ ਦਿੱਤਾ ਹੈ।

# ਲੰਡਨ 'ਚ ਨਮਾਜ਼ੀਆਂ ਉਤੇ ਚੜ੍ਹਾਈ ਵੈਨ, ਇਕ ਹਲਾਕ

**ਲੰਡਨ:** ਬ੍ਰਿਟੇਨ ਦੀ ਰਾਜਧਾਨੀ ਲੰਡਨ 'ਚ ਇਕ ਮਸਜਿਦ ਵਿਚੋਂ ਨਮਾਜ਼ ਪੜ੍ਹ ਕੇ ਬਾਹਰ ਨਿਕਲ ਰਹੇ ਨਮਾਜ਼ੀਆਂ 'ਤੇ ਇਕ ਵਿਅਕਤੀ ਨੇ ਆਪਣੀ ਵੈਨ ਚੜ੍ਹਾ ਦਿੱਤੀ ਜਿਸ ਨਾਲ ਇਕ ਨਮਾਜ਼ੀ ਦੀ ਮੌਤ ਹੋ ਗਈ ਅਤੇ 10 ਹੋਰ ਜ਼ਖ਼ਮੀ ਹੋ ਗਏ। ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੇ ਮੁਸਲਮਾਨਾਂ 'ਤੇ ਇਹ ਘਿਨਾਉਣਾ ਦਹਿਸ਼ਤੀ ਹਮਲਾ ਕਰਾਰ ਦਿੱਤਾ ਹੈ। ਪਿਛਲੇ ਚਾਰ ਮਹੀਨਿਆਂ 'ਚ ਬ੍ਰਿਟੇਨ ਵਿਚ ਇਹ ਚੌਥਾ ਦਹਿਸ਼ਤੀ ਹਮਲਾ ਹੈ। ਸੈਵਨ ਸਿਸਟਰਜ਼ ਰੋਡ 'ਤੇ ਪੈਂਦੇ ਮੁਸਲਿਮ ਵੈਲਫੇਅਰ ਹਾਊਸ, ਜਿਥੇ ਮਸਜਿਦ ਵੀ ਹੈ, ਦੇ ਬਾਹਰ ਅੱਧੀ ਰਾਤ ਤੋਂ ਬਾਅਦ ਇਹ ਹਮਲਾ ਹੋਇਆ ਜਦੋਂ ਕੁਝ ਵਿਅਕਤੀ ਉਥੇ ਡਿੱਗੇ ਪਏ ਬੰਦੇ ਦੀ ਸਹਾਇਤਾ ਕਰ ਰਹੇ ਸਨ।

ਘਟਨਾ ਵਾਲੀ ਥਾਂ ਦੇ ਨੇੜੇ ਹੀ ਫਿਨਸਬਰੀ ਪਾਰਕ ਹੈ ਅਤੇ ਉਥੇ ਵੀ ਇਕ ਮਸਜਿਦ ਹੈ। ਲੋਕਾਂ ਨੇ ਵੈਨ ਦੇ ਡਰਾਈਵਰ (48) ਨੂੰ ਥਾਂ 'ਤੇ ਹੀ ਫੜ ਲਿਆ ਅਤੇ ਫਿਰ ਪੁਲਿਸ ਨੇ ਹੱਤਿਆ ਦੀ ਕੋਸ਼ਿਸ਼ ਦੇ ਸ਼ੱਕ 'ਚ ਉਸ ਨੂੰ ਹਿਰਾਸਤ 'ਚ ਲੈ ਲਿਆ। ਇਸ ਨੂੰ ਦਹਿਸ਼ਤੀ ਹਮਲੇ ਵਜੋਂ ਲਿਆ ਜਾ ਰਿਹਾ ਹੈ ਅਤੇ ਦਹਿਸ਼ਤਗਰਦੀ ਵਿਰੋਧੀ ਕਮਾਂਡ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਪ੍ਰਤੱਖਦਰਸ਼ੀ ਅਬਦੁੱਲ ਰਹਿਮਾਨ ਨੇ ਕਿਹਾ ਕਿ ਡਰਾਈਵਰ ਆਖ ਰਿਹਾ ਸੀ ਕਿ ਉਹ ਸਾਰੇ ਮੁਸਲਮਾਨਾਂ ਨੂੰ ਮਾਰਨਾ ਚਾਹੁੰਦਾ ਹੈ। ਪੁਲਿਸ ਕਮਿਸ਼ਨਰ ਕਰੇਸਿਡਾ ਡਿਕ ਨੇ ਕਿਹਾ ਕਿ ਲੰਡਨ ਕਈ ਧਰਮਾਂ ਅਤੇ ਕਈ ਕੌਮਾਂ ਦਾ ਸ਼ਹਿਰ ਹੈ ਅਤੇ ਇਕ ਭਾਈਚਾਰੇ 'ਤੇ ਹਮਲੇ ਦਾ ਮਤਲਬ ਸਾਰਿਆਂ ਉਤੇ ਹਮਲਾ ਹੈ।

# ਬਾਦਲਾਂ ਦੇ ਪੀ.ਟੀ.ਸੀ. ਚੈਨਲ ਨੂੰ ਨੂੜਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੀ ਕੈਪਟਨ ਸਰਕਾਰ ਨੇ ਬਾਦਲਾਂ ਦੇ ਪੀ.ਟੀ.ਸੀ. ਨਿਊਜ਼ ਚੈਨਲ ਨੂੰ 'ਸਬਕ ਸਿਖਾਉਣ' ਦੀ ਤਿਆਰੀ ਕਰ ਲਈ ਹੈ। ਪਿਛਲੇ 10 ਸਾਲਾਂ ਦੌਰਾਨ ਇਹ ਪਹਿਲੀ ਵਾਰ ਹੈ ਜਦੋਂ ਪੀ.ਟੀ.ਸੀ. ਨਿਊਜ਼ 'ਤੇ ਸੈਸ਼ਨ ਦਾ ਸਿੱਧਾ ਪ੍ਰਸਾਰਨ ਕੀਤੇ ਜਾਣ 'ਤੇ ਰੋਕ ਲੱਗੀ ਹੋਵੇ। ਅਜਿਹਾ ਹੋਣ 'ਤੇ ਉਕਤ ਪੰਜਾਬੀ ਨਿਊਜ਼ ਚੈਨਲ ਨੂੰ ਕਾਫੀ ਤਕਲੀਫ ਹੋਈ ਤੇ ਚੈਨਲ ਨੇ ਸਿੱਧਾ ਪ੍ਰਸਾਰਨ ਨਾ ਮਿਲਣ ਦੀ ਖਬਰ ਲਗਾਤਾਰ ਆਪਣੇ ਚੈਨਲ 'ਤੇ ਨਸ਼ਰ ਕੀਤੀ।

ਖਬਰਾਂ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਮੀਡੀਆ ਨੀਤੀ ਬਾਰੇ ਸਵਾਲ ਚੁੱਕਦਿਆਂ ਕਿਹਾ ਗਿਆ ਕਿ ਮੁੱਖ ਮੰਤਰੀ ਨੇ ਕਈ ਵਾਰ ਪੰਜਾਬ ਅੰਦਰ ਮੀਡੀਆ ਦੀ ਆਜ਼ਾਦੀ ਤੇ ਪੱਖਪਾਤ ਰਹਿਤ ਮੀਡੀਆ ਦੀ ਗੱਲ ਕੀਤੀ ਸੀ। ਚੈਨਲ ਨੇ ਆਪਣੇ ਦਰਸ਼ਕਾਂ ਦੇ ਹਵਾਲੇ ਨਾਲ ਆਪਣੀ ਸਕਰੀਨ 'ਤੇ ਵਾਰ-ਵਾਰ ਸਵਾਲ ਪੁੱਛੇ ਕਿ ਆਖਰ ਸੂਬੇ ਦੇ ਬਜਟ ਸੈਸ਼ਨ ਦੇ ਸਿੱਧੇ ਪ੍ਰਸਾਰਨ ਦੀ ਪ੍ਰਵਾਨਗੀ ਕਿਉਂ ਨਹੀਂ ਦਿੱਤੀ ਗਈ? ਜੇ ਚੈਨਲ ਦੀ ਮਲਕੀਅਤ ਦੀ ਗੱਲ ਕਰੀਏ ਤਾਂ ਉਕਤ ਚੈਨਲ ਜੀ-ਨੈਕਸਟ ਮੀਡੀਆ ਪ੍ਰਾਈਵੇਟ ਲਿਮਟਿਡ ਦੇ ਨਾਂ ਹੇਠ ਚੱਲਦਾ ਹੈ ਜਿਸ ਦੇ ਮਾਲਕਾਨਾ ਹੱਕ ਗੁਰਬਾਜ ਮੀਡੀਆ ਕੋਲ ਹਨ ਜੋ ਬਾਦਲ ਪਰਿਵਾਰ ਦੇ ਓਰਬਿਟ ਰਿਜ਼ਾਰਟ ਦੀ ਸਹਾਇਕ ਕੰਪਨੀ ਹੈ। ਭਾਵ ਪੀ.ਟੀ.ਸੀ. ਚੈਨਲ ਬਾਦਲ ਪਰਿਵਾਰ ਦਾ ਚੈਨਲ ਹੈ। ਕੰਪਨੀ ਦੇ ਡਾਇਰੈਕਟਰ ਰਾਜੀ ਮੇਹਰ ਸ਼ਿੰਦੇ ਤੇ ਰਬਿੰਦਰ ਨਾਰਾਇਣ ਹਨ। ਪਿਛਲੇ 10 ਸਾਲਾਂ ਦੌਰਾਨ ਪੰਜਾਬ ਦੇ ਤਕਰੀਬਨ ਸਮੁੱਚੇ ਕਾਰੋਬਾਰ ਉਤੇ ਕਾਬਜ਼ ਰਹੇ ਹਨ।

ਇਸ ਸਮੇਂ ਦੌਰਾਨ ਪੀ.ਟੀ.ਸੀ. ਨਿਊਜ਼ ਦੇ ਮੁਕਾਬਲੇ ਕਈ ਪੰਜਾਬੀ ਚੈਨਲਾਂ ਨੇ ਪੰਜਾਬੀ ਮੀਡੀਆ 'ਚ ਆਪਣੀ ਪੈਂਠ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਤਤਕਾਲੀ ਬਾਦਲ ਸਰਕਾਰ ਤੇ ਫਾਸਟਵੇਅ ਦੀ ਦੋਸਤੀ ਨੇ ਮੀਡੀਆ 'ਤੇ ਸਿਆਸੀ ਪ੍ਰਭਾਵ ਰਾਹੀਂ ਲਗਾਮ ਕੱਸ ਕੇ ਰੱਖੀ। ਇਸ ਲਗਾਮ ਵਿਚ ਡੇਅ ਐਂਡ ਨਾਈਟ ਚੈਨਲ ਤੇ 'ਏ.ਬੀ.ਪੀ. ਸਾਂਝਾ' ਵਰਗੇ ਚੈਨਲਾਂ ਨੂੰ ਨੂੜ ਦਿੱਤਾ ਗਿਆ।

ਡੀਡੀ ਪੰਜਾਬੀ ਸਰਕਾਰੀ ਅਦਾਰਾ ਹੋਣ ਕਰਕੇ ਆਪਣੀ ਚਾਲੇ ਚੱਲਦਾ ਰਹਿੰਦਾ ਹੈ। ਜ਼ੀ ਪੰਜਾਬ ਹਰਿਆਣਾ ਹਿਮਾਚਲ ਵੀ ਪੀ.ਟੀ.ਸੀ. ਤੋਂ ਪੁਰਾਣਾ ਚੈਨਲ ਹੈ। ਹਾਲਾਂਕਿ ਇਸ ਨੂੰ ਵੀ ਫਾਸਟਵੇਅ ਤੋਂ ਹਟਾ ਦਿੱਤਾ ਗਿਆ ਪਰ ਖਬਰਾਂ ਦੇ ਮੁਕਾਬਲੇ ਇਸ ਨੇ ਪੀ.ਟੀ.ਸੀ. ਨੂੰ ਪਛਾੜ ਦਿੱਤਾ ਹੈ। ਇਸ ਚੈਨਲ ਨੇ ਸ੍ਰੀ ਦਰਬਾਰ ਸਾਹਿਬ ਦਾ ਸਿੱਧਾ ਪ੍ਰਸਾਰਣ ਦਿਖਾ ਕੇ ਆਪਣੀ ਪਹੁੰਚ ਵਿਸ਼ਵ ਪੱਧਰ 'ਤੇ ਬਣਾਈ ਹੈ। ਇਸ਼ਤਿਹਾਰਬਾਜ਼ੀ ਰਾਹੀਂ ਕਾਰੋਬਾਰ ਵੀ ਖੂਬ ਕੀਤਾ ਹੈ। 2012 ਦੀ ਵਿਧਾਨ ਸਭਾ ਚੋਣ ਦੌਰਾਨ ਸਿਰਫ ਅਕਾਲੀ ਦਲ ਦੀਆਂ ਖਬਰਾਂ ਦਿਖਾ ਕੇ ਤੇ ਮੁੱਖ ਵਿਰੋਧੀ ਕਾਂਗਰਸ (2012 ਵਿਚ) ਪਾਰਟੀ ਨੂੰ ਦਰਕਿਨਾਰ ਕਰਨ ਕਰ ਕੇ ਚੈਨਲ ਨੂੰ ਚੋਣ ਕਮਿਸ਼ਨ ਵੱਲੋਂ ਨੋਟਿਸ ਵੀ ਜਾਰੀ ਹੋਏ। ਇਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਸਮੇਤ ਤਕਰੀਬਨ ਸਾਰੀ ਕਾਂਗਰਸ ਪਾਰਟੀ ਨੇ ਪੀ.ਟੀ.ਸੀ. ਨਿਊਜ਼ ਦਾ ਬਾਈਕਾਟ ਕਰ ਦਿੱਤਾ ਸੀ।


*To Advertise with Punjab Times*
**Call: 847-359-0746**

ਰਵੀ ਬਾਠ
ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ
ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।
*I may help you in securing loans at good rates as well.*
ਫੋਨ: 925-323-8626
rvbaat@gmail.com

*Ravi Batth*
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741
5887A Lone Tree Way
Antioch, CA 94531
Better Homes | MASON-McDUFFIE

Gill Financial & Insurance Services
31080 Union City Blvd# 201, Union City, CA 94587
Insurance
*Auto *Home *Business *Life
*Health Insurance
*ਆਟੋ *ਹੋਮ *ਬਿਜਨਸ *ਲਾਈਫ *ਹੈਲਥ ਇੰਸ਼ੋਰੈਂਸ
Save up to 25%
Get all the discounts.
Specialize in:
*Retirement Planning
(401K-IRA-SEPIRA)
*Education Funding
*Tax Planning
*Estate Planning
*Investment Planning
*Business Continuation
*Mortgage Protection
*Family Life Insurance

24 years experience
Manjit Gill
CA Ins Lic#0B23990
Call Manjit Gill, Ph: 510-888-1180
www.Gillfinancial.com

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS

Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

# ਕੈਨੇਡਾ ਜਾਣ ਦੇ ਚਾਹਵਾਨਾਂ ਲਈ ਹੁਣ ਇਹ ਨੇ ਗੁਰਮੰਤਰ...

**ਟੋਰਾਂਟੋ:** ਕੈਨੇਡਾ ਸਰਕਾਰ ਵੱਲੋਂ ਹਾਲ ਹੀ 'ਚ ਐਕਸਪ੍ਰੈਸ ਵੀਜ਼ਾ ਐਂਟਰੀ ਵਿਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਹਨ। ਜਿਨ੍ਹਾਂ ਤਹਿਤ ਕੁਝ ਖਾਸ ਉਮੀਦਵਾਰਾਂ ਨੂੰ ਵਾਧੂ ਅੰਕ ਦਿੱਤੇ ਜਾਣਗੇ। ਛੇ ਜੂਨ, 2017 ਤੋਂ ਐਕਸਪ੍ਰੈਸ ਵੀਜ਼ਾ ਐਂਟਰੀ ਤਹਿਤ ਉਮੀਦਵਾਰ ਲਈ ਕੁਝ ਸ਼ਰਤਾਂ ਤੈਅ ਕੀਤੀਆਂ ਗਈਆਂ ਹਨ। ਹਾਲਾਂਕਿ ਇਹ ਅੰਕ ਉਨ੍ਹਾਂ ਉਮੀਦਵਾਰਾਂ ਨੂੰ ਨਹੀਂ ਮਿਲਣਗੇ, ਜਿਹੜੇ 6 ਜੂਨ ਤੋਂ ਪਹਿਲਾਂ ਅਪਲਾਈ ਕਰ ਚੁੱਕੇ ਹਨ। ਹੁਣ ਜੇਕਰ ਤੁਹਾਡੀ ਕੈਨੇਡਾ ਦੀ ਅਧਿਕਾਰਤ ਭਾਸ਼ਾ ਫਰੈਂਚ 'ਤੇ ਮਜ਼ਬੂਤ ਪਕੜ ਹੈ ਪਰ ਅੰਗਰੇਜ਼ੀ 'ਤੇ ਇੰਨੀ ਨਹੀਂ ਹੈ ਤਾਂ ਤੁਹਾਨੂੰ 15 ਅੰਕ ਹੀ ਵਾਧੂ ਮਿਲਣਗੇ। ਇਸ ਲਈ ਤੁਹਾਡੀ ਫਰੈਂਚ ਅਤੇ ਅੰਗਰੇਜ਼ੀ ਭਾਸ਼ਾ ਨੂੰ ਸੁਣਨ, ਬੋਲਣ, ਪੜ੍ਹਨ ਅਤੇ ਲਿਖਣ 'ਤੇ ਮਜ਼ਬੂਤ ਪਕੜ ਹੋਣੀ ਜ਼ਰੂਰੀ ਹੈ।

ਇਸ ਤੋਂ ਇਲਾਵਾ ਜੇਕਰ ਫਰੈਂਚ ਅਤੇ ਅੰਗਰੇਜ਼ੀ ਦੋਹਾਂ ਬਾਰੇ ਚੰਗਾ ਗਿਆਨ ਰੱਖਦੇ ਹੋ ਤਾਂ ਤੁਸੀਂ 30 ਅੰਕ ਵਾਧੂ ਲੈ ਸਕੋਗੇ। ਇਸ ਤੋਂ ਇਲਾਵਾ ਇਹ ਅੰਕ ਤੁਹਾਨੂੰ ਅਧਿਕਾਰਤ ਭਾਸ਼ਾਵਾਂ ਲਈ ਪ੍ਰਾਪਤ ਅੰਕਾਂ ਦੇ ਇਲਾਵਾ ਮਿਲਣਗੇ। ਤੁਸੀਂ 15 ਅੰਕ ਵਾਧੂ ਲੈ ਸਕੋਗੇ, ਜੇਕਰ ਤੁਹਾਡੇ ਭੈਣ ਜਾਂ ਭਰਾ ਕੈਨੇਡਾ 'ਚ ਪੱਕੇ ਹਨ ਜਾਂ ਉਥੋਂ ਦੇ ਨਾਗਰਿਕ ਹਨ। ਇਸ ਤਹਿਤ ਉਥੇ ਰਹਿ ਰਹੇ ਭੈਣ ਜਾਂ ਭਰਾ ਦੀ ਉਮਰ 18 ਸਾਲ ਜਾਂ ਇਸ ਤੋਂ ਵਧ ਹੋਣੀ ਜ਼ਰੂਰੀ ਹੈ। ਇਸ ਦੇ ਨਾਲ ਹੀ ਉਮੀਦਵਾਰ ਦਾ ਆਪਣੇ ਕੈਨੇਡਾ 'ਚ ਪੱਕੇ ਰਹਿ ਰਹੇ ਭੈਣ ਜਾਂ ਭਰਾ, ਜਾਂ ਫਿਰ ਕਿਸੇ ਹੋਰ ਨਾਲ ਖੂਨ ਦਾ ਰਿਸ਼ਤਾ, ਵਿਆਹ ਜਾਂ ਫਿਰ ਕਾਨੂੰਨੀ ਤੌਰ 'ਤੇ ਗੋਦ ਲੈਣ ਦਾ ਰਿਸ਼ਤਾ ਹੋਣਾ ਚਾਹੀਦਾ ਹੈ।




## ਨਾਗਰਿਕਤਾ ਬਾਰੇ ਜਾਣਨਾ ਹੋਇਆ ਹੋਰ ਸੌਖਾ

**ਓਟਾਵਾ:** ਹੁਣ ਕੈਨੇਡਾ ਵਿਚ ਇਹ ਪਤਾ ਕਰਨਾ ਹੋਰ ਸੌਖਾ ਹੋ ਗਿਆ ਹੈ ਕਿ ਕਿਵੇਂ ਲੋਕਾਂ ਨੂੰ ਨਾਗਰਿਕਤਾ ਮਿਲ ਸਕੇਗੀ ਤੇ ਕਿਵੇਂ ਉਨ੍ਹਾਂ ਦੀ ਨਾਗਰਿਕਤਾ ਖੋਹ ਲਈ ਜਾਵੇਗੀ। ਇਸ ਬਾਰੇ ਕੈਨੇਡਾ ਦੀ ਸੰਸਦ 'ਚ ਬਿੱਲ ਸੀ-6 ਪਾਸ ਹੋ ਗਿਆ ਹੈ। ਇਹ ਬਿੱਲ ਲੰਬੇ ਸਮੇਂ ਤੋਂ ਪ੍ਰਕਿਰਿਆ 'ਚ ਫਸਿਆ ਹੋਇਆ ਸੀ। ਬਿੱਲ ਮੁਤਾਬਕ ਕੁਝ ਬਦਲਾਅ ਕੀਤੇ ਗਏ ਹਨ, ਜਿਨ੍ਹਾਂ ਰਾਹੀਂ ਇਹ ਸਭ ਕੁਝ ਪਤਾ ਲੱਗੇਗਾ। ਜਾਣਕਾਰੀ ਮੁਤਾਬਕ ਲਿਬਰਲ ਬਿੱਲ ਨਾਲ ਨਾਗਰਿਕਤਾ ਲੈਣੀ ਸੌਖੀ ਹੋ ਜਾਵੇਗੀ। ਇਸ 'ਚ ਇਹ ਵੀ ਕਿਹਾ ਗਿਆ ਹੈ ਕਿ ਕਿਸੇ ਅਪਰਾਧਿਕ ਮਾਮਲਿਆਂ ਜਾਂ ਜਾਸੂਸੀ ਦਾ ਦੋਸ਼ੀ ਹੋਣ 'ਤੇ ਕੈਨੇਡਾ ਦੀ ਨਾਗਰਿਕਤਾ ਰੱਦ ਨਹੀਂ ਹੋਵੇਗੀ। ਇਸ ਤੋਂ ਪਹਿਲਾਂ ਇਸ ਤਰ੍ਹਾਂ ਦਾ ਕਾਨੂੰਨ ਹੋਣ ਕਾਰਨ ਬਹੁਤ ਸਾਰੇ ਲੋਕਾਂ ਦੀ ਨਾਗਰਿਕਤਾ ਰੱਦ ਹੋ ਗਈ ਸੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਪਰਾਧਕ ਮਾਮਲਿਆਂ 'ਚ ਫਸੇ ਲੋਕਾਂ ਨੂੰ ਅਪੀਲ ਕਰਨ ਦਾ ਮੌਕਾ ਵੀ ਨਹੀਂ ਦਿੱਤਾ ਜਾਂਦਾ ਸੀ। ਅਜਿਹੇ 'ਚ ਲੋਕਾਂ ਨਾਲ ਧੱਕਾ ਵੀ ਹੋ ਜਾਂਦਾ ਸੀ।

## ਵਿਦੇਸ਼ਾਂ ਤੋਂ ਕਮਾਈ ਭੇਜਣ 'ਚ ਪਰਵਾਸੀ ਭਾਰਤੀ ਅੱਵਲ

**ਨਿਊ ਯਾਰਕ:** ਸੰਯੁਕਤ ਰਾਸ਼ਟਰ ਦੀ ਇਕ ਤਾਜ਼ਾ ਖਬਰ ਮੁਤਾਬਕ ਵਿਦੇਸ਼ਾਂ ਵਿਚ ਕੰਮ ਕਰਨ ਵਾਲੇ ਪਰਵਾਸੀ ਭਾਰਤੀਆਂ ਨੇ ਬੀਤੇ ਵਰ੍ਹੇ ਭਾਰਤ ਵਿਚ 62. 7 ਅਰਬ ਡਾਲਰ ਭੇਜੇ। ਦੂਜੇ ਦੇਸ਼ਾਂ ਤੋਂ ਪੈਸਾ ਪਾਉਣ ਦੇ ਖੇਤਰ ਵਿਚ ਭਾਰਤ ਨੇ ਚੀਨ ਨੂੰ ਪਿੱਛੇ ਧੱਕਦਿਆਂ ਪਹਿਲਾ ਸਥਾਨ ਹਾਸਲ ਕੀਤਾ। ਰਿਪੋਰਟ ਅਨੁਸਾਰ ਇਸ ਤੋਂ ਬਾਅਦ ਚੀਨ (61 ਅਰਬ ਡਾਲਰ), ਫਿਲਪਾਈਨੀ (30 ਅਰਬ ਡਾਲਰ) ਤੇ ਪਾਕਿਸਤਾਨ (20 ਅਰਬ ਡਾਲਰ) ਚੌਥੇ ਸਥਾਨ ਉਤੇ ਹੈ। ਸਾਲ 2007 ਵਿਚ ਭਾਰਤ ਇਸ ਮਾਮਲੇ ਵਿਚ ਚੀਨ ਤੋਂ ਬਾਅਦ ਦੂਸਰੇ ਸਥਾਨ 'ਤੇ ਸੀ।

## ਆਸਟਰੇਲੀਆ ਨੇ ਭਾਰਤੀ ਪਰਿਵਾਰ ਬਾਰੇ ਫੈਸਲਾ ਬਦਲਿਆ

**ਐਡੀਲੇਡ:** ਆਸਟਰੇਲੀਅਨ ਇਮੀਗਰੇਸ਼ਨ ਵਿਭਾਗ ਨੇ ਇਕ ਬੱਚੀ ਦੇ ਮਾਨਸਿਕ ਰੋਗੀ ਹੋਣ ਕਾਰਨ ਦੇਸ਼ ਛੱਡਣ ਦੇ ਦਿੱਤੇ ਹੁਕਮ ਵਾਪਸ ਲੈਂਦਿਆਂ ਭਾਰਤ ਮੂਲ ਦੇ ਇਸ ਪਰਿਵਾਰ ਨੂੰ ਆਸਟਰੇਲੀਆ ਰਹਿਣ ਦੀ ਇਜਾਜ਼ਤ ਦੇ ਦਿੱਤੀ ਹੈ। ਕਾਬਲੇਗੌਰ ਹੈ ਕਿ ਆਸਟਰੇਲੀਅਨ ਇਮੀਗਰੇਸ਼ਨ ਵਿਭਾਗ ਨੇ ਵਿਦਿਆਰਥੀ ਵੀਜ਼ੇ 'ਤੇ ਆਏ ਭਾਰਤੀ ਮੂਲ ਦੇ ਜੌਰਜ ਪਰਿਵਾਰ ਨੂੰ ਉਨ੍ਹਾਂ ਦੀ ਤਿੰਨ ਸਾਲਾ ਬੱਚੀ ਦੇ ਮਾਨਸਿਕ ਰੋਗੀ ਹੋਣ ਕਾਰਨ ਨਾਗਰਿਕਤਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ 28 ਦਿਨਾਂ ਵਿਚ ਆਸਟਰੇਲੀਆ ਛੱਡਣ ਲਈ ਕਿਹਾ ਸੀ। ਇਮੀਗਰੇਸ਼ਨ ਵਿਭਾਗ ਦੇ ਇਸ ਫੈਸਲੇ ਦਾ ਕੌਮਾਂਤਰੀ ਪੱਧਰ ਤੇ ਵਿਰੋਧ ਹੋਣ ਤੋਂ ਬਾਅਦ ਆਸਟਰੇਲੀਆ ਦੀ ਸਹਾਇਕ ਆਵਾਸ ਮੰਤਰੀ ਐਲੇਕਸ ਹੌਕੇ ਨੇ ਮੰਨਿਆ ਕਿ ਪਰਿਵਾਰ ਨੂੰ ਆਸਟਰੇਲੀਆ ਵਿਚ ਰੱਖਣਾ ਦੇਸ਼ ਵਾਸੀਆਂ ਦੇ ਹਿੱਤਾਂ ਦੇ ਵਿਰੁੱਧ ਹੈ ਪਰ ਉਨ੍ਹਾਂ ਨੇ ਆਪਣੀ ਵਿਸ਼ੇਸ਼ ਜਨਹਿੱਤ ਸ਼ਕਤੀ ਦੀ ਵਰਤੋਂ ਕਰਦਿਆਂ ਪਰਿਵਾਰ ਨੂੰ ਆਸਟਰੇਲੀਆ ਦੀ ਨਾਗਰਿਕਤਾ ਦੇਣ ਦਾ ਐਲਾਨ ਕੀਤਾ ਹੈ।



# ਮਾਂ ਦੀ ਭਾਲ ਲਈ ਨਿਲਾਕਸ਼ੀ ਦਾ ਜਨੂੰਨੀ ਸੰਘਰਸ਼

**ਨਵੀਂ ਦਿੱਲੀ:** ਭਾਰਤ ਵਿਚ ਜੰਮੀ ਸਵੀਡਿਸ਼ ਸਿਟੀਜ਼ਨ ਨਿਲਾਕਸ਼ੀ ਜੋਰੈਂਡਲ ਨੂੰ 41 ਸਾਲ ਬਾਅਦ ਆਪਣੀ ਜਨਮ ਦੇਣ ਵਾਲੀ ਮਾਂ ਨਾਲ ਮਿਲਾਪ ਨਸੀਬ ਹੋਇਆ। 44 ਸਾਲ ਦੀ ਨਿਲਾਕਸ਼ੀ ਜਦੋਂ 3 ਸਾਲ ਦੀ ਸੀ ਤਾਂ ਉਸ ਨੂੰ ਸਵੀਡਨ ਦੇ ਇਕ ਜੋੜੇ ਨੇ ਗੋਦ ਲੈ ਲਿਆ ਸੀ। ਨਿਲਾਕਸ਼ੀ ਨੂੰ ਪੁਣੇ ਦੀ 'ਐਨ.ਜੀ.ਓ. ਅਗੇਂਸਟ ਚਾਈਲਡ ਟ੍ਰੈਫਿਕ' ਜ਼ਰੀਏ ਆਪਣੀ ਮਾਂ ਦਾ ਪਤਾ ਲਾਉਣ ਵਿਚ ਮਦਦ ਮਿਲੀ।

ਐਨ.ਜੀ.ਓ. ਦੀ ਵਰਕਰ ਅੰਜਲੀ ਪਵਾਰ ਨੇ ਦੱਸਿਆ ਕਿ 41 ਸਾਲ ਬਾਅਦ ਮਾਂ-ਧੀ ਦਾ ਮਿਲਣ ਬਹੁਤ ਭਾਵੁਕ ਕਰ ਦੇਣ ਵਾਲਾ ਸੀ। ਇਨ੍ਹਾਂ ਦੀ ਮਿਲਣੀ ਯਵਤਮਾਲ ਵਿਚ ਹੋਈ। ਦੋਵੇਂ ਮਾਵਾਂ-ਧੀਆਂ ਜਦੋਂ ਮਿਲੀਆਂ ਤਾਂ ਦੋਵੇਂ ਪਾਸੇ ਹੰਝੂ ਸਨ। ਜੋਰੈਂਡਲ ਦੇ ਪਿਤਾ ਖੇਤਾਂ ਵਿਚ ਮਜ਼ਦੂਰੀ ਕਰਦੇ ਸਨ। 1973 ਵਿਚ ਉਸ ਦੇ ਪਿਤਾ ਨੇ ਖੁਦਕਸ਼ੀ ਕਰ ਲਈ ਸੀ। 1973 ਵਿਚ ਹੀ ਨਿਲਾਕਸ਼ੀ ਦਾ ਜਨਮ ਪੁਣੇ ਦੇ ਨੇੜੇ ਕੇਡਗਾਂਵ ਵਿਚ ਪੰਡਤ ਰਾਮਾਬਾਈ ਮੁਕਤੀ ਮਿਸ਼ਨ ਦੇ ਨਿਵਾਸ ਵਿਚ ਹੋਇਆ। ਮਾਂ ਨੇ ਨਿਲਾਕਸ਼ੀ ਨੂੰ ਰਾਮਾਬਾਈ ਮੁਕਤੀ ਮਿਸ਼ਨ ਨਿਵਾਸ ਵਿਚ ਛੱਡ ਦਿੱਤਾ ਤੇ ਦੂਜਾ ਵਿਆਹ ਕਰਵਾ ਲਿਆ। ਇਸ ਤੋਂ ਨਿਲਾਕਸ਼ੀ ਦੀ ਮਾਂ ਨੂੰ ਇਕ ਧੀ ਤੇ ਪੁੱਤਰ ਹਨ। ਨਿਵਾਸ ਵਿਚੋਂ ਸਵੀਡਿਸ਼ ਜੋੜੇ ਨੇ ਨਿਲਾਕਸ਼ੀ ਨੂੰ ਗੋਦ ਲੈ ਲਿਆ ਸੀ। ਇਸ ਤੋਂ ਬਾਅਦ ਉਹ ਸਵੀਡਨ ਹੀ ਰਹੀ। ਅੰਜਲੀ ਮੁਤਾਬਕ ਨਿਲਾਕਸ਼ੀ ਆਪਣੀ ਮਾਂ ਦੀ ਭਾਲ ਵਿਚ 1990 ਤੋਂ ਭਾਰਤ ਆ ਰਹੀ ਸੀ। ਉਹ 6 ਵਾਰ ਭਾਰਤ ਆਈ ਪਰ ਉਸ ਨੂੰ 27 ਸਾਲ ਦੀ ਭਾਲ ਪਿਛੋਂ ਆਪਣੀ ਮਾਂ ਦਾ ਮਿਲਾਪ ਹਾਸਲ ਹੋਇਆ।

41 ਸਾਲ ਦੀ ਉਮਰ ਵਿਚ ਹੋਇਆ ਮਾਂ ਨਾਲ ਮਿਲਾਪ



# ਦਿਲੀਪ ਕੁਮਾਰ ਦੇ ਪੁਰਖਿਆਂ ਦਾ ਪਾਕਿ ਵਾਲਾ ਘਰ ਢਹਿ ਢੇਰੀ

**ਪਿਸ਼ਾਵਰ:** ਬਾਲੀਵੁੱਡ ਅਦਾਕਾਰ ਦਿਲੀਪ ਕੁਮਾਰ ਦੇ ਪੁਰਖਿਆਂ ਦਾ ਤਕਰੀਬਨ ਸਦੀ ਪੁਰਾਣਾ ਘਰ ਢਹਿ ਢੇਰੀ ਹੋ ਗਿਆ ਜਿਸ ਦੀ ਹਾਲਤ ਪਹਿਲਾਂ ਹੀ ਕਾਫੀ ਤਰਸਯੋਗ ਸੀ। ਦੂਜੇ ਪਾਸੇ ਅਧਿਕਾਰੀਆਂ ਦਾ ਕਹਿਣਾ ਹੈ ਇਸ ਥਾਂ 'ਤੇ ਛੇਤੀ ਹੀ ਪੁਰਾਣੇ ਘਰ ਜਿਹੀ ਨਵੀਂ ਉਸਾਰੀ ਕੀਤੀ ਜਾਵੇਗੀ।

'ਕਲਚਰਲ ਹੈਰੀਟੇਜ ਕੌਂਸਲ' ਦੇ ਜਨਰਲ ਸਕੱਤਰ ਸ਼ਕੀਲ ਵਹੀਦੁੱਲਾ ਨੇ ਦੱਸਿਆ ਕਿ ਖਵਾਨੀ ਬਾਜ਼ਾਰ ਨੇੜੇ ਮੁਹੱਲਾ ਖੁਦਾ ਦਾਦ 'ਚ ਇਸ ਘਰ ਦਾ ਸਿਰਫ ਅਗਲਾ ਹਿੱਸਾ ਅਤੇ ਗੇਟ ਹੀ ਬਚਿਆ ਹੈ। ਸ਼ਹਿਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਇਸ ਘਰ ਦੀ ਸੰਭਾਲ ਦੀ ਅਣਦੇਖੀ ਲਈ ਖੈਬਰ ਪਖਤੂਨਖਵਾ ਸਰਕਾਰ ਦੀ ਨਿਖੇਧੀ ਕੀਤੀ ਹੈ। ਇਸ ਘਰ ਨੂੰ ਸਾਲ 2014 ਵਿਚ ਪੁਰਾਤਤਵ ਵਿਭਾਗ ਵੱਲੋਂ 'ਕੌਮੀ ਵਿਰਾਸਤ' ਦਾ ਦਰਜਾ ਦਿੱਤਾ ਗਿਆ ਸੀ। ਸ੍ਰੀ ਵਹੀਦੁੱਲਾ ਨੇ ਕਿਹਾ ਕਿ ਉਨ੍ਹਾਂ ਘਰ ਦੀ ਮਾੜੀ ਹਾਲਤ ਵੱਲ ਧਿਆਨ ਦਿਵਾਉਣ ਲਈ ਸਰਕਾਰ ਨੂੰ ਛੇ ਅਰਜ਼ੀਆਂ ਭੇਜੀਆਂ ਸਨ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਦਿਲੀਪ ਕੁਮਾਰ ਦੀ ਪਤਨੀ ਸਾਇਰਾ ਬਾਨੋ ਨੂੰ ਘਰ ਦੀ ਹਾਲਤ ਬਾਰੇ ਦੱਸ ਦਿੱਤਾ ਗਿਆ ਹੈ ਜਿਨ੍ਹਾਂ ਅਫਸੋਸ ਜ਼ਾਹਰ ਕੀਤਾ ਹੈ।



# ਗੈਰਕਾਨੂੰਨੀ ਪਨਾਹਗੀਰਾਂ ਨੂੰ ਹਰਜਾਨਾ ਦੇਵੇਗੀ ਆਸਟਰੇਲੀਆ ਸਰਕਾਰ

**ਮੈਲਬਰਨ:** ਆਸਟਰੇਲੀਆ ਵਿਚ ਗੈਰਕਾਨੂੰਨੀ ਤੌਰ 'ਤੇ ਆਏ ਪਨਾਹਗੀਰਾਂ ਅਤੇ ਸਰਕਾਰ ਵਿਚਾਲੇ ਚੱਲ ਰਹੇ ਕੇਸ ਨੂੰ ਲੈ ਕੇ ਅਹਿਮ ਫੈਸਲਾ ਸਾਹਮਣੇ ਆਇਆ ਹੈ। ਇਸ ਫੈਸਲੇ ਤਹਿਤ ਆਸਟਰੇਲੀਆ ਸਰਕਾਰ ਉਨ੍ਹਾਂ 1905 ਪਨਾਹਗੀਰਾਂ ਨੂੰ ਹਰਜਾਨਾ ਅਦਾ ਕਰੇਗੀ, ਜੋ ਗੈਰਕਾਨੂੰਨੀ ਤਰੀਕੇ ਨਾਲ ਇਥੇ ਆਏ ਸਨ। ਇਨ੍ਹਾਂ ਵਿਚੋਂ ਸੈਂਕੜੇ ਪਨਾਹਗੀਰਾਂ ਨੂੰ ਲਗਭਗ ਚਾਰ ਸਾਲ ਤੋਂ ਨੇੜਲੇ ਟਾਪੂ ਉਤੇ ਰੱਖਿਆ ਹੋਇਆ ਹੈ।

ਰਫਿਊਜੀਆਂ ਵੱਲੋਂ ਕੀਤੇ ਦਾਅਵੇ ਤਹਿਤ ਇਨ੍ਹਾਂ ਬੰਦੀ ਕੇਂਦਰਾਂ ਵਿਚ ਉਨ੍ਹਾਂ 'ਤੇ ਮਾਨਸਿਕ ਤਸ਼ੱਦਦ ਢਾਹਿਆ ਗਿਆ। ਲੜਾਈ ਝਗੜੇ ਦੇ ਹਾਲਾਤ ਦੌਰਾਨ ਇਕ ਇਰਾਨੀ ਮੂਲ ਦੇ ਮੁੰਡੇ ਦੀ ਮੌਤ ਵੀ ਹੋਈ, ਜਿਸ ਮਗਰੋਂ ਅਦਾਲਤ ਦਾ ਬੂਹਾ ਖੜਕਾਇਆ ਗਿਆ।

ਪੀੜਤਾਂ ਵੱਲੋਂ ਸਬੂਤਾਂ ਸਮੇਤ ਸਾਹਮਣੇ ਲਿਆਂਦੇ ਗਏ ਕੇਸ ਦੇ ਮੱਦੇਨਜ਼ਰ ਸਰਕਾਰ ਅਤੇ ਇਨ੍ਹਾਂ ਬੰਦੀ ਕੇਂਦਰਾਂ ਦੇ ਠੇਕੇਦਾਰਾਂ ਨੇ ਛੇ ਮਹੀਨੇ ਹੋਰ ਚੱਲਣ ਵਾਲੀ ਅਦਾਲਤੀ ਕਾਰਵਾਈ ਤੋਂ ਪਹਿਲਾਂ ਹੀ ਮਾਮਲਾ ਹਰਜਾਨੇ ਤਹਿਤ ਸੁਲ੍ਹਾ ਨਾਲ ਨਿਪਟਾਉਣ ਦਾ ਫੈਸਲਾ ਕੀਤਾ ਹੈ।

ਫੈਸਲੇ ਤਹਿਤ ਤਕਰੀਬਨ 70 ਮਿਲੀਅਨ ਆਸਟਰੇਲੀਅਨ ਡਾਲਰ ਦੇਣਾ ਤੈਅ ਹੋਇਆ ਹੈ, ਜੋ ਸਰਕਾਰ ਅਤੇ ਕੇਂਦਰਾਂ ਦੇ ਠੇਕੇਦਾਰ ਅਦਾ ਕਰਨਗੇ। ਉਂਜ ਸਰਕਾਰ ਨੇ ਸਾਰੇ ਦੋਸ਼ ਨਕਾਰਦਿਆਂ 'ਸਮਝੌਤੇ' ਨੂੰ ਸਹੀ ਫੈਸਲਾ ਕਿਹਾ ਹੈ। ਇੰਨੇ ਵੱਡੇ ਹਰਜਾਨੇ ਦੇ ਬਾਵਜੂਦ ਸਰਕਾਰ ਨੂੰ ਆਪਣੀ ਉਸ ਨੀਤੀ 'ਤੇ ਕੋਈ ਪਛਤਾਵਾ ਨਹੀਂ ਜਿਸ ਤਹਿਤ ਪਰਿਵਾਰਾਂ ਨੂੰ ਪਾਪੂਆ ਨਿਊ ਗਿੰਨੀ ਅਤੇ ਮੈਨਸ ਆਈਲੈਂਡ 'ਤੇ ਰੱਖਿਆ ਗਿਆ ਹੈ।

# ਵਪਾਰੀਆਂ ਲਈ ਜੀ.ਐਸ.ਟੀ. ਬਣਿਆ ਹਊਆ

**ਜਲੰਧਰ:** ਪਿਛਲੇ ਸਾਲ ਨਵੰਬਰ ਵਿਚ ਹੋਈ ਨੋਟਬੰਦੀ ਵੇਲੇ ਜਿਸ ਤਰ੍ਹਾਂ ਦੇ ਬਾਜ਼ਾਰ 'ਚ ਹਾਲਾਤ ਬਣ ਗਏ ਸਨ, ਉਹ ਹੀ ਹਾਲਾਤ ਜੀ.ਐਸ.ਟੀ. ਨੂੰ ਲੈ ਕੇ ਬਣ ਗਏ ਹਨ। ਭਾਵੇਂ ਜੀ.ਐਸ.ਟੀ. ਲਾਗੂ ਹੋਣ ਨਾਲ ਨਾ ਸਿਰਫ ਰਾਜਾਂ ਸਗੋਂ ਕੇਂਦਰ ਦੇ ਮਾਲੀਏ ਵਿਚ ਕਾਫੀ ਵਾਧਾ ਹੋਣ ਦੀ ਸੰਭਾਵਨਾ ਹੈ ਪਰ ਬਾਜ਼ਾਰ ਵਿਚ ਜੀ.ਐਸ. ਟੀ. ਨੂੰ ਲੈ ਕੇ ਨੋਟਬੰਦੀ ਤੋਂ ਬਾਅਦ ਵਾਲਾ ਮੰਦਾ ਚੱਲ ਰਿਹਾ ਹੈ। ਹੁਣ ਤੱਕ ਤਾਂ ਕਾਰੋਬਾਰੀ ਜੀ.ਐਸ.ਟੀ. ਦੇ ਪਹਿਲੀ ਜੁਲਾਈ ਦੀ ਥਾਂ ਇਕ ਮਹੀਨੇ ਦੀ ਰਾਹਤ ਮਿਲਣ ਦੀ ਸੰਭਾਵਨਾ ਜ਼ਾਹਿਰ ਕਰ ਰਹੇ ਸਨ ਪਰ ਕੇਂਦਰ ਵੱਲੋਂ ਜੁਲਾਈ ਤੋਂ ਹੀ ਜੀ.ਐ ਸ.ਟੀ. ਲਾਗੂ ਹੋਣ ਦੇ ਐਲਾਨ ਪਿਛੋਂ ਹੁਣ ਬਾਜ਼ਾਰ ਦੇ ਕਾਰੋਬਾਰੀਆਂ 'ਚ ਹਫੜਾ ਦਫੜੀ ਪੈਦਾ ਹੋ ਗਈ ਹੈ।

ਬਾਜ਼ਾਰ ਵਿਚ ਤਾਂ ਜੀ.ਐਸ.ਟੀ. ਨੂੰ ਲੈ ਕੇ ਮੰਦਾ ਤਾਂ ਪਹਿਲਾਂ ਹੀ ਚੱਲ ਰਿਹਾ ਹੈ ਤੇ ਕਈ ਕਾਰੋਬਾਰੀਆਂ ਨੇ ਸਟਾਕ 'ਤੇ ਰਿਫੰਡ ਮਿਲਣ ਨੂੰ ਲੈ ਕੇ ਆਪਣੀ ਨਵੀਂ ਖਰੀਦ ਬੰਦ ਕਰ ਦਿੱਤੀ ਸੀ ਪਰ ਹੁਣ ਕਈ ਕਾਰੋਬਾਰੀਆਂ ਨੇ ਤਾਂ ਆਪਣਾ ਸਾਮਾਨ ਵੀ ਸਸਤਾ ਵੇਚਣਾ ਸ਼ੁਰੂ ਕਰ ਦਿੱਤਾ ਹੈ। ਨਵੀਂ ਖਰੀਦ ਤਾਂ ਬਿਲਕੁਲ ਬੰਦ ਪਈ ਹੈ। ਉਧਰ ਕੇਂਦਰ ਨੇ ਜੀ.ਐਸ.ਟੀ. ਵਿਚ ਛੋਟੇ ਦੁਕਾਨਦਾਰਾਂ ਜਾਂ ਕਾਰੋਬਾਰੀਆਂ ਲਈ ਕੰਪੋਜ਼ੀਸ਼ਨ ਸਕੀਮ ਵੀ ਜਾਰੀ ਕੀਤੀ ਹੈ।

ਪਹਿਲਾਂ ਇਹ ਸਕੀਮ 50 ਲੱਖ ਦਾ ਸਾਲਾਨਾ ਕਾਰੋਬਾਰ ਕਰਨ ਵਾਲਿਆਂ 'ਤੇ ਲਾਗੂ ਸੀ ਪਰ ਹੁਣ ਇਸ ਦੀ ਹੱਦ ਵਿਚ ਵਾਧਾ ਕਰ ਕੇ ਰਕਮ 75 ਲੱਖ ਰੁਪਏ ਕਰ ਦਿੱਤੀ ਗਈ ਹੈ। ਇਸ ਸਕੀਮ ਤਹਿਤ ਕਾਰੋਬਾਰੀ ਨੂੰ ਕਿਸੇ ਤਰ੍ਹਾਂ ਦਾ ਆਈ.ਟੀ.ਸੀ. ਦਾ ਹਿਸਾਬ ਰੱਖਣ ਦੀ ਲੋੜ ਨਹੀਂ ਹੈ। ਟਰੇਡਰ ਲਈ ਇਸ ਸਕੀਮ ਦੇ ਤਹਿਤ ਇਕ ਫੀਸਦੀ, ਰੈਸਟੋਰੈਂਟ ਵਾਲੇ ਨੂੰ 5 ਫੀਸਦੀ ਤੇ ਮੈਨੂਫੈਕਚਰਜ ਨੂੰ 2 ਫੀਸਦੀ ਜੀ.ਐਸ. ਟੀ. ਦੀ ਅਦਾਇਗੀ ਕਰਨੀ ਪਏਗੀ। ਇਸ ਸਕੀਮ ਵਿਚ ਤਾਂ ਕਾਰੋਬਾਰੀ ਨੂੰ ਕਿਸੇ ਤਰ੍ਹਾਂ ਦੀ ਤਿਮਾਹੀ ਰਿਟਰਨ ਵੀ ਦਾਖਲ ਕਰਨ ਦੀ ਲੋੜ ਨਹੀਂ ਹੈ। ਇਸ ਸਕੀਮ ਵਿਚ ਆਉਂਦੇ ਕਾਰੋਬਾਰੀਆਂ ਨੂੰ ਆਪਣੀ ਦੁਕਾਨ ਦੇ ਬਾਹਰ 'ਕੰਪੋਜੀਸ਼ਨ ਡੀਲਰ' ਲਿਖ ਕੇ ਲਗਾਉਣਾ ਪਏਗਾ। ਜੇ ਕੋਈ ਕਾਰੋਬਾਰੀ 30 ਜੂਨ ਤੱਕ ਇਸ ਸਕੀਮ ਵਿਚ ਆਉਣਾ ਚਾਹੁੰਦਾ ਹੈ ਤਾਂ ਉਸ ਕੋਲ ਦੂਸਰੇ ਰਾਜਾਂ ਤੋਂ ਆਉਂਦੇ ਸਾਮਾਨ ਦਾ ਸਟਾਕ ਨਹੀਂ ਹੋਣਾ ਚਾਹੀਦਾ ਹੈ ਤੇ ਕਿਸੇ ਬਿਨਾਂ ਨੰਬਰ ਵਾਲੇ ਡੀਲਰ ਤੋਂ ਸਮਾਨ ਦੀ ਖਰੀਦ ਵੀ ਨਹੀਂ ਕੀਤੀ ਹੋਣੀ ਚਾਹੀਦੀ ਹੈ।

# ਹਿੰਦੂ ਜਥੇਬੰਦੀ ਵੱਲੋਂ ਨਫਰਤੀ ਜ਼ਹਿਰ ਘੋਲਣ ਦੇ ਯਤਨ

**ਸ੍ਰੀ ਮੁਕਤਸਰ ਸਾਹਿਬ:** ਸ੍ਰੀ ਮੁਕਤਸਰ ਸਾਹਿਬ ਦੀ ਧਰਤੀ ਉਤੇ ਵਸਦੇ ਲੋਕ ਉਸ ਦਿਨ ਹੱਕੇ-ਬੱਕੇ ਰਹਿ ਗਏ ਜਦੋਂ ਸ਼ਹਿਰ ਵਿਚ ਬੱਚੀਆਂ ਦੇ ਹੱਥਾਂ ਵਿਚ ਮਾਰੂ ਹਥਿਆਰਾਂ ਨਾਲ ਮਾਰਚ ਕੱਢਿਆ ਗਿਆ। ਇਹ ਮਾਰਚ ਮੁਕਤਸਰ ਇਲਾਕੇ ਦੇ ਸੋਨੀ ਬਾਬਾ ਰੁਪਾਣੇ ਵਾਲੇ ਦੀ ਅਗਵਾਈ ਵਿਚ ਕੱਢਿਆ ਗਿਆ।

ਮਾਰਚ ਵਿਚ ਨਾਬਾਲਗ ਕੁੜੀਆਂ ਦੇ ਹੱਥਾਂ ਵਿਚ ਬੰਦੂਕਾਂ, ਪਿਸਤੌਲ ਤੇ ਤ੍ਰਿਸ਼ੂਲ ਆਦਿ ਫੜੇ ਹੋਏ ਸਨ। ਬੱਚੀਆਂ ਕੋਲੋਂ ਹੀ ਸਪੀਕਰ ਵਿਚ ਸਮਾਜ ਅੰਦਰ ਨਫਰਤ ਫੈਲਾਉਣ ਵਾਲੀ (ਗਊ ਹਮਾਰੀ ਮਾਤਾ ਹੈ, ਹਿੰਦੁਸਤਾਨ ਕੇਵਲ ਹਿੰਦੂਆਂ ਦਾ ਆਦਿ) ਨਾਅਰੇਬਾਜ਼ੀ ਕਰਵਾਈ ਗਈ।

ਮਾਰਚ ਦੌਰਾਨ ਮੁਕਤਸਰ ਦੇ ਹੀ ਕੁਝ ਸਿੱਖ ਨੌਜਵਾਨਾਂ ਨੇ ਸੋਨੀ ਬਾਬਾ ਤੋਂ, ਅਜਿਹਾ ਨਫਰਤ ਫੈਲਾਉਣ ਵਾਲਾ ਤੇ ਬੱਚਿਆਂ ਨੂੰ ਗਲਤ ਸੰਦੇਸ਼ ਦੇਣ ਵਾਲਾ ਕੰਮ ਕਿਉਂ ਕੀਤਾ ਜਾ ਰਿਹਾ ਹੈ, ਪੁੱਛਣ ਦੀ ਕੋਸ਼ਿਸ਼ ਕੀਤੀ, ਪਰ ਮਾਰਚ ਨੂੰ ਪੁਲਿਸ ਦੀ ਸੁਰੱਖਿਆ ਹੋਣ ਕਾਰਨ ਗੱਲਬਾਤ ਸੰਭਵ ਨਹੀਂ ਹੋ ਸਕੀ।

ਭਗਵੇਂ ਕੱਪੜਿਆਂ 'ਚ ਸੋਨੀ ਬਾਬਾ ਇਲਾਕੇ ਵਿਚ ਲੰਗਰ ਲਾਉਣ ਵਜੋਂ ਮਸ਼ਹੂਰ ਹੈ, ਜੋ ਲੋਕਾਂ ਕੋਲੋਂ ਇਕੱਠੇ ਕੀਤੇ ਦਾਨ ਨਾਲ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਭੋਜਨ ਛਕਾਉਣ ਤੇ ਇਲਾਕੇ ਵਿਚ ਸਮੇਂ-ਸਮੇਂ ਉਤੇ ਲੰਗਰ ਲਾਉਣ ਦਾ ਕੰਮ ਕਰਦਾ ਹੈ। ਸੋਨੀ ਬਾਬਾ ਬਜਰੰਗ ਦਲ ਦਾ ਜ਼ਿਲ੍ਹਾ ਪ੍ਰਧਾਨ ਹੈ। ਇਸ ਸਾਲ ਮੁਕਤਸਰ ਵਿਚ ਪਹਿਲੀ ਵਾਰ ਲਾਇਆ ਗਿਆ ਦੁਰਗਾ ਵਾਹਿਨੀ ਆਤਮ ਰੱਖਿਆ ਕੈਂਪ ਵੀ ਸੋਨੀ ਬਾਬਾ ਦੀ ਅਗਵਾਈ ਵਿਚ ਲਾਇਆ ਗਿਆ ਸੀ। ਮੁਕਤਸਰ ਦੇ ਸਿੱਖ ਨੌਜਵਾਨਾਂ ਨੇ ਇਲਜ਼ਾਮ ਲਾਇਆ ਕਿ ਅਜਿਹੇ ਮਾਰਚ ਕੱਢ ਕੇ ਭਗਵਾਂ ਅਤਿਵਾਦ ਫੈਲਾਇਆ ਜਾ ਰਿਹਾ ਹੈ।

# ਜਦੋਂ ਕੈਪਟਨ ਨੇ ਅਕਾਲੀਆਂ ਨੂੰ ਪੋਲ ਖੋਲ੍ਹਣ ਦੀ ਦਿੱਤੀ ਧਮਕੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਅੰਦਰ ਕਾਂਗਰਸ ਨੂੰ ਘੇਰਨ ਲਈ ਉਠੇ ਅਕਾਲੀ ਉਸ ਸਮੇਂ ਘਿਰ ਗਏ ਜਦੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖੜ੍ਹੇ ਹੋ ਕੇ ਇਹ ਚਿਤਾਵਨੀ ਦੇ ਦਿੱਤੀ ਕਿ ਉਨ੍ਹਾਂ ਕੋਲ ਪਿਛਲੀ ਸਰਕਾਰ ਦੇ ਆਗੂਆਂ ਵੱਲੋਂ ਰੇਤ ਦੇ ਕਾਰੋਬਾਰ ਵਿਚ ਬੇਨੇਮੀਆਂ ਕਰਨ ਵਾਲੀਆਂ ਦੀ ਲਿਸਟ ਹੈ ਤੇ ਉਹ ਹੁਣੇ ਪੜ੍ਹ ਕੇ ਸੁਣਾ ਸਕਦੇ ਹਨ। ਇਸ ਪਿੱਛੋਂ ਸਾਰੇ ਅਕਾਲੀ ਵਿਧਾਇਕ ਚੁੱਪ ਚਾਪ ਆਪਣੀਆਂ ਕੁਰਸੀਆਂ ਉਤੇ ਬੈਠ ਗਏ।

ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਸਦਨ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਸਦਨ ਵਿਚਕਾਰ ਆ ਕੇ ਸਰਕਾਰ ਤੇ ਸਪੀਕਰ ਖ਼ਿਲਾਫ਼ ਨਾਅਰੇਬਾਜ਼ੀ ਕਰਨ ਲੱਗੇ ਤਾਂ ਤਕਰੀਬਨ ਇਕ ਘੰਟੇ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, 'ਮੇਰੇ ਕੋਲ ਪੂਰੀ ਸੂਚੀ ਪਈ ਹੈ, ਜਿਨ੍ਹਾਂ ਨੇ ਰੇਤ ਦੇ ਠੇਕੇ ਲਏ ਹੋਏ ਹਨ ਅਤੇ ਜੇਕਰ ਤੁਸੀਂ ਨਾ ਬੈਠੇ ਤਾਂ ਸਭ ਦੇ ਨਾਂ ਬੋਲ ਦਿਆਂਗਾ।'

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਨਾਲ ਸਬੰਧਤ ਟਰਾਂਸਪੋਰਟ ਕੰਪਨੀਆਂ ਅਤੇ ਬਾਦਲਾਂ ਦੇ ਹੋਰ ਵਪਾਰਕ ਕੰਮ ਵੀ ਕਾਂਗਰਸੀ ਮੈਂਬਰਾਂ ਦੇ ਨਿਸ਼ਾਨੇ ਉਤੇ ਰਹੇ। ਅਕਾਲੀ ਦਲ ਦੇ ਮੈਂਬਰਾਂ ਨੇ ਸਦਨ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਕਿਸਾਨੀ ਮੁੱਦਿਆਂ 'ਤੇ ਸਪੀਕਰ ਦੇ ਆਸਨ ਸਾਹਮਣੇ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਪ੍ਰਸ਼ਨ ਕਾਲ ਦੌਰਾਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਨਿਸ਼ਾਨਾ ਬਣਾਏ ਜਾਣ ਬਾਅਦ ਅਕਾਲੀ ਦਲ ਦੇ ਮੈਂਬਰਾਂ ਦਾ ਮੰਤਰੀ ਨਾਲ ਸਿੱਧਾ ਟਕਰਾਅ ਹੋ ਗਿਆ। ਕਾਂਗਰਸੀ ਤੇ ਅਕਾਲੀ ਮੈਂਬਰਾਂ ਦਰਮਿਆਨ ਟਕਰਾਅ ਨੂੰ ਦੇਖਦਿਆਂ ਸਪੀਕਰ ਰਾਣਾ ਕੰਵਰਪਾਲ ਸਿੰਘ ਨੇ ਸਦਨ ਦੀ ਕਾਰਵਾਈ ਮੁਲਤਵੀ ਕਰ ਦਿੱਤੀ।

ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੇ ਸਦਨ ਵਿਚੋਂ ਦੋ ਵਾਰ ਵਾਕਆਊਟ ਕੀਤਾ ਜਦੋਂ ਕਿ ਅਕਾਲੀਆਂ ਨੇ ਸਪੀਕਰ ਦੇ ਆਸਣ ਅੱਗੇ ਦੋ ਵਾਰ ਪ੍ਰਦਰਸ਼ਨ ਕੀਤਾ। ਬਾਦਲ ਪਰਿਵਾਰ ਦੀਆਂ ਟਰਾਂਸਪੋਰਟ ਕੰਪਨੀਆਂ ਦਾ ਮੁੱਦਾ ਸਦਨ ਵਿਚ ਵਾਰ-ਵਾਰ ਉਠਣ ਕਾਰਨ ਅਕਾਲੀ ਮੈਂਬਰਾਂ ਨੂੰ ਨਮੋਸ਼ੀ ਝੱਲਣੀ ਪਈ।

ਕਾਂਗਰਸੀ ਵਿਧਾਇਕ ਹਰਮਿੰਦਰ ਸਿੰਘ ਗਿੱਲ ਵੱਲੋਂ ਹਰੀਕੇ 'ਚ ਜੰਗਲੀ ਜੀਵ ਰੱਖ ਨੂੰ ਵਿਕਸਤ ਕਰਨ ਬਾਰੇ ਪੁੱਛੇ ਸਵਾਲ ਉਤੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਆਪਣੀ ਪਾਣੀ ਵਾਲੀ ਬੱਸ ਚਲਾਉਣ ਲਈ ਰੋਪੜ ਹੈੱਡ ਵਰਕਸ ਤੋਂ ਪਾਣੀ ਛੁਡਾ ਕੇ 5000 ਕਿਸਾਨਾਂ ਦੀ ਫਸਲ ਡੋਬ ਦਿੱਤੀ ਸੀ ਅਤੇ ਅੱਜ ਇਹ ਅਕਾਲੀ ਕਿਸ ਹੱਕ ਨਾਲ ਕਿਸਾਨਾਂ ਦੀ ਗੱਲ ਕਰ ਰਹੇ ਹਨ। ਇਹ ਬੱਸ ਵੀ ਮਸਾਂ 10 ਕੁ ਦਿਨ ਚੱਲੀ। ਉਨ੍ਹਾਂ ਕਿਹਾ ਕਿ ਜੇਕਰ ਪਿਛਲੀ ਸਰਕਾਰ ਨੂੰ ਬੱਸਾਂ ਚਲਾਉਣ ਦਾ ਹੀ ਸ਼ੌਕ ਸੀ ਤਾਂ 350 ਕਰੋੜ ਘਾਟੇ ਵਿਚ ਚੱਲ ਰਹੀ ਪੀ.ਆਰ.ਟੀ.ਸੀ. ਦੀਆਂ ਬੱਸਾਂ ਨੂੰ ਕਿਉਂ ਨਹੀਂ ਚਲਾਇਆ? ਬਾਦਲ ਪਰਿਵਾਰ ਨੇ ਸੱਤਾ ਵਿੱਚ ਆਉਣ ਬਾਅਦ ਆਪਣੀਆਂ ਬੱਸਾਂ ਦੀ ਗਿਣਤੀ ਵਿਚ ਅਥਾਹ ਵਾਧਾ ਕੀਤਾ।

ਬਾਦਲ ਪਰਿਵਾਰ ਦਾ ਕਰੀਬੀ ਹੀ ਬੱਸਾਂ ਦੇ ਟਾਈਮ ਟੇਬਲ ਬਣਾਉਂਦਾ ਹੈ, ਜਿਸ ਕਾਰਨ ਪੀ.ਆਰ.ਟੀ.ਸੀ. ਨੂੰ ਨਿੱਤ ਦਿਨ ਘਾਟਾ ਪੈਂਦਾ ਗਿਆ। ਇਸ ਬਾਅਦ ਅਕਾਲੀ ਦਲ ਦੇ ਮੈਂਬਰਾਂ ਨੇ ਮੰਤਰੀ ਦੀ ਸੀਟ ਨੇੜੇ ਆ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਅਕਾਲੀ ਮੈਂਬਰਾਂ ਦਾ ਸ਼ੋਰ ਸ਼ਰਾਬਾ ਐਨਾ ਜ਼ਿਆਦਾ ਵਧ ਗਿਆ ਕਿ ਨੌਬਤ ਟਕਰਾਅ ਤੱਕ ਦੀ ਆ ਗਈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਦਖਲ ਦਿੰਦਿਆਂ ਸਪੀਕਰ ਨੂੰ ਕਿਹਾ ਕਿ ਅਕਾਲੀ ਦਲ ਦੇ ਮੈਂਬਰਾਂ ਵੱਲੋਂ ਮੰਤਰੀ 'ਤੇ ਨਿੱਜੀ ਹਮਲੇ ਕੀਤੇ ਜਾ ਰਹੇ ਹਨ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਅਕਾਲੀ ਵਿਧਾਇਕ ਪਵਨ ਕੁਮਾਰ ਟੀਨੂੰ ਅਤੇ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੇ ਮੰਤਰੀ ਦਾ ਵਿਰੋਧ ਕੀਤਾ। ਸਦਨ ਵਿਚ ਸ਼ੋਰ ਸ਼ਰਾਬਾ ਹੋਰ ਵਧ ਗਿਆ ਤੇ ਅਖੀਰ ਸਪੀਕਰ ਨੂੰ ਸਦਨ ਦੀ ਕਾਰਵਾਈ ਅੱਧੇ ਘੰਟੇ ਲਈ ਮੁਲਤਵੀ ਕਰਨੀ ਪਈ।

ਇਸ ਬਾਅਦ ਧਿਆਨ ਦਿਵਾਊ ਮਤੇ ਰਾਹੀਂ ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਕਿਹਾ ਕਿ ਬਾਦਲਾਂ ਦੀ ਮਾਲਕੀ ਵਾਲੀਆਂ ਟਰਾਂਸਪੋਰਟ ਕੰਪਨੀਆਂ ਦੀਆਂ ਬੱਸਾਂ ਵਿਚ ਵੱਡਾ ਵਾਧਾ ਹੋਇਆ ਹੈ। ਉਨ੍ਹਾਂ ਮੰਗ ਕੀਤੀ ਕਿ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਖਿਲਾਫ਼ ਵੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਸ ਮਤੇ ਦੇ ਜਵਾਬ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਗੈਰ ਕਾਨੂੰਨੀ ਬੱਸਾਂ ਖਿਲਾਫ਼ ਵਿਜੀਲੈਂਸ ਬਿਊਰੋ ਤੇ ਟਰਾਂਸਪੋਰਟ ਵਿਭਾਗ ਵੱਲੋਂ ਸਾਂਝੀ ਮੁਹਿੰਮ ਚਲਾਈ ਗਈ ਹੈ। ਇਸ ਮਾਮਲੇ ਦੀ ਵਿਜੀਲੈਂਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।



## ਕੇ.ਪੀ.ਐਸ. ਗਿੱਲ ਨੂੰ ਸ਼ਰਧਾਂਜਲੀ ਦੇਣ ਤੋਂ ਹੰਗਾਮਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਸੂਬੇ ਦੇ ਸਾਬਕਾ ਡੀ.ਜੀ.ਪੀ. ਕੇ.ਪੀ.ਐਸ. ਗਿੱਲ ਨੂੰ ਸ਼ਰਧਾਂਜਲੀ ਦੇਣ ਦੇ ਮੁੱਦੇ 'ਤੇ ਹੰਗਾਮਾ ਖੜ੍ਹਾ ਹੋ ਗਿਆ। ਸ਼੍ਰੋਮਣੀ ਅਕਾਲੀ ਦਲ ਨੇ ਸਾਬਕਾ ਡੀ.ਜੀ.ਪੀ. ਨੂੰ ਸਿੱਖਾਂ 'ਤੇ ਜ਼ੁਲਮ ਕਰਨ ਦਾ ਦੋਸ਼ੀ ਕਰਾਰ ਦਿੱਤਾ ਅਤੇ ਇਸ ਨੂੰ ਸਦਨ ਦੀ ਰਵਾਇਤ ਦੇ ਉਲਟ ਦੱਸਿਆ।

ਅਕਾਲੀ ਦਲ ਦੇ ਵਿਧਾਇਕ ਦਲ ਦੇ ਆਗੂ ਸੁਖਬੀਰ ਬਾਦਲ ਨੇ ਸਦਨ ਵਿਚ ਸ਼ਰਧਾਂਜਲੀਆਂ ਦੇਣ ਦਾ ਵਿਰੋਧ ਕੀਤਾ, ਜਦੋਂ ਕਿ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਅਕਾਲੀ ਦਲ ਦੇ ਤਰਕ ਦੀ ਨਿੰਦਾ ਕਰਦਿਆਂ ਕਿਹਾ ਕਿ ਬਾਦਲ ਸਰਕਾਰ ਨੇ ਮਰਹੂਮ ਕੇ.ਪੀ.ਐਸ. ਗਿੱਲ ਦੇ ਖਾਸ ਮੰਨੇ ਜਾਂਦੇ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ਵਿਚ ਘਿਰੇ ਰਹਿਣ ਵਾਲੇ ਪੁਲਿਸ ਅਧਿਕਾਰੀ ਸੁਮੇਧ ਸਿੰਘ ਸੈਣੀ ਨੂੰ ਸਾਢੇ ਤਿੰਨ ਸਾਲ ਪੁਲਿਸ ਮੁਖੀ ਲਾਈ ਰੱਖਿਆ, ਜੋ ਅਕਾਲੀਆਂ ਦੇ ਦੋਹਰੇ ਕਿਰਦਾਰ ਦਾ ਸਬੂਤ ਹੈ।

## ਅਜੈਬ ਸਿੰਘ ਭੱਟੀ ਬਣੇ ਡਿਪਟੀ ਸਪੀਕਰ

**ਚੰਡੀਗੜ੍ਹ:** ਵਿਧਾਨ ਸਭਾ ਹਲਕਾ ਮਲੋਟ ਦੇ ਵਿਧਾਇਕ ਅਜੈਬ ਸਿੰਘ ਭੱਟੀ ਨੂੰ ਵਿਧਾਨ ਸਭਾ ਦਾ ਡਿਪਟੀ ਸਪੀਕਰ ਚੁਣਿਆ ਗਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਭੱਟੀ ਦਾ ਨਾਮ ਤਜਵੀਜ਼ ਕੀਤਾ ਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਇਸ ਦੀ ਤਾਈਦ ਕੀਤੀ। ਸ੍ਰੀ ਭੱਟੀ ਦੀ ਚੋਣ ਸਰਬਸੰਮਤੀ ਨਾਲ ਹੋਈ ਐਲਾਨੀ ਗਈ। ਮੁੱਖ ਮੰਤਰੀ ਅਤੇ ਸਦਨ ਦੇ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਭੱਟੀ ਨੂੰ ਡਿਪਟੀ ਸਪੀਕਰ ਬਣਨ 'ਤੇ ਵਧਾਈ ਦਿੱਤੀ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਭੱਟੀ ਚੰਗਾ ਪ੍ਰਸ਼ਾਸਨਿਕ ਤਜਰਬਾ ਰੱਖਦੇ ਹਨ ਤੇ ਸਿਆਸਤ ਸ੍ਰੀ ਭੱਟੀ ਦੇ ਖ਼ੂਨ ਵਿਚ ਹੈ ਜੋ ਉਨ੍ਹਾਂ ਨੂੰ ਆਪਣੇ ਪਿਤਾ ਮਰਹੂਮ ਅਰਜਨ ਸਿੰਘ ਕੋਲੋਂ ਵਿਰਸੇ ਵਿਚ ਮਿਲੀ ਹੈ, ਜਿਨ੍ਹਾਂ ਨੇ 1957 ਵਿੱਚ ਨਿਹਾਲ ਸਿੰਘ ਵਾਲਾ ਦੇ ਤਤਕਾਲੀ ਸਾਂਝੇ ਹਲਕੇ ਤੋਂ ਵਿਧਾਨ ਸਭਾ ਚੋਣ ਲੜੀ ਸੀ।

## ਸੁਖਪਾਲ ਖਹਿਰਾ ਸਮੁੱਚੇ ਬਜਟ ਸੈਸ਼ਨ ਲਈ ਮੁਅੱਤਲ

**ਚੰਡੀਗੜ੍ਹ:** ਸਪੀਕਰ ਨੇ 'ਆਪ' ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਰਹਿੰਦੇ ਬਜਟ ਸੈਸ਼ਨ ਲਈ ਮੁਅੱਤਲ ਕਰ ਦਿੱਤਾ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਸ੍ਰੀ ਖਹਿਰਾ 'ਤੇ ਸਦਨ ਦੀ ਵੀਡੀਓ ਬਣਾ ਕੇ ਫੇਸਬੁੱਕ ਉਤੇ ਅਪਲੋਡ ਕਰਨ ਸਬੰਧੀ ਕਾਰਵਾਈ ਦੀ ਮੰਗ ਕੀਤੀ ਸੀ। ਸਪੀਕਰ ਨੇ ਖਹਿਰਾ ਦਾ ਮੋਬਾਈਲ ਫੋਨ ਕਬਜ਼ੇ 'ਚ ਲੈਣ, ਰਹਿੰਦੇ ਸੈਸ਼ਨ ਦੌਰਾਨ ਮੁਅੱਤਲ ਕਰਨ ਅਤੇ ਮਾਮਲਾ ਮਰਿਆਦਾ ਕਮੇਟੀ ਨੂੰ ਸੌਂਪਣ ਦਾ ਐਲਾਨ ਕੀਤਾ।


**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.



Satwant Singh, CLCS, MBA
*(CA Lic # 0H11256)*

Now we have 3 locations:

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

**Call today for your FREE, no-obligation quote:**

**1-408-771-2438**

satwant@satwantins.com

Allied Insurance
a Nationwide Insurance® company

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੁਖਬੀਰ ਬਾਦਲ ਦੇ ਸੁਪਨਮਈ ਪ੍ਰਾਜੈਕਟ ਨੂੰ ਲੱਗੀ ਬ੍ਰੇਕ




**ਤਰਨ ਤਾਰਨ:** ਪੰਜਾਬ ਸਰਕਾਰ ਨੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸੁਪਨਮਈ ਪ੍ਰੋਜੈਕਟ ਜਲ ਬੱਸ ਨੂੰ ਬ੍ਰੇਕ ਲਾ ਦਿੱਤੀ ਹੈ। ਸੈਰ-ਸਪਾਟਾ ਤੇ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਐਲਾਨ ਕੀਤਾ ਕਿ ਹਰੀਕੇ ਵਿਚ ਚੱਲਦੀ ਜਲ ਬੱਸ ਉਦੋਂ ਤਕ ਬੰਦ ਰਹੇਗੀ ਜਦੋਂ ਤਕ ਪੀ.ਆਰ.ਟੀ.ਸੀ. ਮੁਨਾਫੇ ਵਿਚ ਨਹੀਂ ਜਾਂਦੀ। ਇਹ ਪ੍ਰੋਜੈਕਟ ਸੁਖਬੀਰ ਬਾਦਲ ਨੇ 13 ਦਸੰਬਰ, 2016 ਨੂੰ ਚਲਾਇਆ ਸੀ। ਦਸੰਬਰ 2016 ਤੋਂ ਸ਼ੁਰੂ ਹੋਈ ਇਸ ਬੱਸ ਨੇ ਹੁਣ ਤੱਕ 10 ਚੱਕਰ ਲਾਏ ਹਨ ਤੇ ਸਿਰਫ 97 ਲੋਕਾਂ ਨੇ ਇਸ ਵਿਚ ਸਫਰ ਕੀਤਾ ਹੈ। ਇਸ ਪ੍ਰੋਜੈਕਟ 'ਤੇ ਅਕਾਲੀ ਸਰਕਾਰ ਨੇ 20 ਕਰੋੜ ਰੁਪਏ ਖਰਚ ਕੀਤੇ ਸਨ। ਇਸ 'ਤੇ ਅੱਠ ਲੱਖ ਪ੍ਰਤੀ ਮਹੀਨਾ ਖਰਚਾ ਹੈ ਤੇ ਕਮਾਈ ਸਿਰਫ 12 ਹਜ਼ਾਰ ਮਹੀਨਾ ਹੈ। ਇਹ ਮੁੱਦਾ ਪੱਟੀ ਤੋਂ ਵਿਧਾਇਕ ਹਰਮਿੰਦਰ ਸਿੰਘ ਗਿੱਲ ਨੇ ਪੰਜਾਬ ਵਿਧਾਨ ਸਭਾ ਵਿਚ ਵੀ ਉਠਾਇਆ ਸੀ। ਇਸੇ ਲਈ ਸ੍ਰੀ ਸਿੱਧੂ ਤਰਨ ਤਾਰਨ ਤੇ ਗੁਆਂਢੀ ਜ਼ਿਲ੍ਹੇ ਫਿਰੋਜ਼ਪੁਰ ਦੇ ਵਿਧਾਇਕਾਂ ਨਾਲ ਬੱਸ ਚਲਾਉਣ ਬਾਰੇ ਲੋਕਾਂ ਦੇ ਵਿਚਾਰ ਜਾਣਨ ਬਾਅਦ ਫੈਸਲਾ ਲੈਣ ਲਈ ਹਰੀਕੇ ਆਏ ਸਨ। ਉਨ੍ਹਾਂ ਨੇ ਮੌਕੇ 'ਤੇ ਹੀ ਪ੍ਰਾਈਵੇਟ ਕੰਪਨੀ ਦੀ ਇਸ ਬੱਸ ਨੂੰ ਬੰਦ ਕਰਨ ਦਾ ਐਲਾਨ ਕਰ ਦਿੱਤਾ। ਇਸ ਤੋਂ ਪਹਿਲਾਂ ਵਿਧਾਇਕ ਹਰਮਿੰਦਰ ਸਿੰਘ ਗਿੱਲ, ਕੁਲਬੀਰ ਸਿੰਘ ਜ਼ੀਰਾ, ਪਰਮਿੰਦਰ ਸਿੰਘ ਪਿੰਕੀ ਅਤੇ ਸੁਖਪਾਲ ਸਿੰਘ ਭੁੱਲਰ ਨੇ ਸ੍ਰੀ ਸਿੱਧੂ ਨੂੰ ਇਸ ਬੱਸ ਨੂੰ ਤੁਰਤ ਬੰਦ ਕਰਨ ਦੀ ਅਪੀਲ ਕੀਤੀ ਸੀ। ਮੰਤਰੀ ਨੇ ਕਿਹਾ ਕਿ ਉਹ ਇਸ ਬੱਸ ਨੂੰ ਬੰਦ ਕਰਨ ਦਾ ਐਲਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਹੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਬਾਦਲਾਂ ਵੱਲੋਂ ਕੀਤੀਆਂ ਬੇਨਿਯਮੀਆਂ ਦੀ ਬਾਰੀਕੀ ਨਾਲ ਜਾਂਚ ਕਰਾਉਣਗੇ ਅਤੇ ਲੋਕਾਂ ਸਾਹਮਣੇ ਸਚਾਈ ਪੇਸ਼ ਕਰਨਗੇ। ਉਨ੍ਹਾਂ ਕਿਹਾ ਕਿ ਕਰੋੜਾਂ ਰੁਪਏ ਦੀ ਕੀਮਤ ਵਾਲੇ ਇਸ ਘੜੁੱਕੇ (ਬੱਸ) ਨੂੰ ਉਹ ਚਲਾਉਣ ਦੀ ਆਗਿਆ ਨਹੀਂ ਦੇ ਸਕਦੇ। ਇਹ ਬੱਸ ਹੁਣ ਤੱਕ ਮਹਿਜ਼ 10 ਵਾਰ ਹੀ ਚੱਲੀ ਹੈ। ਵਿਧਾਇਕਾਂ ਨੇ ਦੱਸਿਆ ਕਿ ਇਸ ਬੱਸ ਨੂੰ ਚਲਾਉਣ ਲਈ ਦਰਿਆ 'ਚ ਪਾਣੀ ਦਾ ਪੱਧਰ ਉਚਾ ਚਾਹੀਦਾ ਹੈ ਅਤੇ ਪਾਣੀ ਦਾ ਪੱਧਰ ਵਧਾਉਣ ਨਾਲ ਕਿਸਾਨਾਂ ਦੀਆਂ ਫਸਲਾਂ ਨੁਕਸਾਨੀਆਂ ਜਾਂਦੀਆਂ ਹਨ।

## ਹਵਾਈ ਜਹਾਜ਼ ਵਿਚ ਜੰਮਿਆ ਬੱਚਾ

**ਨਵੀਂ ਦਿੱਲੀ:** ਸਾਊਦੀ ਅਰਬ ਤੋਂ ਭਾਰਤ ਆ ਰਹੇ ਜੈੱਟ ਏਅਰਵੇਜ਼ ਦੇ ਜਹਾਜ਼ ਵਿਚ ਉਦੋਂ ਇਕ ਨਵਾਂ ਮਹਿਮਾਨ ਆ ਗਿਆ, ਜਦੋਂ ਉਡਾਣ ਦੌਰਾਨ ਹੀ ਇਕ ਔਰਤ ਨੇ ਬੱਚੇ ਨੂੰ ਜਨਮ ਦਿੱਤਾ। ਅਸਲ ਵਿਚ ਇਹ ਜਹਾਜ਼ ਕੋਚੀ ਜਾ ਰਿਹਾ ਸੀ ਪਰ ਇਕ ਗਰਭਵਤੀ ਮਹਿਲਾ ਦੀ ਹਾਲਤ ਨੂੰ ਦੇਖਦਿਆਂ ਜਹਾਜ਼ ਦੇ ਅਮਲੇ ਨੇ ਮੈਡੀਕਲ ਐਮਰਜੰਸੀ ਐਲਾਨਦਿਆਂ ਜਹਾਜ਼ ਮੁੰਬਈ ਵੱਲ ਮੋੜ ਲਿਆ। ਹਾਲੇ ਜਹਾਜ਼ ਅਰਬ ਸਾਗਰ ਦੇ ਉਪਰ ਹੀ ਸੀ ਕਿ ਬੱਚੇ ਦਾ ਜਨਮ ਹੋ ਗਿਆ।

## ਕਰਜ਼ ਮੁਆਫੀ: ਸਰਕਾਰ ਖਾਨਾਪੂਰਤੀ ਦੇ ਰਾਹ

*(ਸਫਾ ਇਕ ਦੀ ਬਾਕੀ)*

ਖੇਤ ਮਜ਼ਦੂਰਾਂ ਦਾ ਕਰਜ਼ ਵੀ ਖੇਤੀ ਸੰਕਟ ਦਾ ਨਤੀਜਾ ਹੈ। ਪੰਜਾਬ ਵਿਚ ਤਕਰੀਬਨ 8-10 ਲੱਖ ਪਰਿਵਾਰ ਖੇਤ ਮਜ਼ਦੂਰ ਹਨ। ਇਨ੍ਹਾਂ ਦੀ ਹਾਲਤ ਤਾਂ ਕਿਸਾਨੀ ਨਾਲੋਂ ਵੀ ਮਾੜੀ ਹੈ। ਇੰਡੀਅਨ ਕੌਂਸਲ ਫਾਰ ਸੋਸ਼ਲ ਸਾਇੰਸ ਐਂਡ ਰਿਸਰਚ ਨੇ ਖੇਤ ਮਜ਼ਦੂਰਾਂ ਸਿਰ ਚੜ੍ਹੇ ਕਰਜ਼ੇ ਦਾ ਜਾਇਜ਼ਾ ਲੈਣ ਲਈ ਪੰਜਾਬ ਦੇ ਤਿੰਨ ਜ਼ਿਲ੍ਹਿਆਂ ਦੇ 301 ਖੇਤ ਮਜ਼ਦੂਰ ਪਰਿਵਾਰਾਂ ਨੂੰ ਆਧਾਰ ਬਣਾ ਕੇ ਸਰਵੇਖਣ ਕੀਤਾ ਹੈ। ਇਨ੍ਹਾਂ ਪਰਿਵਾਰਾਂ ਸਿਰ ਔਸਤਨ ਕਰਜ਼ਾ 54709.30 ਰੁਪਏ ਬਣਦਾ ਹੈ। ਮੁੱਖ ਮੰਤਰੀ ਦਾ ਦਾਅਵਾ ਹੈ ਕਿ ਇਸ ਨਾਲ ਤਕਰੀਬਨ 18.5 ਲੱਖ ਕੁੱਲ ਕਿਸਾਨਾਂ ਵਿਚੋਂ 10.25 ਲੱਖ ਨੂੰ ਫਾਇਦਾ ਹੋਵੇਗਾ। ਖੁਦਕੁਸ਼ੀ ਪੀੜਤ ਕਿਸਾਨ ਪਰਿਵਾਰਾਂ ਦਾ ਪੂਰਾ ਕਰਜ਼ਾ ਸਰਕਾਰ ਵੱਲੋਂ ਅਦਾ ਕੀਤੇ ਜਾਣ ਦਾ ਐਲਾਨ ਕੀਤਾ ਹੈ। ਇਹ ਪੀੜਤ ਪਰਿਵਾਰ ਸੂਬੇ ਦੀਆਂ ਤਿੰਨਾਂ ਯੂਨੀਵਰਸਿਟੀਆਂ ਵੱਲੋਂ ਦਿੱਤੀ ਜਾਣ ਵਾਲੀ ਰਿਪੋਰਟ ਦੇ ਆਧਾਰ ਉਤੇ ਮੰਨੇ ਜਾਣਗੇ। ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਦਿੱਤੀ ਜਾਣ ਵਾਲੀ 3 ਲੱਖ ਰੁਪਏ ਦੀ ਰਾਹਤ ਵਧਾ ਕੇ 5 ਲੱਖ ਰੁਪਏ ਕਰਨ ਦਾ ਐਲਾਨ ਵੀ ਕੀਤਾ। ਕਾਂਗਰਸ ਦੇ ਚੋਣ ਮੈਨੀਫੈਸਟੋ ਵਿਚ ਇਹ ਰਕਮ ਦਸ ਲੱਖ ਰੁਪਏ ਕਰਨ ਦਾ ਵਾਅਦਾ ਸੀ। ਮੁੱਖ ਮੰਤਰੀ ਨੇ ਇਹ ਫੈਸਲੇ ਖੇਤੀ ਕਰਜ਼ਾ ਮੁਆਫ ਕਰਨ ਸਬੰਧੀ ਬਣਾਈ ਟੀ. ਹੱਕ ਕਮੇਟੀ ਦੀ ਅੰਤਰਿਮ ਰਿਪੋਰਟ ਅਤੇ ਕਮੇਟੀ ਨਾਲ ਕੀਤੀ ਮੀਟਿੰਗ ਦੇ ਆਧਾਰ ਉਤੇ ਕੀਤੇ। ਕਮੇਟੀ ਨੇ ਦੋ ਮਹੀਨੇ ਅੰਦਰ ਆਪਣੀ ਵਿਸਥਾਰਤ ਰਿਪੋਰਟ ਦੇਣੀ ਹੈ। ਇਕ ਅਨੁਮਾਨ ਅਨੁਸਾਰ ਮੁੱਖ ਮੰਤਰੀ ਵੱਲੋਂ ਕੀਤੇ ਐਲਾਨ ਨਾਲ ਕਿਸਾਨਾਂ ਦੇ ਲਗਭਗ 10 ਤੋਂ 12 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਮੁਆਫ ਹੋਣਗੇ।

## ਭਾਰਤੀ ਰਸੋਈਏ ਨੂੰ ਜੁਰਮਾਨਾ

**ਮੈਲਬਰਨ:** ਬੰਦ ਹੋ ਚੁੱਕੇ ਕੌਫੀ ਕਲੱਬ ਦੇ ਭਾਰਤੀ ਮੂਲ ਦੇ ਮਾਲਕ ਪਤੀ-ਪਤਨੀ ਨੂੰ ਆਪਣੇ ਮੁਲਾਜ਼ਮ ਤੋਂ ਜ਼ਬਰਦਸਤੀ ਤਨਖਾਹ ਵਾਪਸ ਲੈਣ ਅਤੇ ਅਜਿਹਾ ਨਾ ਕਰਨ 'ਤੇ ਵੀਜ਼ਾ ਰੱਦ ਕਰਨ ਦੀ ਧਮਕੀ ਦੇਣ ਦੇ ਦੋਸ਼ ਹੇਠ 180,000 ਡਾਲਰ ਦਾ ਜੁਰਮਾਨਾ ਲਾਇਆ ਗਿਆ ਹੈ। ਕੋਰਟ ਨੇ ਸਨਦੀਪ ਚੋਖਾਨੀ ਨੂੰ 30,000 ਡਾਲਰ ਅਤੇ ਉਸ ਦੀ ਕੰਪਨੀ ਨੂੰ ਇਸ ਗੈਰਕਾਨੂੰਨੀ ਕੈਸ਼ ਬੈਕ ਸਮਝੌਤੇ ਲਈ 150,000 ਡਾਲਰ ਜੁਰਮਾਨਾ ਲਾਇਆ ਹੈ। ਚੋਖਾਨੀ ਪਹਿਲਾਂ ਬ੍ਰਿਸਬੇਨ ਦੇ 'ਨੰਦਾਹ ਵਿਲੇਜ ਸ਼ਾਪਿੰਗ ਸੈਂਟਰ' ਵਿਚ ਆਪਣੀ ਪਤਨੀ ਨਾਲ ਕੌਫੀ ਕਲੱਬ ਚਲਾਉਂਦਾ ਸੀ। ਉਸ ਨੂੰ 18,000 ਡਾਲਰ ਨਾ ਮੋੜਨ 'ਤੇ ਵੀਜ਼ਾ ਰੱਦ ਕਰਨ ਦੀ ਧਮਕੀ ਦਿੱਤੀ ਗਈ ਸੀ। ਅਦਾਲਤ ਮੁਤਾਬਕ ਚੋਖਾਨੀ ਨੇ ਆਪਣੇ ਭਾਰਤੀ ਮੁਲਾਜ਼ਮ ਨੂੰ ਜੁਲਾਈ ਤੋਂ ਨਵੰਬਰ 2014 ਅਤੇ ਫਰਵਰੀ/ਮਾਰਚ 2015 ਦੇ ਚਾਰ ਹਫਤਿਆਂ ਲਈ ਤਨਖਾਹ ਨਹੀਂ ਸੀ ਦਿੱਤੀ।

## ਮਨਪ੍ਰੀਤ ਦੇ ਸਫੈਦ ਪੇਪਰ ਵਿਚ ਬਾਦਲ ਦਾ 'ਕਾਲਾ ਚਿੱਠਾ'

*(ਸਫਾ ਇਕ ਦੀ ਬਾਕੀ)*

ਸਕਿਆ। ਜਦੋਂ ਬਾਦਲ ਸਰਕਾਰ ਨੇ ਗੱਦੀ ਛੱਡੀ, ਉਸ ਸਮੇਂ 2.08 ਲੱਖ ਕਰੋੜ ਰੁਪਏ ਦਾ ਕਰਜ਼ਾ ਵਿਰਾਸਤ ਵਿਚ ਮਿਲਿਆ, ਜਦੋਂਕਿ 13039 ਕਰੋੜ ਰੁਪਏ ਦੀਆਂ ਦੇਣਦਾਰੀਆਂ ਵੀ ਸਰਕਾਰ ਸਿਰ ਖੜ੍ਹੀਆਂ ਸਨ। ਬਾਦਲ ਸਰਕਾਰ 'ਤੇ ਪੀ.ਆਈ.ਡੀ.ਬੀ. ਨੂੰ 3172 ਕਰੋੜ, ਦਿਹਾਤੀ ਵਿਕਾਸ ਫੰਡ ਨੂੰ 2090 ਤੇ ਪੁੱਡਾ ਨੂੰ 1413 ਕਰੋੜ ਦਾ ਕਰਜ਼ਾਈ ਕਰਨ ਦਾ ਦੋਸ਼ ਲਾਇਆ ਗਿਆ ਹੈ। ਆਟਾ-ਦਾਲ ਸਕੀਮ ਕਾਰਨ ਸਰਕਾਰ ਨੇ ਪਨਸਪ ਨੂੰ 1125 ਕਰੋੜ ਰੁਪਏ, ਮਾਰਕਫੈੱਡ ਨੂੰ 349 ਕਰੋੜ ਰੁਪਏ, ਗੁਦਾਮ ਨਿਗਮ ਨੂੰ 52 ਕਰੋੜ ਰੁਪਏ ਅਤੇ ਪੰਜਾਬ ਐਗਰੋ ਇੰਡਸਟਰੀਜ਼ ਨਿਗਮ ਨੂੰ 220 ਕਰੋੜ ਰੁਪਏ ਦੇਣੇ ਹਨ।

## ਪੰਜਾਬ ਬਜਟ: ਸੱਖਣੇ ਖਜ਼ਾਨੇ ਵਿਚੋਂ ਵਾਅਦਿਆਂ ਦੀ ਝੜੀ

*(ਸਫਾ ਇਕ ਦੀ ਬਾਕੀ)*

ਕਰਨ ਸਮੇਤ ਕਈ ਹੋਰ ਰਾਹਤਾਂ ਤੇ ਸਹੂਲਤਾਂ ਦਾ ਐਲਾਨ ਕੀਤਾ ਸੀ। ਕਰਜ਼ਾ ਮੁਆਫੀ ਸਮੇਤ ਸਰਕਾਰ ਦੇ ਐਲਾਨਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਪੈਸਾ ਕਿਥੋਂ ਆਵੇਗਾ, ਇਸ ਬਾਰੇ ਬਜਟ ਬਿਲਕੁਲ ਖਾਮੋਸ਼ ਹੈ, ਕਿਉਂਕਿ ਵਿੱਤ ਮੰਤਰੀ ਨੇ ਨਵੇਂ ਕਰ ਲਾਉਣ ਦਾ ਵੀ ਐਲਾਨ ਨਹੀਂ ਕੀਤਾ। ਮਾਲੀ ਸਾਲ ਦੇ ਅਖੀਰ ਤੱਕ ਸਰਕਾਰ ਸਿਰ ਕਰਜ਼ੇ ਦਾ ਭਾਰ ਵਧ ਕੇ 1 ਕਰੋੜ 95 ਲੱਖ ਕਰੋੜ ਰੁਪਏ ਨੂੰ ਵੀ ਪਾਰ ਕਰ ਜਾਵੇਗਾ।

ਮੁੱਖ ਮੰਤਰੀ ਵੱਲੋਂ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੇ ਐਲਾਨ ਨੂੰ ਸਿਰੇ ਲਾਉਣ ਲਈ ਵਿੱਤ ਮੰਤਰੀ ਨੇ ਇਸ ਸਾਲ 1500 ਕਰੋੜ ਰੁਪਏ ਦਾ ਉਪਬੰਧ ਕੀਤਾ ਹੈ। ਖੇਤੀ ਖੇਤਰ ਲਈ ਬਜਟ ਵਿਚ 65.77 ਫੀਸਦੀ ਦਾ ਵਾਧਾ ਕਰਦਿਆਂ 6383.01 ਕਰੋੜ ਰੁਪਏ ਰੱਖੇ ਗਏ ਹਨ। ਕੁਦਰਤੀ ਆਫਤਾਂ ਕਾਰਨ ਫਸਲਾਂ ਦੇ ਖਰਾਬੇ ਦਾ ਮੁਆਵਜ਼ਾ 8 ਹਜ਼ਾਰ ਰੁਪਏ ਪ੍ਰਤੀ ਏਕੜ ਤੋਂ ਵਧਾ ਕੇ 12 ਹਜ਼ਾਰ ਰੁਪਏ ਕੀਤਾ ਗਿਆ ਹੈ। ਬੁਢਾਪਾ, ਵਿਧਵਾ ਤੇ ਅੰਗਹੀਣਾਂ ਦੀ ਪੈਨਸ਼ਨ 500 ਰੁਪਏ ਮਾਸਕ ਤੋਂ ਵਧਾ ਕੇ 750 ਰੁਪਏ ਤੇ ਸ਼ਗਨ ਸਕੀਮ ਤਹਿਤ ਦਿੱਤੀ ਜਾਂਦੀ ਰਕਮ ਵੀ 15 ਹਜ਼ਾਰ ਰੁਪਏ ਤੋਂ ਵਧਾ ਕੇ 21 ਹਜ਼ਾਰ ਕਰ ਦਿੱਤੀ ਹੈ। ਤੇਜ਼ਾਬ ਪੀੜਤ ਔਰਤਾਂ ਨੂੰ ਅੱਠ ਹਜ਼ਾਰ ਰੁਪਏ ਮਾਸਕ ਵਿੱਤੀ ਮਦਦ ਦਿੱਤੀ ਜਾਵੇਗੀ। ਸੁਤੰਤਰਤਾ ਸੈਨਾਨੀਆਂ ਨੂੰ 300 ਰੁਪਏ ਦੀ ਬਿਜਲੀ ਮੁਫਤ ਦੇਣ ਤੋਂ ਇਲਾਵਾ ਆਟਾ-ਦਾਲ ਸਕੀਮ ਵਿਚ ਹੁਣ ਖੰਡ ਤੇ ਚਾਹ ਪੱਤੀ ਦੇਣ ਦਾ ਐਲਾਨ ਕਰਦਿਆਂ ਇਸ ਲਈ 500 ਕਰੋੜ ਰੁਪਏ ਰੱਖਣ ਦਾ ਐਲਾਨ ਕੀਤਾ ਗਿਆ ਹੈ। ਪੇਂਡੂ ਚੌਕੀਦਾਰਾਂ ਦਾ ਮਾਣ ਭੱਤਾ 1250 ਰੁਪਏ ਮਾਸਕ ਕਰ ਦਿੱਤਾ ਗਿਆ ਹੈ।

ਪਰਵਾਸੀ ਭਾਰਤੀਆਂ (ਐਨ.ਆਰ. ਆਈਜ਼.) ਦੀਆਂ ਸ਼ਿਕਾਇਤਾਂ ਦੇ ਨਿਬੇੜੇ ਲਈ ਲੋਕ ਪਾਲ ਕਾਇਮ ਕਰਨ ਲਈ ਨਵਾਂ ਕਾਨੂੰਨ ਲਿਆਉਣ ਦਾ ਐਲਾਨ ਵੀ ਵਿੱਤ ਮੰਤਰੀ ਵੱਲੋਂ ਬਜਟ 'ਚ ਕੀਤਾ ਗਿਆ ਹੈ। ਜ਼ਿਲ੍ਹਾ ਸਹਿਕਾਰੀ ਬੈਂਕਾਂ ਨੂੰ ਪੰਜਾਬ ਰਾਜ ਸਹਿਕਾਰੀ ਬੈਂਕ ਵਿਚ ਸ਼ਾਮਲ ਕਰਨ ਅਤੇ ਫਸਲੀ ਬੀਮੇ ਲਈ ਪੰਜਾਬ ਖੇਤੀਬਾੜੀ ਬੀਮਾ ਨਿਗਮ ਕਾਇਮ ਕਰਨ ਦਾ ਐਲਾਨ ਵੀ ਕੀਤਾ ਗਿਆ ਹੈ। ਕਾਂਗਰਸ ਦੇ ਚੋਣ ਵਾਅਦੇ ਮੁਤਾਬਕ ਨੌਜਵਾਨਾਂ ਨੂੰ ਸਮਾਰਟ ਫੋਨ ਦੇਣ ਲਈ 10 ਕਰੋੜ ਰੁਪਏ ਦੀ ਵਿਵਸਥਾ ਕੀਤਾ ਗਈ ਹੈ। ਰੁਜ਼ਗਾਰ ਸਿਰਜਣ ਤੇ ਸਿਖਲਾਈ ਪ੍ਰੋਗਰਾਮ ਲਈ 91 ਕਰੋੜ ਰੁਪਏ ਰੱਖੇ ਹਨ ਅਤੇ 5 ਸਾਲਾਂ ਵਿਚ 3 ਲੱਖ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਗਿਆ ਹੈ। ਸ਼ਹਿਰੀ ਖੇਤਰਾਂ ਵਿਚ ਜ਼ਮੀਨਾਂ ਦੀ ਖਰੀਦ 'ਤੇ ਲੱਗਣ ਵਾਲੀ ਅਸ਼ਟਾਮ ਫੀਸ 9 ਫੀਸਦੀ ਤੋਂ ਘਟਾ ਕੇ 6 ਫੀਸਦੀ ਅਤੇ ਪਲਾਟਾਂ, ਮਕਾਨਾਂ ਦੀ ਮਲਕੀਅਤ ਤਬਦੀਲ ਕਰਨ ਲਈ ਲੱਗਣ ਵਾਲੀ ਫੀਸ ਢਾਈ ਫੀਸਦੀ ਤੋਂ ਘਟਾ ਕੇ 2 ਫੀਸਦੀ ਕਰਨ ਦਾ ਐਲਾਨ ਕੀਤਾ ਗਿਆ ਹੈ। ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਸਮੇਤ ਹੋਰਨਾਂ ਸ਼ਹਿਰਾਂ ਵਿਚ ਰਿਹਾਇਸ਼ੀ ਅਰਬਨ ਅਸਟੇਟ ਅਤੇ ਇੰਡਸਟਰੀਅਲ ਅਸਟੇਟ ਵਿਕਸਤ ਕੀਤੇ ਜਾਣਗੇ। ਸ਼ਹਿਰੀ ਵਿਕਾਸ ਲਈ ਦਿੱਤੀ ਜਾਣ ਵਾਲੀ ਰਾਸ਼ੀ ਵਿਚ 103.27 ਫੀਸਦੀ ਦਾ ਵਾਧਾ ਕਰਦਿਆਂ 4610.59 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਸਕੂਲਾਂ ਵਿਚ ਫਰਨੀਚਰ ਲਈ 21 ਕਰੋੜ ਰੁਪਏ, ਮੁਫਤ ਪਾਠ ਪੁਸਤਕਾਂ ਤੇ ਵਰਦੀਆਂ ਅਤੇ ਪ੍ਰਾਇਮਰੀ ਸਕੂਲਾਂ ਵਿਚ ਗਰੀਨ ਬੋਰਡਾਂ ਲਈ 5.25 ਕਰੋੜ ਰੁਪਏ, ਸਰਬੋਤਮ ਸਕੂਲਾਂ ਦੇ ਸਨਮਾਨ ਲਈ 9.27 ਕਰੋੜ ਰੁਪਏ, ਪ੍ਰਾਇਮਰੀ ਸਕੂਲਾਂ ਵਿਚ ਕੰਪਿਊਟਰ ਦੇਣ ਲਈ 10 ਕਰੋੜ ਰੁਪਏ ਰੱਖੇ ਹਨ। ਪੱਛੜੇ ਖੇਤਰਾਂ ਵਿਚ 5 ਨਵੇਂ ਡਿਗਰੀ ਕਾਲਜ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਗਰਾਂਟ 26 ਕਰੋੜ ਰੁਪਏ ਤੋਂ ਵਧਾ ਕੇ 33 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਹੈ।

ਪੰਜਾਬੀ ਭਾਸ਼ਾ ਦੇ ਵਿਕਾਸ ਲਈ ਤਲਵੰਡੀ ਸਾਬੋ ਵਿਚ 'ਪੰਜਾਬੀ ਭਾਸ਼ਾ ਤਰੱਕੀ ਤੇ ਪ੍ਰਸਾਰ' ਕੇਂਦਰੀ ਸੰਸਥਾ ਬਣੇਗੀ ਤੇ ਮਲੇਰਕੋਟਲਾ ਉਰਦੂ ਅਕਾਦਮੀ ਲਈ ਤਿੰਨ ਕਰੋੜ ਰੁਪਏ ਅਤੇ ਸਰਕਾਰੀ ਕਾਲਜਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ 10 ਕਰੋੜ ਰੁਪਏ ਰੱਖੇ ਹਨ। ਅੰਮ੍ਰਿਤਸਰ ਵਿਖੇ ਸ਼ਾਮ ਸਿੰਘ ਅਟਾਰੀ ਵਾਲਾ ਦੇ ਨਾਮ 'ਤੇ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਬਣੇਗਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਗੈਂਗਸਟਰ ਖੁਦਕੁਸ਼ੀ ਮਾਮਲੇ 'ਤੇ ਉਠੇ ਸਵਾਲ

## ਪੰਜਾਬ ਤੇ ਹਰਿਆਣਾ ਪੁਲਿਸ ਵੱਲੋਂ ਕੀਤੀ ਗਈ ਸੀ ਸਾਂਝੀ ਕਾਰਵਾਈ

**ਚੰਡੀਗੜ੍ਹ:** ਡੱਬਵਾਲੀ ਨੇੜੇ ਤਿੰਨ ਗੈਂਗਸਟਰਾਂ ਦੀ ਮੌਤ 'ਤੇ ਸਵਾਲ ਉਠਣੇ ਸ਼ੁਰੂ ਹੋ ਗਏ ਹਨ। ਪੁਲਿਸ ਨੇ ਦਾਅਵਾ ਕੀਤਾ ਹੈ ਕਿ ਘੇਰਾ ਪੈਣ ਮਗਰੋਂ ਤਿੰਨਾਂ ਗੈਂਗਸਟਰਾਂ ਨੇ ਖੁਦ ਨੂੰ ਗੋਲੀਆਂ ਮਾਰ ਕੇ ਖੁਦਕੁਸ਼ੀ ਕਰ ਲਈ ਸੀ। ਦੂਜੇ ਪਾਸੇ ਇਲਾਕੇ ਦੇ ਲੋਕ ਦੱਬੀ ਸੁਰ ਵਿਚ ਆਖਣ ਲੱਗੇ ਹਨ ਕਿ ਉਨ੍ਹਾਂ ਖੁਦਕੁਸ਼ੀ ਨਹੀਂ ਕੀਤੀ ਸਗੋਂ ਮੁਕਾਬਲੇ ਵਿਚ ਮਾਰੇ ਗਏ।

ਪਿੰਡ ਸੁਖੇਰਾਖੇੜਾ ਦੀ ਢਾਣੀ ਤੋਂ ਅੱਠ ਕਿਲੋਮੀਟਰ ਦੂਰ ਪਿੰਡ ਚੌਟਾਲਾ ਦੇ ਸਾਬਕਾ ਸਰਪੰਚ ਕ੍ਰਿਸ਼ਨ ਕੁਮਾਰ ਨੇ ਦਾਅਵਾ ਕੀਤਾ ਹੈ ਤਿੰਨੇ ਗੈਂਗਸਟਰਾਂ ਨੂੰ ਪੰਜਾਬ ਪੁਲਿਸ ਨੇ ਮੁਕਾਬਲੇ ਵਿਚ ਮਾਰਿਆ ਹੈ। ਸਾਬਕਾ ਸਰਪੰਚ ਨੇ ਕਿਹਾ ਕਿ ਉਸ ਵੱਲੋਂ ਪਿੰਡ ਵਾਸੀਆਂ ਕੋਲੋਂ ਇਕੱਤਰ ਜਾਣਕਾਰੀ ਅਨੁਸਾਰ ਪੁਲਿਸ ਨੇ ਢਾਣੀ ਵਿਚਲੇ ਮਕਾਨ ਵਿਚ ਮੌਜੂਦ ਪੰਜ ਨੌਜਵਾਨਾਂ ਵਿਚੋਂ ਤਿੰਨ ਨੂੰ ਮੁਕਾਬਲੇ 'ਚ ਮਾਰ ਮੁਕਾਇਆ ਹੈ।

ਕਾਬਲੇਗੌਰ ਹੈ ਕਿ ਪੰਜਾਬ ਤੇ ਹਰਿਆਣਾ ਪੁਲਿਸ ਵੱਲੋਂ ਪਿੰਡ ਸੁਖੇਰਾਖੇੜਾ ਦੀ ਢਾਣੀ ਨੇੜੇ ਸਾਂਝੀ ਕਾਰਵਾਈ ਕੀਤੀ ਸੀ। ਪੁਲਿਸ ਨੇ ਦਾਅਵਾ ਕੀਤਾ ਸੀ ਕਿ ਘਿਰੇ ਤਿੰਨ ਗੈਂਗਸਟਰਾਂ ਨੇ ਖੁਦ ਨੂੰ ਗੋਲੀਆਂ ਮਾਰ ਲਈਆਂ। ਗੈਂਗਸਟਰਾਂ ਦੀ ਸ਼ਨਾਖਤ ਜਸਪ੍ਰੀਤ ਸਿੰਘ 'ਜੰਪੀ' ਉਰਫ 'ਜਿੰਮੀ ਡੌਨ', ਕੰਵਲਜੀਤ ਸਿੰਘ ਉਰਫ ਬੰਟੀ ਤੇ ਨਿਸ਼ਾਨ ਸਿੰਘ ਵਜੋਂ ਹੋਈ ਸੀ। ਜਸਪ੍ਰੀਤ ਤੇ ਕੰਵਲਜੀਤ ਢਾਣੀ ਵਿਚ ਬਣੇ ਮਕਾਨ ਦੀ ਛੱਤ 'ਤੇ ਮ੍ਰਿਤਕ ਪਾਏ ਗਏ ਜਦੋਂਕਿ ਨਿਸ਼ਾਨ ਸਿੰਘ ਨੇ ਹਸਪਤਾਲ ਲਿਜਾਂਦੇ ਸਮੇਂ ਦਮ ਤੋੜਿਆ। ਦਵਿੰਦਰ ਬੰਬੀਹਾ ਗੈਂਗ ਨਾਲ ਸਬੰਧਤ ਇਹ ਤਿੰਨੇ ਗੈਂਗਸਟਰ ਅੱਜ-ਕੱਲ੍ਹ 'ਜਿੰਮੀ ਡੌਨ' ਗੈਂਗ ਨਾਂ ਹੇਠ ਅਪਰਾਧਾਂ ਨੂੰ ਅੰਜਾਮ ਦਿੰਦੇ ਸਨ।

### ਪਿੰਡ ਵਾਸੀਆਂ ਵੱਲੋਂ ਪੁਲਿਸ ਮੁਕਾਬਲੇ ਦਾ ਦਾਅਵਾ



### ਸਿੱਧਾ ਸਾਧਾ ਜਸਪ੍ਰੀਤ ਇੰਜ ਬਣਿਆ ਜੰਪੀ ਡੌਨ

**ਫਰੀਦਕੋਟ:** ਪਿੰਡ ਸਖੇਰਾ ਖੇੜਾ (ਹਰਿਆਣਾ) ਵਿਚ ਮਾਰਿਆ ਗਿਆ ਗੈਂਗਸਟਰ ਜਸਪ੍ਰੀਤ ਸਿੰਘ ਉਰਫ ਜੰਪੀ ਡੌਨ ਜਦੋਂ ਛੋਟਾ ਸੀ ਤਾਂ ਉਸ ਦੇ ਮਾਤਾ-ਪਿਤਾ ਦੀ ਮੌਤ ਹੋ ਗਈ ਸੀ। ਉਹ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਪਿੰਡ ਰੋੜੀ ਕਪੂਰਾ ਦੇ ਸਾਬਕਾ ਸਰਪੰਚ ਗੁਰਮੇਜ ਸਿੰਘ ਨੇ ਦੱਸਿਆ ਕਿ ਜਸਪ੍ਰੀਤ ਪੜ੍ਹਾਈ ਵਿਚ ਹੁਸ਼ਿਆਰ ਸੀ ਪਰ ਕੁਝ ਅਸਰ ਰਸੂਖ ਰੱਖਣ ਵਾਲੇ ਬੰਦਿਆਂ ਨੇ ਉਸ ਦੀ ਚਾਰ ਕਿੱਲੇ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰ ਲਿਆ ਸੀ। ਜਸਪ੍ਰੀਤ ਨੇ ਆਪਣੀ ਜ਼ਮੀਨ ਵਾਪਸ ਲੈਣ ਲਈ ਪੁਲੀਸ ਤੇ ਪ੍ਰਸ਼ਾਸਨ ਕੋਲ ਪਹੁੰਚ ਕੀਤੀ ਪਰ ਕਿਸੇ ਨੇ ਉਸ ਦੀ ਮਦਦ ਨਾ ਕੀਤੀ। ਇਸ ਤੋਂ ਬਾਅਦ ਉਹ ਗੈਂਗਸਟਰ ਰਣਜੀਤ ਸੇਵੇਵਾਲਾ ਦੇ ਸੰਪਰਕ ਵਿਚ ਆ ਗਿਆ ਅਤੇ ਉਸ ਦੀ ਆਮ ਜ਼ਿੰਦਗੀ ਖਤਮ ਹੋ ਗਈ। ਜੈਤੋ ਥਾਣੇ ਦੇ ਇਕ ਇੰਸਪੈਕਟਰ ਨੇ ਜਸਪ੍ਰੀਤ ਸਿੰਘ ਨੂੰ ਬਿਨਾਂ ਗੱਲੋਂ ਲੋਕਾਂ ਸਾਹਮਣੇ ਕੁੱਟਿਆ ਅਤੇ ਉਸ ਖਿਲਾਫ਼ ਝੂਠਾ ਕੇਸ ਵੀ ਦਰਜ ਕੀਤਾ ਸੀ। ਇਸ ਤੋਂ ਤੰਗ ਆ ਕੇ ਉਹ ਅਪਰਾਧ ਦੀ ਦੁਨੀਆਂ ਵਿਚ ਚਲਾ ਗਿਆ।




# ਹਾਕੀ ਓਲੰਪੀਅਨ ਜਗਜੀਤ ਸਿੰਘ ਕੁਲਾਰ ਦਾ ਦੇਹਾਂਤ

**ਟੋਰਾਂਟੋ (ਬਿਊਰੋ):** ਹਾਕੀ ਦੇ ਵੈਟਰਨ ਖਿਡਾਰੀ ਜਗਜੀਤ ਸਿੰਘ ਉਰਫ ਜੱਗੀ ਕੁਲਾਰ ਦਾ ਲੰਘੀ 12 ਜੂਨ ਨੂੰ ਇਥੇ ਅਚਾਨਕ ਦੇਹਾਂਤ ਹੋ ਗਿਆ। ਉਹ ਪੰਜਾਬ ਦੇ ਪਿੰਡ ਸੰਸਾਰਪੁਰ ਤੋਂ ਸਨ ਜਿਸ ਨੂੰ ਹਾਕੀ ਦਾ ਮੱਕਾ ਕਿਹਾ ਜਾਂਦੈ। ਉਨ੍ਹਾਂ ਦੇ ਪਿਤਾ ਸ. ਬਚਿੱਤਰ ਸਿੰਘ 1920ਵਿਆਂ ਵਿਚ ਕੀਨੀਆ ਗਏ ਸਨ ਜਿਥੇ ਸਿੱਖ ਯੂਨੀਅਨ ਕਲੱਬ ਨੈਰੋਬੀ ਵੱਲੋਂ ਹਾਕੀ ਖੇਡੇ। ਉਨ੍ਹਾਂ ਦੇ ਵੱਡੇ ਪੁੱਤਰ ਹਰਦਿਆਲ ਸਿੰਘ ਤੇ ਹਰਦੇਵ ਸਿੰਘ ਵੀ ਉਸੇ ਕਲੱਬ ਵੱਲੋਂ ਹਾਕੀ ਖੇਡਦੇ ਰਹੇ।

ਜਗਜੀਤ ਕੁਲਾਰ ਦਾ ਜਨਮ 16 ਅਪਰੈਲ 1942 ਨੂੰ ਮੁੰਬਾਸਾ 'ਚ ਹੋਇਆ ਸੀ। ਟੈਕਨੀਕਲ ਹਾਈ ਸਕੂਲ ਨੈਰੋਬੀ ਵਿਚ ਪੜ੍ਹਨ ਉਪਰੰਤ ਉਹ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਚ ਪੜ੍ਹਨ ਲੱਗੇ ਜਿਥੇ ਪੰਜ ਸਾਲ ਕਾਲਜ ਅਤੇ ਪੰਜਾਬ ਯੂਨੀਵਰਸਿਟੀ ਵੱਲੋਂ ਫਾਰਵਰਡ ਵਜੋਂ ਖੇਡੇ।

1968 ਵਿਚ ਨੈਰੋਬੀ ਪਰਤ ਕੇ ਉਨ੍ਹਾਂ ਕੀਨੀਆ ਦੀ ਹਾਕੀ ਟੀਮ ਵੱਲੋਂ ਮੈਕਸੀਕੋ ਤੇ ਮਿਊਨਿਖ ਦੀਆਂ ਓਲੰਪਿਕ ਖੇਡਾਂ ਵਿਚ ਭਾਗ ਲਿਆ। ਉਹ 1971 ਵਿਚ ਬਾਰਸੀਲੋਨਾ ਤੇ 1973 ਵਿਚ ਐਮਸਟਰਡਮ ਦੇ ਵਰਲਡ ਹਾਕੀ ਕੱਪ ਵੀ ਖੇਡੇ। ਫਿਰ ਕੈਨੇਡਾ ਵਿਚ ਰਹਿੰਦਿਆਂ ਉਹ ਕਿਊਬੈਕ ਹਾਕੀ ਫੈਡਰੇਸ਼ਨ ਤੇ ਹੁਣ ਓਂਟਾਰੀਓ ਹਾਕੀ ਫੈਡਰੇਸ਼ਨ ਦਾ ਟੈਕਨੀਕਲ ਡਾਇਰੈਕਟਰ ਸਨ। ਉਹ ਕੈਨੇਡਾ ਦੀ ਹਾਕੀ ਟੀਮ ਦਾ ਕੋਚ/ਮੈਨੇਜਰ ਬਣ ਕੇ ਵੀ ਸੇਵਾ ਨਿਭਾਉਂਦੇ ਰਹੇ। ਉਨ੍ਹਾਂ ਅਨੇਕਾਂ ਬੱਚਿਆਂ ਤੇ ਨੌਜੁਆਨਾਂ ਨੂੰ ਹਾਕੀ ਖੇਡਣ ਦੀ ਜਾਗ ਲਾਈ। ਲਾਈਫ ਟਾਈਮ ਅਚੀਵਮੈਂਟ ਵਜੋਂ ਉਨ੍ਹਾਂ ਨੂੰ ਪਰਵਾਸੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।



*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*


**Prince's Barber Shop**

**37477 Fremont Blvd, suite C, Fremont, CA 94536**

***Men & Children's Hair Cut***

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

**ਫੁੱਲ ਟਾਈਮ ਬਾਰਬਰ ਦੀ ਲੋੜ ਹੈ**

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*

**Business hours:**
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



**Cell: (510)-677-9942**
**Shop: (510)-505-9605**
*www.princebarbershop.com*




## ਭਾਰਤ-ਪਾਕਿ ਤਣਾਅ ਬਣਿਆ ਸ਼ਰਧਾਲੂਆਂ ਦੇ ਰੋਹ 'ਚ ਰੋੜਾ

**ਅੰਮ੍ਰਿਤਸਰ:** ਭਾਰਤ-ਪਾਕਿਸਤਾਨ ਦਰਮਿਆਨ ਤਣਾਅਪੂਰਨ ਹਾਲਾਤ ਦਾ ਅਸਰ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਤੀਰਥ ਯਾਤਰੀਆਂ ਦੇ ਜਥਿਆਂ 'ਤੇ ਵੀ ਪੈ ਰਿਹਾ ਹੈ। ਇਕ ਮਹੀਨਾ ਪਹਿਲਾਂ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਜਾਣ ਵਾਲੇ ਸਿੱਖ ਜਥੇ ਨੂੰ ਪ੍ਰਵਾਨਗੀ ਨਾ ਦਿੱਤੇ ਜਾਣ ਤੋਂ ਬਾਅਦ ਹੁਣ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਵੀ ਜਥੇ ਨੂੰ ਕੇਂਦਰੀ ਗ੍ਰਹਿ ਤੇ ਵਿਦੇਸ਼ ਮੰਤਰਾਲੇ ਵੱਲੋਂ ਸੁਰੱਖਿਆ ਨੂੰ ਲੈ ਕੇ ਹਰੀ ਝੰਡੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਸ਼ੇਰ-ਏ-ਪੰਜਾਬ ਦੀ ਬਰਸੀ ਜੋ ਹਰ ਸਾਲ 29 ਜੂਨ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਕੰਪਲੈਕਸ ਵਿਚ ਉਨ੍ਹਾਂ ਦੀ ਸਮਾਧ 'ਤੇ ਸਿੱਖ ਸੰਗਤਾਂ ਵੱਲੋਂ ਮਨਾਈ ਜਾਂਦੀ ਹੈ, ਮੌਕੇ ਕਈ ਦਹਾਕਿਆਂ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਤੀਰਥ ਯਾਤਰੀਆਂ ਦੇ ਜਥੇ ਭੇਜੇ ਜਾਂਦੇ ਹਨ, ਪਰ ਇਸ ਵਾਰ ਸ਼੍ਰੋਮਣੀ ਕਮੇਟੀ ਵੱਲੋਂ ਸ਼ਹੀਦੀ ਪੁਰਬ ਤੋਂ ਬਾਅਦ 21 ਜੂਨ ਭੇਜੇ ਦੂਜੇ ਜਥੇ ਨੂੰ ਵੀ ਕੇਂਦਰ ਸਰਕਾਰ ਨੇ ਨਾਂਹ ਕਰ ਦਿੱਤੀ ਸੀ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਦੇ ਵਿਦੇਸ਼ ਮੰਤਰਾਲੇ ਨੂੰ 300 ਤੋਂ ਵਧੇਰੇ ਯਾਤਰੀਆਂ ਦੇ ਨਾਂਵਾਂ ਦੀ ਸੂਚੀ ਭੇਜ ਕੇ ਬਰਸੀ ਸਮਾਗਮਾਂ ਮੌਕੇ ਪਾਕਿਸਤਾਨ ਜਾਣ ਲਈ ਪ੍ਰਵਾਨਗੀ ਮੰਗੀ ਸੀ, ਪਰ ਗ੍ਰਹਿ ਮੰਤਰਾਲੇ ਵੱਲੋਂ ਭਾਰਤ ਤੇ ਪਾਕਿਸਤਾਨ ਦਰਮਿਆਨ ਹਾਲਾਤ ਸਾਜ਼ਗਾਰ ਨਾ ਹੋਣ ਕਾਰਨ ਇਹ ਕਹਿ ਕੇ ਪ੍ਰਵਾਨਗੀ ਨਹੀਂ ਦਿੱਤੀ ਗਈ ਕਿ ਜੇਕਰ ਸ਼੍ਰੋਮਣੀ ਕਮੇਟੀ ਆਪਣੇ ਰਿਸਕ 'ਤੇ ਜਥਾ ਲਿਜਾਣਾ ਚਾਹੁੰਦੀ ਹੈ ਤਾਂ ਲਿਜਾ ਸਕਦੀ ਹੈ।

## ਭਾਈ ਮਰਦਾਨੇ ਦੇ ਘਰ ਦੀ ਹੋਵੇਗੀ ਮੁਰੰਮਤ

**ਲਾਹੌਰ:** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 16 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਮਨਾਇਆ ਗਿਆ। ਇਸ ਮੌਕੇ ਓਕਾਫ ਬੋਰਡ ਦੇ ਚੇਅਰਮੈਨ ਮੁਹੰਮਦ ਸਦੀਕ ਉਲ ਫਰੂਕ ਨੇ ਐਲਾਨ ਕੀਤਾ ਕਿ ਓਕਾਫ ਬੋਰਡ ਤੇ ਪੀ.ਐਸ.ਜੀ.ਪੀ.ਸੀ. ਵੱਲੋਂ ਲਾਹੌਰ ਵਿਚ ਬੰਦ ਪਏ ਗੁਰਦੁਆਰਾ ਦੀਵਾਨ ਖਾਨਾ ਤੇ ਨਨਕਾਣਾ ਸਾਹਿਬ ਵਿਖੇ ਸਥਿਤ ਭਾਈ ਮਰਦਾਨਾ ਜੀ ਦੇ ਘਰ ਦੀ ਮੁਰੰਮਤ ਕਰਵਾਈ ਜਾਵੇਗੀ। ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਵਿਖੇ ਨਵੀਆਂ ਸਰਾਂਵਾਂ ਦਾ ਕੰਮ ਵੀ ਜਲਦ ਸ਼ੁਰੂ ਹੋਵੇਗਾ। ਇਹ ਸਭ ਤਿਆਰੀਆਂ ਗੁਰੂ ਨਾਨਕ ਪਾਤਸ਼ਾਹ ਦੇ 2019 ਵਿਚ ਵੱਡੇ ਪੱਧਰ 'ਤੇ ਮਨਾਏ ਜਾਣ ਵਾਲੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਕੀਤੀਆਂ ਜਾ ਰਹੀਆਂ ਹਨ। ਇਸੇ ਤਹਿਤ ਪਵਿੱਤਰ ਸ਼ਹਿਰ ਤੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਅਸਥਾਨ ਨਨਕਾਣਾ ਸਾਹਿਬ ਦੀ ਖੂਬਸੂਰਤੀ ਵਿਚ ਵਾਧਾ ਕੀਤਾ ਜਾਵੇਗਾ।



**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

**ਫੋਨ (408) 687-1899**

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

**7021 Village Park Way, Dublin, CA 94568**



*Gurdip Singh Sandhu*

Email:
Homeomedicine@yahoo.com



**ਹਲਵਾਈ, ਵੈਸ਼ਨੂੰ ਕੁੱਕ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ**

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ
ਮਿਠਾਈਆਂ ਬਣਾਉਣ ਵਾਲੇ ਕਾਰੀਗਰ, ਵੈਸ਼ਨੂੰ ਕੁੱਕ ਤੇ ਡੋਸਾ ਮੇਕਰ
ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

**ਸੰਪਰਕ ਕਰੋ**
**ਮੁਖਤਿਆਰ ਸਿੰਘ, ਫੋਨ: 713-884-9547**
**ਸੁਖਦੇਵ ਸਿੰਘ, ਫੋਨ: 832-724-1635**

# ਧਰਨਾ ਵਿਵਾਦ: ਬਡੂੰਗਰ ਨੇ ਜਥੇਦਾਰ ਦੀ ਕਰਵਾਈ ਤਸੱਲੀ

**ਚੰਡੀਗੜ੍ਹ:** ਸਿੱਖਾਂ ਦੀ ਸ਼੍ਰੋਮਣੀ ਸੰਸਥਾ ਵੱਲੋਂ ਸੂਬੇ ਦੀਆਂ ਸਿਆਸੀ ਪਾਰਟੀਆਂ- ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦਾ ਕੈਪਟਨ ਸਰਕਾਰ ਖਿਲਾਫ ਧਰਨਿਆਂ ਵਿਚ ਸਹਿਯੋਗ ਦੇਣ ਦੇ ਭਖੇ ਮਾਮਲੇ ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਸ਼ਾਂਤ ਕਰ ਦਿੱਤਾ ਹੈ।

ਇਸ ਮਸਲੇ ਨੂੰ ਤੂਲ ਦੇਣ ਤੋਂ ਰੋਕਣ ਲਈ ਬਡੂੰਗਰ ਨੇ ਅਕਾਲ ਤਖਤ ਸਕੱਤਰੇਤ ਪਹੁੰਚ ਕੇ ਗਿਆਨੀ ਗੁਰਬਚਨ ਸਿੰਘ ਨਾਲ ਗਲਤਫਹਿਮੀਆਂ ਦੂਰ ਕਰ ਲਈਆਂ। ਦਰਅਸਲ, ਕਮੇਟੀ ਵੱਲੋਂ ਧਰਨਿਆਂ ਵਿਚ ਸਹਿਯੋਗ ਕਰਨ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਨਿੱਜੀ ਤੌਰ 'ਤੇ ਕਮੇਟੀ ਪ੍ਰਧਾਨ ਨੂੰ ਸਿਆਸੀ ਧਰਨਿਆਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਸੀ। ਇਸ ਤੋਂ ਬਾਅਦ ਮੀਡੀਆ ਨੇ ਇਸ ਮੁੱਦੇ ਨੂੰ ਚੁੱਕ ਲਿਆ।

ਇਸ ਦੌਰਾਨ ਤਖਤ ਸ੍ਰੀ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਬਿਆਨ ਕਿਹਾ ਸੀ ਕਿ''ਸਿੱਖ ਕੌਮ ਵਿਚ ਧਰਮ ਤੇ ਰਾਜਨੀਤੀ ਬਰਾਬਰ ਚੱਲਦੇ ਹਨ ਤੇ ਇਹ ਵਿਵਾਦ ਬੇਲੋੜਾ ਹੈ। ਬਡੂੰਗਰ ਨੇ ਸ੍ਰੀ ਅਕਾਲ ਤਖਤ ਸਾਹਿਬ ਪਹੁੰਚ ਕੇ ਹਾਜ਼ਰੀ ਲਵਾਈ ਤੇ ਗਿਆਨੀ ਗੁਰਬਚਨ ਸਿੰਘ ਨਾਲ ਸਾਰੀ ਗੱਲਬਾਤ ਕੀਤੀ। ਗੱਲਬਾਤ ਤੋਂ ਬਾਅਦ ਦੋਵੇਂ ਧਿਰਾਂ ਸੰਤੁਸ਼ਟ ਨਜ਼ਰ ਆਈਆਂ। ਬਡੂੰਗਰ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਤੇ ਸਿੰਘ ਸਾਹਿਬ ਦਾ ਪੂਰਾ ਸਤਿਕਾਰ ਕਰਦੇ ਹਨ। ਉਨ੍ਹਾਂ ਸਿੰਘ ਸਾਹਿਬ ਨੂੰ ਦੱਸਿਆ ਹੈ ਕਿ ਗੁਰੂ ਸਾਹਿਬਾਨ ਵੱਲੋਂ ਮੀਰੀ ਤੇ ਪੀਰੀ ਦੇ ਦਿੱਤੇ ਸਿਧਾਂਤ 'ਤੇ ਪਹਿਰਾ ਦਿੰਦਿਆਂ ਉਹ ਰੋਸ ਧਰਨੇ ਵਿਚ ਸ਼ਾਮਲ ਹੋਏ ਸਨ। ਇਸ ਦੇ ਨਾਲ ਹੀ ਉਨ੍ਹਾਂ ਇਲਜ਼ਾਮ ਲਾਇਆ ਕਿ ਜਦ ਤੋਂ ਕਾਂਗਰਸ ਸਰਕਾਰ ਬਣੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ 'ਚ ਵਾਧਾ ਹੋਇਆ ਹੈ। ਮੀਟਿੰਗ ਤੋਂ ਬਾਅਦ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਕੋਈ ਵੱਡੀ ਗੱਲ ਨਹੀਂ ਸੀ, ਪਰ ਫਿਰ ਵੀ ਬਡੂੰਗਰ ਆਪਣਾ ਪੱਖ ਰੱਖਣ ਲਈ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਆਪਣੇ ਸਾਥੀਆਂ ਸਮੇਤ ਆਏ ਹਨ ਤੇ ਉਨ੍ਹਾਂ ਵੱਲੋਂ ਰੱਖੇ ਗਏ ਪੱਖ ਤੋਂ ਉਹ ਸੰਤੁਸ਼ਟ ਹਨ।



## ਸ਼੍ਰੋਮਣੀ ਕਮੇਟੀ ਪ੍ਰਧਾਨ ਬਡੂੰਗਰ ਦੇ ਤਰਕ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਬਡੂੰਗਰ ਨੇ ਕਿਹਾ ਹੈ ਕਿ ਉਨ੍ਹਾਂ ਤੋਂ ਪਹਿਲਾਂ ਕਮੇਟੀ ਦੇ ਕਈ ਪ੍ਰਧਾਨ ਧਰਮ ਅਤੇ ਸਿਆਸਤ ਦੋਹਾਂ ਵਿਚ ਇਕੋ ਸਮੇਂ ਸ਼ਮੂਲੀਅਤ ਕਰਦੇ ਰਹੇ ਹਨ, ਜਿਸ ਦੀ ਵੱਡੀ ਮਿਸਾਲ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਹਨ। ਉਹ ਇਕੋ ਸਮੇਂ ਰਾਜ ਸਭਾ ਮੈਂਬਰ ਵੀ ਸਨ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੀ ਸਨ। ਇਸੇ ਤਰ੍ਹਾਂ ਜਥੇਦਾਰ ਮੋਹਨ ਸਿੰਘ ਤੁੜ ਇਕੋ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਅਕਾਲ ਤਖਤ ਦੇ ਜਥੇਦਾਰ ਵੀ ਰਹੇ। ਉਨ੍ਹਾਂ ਆਖਿਆ ਕਿ ਗੁਰੂਕਾਲ ਤੋਂ ਹੀ ਸਿੱਖਾਂ ਨੂੰ ਮੀਰੀ ਪੀਰੀ ਦਾ ਪਾਠ ਪੜ੍ਹਾਇਆ ਗਿਆ ਹੈ।

## ਪੰਥਕ ਸ਼ਖਸੀਅਤਾਂ ਵਿਚ ਮਤਭੇਦ

**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੂੰ ਸਿਆਸੀ ਧਰਨਿਆਂ ਤੋਂ ਦੂਰ ਰਹਿਣ ਦੀ ਦਿੱਤੀ ਸਲਾਹ ਦੇ ਮਾਮਲੇ ਵਿਚ ਵੱਖ-ਵੱਖ ਪੰਥਕ ਸ਼ਖਸੀਅਤਾਂ ਵੱਲੋਂ ਵਿਚਾਰ ਸਾਂਝੇ ਕੀਤੇ ਜਾ ਰਹੇ ਹਨ। ਅਕਾਲ ਤਖਤ ਦੇ ਸਾਬਕਾ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਆਖਿਆ ਕਿ ਮੀਰੀ ਪੀਰੀ ਦੇ ਸਿਧਾਂਤ ਮੁਤਾਬਕ ਧਰਮ ਅਤੇ ਰਾਜਨੀਤੀ ਇਕੱਠੇ ਹਨ। ਇਸ ਤੋਂ ਪਹਿਲਾਂ ਵੀ ਪੰਥਕ ਹਿੱਤਾਂ ਅਤੇ ਲੋਕ ਹਿੱਤਾਂ ਲਈ ਇਕੱਠੇ ਧਰਨੇ ਦਿੱਤੇ ਜਾਂਦੇ ਰਹੇ ਹਨ, ਜਿਨ੍ਹਾਂ ਵਿਚ ਧਾਰਮਿਕ ਆਗੂ ਵੀ ਸ਼ਮੂਲੀਅਤ ਕਰਦੇ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਕਲਕੱਤਾ ਨੇ ਸ੍ਰੀ ਬਡੂੰਗਰ ਦੀ ਬਤੌਰ ਸ਼੍ਰੋਮਣੀ ਕਮੇਟੀ ਪ੍ਰਧਾਨ ਧਰਨੇ ਦੌਰਾਨ ਸੜਕਾਂ 'ਤੇ ਬੈਠਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਨਾਲ ਸਿੱਖ ਸੰਸਥਾ ਦੀ ਮਾਣ ਮਰਿਆਦਾ ਨੂੰ ਢਾਹ ਲੱਗੀ ਹੈ। ਉਨ੍ਹਾਂ ਆਖਿਆ ਕਿ ਪੰਥਕ ਮੁੱਦੇ 'ਤੇ ਦਿੱਤੇ ਧਰਨੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਸ਼ਾਮਲ ਹੋਣਾ ਜਾਇਜ਼ ਹੈ ਪਰ ਸਿਆਸੀ ਮੁਫਾਦਾਂ ਨਾਲ ਜੁੜੇ ਧਰਨਿਆਂ ਵਿਚ ਸ਼ਾਮਲ ਹੋਣਾ ਜਾਇਜ਼ ਨਹੀਂ ਹੈ।

ਉਨ੍ਹਾਂ ਆਖਿਆ ਕਿ ਸ੍ਰੀ ਬਡੂੰਗਰ ਨੂੰ ਜਨਤਕ ਤੌਰ 'ਤੇ ਗਲਤੀ ਮੰਨਣੀ ਚਾਹੀਦੀ ਹੈ। ਸਿੱਖ ਵਿਦਵਾਨ ਭਾਈ ਅਸ਼ੋਕ ਸਿੰਘ ਬਾਗੜੀਆ ਨੇ ਅਕਾਲ ਤਖਤ ਦੇ ਜਥੇਦਾਰ ਵੱਲੋਂ ਦਿੱਤੀ ਸਲਾਹ ਦਾ ਸਮਰਥਨ ਕਰਦਿਆਂ ਕਿਹਾ ਕਿ ਇਹ ਸਨਮਾਨਯੋਗ ਬਿਆਨ ਹੈ। ਭਾਵੇਂ ਇਹ ਬਿਆਨ ਦੇਰ ਨਾਲ ਆਇਆ ਹੈ ਪਰ ਅਕਾਲ ਤਖਤ ਤੋਂ ਸ਼੍ਰੋਮਣੀ ਕਮੇਟੀ ਲਈ ਇਹ ਫਰਮਾਨ ਅਤਿ ਲੋੜੀਂਦਾ ਸੀ। ਅਕਾਲ ਤਖਤ ਨੇ ਵੀ ਸ਼੍ਰੋਮਣੀ ਕਮੇਟੀ ਦੇ ਹੋ ਰਹੇ ਸਿਆਸੀਕਰਨ ਨੂੰ ਕਬੂਲ ਕੀਤਾ ਹੈ ਤੇ ਇਸੇ ਲਈ ਇਸ ਦੇ ਅਹੁਦੇਦਾਰਾਂ ਨੂੰ ਉਪਰੋਕਤ ਨਸੀਹਤ ਦਿੱਤੀ ਗਈ ਹੈ।

# ਪਿੰਕੀ ਕੈਟ ਤੋਂ ਬਹਾਦਰੀ ਮੈਡਲ ਖੁੱਸਿਆ

**ਨਵੀਂ ਦਿੱਲੀ:** ਇਕ ਅਨੋਖੇ ਘਟਨਾਕ੍ਰਮ ਵਿਚ ਪੰਜਾਬ ਪੁਲਿਸ ਦੇ ਇਕ ਅਧਿਕਾਰੀ ਨੂੰ 1997 ਵਿਚ ਦਿੱਤਾ ਗਿਆ ਬਹਾਦਰੀ ਮੈਡਲ ਰਾਸ਼ਟਰਪਤੀ ਵੱਲੋਂ ਵਾਪਸ ਲੈ ਲਿਆ ਗਿਆ, ਕਿਉਂਕਿ ਬਹਾਦਰੀ ਮੈਡਲ ਜਿੱਤਣ ਵਾਲੇ ਪੰਜਾਬ ਪੁਲਿਸ ਦੇ ਇਸ ਅਧਿਕਾਰੀ ਨੂੰ ਹੱਤਿਆ ਦੇ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਹੋਈ ਹੈ।

ਪੰਜਾਬ ਪੁਲਿਸ ਵਿਚ ਸਬ-ਇੰਸਪੈਕਟਰ ਰਹੇ ਗੁਰਮੀਤ ਸਿੰਘ 'ਪਿੰਕੀ ਕੈਟ' ਨੂੰ 1997 ਵਿਚ ਬਹਾਦਰੀ ਲਈ ਰਾਸ਼ਟਰਪਤੀ ਵੱਲੋਂ ਪੁਲਿਸ ਮੈਡਲ ਨਾਲ ਸਨਮਾਨਤ ਕੀਤਾ ਗਿਆ ਸੀ। ਸੂਬਾ ਸਰਕਾਰ ਵੱਲੋਂ ਸੇਵਾ ਦੌਰਾਨ ਬਹਾਦਰੀ ਲਈ ਪੁਰਸਕਾਰ ਲਈ ਉਸ ਦੇ ਨਾਂ ਦੀ ਤਜਵੀਜ਼ ਕੀਤੀ ਗਈ ਸੀ। ਬਹਾਦਰੀ ਮੈਡਲ ਦੇਣ ਸਮੇਂ ਪੰਜਾਬ ਸਰਕਾਰ ਅਫਸਰ ਦੇ ਹੱਕ ਵਿਚ ਇਮਾਨਦਾਰੀ ਪ੍ਰਮਾਣ ਪੱਤਰ ਜਾਰੀ ਕਰ ਚੁੱਕੀ ਸੀ। ਬਾਅਦ ਵਿਚ ਗੁਰਮੀਤ ਸਿੰਘ ਖਿਲਾਫ ਹੱਤਿਆ ਦੇ ਮਾਮਲੇ 'ਚ 2001 ਨੂੰ ਇਕ ਅਪਰਾਧਿਕ ਮਾਮਲਾ ਦਰਜ ਕੀਤਾ ਗਿਆ ਸੀ।

ਉਸ ਨੂੰ ਦੋਸ਼ੀ ਕਰਾਰ ਦਿੰਦਿਆਂ 2006 ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਅਤੇ ਬਾਅਦ 'ਚ ਉਸ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਜੁਲਾਈ 2015 ਵਿਚ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਗੁਰਮੀਤ ਸਿੰਘ ਦੀ ਸਜ਼ਾ ਬਾਰੇ ਪਤਾ ਲੱਗਾ। ਖੁਫੀਆ ਏਜੰਸੀਆਂ ਦੇ ਸੁਝਾਅ ਲੈਣ ਤੋਂ ਬਾਅਦ ਗ੍ਰਹਿ ਮੰਤਰਾਲੇ ਨੇ ਗੁਰਮੀਤ ਸਿੰਘ ਤੋਂ ਬਹਾਦਰੀ ਮੈਡਲ ਵਾਪਸ ਲੈਣ ਲਈ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੂੰ ਇਕ ਪ੍ਰਸਤਾਵ ਭੇਜਿਆ। ਰਾਸ਼ਟਰਪਤੀ ਨੇ ਗੁਰਮੀਤ ਤੋਂ ਬਹਾਦਰੀ ਲਈ ਪੁਲਿਸ ਮੈਡਲ ਵਾਪਸ ਲੈਣ ਦੇ ਪ੍ਰਸਤਾਵ ਨੂੰ ਪ੍ਰਵਾਨਗੀ ਦੇ ਦਿੱਤੀ।



# ਬਾਦਲਾਂ ਨਾਲ ਲਿਹਾਜ਼ ਤੋਂ ਕਾਂਗਰਸੀ ਔਖੇ

**ਚੰਡੀਗੜ੍ਹ:** ਗਿੱਦੜਬਾਹਾ ਹਲਕੇ ਦੇ ਵਿਧਾਇਕ ਰਾਜਾ ਅਮਰਿੰਦਰ ਸਿੰਘ ਵੜਿੰਗ ਨੇ ਵਿਧਾਨ ਸਭਾ ਵਿਚ ਜਿਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਸਿਫਤਾਂ ਦੇ ਪੁਲ ਬੰਨ੍ਹੇ, ਉਥੇ ਮਿੱਠੇ ਮਿਹਣੇ ਵੀ ਮਾਰੇ। ਖੂੰਡੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਕੈਪਟਨ ਨੇ ਆਪਣਾ ਖੂੰਡਾ ਪਤਾ ਨਹੀਂ, ਕਿਥੇ ਲੁਕਾ ਦਿੱਤਾ ਹੈ। ਉਸ ਤੋਂ ਬਿਨਾਂ ਕੰਮ ਨਹੀਂ ਚੱਲਣਾ। ਉਨ੍ਹਾਂ ਦਾ ਭਾਵ ਸੀ ਕਿ ਅਕਾਲੀਆਂ ਤੋਂ ਵਧੀਕੀਆਂ ਦਾ ਬਦਲਾ ਲਿਆ ਜਾਵੇ।

ਲੰਬੀ ਹਲਕੇ ਦੇ ਬਾਦਲਾਂ ਦੇ ਕਰੀਬੀ ਦਿਆਲ ਸਿੰਘ ਕੋਲਿਆਂਵਾਲੀ ਬਾਰੇ ਕੈਪਟਨ ਨੂੰ ਮਿੱਠੀ ਮਸ਼ਕਰੀ ਕਰਦਿਆਂ ਉਨ੍ਹਾਂ ਕਿਹਾ ਕਿ ਉਸ ਦੇ ਕਾਰੋਬਾਰ ਬਾਰੇ ਤਾਂ ਸਾਰੇ ਜਾਣਦੇ ਹਨ ਪਰ ਸਾਡੇ ਮੁੱਖ ਮੰਤਰੀ ਏਨੇ ਨਰਮ ਦਿਲ ਹਨ ਕਿ ਕੋਲਿਆਂਵਾਲੀ ਨੂੰ 'ਖਤਰੇ' ਦੇ ਮੱਦੇਨਜ਼ਰ ਉਸ ਦੀ ਸੁਰੱਖਿਆ ਵਾਪਸ ਨਹੀਂ ਲਈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਉਸ ਵਿਰੁੱਧ ਕਾਰਵਾਈ ਨਹੀਂ ਕੀਤੀ ਜਾਵੇਗੀ।

# 'ਸੁਪਰ ਸਿੰਘ' ਤੋਂ ਸ਼੍ਰੋਮਣੀ ਕਮੇਟੀ ਨਾਰਾਜ਼

**ਅੰਮ੍ਰਿਤਸਰ:** ਦਿਲਜੀਤ ਦੋਸਾਂਝ ਦੀ ਨਵੀਂ ਫਿਲਮ 'ਸੁਪਰ ਸਿੰਘ' ਵਿਵਾਦਾਂ ਵਿਚ ਘਿਰ ਗਈ ਹੈ। ਫਿਲਮ ਵਿਚ ਸਿੱਖ ਧਰਮ ਨਾਲ ਸਬੰਧਤ ਵਿਵਾਦਤ ਅੰਸ਼ਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਗੰਭੀਰ ਨੋਟਿਸ ਲਿਆ ਹੈ। ਉਨ੍ਹਾਂ ਨੇ ਇਸ ਬਾਰੇ ਜਾਂਚ ਲਈ ਕਮੇਟੀ ਦਾ ਗਠਨ ਕੀਤਾ ਹੈ।

ਬਡੂੰਗਰ ਨੇ ਕਿਹਾ ਕਿ ਫਿਲਮ ਬਾਰੇ ਉਨ੍ਹਾਂ ਨੂੰ ਲਿਖਤੀ ਸ਼ਿਕਾਇਤਾਂ ਦੇ ਨਾਲ-ਨਾਲ ਮੀਡੀਆ ਰਾਹੀਂ ਵੀ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ। ਸ਼ਿਕਾਇਤਾਂ ਵਿਚ ਜਿਥੇ ਫਿਲਮ ਦੀ ਕਹਾਣੀ ਨੂੰ ਸਿੱਖ ਫਲਸਫੇ ਦੇ ਵਿਰੁੱਧ ਦੱਸਿਆ ਗਿਆ ਹੈ, ਉਥੇ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਬਾਰੇ ਵੀ ਮਨਘੜਤ ਕਿਸਮ ਦੇ ਦ੍ਰਿਸ਼ਾਂ ਦਾ ਜ਼ਿਕਰ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਧਿਆਤਮਕਤਾ ਦਾ ਸੋਮਾ ਹੋਣ ਕਾਰਨ ਸਿੱਖਾਂ ਦੇ ਨਾਲ-ਨਾਲ ਸਮੁੱਚੀ ਮਾਨਵਤਾ ਲਈ ਬੇਹੱਦ ਸਤਿਕਾਰਤ ਧਾਰਮਿਕ ਅਸਥਾਨ ਹੈ, ਜਿਸ ਬਾਰੇ ਵਿਵਾਦਤ ਫਿਲਮਾਂਕਣ ਨਹੀਂ ਹੋਣਾ ਚਾਹੀਦਾ। ਜੇਕਰ ਫਿਲਮ ਵਿਚ ਅਜਿਹਾ ਕੀਤਾ ਗਿਆ ਹੈ ਤਾਂ ਇਹ ਠੀਕ ਨਹੀਂ। ਉਨ੍ਹਾਂ ਕਿਹਾ ਕਿ ਫਿਲਮਾਂ ਵਿਚ ਧਰਮ ਸਬੰਧੀ ਵਿਵਾਦਤ ਜਾਣਕਾਰੀ ਪੇਸ਼ ਕਰਨੀ ਬਿਲਕੁਲ ਗਲਤ ਵਰਤਾਰਾ ਹੈ।



ਜੇਕਰ ਕੋਈ ਫਿਲਮਸਾਜ਼ ਆਪਣੀ ਫਿਲਮ ਵਿਚ ਸਿੱਖੀ ਨਾਲ ਸਬੰਧਤ ਜਾਣਕਾਰੀ ਦੇਣਾ ਚਾਹੁੰਦਾ ਹੈ ਜਾਂ ਕੋਈ ਦ੍ਰਿਸ਼ ਫਿਲਮਾਉਣਾ ਚਾਹੁੰਦਾ ਹੈ ਤਾਂ ਇਸ ਬਾਰੇ ਫਿਲਮ ਬਣਾਉਣ ਤੋਂ ਪਹਿਲਾਂ ਆਪਣੀ ਸਕ੍ਰਿਪਟ ਸ਼੍ਰੋਮਣੀ ਕਮੇਟੀ ਪਾਸ ਭੇਜੀ ਜਾਵੇ ਤੇ ਇਤਰਾਜ਼ ਨਾ ਹੋਣ ਦੀ ਸੂਰਤ ਵਿਚ ਹੀ ਉਸ ਨੂੰ ਫਿਲਮ ਦਾ ਹਿੱਸਾ ਬਣਾਇਆ ਜਾਵੇ।

# ਕੌਮਾਂਤਰੀ ਸਮੁੰਦਰੀ ਟ੍ਰਿਬਿਊਨਲ ਦੀ ਪਹਿਲੀ ਜੱਜ ਬਣੀ ਨੀਰੂ ਚੱਢਾ

**ਸੰਯੁਕਤ ਰਾਸ਼ਟਰ:** ਕਾਨੂੰਨੀ ਮਾਹਿਰ ਨੀਰੂ ਚੱਢਾ ਸਮੁੰਦਰ ਸਬੰਧੀ ਕਾਨੂੰਨ ਨਾਲ ਜੁੜੇ ਮਸਲਿਆਂ ਨਾਲ ਨਜਿੱਠਣ ਵਾਲੀ ਆਈ.ਟੀ.ਐਲ. ਓ.ਐਸ. ਦੀ ਜੱਜ ਚੁਣੀ ਗਈ ਹੈ। ਉਹ 21 ਮੈਂਬਰੀ ਅਦਾਲਤ 'ਚ ਸਥਾਨ ਪਾਉਣ ਵਾਲੀ ਪਹਿਲੀ ਭਾਰਤੀ ਮਹਿਲਾ ਜੱਜ ਹੈ। ਨੀਰੂ 9 ਸਾਲ ਦੇ ਕਾਰਜਕਾਲ ਲਈ ਚੁਣੀ ਗਈ। ਇਸ ਅਦਾਲਤ ਵਿਚ ਦੋ ਦੇਸ਼ਾਂ ਵਿਚਾਲੇ ਸਮੁੰਦਰੀ ਮਸਲਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਇਸ ਟ੍ਰਿਬਿਊਨਲ ਦਾ ਗਠਨ 1996 'ਚ ਕੀਤਾ ਗਿਆ ਸੀ ਤੇ ਇਸ ਦਾ ਕੇਂਦਰ ਜਰਮਨੀ ਦੇ ਹੈਮਬਰਗ ਵਿਚ ਹੈ। ਨੀਰੂ ਚੱਢਾ ਏਸ਼ੀਆ ਵਿਚੋਂ ਇਕੋ ਉਮੀਦਵਾਰ ਸੀ, ਜਿਸ ਨੂੰ ਪਹਿਲੇ ਦੌਰ ਦੇ ਮਤਦਾਨ 'ਚ ਚੁਣਿਆ ਗਿਆ। ਇਸ ਦੌਰਾਨ 168 ਦੇਸ਼ਾਂ ਨੇ ਵੋਟਾਂ ਪਾਈਆਂ।



# ਕ੍ਰਿਕਟ: ਭਾਰਤ ਨੂੰ ਹਰਾ ਕੇ ਪਾਕਿਸਤਾਨ ਬਣਿਆ ਚੈਂਪੀਅਨ

**ਲੰਡਨ:** ਪਾਕਿਸਤਾਨ ਨੇ ਰਵਾਇਤੀ ਵਿਰੋਧੀ ਭਾਰਤ ਨੂੰ 180 ਦੌੜਾਂ ਨਾਲ ਹਰਾ ਕੇ ਚੈਂਪੀਅਨਜ਼ ਟਰਾਫੀ ਜਿੱਤ ਲਈ। ਪਾਕਿਸਤਾਨ ਦੀ ਇਹ 2009 ਟੀ ਟਵੰਟੀ ਵਿਸ਼ਵ ਕੱਪ ਤੋਂ ਬਾਅਦ ਤੀਜੀ ਵੱਡੀ ਖਿਤਾਬੀ ਜਿੱਤ ਹੈ। ਉਸ ਦਾ 50 ਓਵਰਾਂ ਦੇ ਕ੍ਰਿਕਟ ਮੈਚ ਵਿਚ ਦੂਜਾ ਆਈ.ਸੀ.ਸੀ. ਖਿਤਾਬ ਹੈ। ਇਸ ਜਿੱਤ ਤੋਂ ਬਾਅਦ ਉਸ ਨੇ ਵੱਡੇ ਮੈਚਾਂ ਵਿਚ ਭਾਰਤ ਖਿਲਾਫ਼ ਚੰਗਾ ਪ੍ਰਦਰਸ਼ਨ ਨਾ ਕਰ ਸਕਣ ਦੇ ਬਣੇ ਅਕਸ ਨੂੰ ਤੋੜ ਦਿੱਤਾ।

ਭਾਰਤ ਨੇ ਪਹਿਲਾਂ ਟਾਸ ਜਿੱਤ ਕੇ ਫੀਲਡਿੰਗ ਕਰਨ ਦਾ ਫੈਸਲਾ ਕੀਤਾ ਜੋ ਗਲਤ ਸਾਬਤ ਹੋਇਆ। ਗੇਂਦਬਾਜ਼ੀ ਅਤੇ ਅੰਤ ਵਿਚ ਬੱਲੇਬਾਜ਼ਾਂ ਦੇ ਸ਼ਰਮਨਾਕ ਪ੍ਰਦਰਸ਼ਨ ਨਾਲ ਭਾਰਤੀ ਟੀਮ ਕਿਸੇ ਤਰ੍ਹਾਂ ਵੀ ਮੁਕਾਬਲੇ ਵਿਚ ਨਜ਼ਰ ਨਹੀਂ ਆਈ ਅਤੇ ਉਸ ਨੂੰ ਕਿਸੇ ਆਈ.ਸੀ.ਸੀ. ਟੂਰਨਾਮੈਂਟ ਦੇ ਫਾਈਨਲ ਵਿਚ ਪਹਿਲੀ ਵਾਰ ਪਾਕਿਸਤਾਨ ਹੱਥੋਂ ਸ਼ਿਕਸਤ ਝੱਲਣੀ ਪਈ ਹੈ।

ਪਾਕਿਸਤਾਨੀ ਦੀ ਜਿੱਤ ਦਾ ਹੀਰੋ ਸਲਾਮੀ ਬੱਲੇਬਾਜ਼ ਫਖ਼ਰ ਜ਼ਮਾਨ ਰਿਹਾ ਜਿਸ ਨੇ 106 ਗੇਂਦਾਂ 'ਤੇ 12 ਚੌਕਿਆਂ ਅਤੇ ਤਿੰਨ ਛੱਕਿਆਂ ਦੀ ਬਦੌਲਤ 114 ਦੌੜਾਂ ਬਣਾਈਆਂ। ਉਸ ਨੇ ਆਪਣੇ ਕਰੀਅਰ ਦਾ ਪਹਿਲਾ ਸੈਂਕੜਾ ਮਾਰਿਆ ਅਤੇ ਚਾਰ ਵਿਕਟਾਂ 'ਤੇ ਟੀਮ ਨੂੰ 338 ਦੌੜਾਂ ਦੇ ਮਜ਼ਬੂਤ ਸਕੋਰ ਤੱਕ ਪਹੁੰਚਾਇਆ। ਉਸ ਨੇ ਅਜ਼ਹਰ ਅਲੀ ਨਾਲ (59) ਪਹਿਲੀ ਵਿਕਟ ਲਈ 128 ਦੌੜਾਂ ਦੀ ਭਾਈਵਾਲੀ ਕੀਤੀ। ਇਸ ਤੋਂ ਬਾਅਦ ਮੁਹੰਮਦ ਹਫੀਜ਼ (ਨਾਬਾਦ) 57, ਬਾਬਰ ਆਜ਼ਮ ਨੇ 46 ਅਤੇ ਇਮਾਦ ਵਸੀਮ (ਨਾਬਾਦ) 25 ਨੇ ਵੀ ਲੋੜੀਂਦਾ ਸਹਿਯੋਗ ਦਿੱਤਾ। ਭਾਰਤੀ ਟੀਮ ਇਸ ਦੇ ਜਵਾਬ ਵਿਚ 30.3 ਓਵਰਾਂ ਵਿਚ 158 ਦੌੜਾਂ 'ਤੇ ਢੇਰ ਹੋ ਗਈ। ਭਾਰਤ ਨੂੰ 150 ਤੋਂ ਪਾਰ ਪਹੁੰਚਾਉਣ ਦਾ ਸਿਹਰਾ ਹਾਰਦਿਕ ਪੰਡਿਆ ਨੂੰ ਜਾਂਦਾ ਹੈ। ਉਸ ਨੇ 43 ਗੇਂਦਾਂ 'ਤੇ ਚਾਰ ਚੌਕਿਆਂ ਅਤੇ ਛੇ ਛੱਕਿਆਂ ਦੀ ਮਦਦ ਨਾਲ 76 ਦੌੜਾਂ ਬਣਾਈਆਂ। ਮੁਹੰਮਦ ਆਮਿਰ ਨੇ ਭਾਰਤੀ ਪਾਰੀ ਦਾ ਅੰਤ ਕੀਤਾ। ਉਸ ਨੇ 16 ਦੌੜਾਂ ਦੇ ਕੇ ਤਿੰਨ ਵਿਕਟਾਂ ਲਈ। ਹਸਨ ਅਲੀ ਅਤੇ ਸ਼ਾਦਾਬ ਖਾਨ ਨੇ ਦੋ ਦੋ ਵਿਕਟਾਂ ਲਈਆਂ। ਆਮਿਰ ਨੇ ਭਾਰਤ ਦੇ ਸਿਖਰਲੇ ਕ੍ਰਮ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ। ਉਸ ਨੇ ਪਹਿਲੇ ਤਿੰਨ ਓਵਰਾਂ ਵਿਚ ਰੋਹਿਤ ਸ਼ਰਮਾ, ਕਪਤਾਨ ਕੋਹਲੀ ਦੇ ਵਿਕਟ ਲਏ। ਰੋਹਿਤ ਟੰਗ ਅੜਿੱਕਾ ਆਊਟ ਹੋਇਆ। ਭਾਰਤੀ ਗੇਂਦਬਾਜ਼ਾਂ ਨੇ ਸ਼ੁਰੂਆਤੀ ਤਿੰਨ ਓਵਰ ਚੰਗੇ ਸੁੱਟੇ, ਪਰ ਮਗਰੋਂ ਫਖ਼ਰ ਅਤੇ ਅਜ਼ਹਰ ਦੀ ਭਾਈਵਾਲੀ ਨੇ ਭਾਰਤੀ ਗੇਂਦਬਾਜਾਂ ਦੇ ਹੌਸਲੇ ਭੰਨ ਦਿੱਤੇ। ਭਾਰਤ ਦੇ ਦੋਵੇਂ ਸਪਿੰਨਰ ਮਹਿੰਗੇ ਸਾਬਤ ਹੋਏ। ਉਨ੍ਹਾਂ ਨੂੰ ਕੋਈ ਵਿਕਟ ਨਹੀਂ ਮਿਲਿਆ।

ਭਾਰਤ ਦੇ ਸ਼ਿਖਰ ਧਵਨ ਨੂੰ ਸਭ ਤੋਂ ਵਧ 338 ਦੌੜਾਂ ਬਣਾਉਣ ਲਈ ਗੋਲਡਨ ਬੈਟ ਦਾ ਐਵਾਰਡ ਮਿਲਿਆ। ਉਸ ਨੇ ਸਾਬਕਾ ਆਸਟਰੇਲਿਆਈ ਕਪਤਾਨੀ ਰਿਕੀ ਪੌਂਟਿੰਗ ਨੇ ਗੋਲਡਨ ਬੈਟ ਦਾ ਐਵਾਰਡ ਦਿੱਤਾ। ਪਾਕਿਸਤਾਨ ਦੇ ਤੇਜ਼ ਗੇਂਦਬਾਜ਼ ਹਸਨ ਅਲੀ ਨੂੰ ਟੂਰਨਾਮੈਂਟ ਵਿਚ ਸਭ ਤੋਂ ਵਧ 13 ਵਿਕਟਾਂ ਲਈ ਗੋਲਡਨ ਬਾਲ ਇਨਾਮ ਮਿਲਿਆ, ਜੋ ਸਾਬਕਾ ਕਪਤਾਨ ਸੌਰਭ ਗਾਂਗੁਲੀ ਨੇ ਦਿੱਤਾ।



## ਬੈਡਮਿੰਟਨ ਵਿਚ ਭਾਰਤ ਦੇ ਸ੍ਰੀਕਾਂਤ ਦੀ ਖਿਤਾਬੀ ਜਿੱਤ

**ਜਕਾਰਤਾ:** ਭਾਰਤੀ ਸ਼ਟਲਰ ਕਿਦਾਂਬੀ ਸ੍ਰੀਕਾਂਤ ਨੇ ਜਪਾਨ ਦੇ ਕਾਜ਼ੂਮਾਸਾ ਸਾਕਾਈ ਨੂੰ ਫਾਈਨਲ ਵਿਚ ਹਰਾ ਕੇ ਇੰਡੋਨੇਸ਼ੀਆ ਸੁਪਰ ਸੀਰੀਜ਼ ਪ੍ਰੀਮੀਅਰ ਪੁਰਸ਼ ਸਿੰਗਲਜ਼ ਖਿਤਾਬ ਆਪਣੀ ਝੋਲੀ ਪਾ ਲਿਆ ਹੈ, ਜੋ ਉਸ ਦਾ ਤੀਜਾ ਸੁਪਰ ਸੀਰੀਜ਼ ਖਿਤਾਬ ਹੈ। ਦੁਨੀਆਂ ਦੇ 22ਵੇਂ ਨੰਬਰ ਦੇ ਖਿਡਾਰੀ ਸ੍ਰੀਕਾਂਤ ਨੇ ਇਸ ਟੂਰਨਾਮੈਂਟ ਦੇ ਫਾਈਨਲ 'ਚ 47ਵੀਂ ਰੈਂਕਿੰਗ ਦੇ ਸਕਾਈ ਨੂੰ 37 ਮਿੰਟ ਵਿਚ 21-11, 21-19 ਨਾਲ ਹਰਾ ਕੇ 75 ਹਜ਼ਾਰ ਡਾਲਰ ਦਾ ਇਨਾਮ ਹਾਸਲ ਕੀਤਾ। ਸ੍ਰੀਕਾਂਤ ਨੇ 2014 ਵਿਚ ਚਾਈਨਾ ਸੁਪਰ ਸੀਰੀਜ਼ ਪ੍ਰੀਮੀਅਰ ਅਤੇ 2015 'ਚ ਇੰਡੀਆ ਸੁਪਰ ਸੀਰੀਜ਼ ਖਿਤਾਬ ਵੀ ਆਪਣੇ ਨਾਂ ਕੀਤਾ ਹੋਇਆ ਹੈ।



# ਅਮਰੀਕੀ ਉਪ ਰਾਸ਼ਟਰਪਤੀ ਵੱਲੋਂ ਸਿੱਖਾਂ ਦੀ ਸ਼ਲਾਘਾ

**ਇੰਡੀਅਨਐਪੋਲਿਸ, ਇੰਡੀਆਨਾ (ਬਿਊਰੋ):** ਅਮਰੀਕੀ ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਸਿੱਖਾਂ ਵੱਲੋਂ ਮੁਲਕ ਦੀ ਤਰੱਕੀ ਵਿਚ ਪਾਏ ਯੋਗਦਾਨ ਦੀ ਤਾਰੀਫ ਕਰਦਿਆਂ ਭਾਈਚਾਰੇ ਨੂੰ ਕਿਹਾ ਹੈ ਕਿ ਉਹ ਫੌਜ ਅਤੇ ਮੁਕਾਮੀ, ਰਾਜ ਤੇ ਸੰਘੀ ਪੱਧਰ 'ਤੇ ਸਰਕਾਰੀ ਦਫਤਰਾਂ ਵਿਚ ਸੇਵਾਵਾਂ ਦਿੰਦਿਆਂ ਆਪਣਾ ਯੋਗਦਾਨ ਪਾਉਣਾ ਜਾਰੀ ਰੱਖਣ। ਸਿੱਖਸ ਪੋਲੀਟੀਕਲ ਐਕਸ਼ਨ ਕਮੇਟੀ (ਸਿੱਖਸ ਪੈਕ)

ਵਫਦ ਵਿਚ ਭਾਈ ਖਾਲਸਾ ਤੋਂ ਇਲਾਵਾ ਸ. ਬਹਾਦਰ ਸਿੰਘ ਓਰੇਗਾਨ, ਡਾ. ਬਿਜੇਂਦਰ ਕਰੌਂਟ, ਸ. ਜਸਵਿੰਦਰ ਸਿੰਘ ਇਲੀਨਾਏ, ਡਾ. ਅਮਨਦੀਪ ਸਿੰਘ, ਸ. ਪਰਮਿੰਦਰ ਸਿੰਘ, ਸ. ਅਜੇਪ੍ਰਤਾਪ ਸਿੰਘ ਅਤੇ ਸ. ਸੁਖਪਾਲ ਸਿੰਘ ਸ਼ਾਮਲ ਸਨ।

ਮੀਟਿੰਗ ਵਿਚ ਇੰਡੀਆਨਾ ਦੇ ਅਟਾਰਨੀ ਜਨਰਲ, ਸੈਕਰੇਟਰੀ ਆਫ ਸਟੇਟ ਅਤੇ ਕਾਂਗਰਸਵੂਮਨ ਸੂਜ਼ਨ ਬਰੂਕਸ ਤੋਂ ਇਲਾਵਾ ਹੋਰ ਬਹੁਤ ਸਾਰੇ ਸੀਨੀਅਰ ਆਗੂ ਵੀ ਹਾਜ਼ਰ ਸਨ।



ਦੇ ਮੁਖੀ ਗੁਰਿੰਦਰ ਸਿੰਘ ਖਾਲਸਾ ਦੀ ਅਗਵਾਈ ਹੇਠ ਮਿਲੇ ਸਿੱਖ ਵਫਦ ਨੂੰ ਸੰਬੋਧਨ ਕਰਦਿਆਂ ਪੈਂਸ ਨੇ ਕਿਹਾ ਕਿ ਸਿੱਖ ਭਾਈਚਾਰਾ ਤੇ ਉਨ੍ਹਾਂ ਨਾਲ ਜੁੜੇ ਮੁੱਦੇ ਹਮੇਸ਼ਾ ਮੇਰੇ ਦਿਲ ਦੇ ਕਰੀਬ ਰਹੇ ਹਨ ਅਤੇ ਮੈਂ ਹਮੇਸ਼ਾ ਇੰਡੀਆਨਾ ਤੇ ਮੁਲਕ ਭਰ ਵਿਚ ਰਹਿੰਦੇ ਸਿੱਖਾਂ ਵੱਲੋਂ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਹੈ। ਜ਼ਿਕਰਯੋਗ ਹੈ ਕਿ ਸ੍ਰੀ ਮਾਈਕ



*ਸ. ਬਹਾਦਰ ਸਿੰਘ ਮਾਈਕ ਪੈਂਸ ਨਾਲ*

ਪੈਂਸ ਪਹਿਲੇ ਗਵਰਨਰ ਸਨ ਜੋ ਕਿਸੇ ਸਿੱਖ ਪਰੇਡ ਵਿਚ ਸ਼ਾਮਲ ਹੋਏ।

ਉਪ ਰਾਸ਼ਟਰਪਤੀ ਨੇ ਕਿਹਾ ਕਿ ਉਹ ਸਿੱਖਾਂ ਦੇ ਮੁੱਦਿਆਂ ਤੋਂ ਉਦੋਂ ਤੋਂ ਭਲੀਭਾਂਤ ਜਾਣੂ ਹੈ ਜਦੋਂ ਉਹ ਇੰਡੀਆਨਾ ਰਾਜ ਦੇ ਗਵਰਨਰ ਸਨ। ਮੀਟਿੰਗ ਵਿਚ ਚਰਚਾ ਦਾ ਮੁੱਖ ਵਿਸ਼ਾ ਸਿੱਖਾਂ ਬਾਰੇ ਜਾਗਰੂਕਤਾ ਅਤੇ ਸਿੱਖਿਆ ਬਾਰੇ ਸੰਘੀ ਵਿਭਾਗ ਦੀ ਮਦਦ ਨਾਲ ਇਤਿਹਾਸ ਵਿਸ਼ੇ 'ਚ ਸਿੱਖਾਂ ਦੇ ਇਤਿਹਾਸ ਨੂੰ ਸ਼ਾਮਲ ਕਰਨਾ ਸੀ। ਸ੍ਰੀ ਮਾਈਕ ਪੈਂਸ ਨੇ ਸਿੱਖਸ ਪੈਕ ਵੱਲੋਂ ਸਿੱਖ ਭਾਈਚਾਰੇ ਨੂੰ ਮੁਲਕ ਦੀ ਮੂਹਰਲੀ ਸਿਆਸਤ ਵਿਚ ਯੋਗਦਾਨ ਲਈ ਦਿੱਤੀ ਹੱਲਾਸ਼ੇਰੀ ਦੇ ਯਤਨਾਂ ਨੂੰ ਵੀ ਸਲਾਹਿਆ।

ਇਸ ਹਫਤੇ ਦੇ ਸ਼ੁਰੂ ਵਿਚ ਭਾਈ ਖਾਲਸਾ ਵਾਸ਼ਿੰਗਟਨ ਡੀ ਸੀ ਵਿਚ ਉਪ ਰਾਸ਼ਟਰਪਤੀ ਦੇ ਦਫਤਰ ਗਏ ਪਰ ਉਪ ਰਾਸ਼ਟਰਪਤੀ ਨਾਲ ਮੀਟਿੰਗ ਨਾ ਹੋ ਸਕੀ ਪਰ ਉਨ੍ਹਾਂ ਇਸ ਫੇਰੀ ਦੌਰਾਨ ਕਰੀਬ ਦੋ ਦਰਜਨ ਕਾਂਗਰਸ ਮੈਂਬਰਾਂ ਤੇ ਸੈਨੇਟਰਾਂ ਨਾਲ ਮੁਲਾਕਾਤ ਕੀਤੀ ਅਤੇ ਯੂ ਐਸ ਗਲੋਬਲ ਲੀਡਰਸ਼ਿਪ ਕੋਲੀਜ਼ਨ ਦੀ ਮੀਟਿੰਗ ਵਿਚ ਵੀ ਸ਼ਾਮਲ ਹੋਏ। ਇਸ ਮੀਟਿੰਗ ਵਿਚ ਵਿਸ਼ਵ ਦੇ ਵੱਖ ਵੱਖ ਧਰਮਾਂ ਦੇ 500 ਦੇ ਕਰੀਬ ਆਗੂਆਂ ਤੋਂ ਇਲਾਵਾ ਕਈ ਚੁਣੇ ਹੋਏ ਆਗੂ ਵੀ ਸ਼ਾਮਲ ਸਨ।

# ਮੁੰਬਈ ਦੇ ਲੜੀਵਾਰ ਧਮਾਕਿਆਂ ਵਿਚ ਛੇ ਦੋਸ਼ੀ ਕਰਾਰ

**ਮੁੰਬਈ:** ਮੁੰਬਈ ਵਿਚ 1993 ਦੇ ਲੜੀਵਾਰ ਬੰਬ ਧਮਾਕਿਆਂ ਸਬੰਧੀ ਕੇਸ ਵਿਚ ਇਕ ਵਿਸ਼ੇਸ਼ ਟਾਡਾ ਅਦਾਲਤ ਨੇ ਛੇ ਵਿਅਕਤੀਆਂ ਨੂੰ ਦੋਸ਼ੀ ਕਰਾਰ ਦਿੱਤਾ ਹੈ, ਜਿਨ੍ਹਾਂ ਵਿਚ ਸਾਜ਼ਿਸ਼ਘਾੜਾ ਮੁਸਤਫਾ ਦੌਸਾ ਅਤੇ ਹਵਾਲਗੀ ਰਾਹੀਂ ਲਿਆਂਦਾ ਗੈਂਗਸਟਰ ਅਬੂ ਸਲੇਮ ਵੀ ਸ਼ਾਮਲ ਹਨ। ਦੱਸਣਯੋਗ ਹੈ ਕਿ 24 ਵਰ੍ਹੇ ਪਹਿਲਾਂ ਹੋਏ ਇਨ੍ਹਾਂ ਧਮਾਕਿਆਂ ਵਿਚ 257 ਵਿਅਕਤੀ ਮਾਰੇ ਗਏ ਸਨ। ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਅਬਦੁਲ ਕਯੂਮ ਨੂੰ ਬਰੀ ਕਰ ਦਿੱਤਾ।

ਇਹ ਮੁਕੱਦਮੇ ਦਾ ਦੂਜਾ ਪੜਾਅ ਸੀ, ਜਿਸ ਦੌਰਾਨ ਸਾਰੇ ਸੱਤ ਮੁਲਜ਼ਮ ਮੁਜਰਮਾਨਾ ਸਾਜ਼ਿਸ਼, ਭਾਰਤ ਸਰਕਾਰ ਖਿਲਾਫ਼ ਜੰਗ ਛੇੜਨਾ ਤੇ ਕਤਲ ਆਦਿ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਨ। ਸੁਣਵਾਈ ਦਾ ਪਹਿਲਾ ਪੜਾਅ 2007 ਵਿਚ ਪੂਰਾ ਹੋ ਗਿਆ ਸੀ, ਜਿਸ ਦੌਰਾਨ 100 ਵਿਅਕਤੀਆਂ ਨੂੰ ਦੋਸ਼ੀ ਕਰਾਰ ਤੇ 23 ਨੂੰ ਬਰੀ ਕੀਤਾ ਗਿਆ ਸੀ। ਇਨ੍ਹਾਂ ਸੱਤ ਮੁਲਜ਼ਮਾਂ ਅਬੂ ਸਲੇਮ, ਮੁਸਤਫਾ ਦੌਸਾ, ਕਰੀਮਉੱਲਾ ਖ਼ਾਨ, ਫਿਰੋਜ਼ ਅਬਦੁਲ ਰਾਸ਼ਿਦ ਖ਼ਾਨ, ਰਿਆਜ਼ ਸਿੱਦੀਕੀ, ਤਾਹਿਰ ਮਰਚੈਂਟ ਤੇ ਅਬਦੁਲ ਕਯੂਮ ਨੂੰ ਮੁੱਖ ਮੁਕੱਦਮੇ ਦੀ ਸੁਣਵਾਈ ਪੂਰੀ ਹੋਣ ਤੋਂ ਬਾਅਦ ਫੜਿਆ ਗਿਆ ਸੀ। ਵਿਸ਼ੇਸ਼ ਜੱਜ ਜੀ.ਏ. ਸਨਾਪ ਨੇ ਕਯੂਮ ਨੂੰ ਬਰੀ ਕਰਨ ਤੋਂ ਇਲਾਵਾ ਬਾਕੀ ਦੋਸ਼ੀਆਂ ਤੋਂ ਵੀ ਭਾਰਤ ਖਿਲਾਫ਼ ਜੰਗ ਛੇੜਨ ਦੇ ਦੋਸ਼ ਹਟਾ ਲਏ।

ਸਿੱਦੀਕੀ ਨੂੰ ਸਿਰਫ਼ ਅਬੂ ਸਲੇਮ ਦੀ ਹਥਿਆਰ ਲਿਜਾਣ ਵਿਚ ਮਦਦ ਲਈ ਦੋਸ਼ੀ ਠਹਿਰਾਇਆ ਗਿਆ ਹੈ। ਬਾਕੀ ਪੰਜਾਂ ਨੂੰ ਮੁਜਰਮਾਨਾ ਸਾਜ਼ਿਸ਼, ਆਈ.ਪੀ.ਸੀ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕਤਲ ਤੋਂ ਇਲਾਵਾ ਟਾਡਾ ਤੇ ਧਮਾਕਾਖੇਜ਼ ਸਮੱਗਰੀ ਐਕਟ ਆਦਿ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਹੈ।


## Matrimonial

### ਲੜਕੀ ਦੀ ਲੋੜ ਹੈ

ਗੁਰਸਿੱਖ ਲੜਕੇ, ਮਕੈਨੀਕਲ ਇੰਜੀਨੀਅਰ 24 ਸਾਲ ਕੱਦ 5'8" ਲਈ ਅਮਰੀਕਾ ਜਾਂ ਕੈਨੇਡਾ ਦੀ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: ਸੰਤ ਬਾਬਾ ਹਰਿਮੰਦਰ ਸਿੰਘ 91-73557-00013 or hs0013munday@gmail.com 24-27

### ਵਰ ਦੀ ਲੋੜ ਹੈ

Wanted suitable U.S. citizen boy in SF Bay Area for Software Engineer U.S. citizen Jatt Sikh girl, 27, 5'-2". Computer Science/ Computer Engineering background preferred. Contact: bsinghs408@gmail.com 21-24


# ਟਰੰਪ ਵੱਲੋਂ ਓਬਾਮਾ ਦਾ ਕਿਊਬਾ ਸਮਝੌਤਾ ਰੱਦ

**ਵਾਸ਼ਿੰਗਟਨ:** ਬਰਾਕ ਓਬਾਮਾ ਦੀ ਵਿਰਾਸਤ ਤੋਂ ਪੈਰ ਪਿੱਛੇ ਖਿੱਚਦਿਆਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਓਬਾਮਾ ਦੇ 'ਇਕਤਰਫਾ' ਕਿਊਬਾ ਸਮਝੌਤੇ ਨੂੰ ਰੱਦ ਕਰ ਦਿੱਤਾ ਹੈ। ਇਸ ਨਾਲ ਸੀਤ ਜੰਗ ਦੌਰ ਦੇ ਦੋ ਵਿਰੋਧੀ ਮੁਲਕ ਮੁੜ ਟਕਰਾਅ ਦੀ ਸਥਿਤੀ ਵਿਚ ਆ ਗਏ ਹਨ। ਟਰੰਪ ਨੇ ਰਾਊਲ ਕਾਸਤਰੋ ਦੀ 'ਫੌਜੀ ਅਜਾਰੇਦਾਰੀ' ਦੇ ਸਮਰਥਨ 'ਚ ਡਾਲਰ ਦੀ ਵਰਤੋਂ ਨੂੰ ਆਗਿਆ ਨਾ ਦੇਣ ਦਾ ਅਹਿਦ ਲਿਆ। ਦੱਸਣਯੋਗ ਹੈ ਕਿ ਓਬਾਮਾ ਨੇ ਦਸੰਬਰ, 2014 ਵਿਚ ਐਲਾਨ ਕੀਤਾ ਸੀ ਕਿ ਉਹ ਤੇ ਕਾਸਤਰੋ ਸਮਝੌਤਿਆਂ ਨੂੰ ਬਹਾਲ ਕਰ ਰਹੇ ਹਨ ਅਤੇ ਇਕ ਸਾਲ ਬਾਅਦ ਤਤਕਾਲੀ ਅਮਰੀਕੀ ਰਾਸ਼ਟਰਪਤੀ ਦੀ ਇਸ ਕਮਿਊਨਿਸਟ ਮੁਲਕ ਦੀ ਇਤਿਹਾਸਕ ਫੇਰੀ ਨਾਲ ਹਵਾਨਾ ਵਿਚ ਅਮਰੀਕੀ ਸਫਾਰਤਖਾਨਾ ਮੁੜ ਖੁੱਲ ਗਿਆ ਸੀ।

ਦੋ ਮੁਲਕਾਂ ਵਿਚਾਲੇ ਰਿਸ਼ਤੇ ਸੁਧਾਰਨ ਵਾਲੀ ਨੀਤੀ ਨੂੰ ਮੋੜਾ ਦਿੰਦਿਆਂ ਟਰੰਪ ਨੇ ਕਿਹਾ, 'ਮੈਂ ਪਿਛਲੇ ਪ੍ਰਸ਼ਾਸਨ ਦੀ ਕਿਊਬਾ ਨਾਲ ਨਿਰੋਲ ਇਕਪਾਸੜ ਸੰਧੀ ਨੂੰ ਤੁਰਤ ਪ੍ਰਭਾਵ ਨਾਲ ਰੱਦ ਕਰ ਰਿਹਾ ਹਾਂ। ਮੈਂ ਅੱਜ ਇਕ ਨਵੀਂ ਨੀਤੀ ਐਲਾਨ ਰਿਹਾ ਹਾਂ ਜਿਵੇਂ ਕਿ ਮੈਂ ਚੋਣ ਮੁਹਿੰਮ ਦੌਰਾਨ ਵਾਅਦਾ ਕੀਤਾ ਸੀ। ਮਿਆਮੀ ਦੇ ਲਿਟਲ ਹਵਾਨਾ, ਜੋ ਕਿਊਬਨ-ਅਮੈਰਿਕਨ ਭਾਈਚਾਰੇ ਦਾ ਅਧਿਆਤਮਕ ਕੇਂਦਰ ਹੈ, ਵਿਚ ਜੈ ਜੈਕਾਰ ਕਰ ਰਹੀ ਭੀੜ ਨੂੰ ਟਰੰਪ ਨੇ ਕਿਹਾ, 'ਸਾਡੀ ਨੀਤੀ ਕਿਊਬਨ ਲੋਕਾਂ ਅਤੇ ਯੂ.ਐਸ.ਏ. ਲਈ ਕਿਤੇ ਬਿਹਤਰ ਹੋਵੇਗੀ। ਉਧਰ, ਹਵਾਨਾ ਵਿਚ ਕਿਊਬਾ ਸਰਕਾਰ ਨੇ ਟਰੰਪ ਵੱਲੋਂ ਅਮਰੀਕਾ ਨਾਲ ਸਮਝੌਤਿਆਂ 'ਤੇ ਨਵੀਆਂ ਬੰਦਿਸ਼ਾਂ ਲਾਏ ਜਾਣ ਦੀ ਆਲੋਚਨਾ ਕੀਤੀ।

# ਦਲਿਤਾਂ ਦਾ ਜ਼ਮੀਨ ਸੰਘਰਸ਼ ਰੰਗ ਲਿਆਇਆ

**ਮਾਨਸਾ:** ਸੰਗਰੂਰ ਜ਼ਿਲ੍ਹੇ ਦੇ ਪਿੰਡ ਬਾਲਦ ਕਲਾਂ ਦੇ ਦਲਿਤ ਭਾਈਚਾਰੇ ਨੂੰ ਇਸ ਵਾਰ ਆਪਸੀ ਸਹਿਮਤੀ ਨਾਲ ਹੀ ਇਕ ਤਿਹਾਈ ਹਿੱਸੇ ਵਜੋਂ 542 ਵਿੱਘੇ ਜ਼ਮੀਨ ਮਿਲ ਗਈ ਹੈ। ਸ਼ਾਮਲਾਟ ਜ਼ਮੀਨ ਵਿਚੋਂ ਬਣਦਾ ਹੱਕ ਲੈਣ ਲਈ 2014 ਵਿਚ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਸ਼ੁਰੂ ਕੀਤਾ ਅੰਦੋਲਨ ਵੱਡੇ ਟਕਰਾਅ ਦਾ ਰੂਪ ਲੈ ਗਿਆ ਸੀ ਅਤੇ 28 ਔਰਤਾਂ ਸਮੇਤ 168 ਵਿਅਕਤੀਆਂ ਖਿਲਾਫ਼ ਫੌਜਦਾਰੀ ਮਾਮਲੇ ਦਰਜ ਹੋ ਗਏ ਸਨ। ਇਸ ਅੰਦੋਲਨ ਤੋਂ ਬਾਅਦ ਦਲਿਤ ਭਾਈਚਾਰੇ ਨੂੰ ਮਿਲੀ ਜ਼ਮੀਨ ਉਤੇ ਸਾਂਝੀ ਖੇਤੀ ਦੇ ਕਾਮਯਾਬ ਮਾਡਲ ਨੇ ਵਿਰੋਧੀ ਹੋਏ ਧੜੇ ਨੂੰ ਵੀ ਇਸ ਪਾਸੇ ਸੋਚਣ ਲਈ ਪ੍ਰੇਰਿਤ ਕੀਤਾ।

ਆਪਸੀ ਸਹਿਮਤੀ ਨਾਲ ਹੋਏ ਫੈਸਲੇ ਅਨੁਸਾਰ ਸੰਘਰਸ਼ ਕਮੇਟੀ ਦੇ ਸਮਰਥਕ 115 ਪਰਿਵਾਰਾਂ ਵਾਲੇ ਗਰੁੱਪ ਨੂੰ 437 ਵਿਘੇ ਅਤੇ ਅਲੱਗ ਹੋਏ ਗਰੁੱਪ ਦੇ 28 ਪਰਿਵਾਰਾਂ ਨੂੰ 105 ਵਿੱਘੇ ਜ਼ਮੀਨ ਮਿਲ ਗਈ। ਦੋਵਾਂ ਗਰੁੱਪਾਂ ਨੇ ਸਾਂਝੀ ਖੇਤੀ ਕਰਨ ਦਾ ਪ੍ਰਣ ਲਿਆ। ਇਹ ਪੂਰੀ ਜ਼ਮੀਨ ਲਗਭਗ 20 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮਿਲ ਗਈ ਹੈ ਜਦੋਂਕਿ ਇਸੇ ਪਿੰਡ ਵਿਚ ਜਨਰਲ ਵਰਗ ਭਾਵ ਕਿਸਾਨਾਂ ਦੇ ਹਿੱਸੇ ਦੀ ਦੋ ਤਿਹਾਈ ਜ਼ਮੀਨ ਦੀ ਬੋਲੀ 60 ਤੋਂ 65 ਹਜ਼ਾਰ ਰੁਪਏ ਏਕੜ ਤੱਕ ਚਲੀ ਗਈ ਹੈ।



ਸੰਗਰੂਰ ਜ਼ਿਲ੍ਹੇ ਦੇ ਪਿੰਡ ਭੜੋ, ਘਰਾਚੋਂ, ਭੱਡੀਵਾਲ ਕਲਾਂ, ਮੰਡੇਰ ਕਲਾਂ, ਗੁਆਰੇ, ਕੁਲਾਰ ਖੁਰਦ, ਬੱਟੜਿਆਣਾ, ਨਿਆਮਤ ਪੁਰ, ਧੰਦੀ ਕਲਾਂ ਸਮੇਤ ਦਰਜਨ ਤੋਂ ਵੱਧ ਪਿੰਡਾਂ ਵਿਚ ਸਾਂਝੀ ਖੇਤੀ ਦਾ ਰੁਝਾਨ ਪੈਦਾ ਹੋ ਰਿਹਾ ਹੈ। ਇਸ ਤੋਂ ਪਹਿਲਾਂ ਇਕ ਤਿਹਾਈ ਰਾਖਵੇਂ ਹਿੱਸੇ ਉਤੇ ਬੋਲੀ ਤਾਂ ਦਲਿਤ ਪਰਿਵਾਰ ਦਾ ਕੋਈ ਵਿਅਕਤੀ ਹੀ ਦਿੰਦਾ ਸੀ, ਪਰ ਬੋਲੀ ਤੋਂ ਬਾਅਦ ਖੇਤੀ ਕੋਈ ਹੋਰ ਕਿਸਾਨ ਕਰਦਾ ਸੀ। ਦਲਿਤ ਪਰਿਵਾਰਾਂ ਕੋਲ ਖੇਤੀ ਕਰਨ ਲਈ ਜ਼ਰੂਰੀ ਸਾਜ਼ੋ-ਸਾਮਾਨ ਨਾ ਹੋਣਾ ਵੀ ਇਸ ਪ੍ਰਥਾ ਦਾ ਇਕ ਵੱਡਾ ਕਾਰਨ ਹੈ। ਬਾਲਦ ਕਲਾਂ ਦੇ ਦਲਿਤ ਪਰਿਵਾਰਾਂ ਨੂੰ ਪ੍ਰਤੀ ਪਰਿਵਾਰ ਪੌਣੇ ਚਾਰ ਏਕੜ ਜ਼ਮੀਨ ਮਿਲੀ ਹੈ।



*ਬਹੁ-ਚਰਚਿਤ ਰਹੇ ਗੀਤ 'ਪੱਤਾ ਪੱਤਾ ਸਿੰਘਾਂ ਦਾ ਵੈਰੀ' ਦੇ ਲੇਖਕ ਅਤੇ ਢਾਡੀ ਅਮਰਜੀਤ ਸਿੰਘ ਜੌਹਲ (ਜੌਹਲ ਬਿਧੀਪੁਰ ਵਾਲਾ) ਨਵੰਬਰ 2017 ਤੱਕ ਅਮਰੀਕਾ ਵਿਚ ਰਹਿਣਗੇ। ਉਨ੍ਹਾਂ ਨਾਲ ਸੰਪਰਕ ਫੋਨ: 661-220-9780 ਰਾਹੀਂ ਕੀਤਾ ਜਾ ਸਕਦਾ ਹੈ।*


## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

**1816 Main Ave., Secramento CA, 95838**

## ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

**ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

**Call For Special Price**

Kashmir S. Thandi
Office: (866) 933-3038
Balhar S. Ranu Cell:916-502-7733

# ਹਵਾਈ ਸਫਰ 'ਚ ਪੰਜਾਬ ਨੇ ਪੁੱਟੀ ਵੱਡੀ ਪੁਲਾਂਘ




**ਚੰਡੀਗੜ੍ਹ:** ਪੰਜਾਬ ਵਿਚ ਹਵਾਈ ਸਫਰ ਨੂੰ ਬੜ੍ਹਾਵਾ ਦੇਣ ਵੱਲ ਮਹੱਤਵਪੂਰਨ ਕਦਮ ਚੁੱਕਦਿਆਂ ਪੰਜਾਬ ਸਰਕਾਰ ਨੇ ਦੇਸ਼ ਦੇ ਮੁੱਖ ਪ੍ਰੋਗਰਾਮ ਉਡਾਣ (ਉਡੇ ਦੇਸ਼ ਕਾ ਆਮ ਨਾਗਰਿਕ) ਹੇਠ ਭਾਰਤ ਸਰਕਾਰ ਤੇ ਏਅਰਪੋਰਟ ਅਥਾਰਟੀ ਆਫ ਇੰਡੀਆ (ਏ.ਏ.ਆਈ.) ਨਾਲ ਸਹਿਮਤੀ ਪੱਤਰ ਉਤੇ ਸਹੀ ਪਾਈ ਹੈ।

ਇਸ ਤਿੰਨ ਧਿਰੀ ਸਮਝੌਤੇ 'ਤੇ ਭਾਰਤ ਸਰਕਾਰ ਵੱਲੋਂ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਦੇ ਸੰਯੁਕਤ ਸਕੱਤਰ ਊਸ਼ਾ ਪਾਧੀ, ਪੰਜਾਬ ਸਰਕਾਰ ਵੱਲੋਂ ਸ਼ਹਿਰੀ ਹਵਾਬਾਜ਼ੀ ਸਕੱਤਰ ਤੇਜਵੀਰ ਸਿੰਘ ਤੇ ਏਅਰਪੋਰਟ ਅਥਾਰਟੀ ਆਫ ਇੰਡੀਆ ਵੱਲੋਂ ਕਾਰਜਕਾਰੀ ਡਾਇਰੈਕਟਰ ਜੀ.ਕੇ. ਚੌਕਿਆਲ ਨੇ ਦਸਤਖਤ ਕੀਤੇ। ਕੈਪਟਨ ਅਮਰਿੰਦਰ ਸਿੰਘ ਨੇ ਇਸ ਪਹਿਲਕਦਮੀ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਇਸ ਨਾਲ ਸਥਾਨਕ ਖਾਸਕਰ ਲੁਧਿਆਣਾ ਦੇ ਵਪਾਰ ਤੇ ਉਦਯੋਗ ਨੂੰ ਵੱਡਾ ਹੁਲਾਰਾ ਮਿਲੇਗਾ।

ਇਸ ਤੋਂ ਇਲਾਵਾ ਸੂਬੇ ਦੇ ਬੇਰੁਜ਼ਗਾਰ ਨੌਜਵਾਨਾਂ ਲਈ ਵੱਡੀ ਪੱਧਰ 'ਤੇ ਨੌਕਰੀਆਂ ਪੈਦਾ ਕਰਨ ਤੇ ਇਸ ਸਰਹੱਦੀ ਇਲਾਕੇ ਵਿਚ ਵਪਾਰਕ ਸਮਰਥਾ ਦੀਆਂ ਸੰਭਾਵਨਾਵਾਂ ਨੂੰ ਹੋਰ ਤਲਾਸ਼ਣ ਵਿਚ ਮਦਦ ਮਿਲੇਗੀ। ਇਸ ਸਕੀਮ ਦੇ ਹੇਠ ਬਠਿੰਡਾ, ਲੁਧਿਆਣਾ, ਪਠਾਨਕੋਟ ਤੇ ਆਦਮਪੁਰ ਦੇ ਚਾਰ ਹਵਾਈ ਅੱਡਿਆਂ ਦਾ ਪੰਜ ਪ੍ਰਸਤਾਵਾਂ ਰਾਹੀਂ ਸੰਪਰਕ ਸਾਧਿਆ ਗਿਆ ਹੈ।

ਅਲਾਇੰਸ ਏਅਰ ਦੇ ਨਾਲ ਪਹਿਲਾਂ ਹੀ ਦਿੱਲੀ-ਬਠਿੰਡਾ-ਦਿੱਲੀ ਕਾਰਜਸ਼ੀਲ ਹੈ। ਅਲਾਇੰਸ ਏਅਰ ਦੇ ਨਾਲ ਦਿੱਲੀ-ਪਠਾਨਕੋਟ-ਦਿੱਲੀ ਤੇ ਦਿੱਲੀ-ਲੁਧਿਆਣਾ-ਦਿੱਲੀ ਜੁਲਾਈ 2017 ਤੱਕ ਕਾਰਜਸ਼ੀਲ ਹੋ ਜਾਣਗੇ। ਇਸ ਤੋਂ ਇਲਾਵਾ ਸਪਾਇਸਜੈੱਟ ਰਾਹੀਂ ਦਿੱਲੀ-ਆਦਮਪੁਰ-ਦਿੱਲੀ ਅਗਸਤ 2017 ਤੇ ਡੈਕਨ ਰਾਹੀਂ ਦਿੱਲੀ-ਲੁਧਿਆਣਾ-ਦਿੱਲੀ ਸਤੰਬਰ 2017 ਵਿਚ ਕਾਰਜਸ਼ੀਲ ਹੋਣਗੇ। ਇਸ ਸਕੀਮ ਹੇਠ ਯਾਤਰੀਆਂ ਨੂੰ ਤਕਰੀਬਨ ਇਕ ਲੱਖ ਸੀਟਾਂ ਉਪਲਬਧ ਕਰਾਈਆਂ ਜਾਣਗੀਆਂ। ਇਨ੍ਹਾਂ ਵਿਚੋਂ 50000 ਸੀਟਾਂ (50 ਫੀਸਦੀ) ਰਿਆਇਤੀ ਦਰਾਂ ਹੇਠ ਹੋਣਗੀਆਂ। ਇਸ ਦੇ ਨਾਲ ਹੋਣ ਵਾਲੇ ਫੰਡਾਂ ਦੇ ਲੋੜੀਂਦੇ ਪਾੜੇ ਦੀ ਫੰਡਿੰਗ ਕੇਂਦਰ ਸਰਕਾਰ ਤੇ ਸੂਬਾ ਸਰਕਾਰ ਵੱਲੋਂ 80-20 ਦੇ ਅਨੁਸਾਰ ਸਹਿਣ ਕੀਤੀ ਜਾਵੇਗੀ। ਪੰਜਾਬ ਸਰਕਾਰ ਦਾ ਹਿੱਸਾ ਤਕਰੀਬਨ ਤਿੰਨ ਕਰੋੜ ਪ੍ਰਤੀ ਸਾਲ ਹੋਵੇਗਾ।

# ਖਾੜਕੂ ਦੱਸ ਕੇ ਚੁੱਕੇ ਨੌਜਵਾਨਾਂ ਦੇ ਵਾਰਸਾਂ ਨੇ ਉਠਾਏ ਸਵਾਲ



**ਨਵਾਂ ਸ਼ਹਿਰ:** ਪੁਲਿਸ ਵੱਲੋਂ ਖਾੜਕੂਵਾਦ ਦੇ ਦੋਸ਼ ਵਿਚ ਗ੍ਰਿਫਤਾਰ ਕੀਤੇ ਗੁਰਦਿਆਲ ਸਿੰਘ, ਜਗਰੂਪ ਸਿੰਘ ਅਤੇ ਸਤਵਿੰਦਰ ਸਿੰਘ ਦੇ ਵਾਰਸਾਂ ਨੇ ਪੁਲਿਸ 'ਤੇ ਵਧੀਕੀਆਂ ਦੇ ਦੋਸ਼ ਲਾਏ ਹਨ। ਗੁਰਦਿਆਲ ਸਿੰਘ ਦੇ ਭਰਾ ਨਿਰਮਲ ਸਿੰਘ ਨੇ ਕਿਹਾ ਕਿ ਪੁਲਿਸ ਦਾ ਉਸ ਦੇ ਭਰਾ ਨਾਲ ਇਹ ਪਹਿਲਾ ਧੱਕਾ ਨਹੀਂ। 1992 'ਚ ਪੁਲਿਸ ਨੇ ਗੁਰਦਿਆਲ ਸਿੰਘ ਅਤੇ ਹੋਰਾਂ ਖਿਲਾਫ਼ ਇਕ 'ਬਮਸਨ' ਗੰਨ ਪਾਈ ਸੀ। ਇਸ ਦੋਸ਼ 'ਚ ਗੁਰਦਿਆਲ ਸਿੰਘ 14 ਮਹੀਨੇ ਜੇਲ੍ਹ 'ਚ ਰਿਹਾ। ਜ਼ਮਾਨਤ ਹੋਣ 'ਤੇ 3 ਕੁ ਤਰੀਕਾਂ ਪਈਆਂ ਤੇ ਹੁਸ਼ਿਆਰਪੁਰ ਦੀ ਅਦਾਲਤ ਵੱਲੋਂ ਦੋਸ਼ ਸਾਬਤ ਨਾ ਹੋਣ ਕਰ ਕੇ ਗੁਰਦਿਆਲ ਸਿੰਘ ਨੂੰ ਬਰੀ ਕਰ ਦਿੱਤਾ ਸੀ।

ਇਸ ਮਾਮਲੇ 'ਚ ਵੀ ਕੋਈ ਸਚਾਈ ਨਹੀਂ ਹੈ ਸਗੋਂ ਪੁਲਿਸ ਦੇ ਝੂਠ ਦਾ ਪੁਲੰਦਾ ਹੈ। ਜਗਰੂਪ ਸਿੰਘ ਦੇ ਪਿਤਾ ਅਵਤਾਰ ਸਿੰਘ ਨੇ ਦੱਸਿਆ ਕਿ ਜਗਰੂਪ ਸਿੰਘ ਨੂੰ ਦੋ ਜੂਨ ਨੂੰ ਪੁਲਿਸ ਨੇ ਘਰੋਂ ਚੁੱਕਿਆ, ਹੋਰ ਕੁਝ ਵੀ ਬਰਾਮਦ ਨਹੀਂ ਹੋਇਆ। ਸਤਵਿੰਦਰ ਸਿੰਘ ਦੀ ਪਤਨੀ ਮਨਦੀਪ ਕੌਰ ਨੇ ਕਿਹਾ ਕਿ ਉਸ ਦੇ ਵਿਆਹ ਨੂੰ ਛੇ ਸਾਲ ਹੋ ਗਏ ਤੇ ਉਹ ਆਮ ਲੋਕਾਂ ਵਾਂਗ ਜ਼ਿੰਦਗੀ ਜੀਅ ਰਹੇ ਸਨ।

ਸਤਵਿੰਦਰ ਸਿੰਘ ਲੁਧਿਆਣਾ ਮਕੈਨੀਕਲ ਇੰਜੀਨੀਅਰ ਦੀ ਡਿਊਟੀ ਕਰਦਾ ਸੀ ਅਤੇ ਹੁਣ ਛੁੱਟੀ 'ਤੇ ਸੀ ਜਿਸ ਦਾ ਦੁਬਈ ਦਾ ਵੀਜ਼ਾ ਵੀ ਲੱਗਿਆ ਹੋਇਆ ਸੀ। ਪਰਿਵਾਰਾਂ ਨੇ ਆਖਿਆ ਕਿ ਤਿੰਨਾਂ ਦੇ ਘਰਾਂ 'ਚੋਂ ਕੋਈ ਵੀ ਇਤਰਾਜ਼ਯੋਗ ਵਸਤੂ ਨਹੀਂ ਮਿਲੀ ਤਾਂ ਦੋ ਪਿਸਤੌਲ ਕਿੱਥੋਂ ਆ ਗਏ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕਰ ਕੇ ਉਨ੍ਹਾਂ ਨੂੰ ਇਨਸਾਫ ਦਿਵਾਇਆ ਜਾਵੇ।

## ਨਾਭਾ ਜੇਲ੍ਹ ਕਾਂਡ ਵਿਚ ਅਕਾਲੀ ਆਗੂ ਦਾ ਹੱਥ

### ਗੈਂਗਸਟਰਾਂ ਨੂੰ ਮੁਹੱਈਆ ਕਰਵਾਈ ਸੀ ਗੱਡੀ

**ਗੁਰਦਾਸਪੁਰ:** ਪੁਲਿਸ ਨੇ ਨਾਭਾ ਜੇਲ੍ਹ ਕਾਂਡ ਵਿਚ ਕਈ ਵੱਡੇ ਖੁਲਾਸੇ ਕੀਤੇ ਹਨ। ਪੁਲਿਸ ਨੇ ਅਕਾਲੀ ਦਲ ਦੇ ਇਕ ਸਰਪੰਚ ਨੂੰ ਕਾਬੂ ਕੀਤਾ ਹੈ। ਉਹ ਦੂਜਿਆਂ ਰਾਜਾਂ ਤੋਂ ਗੱਡੀਆਂ ਲੁੱਟ ਕੇ ਇਨ੍ਹਾਂ ਗੈਂਗਸਟਰ ਨੂੰ ਵਾਰਦਾਤ ਲਈ ਸਪਲਾਈ ਕਰਦਾ ਸੀ। ਵੱਡੀ ਗੱਲ ਇਹ ਹੈ ਕਿ ਸਰਪੰਚ ਨੂੰ ਜਿਸ ਗੱਡੀ ਨਾਲ ਕਾਬੂ ਕੀਤਾ ਹੈ, ਉਸੇ ਗੱਡੀ ਵਿਚ ਸਵਾਰ ਹੋ ਕੇ ਗੈਂਗਸਟਰ ਵਿੱਕੀ ਗੌਂਡਰ ਦੇ ਸਾਥੀ ਉਸ ਨੂੰ ਭਜਾ ਕੇ ਲੈ ਕੇ ਗਏ ਸਨ। ਇਹ ਸਾਰ ਖੁਲਾਸਾ ਪੁਲਿਸ ਰਿਮਾਂਡ ਵਿਚ ਵਿੱਕੀ ਗੌਂਡਰ ਦੇ ਖਾਸ ਸਾਥੀ ਗਿਆਨ ਖੁਰਲਾਵਾਲੇ ਵੱਲੋਂ ਕੀਤਾ ਗਿਆ ਹੈ।

ਗੁਰਦਾਸਪੁਰ ਪੁਲਿਸ ਦੇ ਡੀ.ਐਸ.ਪੀ. ਦੇਵ ਦੱਤ ਨੇ ਦੱਸਿਆ ਕਿ ਇਹ ਗੱਡੀ ਗੈਂਗਸਟਰ ਨੂੰ ਦੇਣ ਵਾਲੇ ਤੇ ਇਨ੍ਹਾਂ ਗੈਂਗਸਟਰਾਂ ਨੂੰ ਅਕਸਰ ਪਨਾਹ ਦੇਣ ਵਾਲੇ ਅਕਾਲੀ ਦਲ ਨਾਲ ਸਬੰਧਤ ਪਿੰਡ ਤਲਵੰਡੀ ਭੂਥਨਗੜ੍ਹ ਦੇ ਸਰਪੰਚ ਜਗਰੂਪ ਸਿੰਘ ਤੇ ਉਸ ਦੇ ਰਿਸ਼ਤੇਦਾਰ ਗਗਨ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਜਗਰੂਪ ਸਿੰਘ ਤੇ ਗਗਨ ਸਿੰਘ ਦੂਸਰੇ ਜ਼ਿਲ੍ਹਿਆਂ ਤੇ ਰਾਜਾਂ ਵਿਚੋਂ ਪਿਸਤੌਲ ਦੀ ਨੋਕ ਉਤੇ ਗੱਡੀਆਂ ਲੁੱਟਦੇ ਸਨ। ਫਿਰ ਇਹ ਗੱਡੀਆਂ ਗੈਂਗਸਟਰਾਂ ਨੂੰ ਸਪਲਾਈ ਕਰਦੇ ਸਨ। ਇਨ੍ਹਾਂ ਗੱਡੀਆਂ ਰਾਹੀਂ ਗੈਂਗਸਟਰ ਵੱਖ-ਵੱਖ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ।

# ਕੈਪਟਨ ਵਿਰੁਧ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪਟੀਸ਼ਨ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ 'ਚ ਪਟੀਸ਼ਨ ਦਾਖਲ ਕਰ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ਼ 21 ਸਿੱਖ ਨੌਜਵਾਨਾਂ ਦੇ ਕਤਲ ਦੀ ਸਾਜ਼ਿਸ਼ ਰਚਣ, ਸੱਚ ਨੂੰ 30 ਸਾਲ ਤੱਕ ਲੁਕਾਉਣ, ਸਬੂਤਾਂ ਨੂੰ ਖੁਰਦ-ਬੁਰਦ ਹੋਣ ਦਾ ਮੌਕਾ ਦੇਣ ਅਤੇ ਦੋਸ਼ੀ ਪੁਲਿਸ ਅਧਿਕਾਰੀਆਂ ਦਾ ਬਚਾਅ ਕਰਨ ਵਰਗੇ ਗੰਭੀਰ ਦੋਸ਼ਾਂ ਤਹਿਤ ਮੁਕੱਦਮਾ ਦਰਜ ਕਰਨ ਦੀ ਮੰਗ ਕੀਤੀ ਹੈ। ਦਰਅਸਲ, 17 ਮਈ 2017 ਨੂੰ ਕੈਪਟਨ ਨੇ ਆਪਣੇ ਟਵਿਟਰ ਅਕਾਊਂਟ ਰਾਹੀਂ ਪੰਜਾਬ ਪੁਲਿਸ ਨੂੰ ਹਵਾਲਗੀ ਦੇਣ ਵਾਲੇ 21 ਸਿੱਖ ਨੌਜਵਾਨਾਂ ਦੇ ਕਤਲ ਦਾ ਖੁਲਾਸਾ ਕੀਤਾ ਸੀ, ਜਿਸ 'ਤੇ ਹੁਣ ਕਮੇਟੀ ਨੇ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਹਵਾਲਾ ਦਿੰਦੇ ਹੋਏ ਕਮਿਸ਼ਨ ਦਾ ਬੂਹਾ ਖੜਕਾਇਆ ਹੈ। ਜੀ.ਕੇ. ਨੇ ਦਾਅਵਾ ਕੀਤਾ ਕਿ ਇਹ ਮਾਮਲਾ ਕਿਉਂਕਿ ਮੁੱਖ ਮੰਤਰੀ ਵੱਲੋਂ ਕੀਤੇ ਗਏ ਇਕਰਾਰਨਾਮੇ ਦੇ ਨਾਲ ਜੁੜਿਆ ਹੈ, ਇਸ ਲਈ ਕਮੇਟੀ ਨੇ ਬੀਤੇ ਸਮੇਂ ਦੌਰਾਨ ਮਨੁੱਖੀ ਅਧਿਕਾਰਾਂ ਦੀ ਲੜਾਈ ਲੜਨ ਵਾਲੇ ਮਨੁੱਖੀ ਅਧਿਕਾਰ ਕਾਰਕੁੰਨਾਂ ਨਾਲ ਹੋਈਆਂ ਧੱਕੇਸ਼ਾਹੀਆਂ ਨੂੰ ਵੀ ਪਟੀਸ਼ਨ ਦਾ ਹਿੱਸਾ ਬਣਾਇਆ ਹੈ। ਇਸ ਸਬੰਧੀ ਜੀ.ਕੇ. ਨੇ ਮਨੁੱਖੀ ਅਧਿਕਾਰ ਕਾਰਕੁੰਨ ਭਾਈ ਜਸਵੰਤ ਸਿੰਘ ਖਾਲੜਾ ਦੇ ਪੰਜਾਬ ਪੁਲਿਸ ਵੱਲੋਂ ਕੀਤੇ ਗਏ ਹਿਰਾਸਤੀ ਕਤਲ ਨਾਲ ਜੁੜੇ ਸਾਰੇ ਮੁਕੱਦਮਿਆਂ ਨੂੰ ਉਕਤ ਕੇਸ ਨਾਲ ਜੋੜਨ ਦੀ ਜਾਣਕਾਰੀ ਦਿੱਤੀ।



# ਹੁਸ਼ਿਆਰਪੁਰ ਵਿਚ ਥਾਣੇਦਾਰ ਦਾ ਬੇਰਹਿਮੀ ਨਾਲ ਕਤਲ

**ਹੁਸ਼ਿਆਰਪੁਰ:** ਕਸਬਾ ਸ਼ਾਮਚੁਰਸੀ ਦੇ ਪਿੰਡ ਕਾਨੇ ਵਿਚ ਯੂ.ਪੀ. ਪੁਲਿਸ ਦੇ ਸੇਵਾ ਮੁਕਤ ਕਰਮਚਾਰੀ ਦਾ ਅਣਪਛਾਤੇ ਨੌਜਵਾਨਾਂ ਨੇ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ।

ਕਤਲ ਇੰਨੀ ਬੇਰਹਿਮੀ ਨਾਲ ਕੀਤਾ ਗਿਆ ਹੈ ਕਿ ਮ੍ਰਿਤਕ ਦੀ ਪਛਾਣ ਕਰਨੀ ਵੀ ਔਖੀ ਹੋ ਰਹੀ ਹੈ। ਮਦਨ ਲਾਲ ਨਾਮਕ ਵਿਅਕਤੀ ਯੂ.ਪੀ. ਪੁਲਿਸ ਤੋਂ ਏ.ਐਸ.ਆਈ. ਦੇ ਅਹੁਦੇ ਤੋਂ ਸੇਵਾ ਮੁਕਤ ਹੋਇਆ ਸੀ। ਛੇ ਸਾਲ ਪਹਿਲਾਂ ਸੇਵਾ ਮੁਕਤੀ ਤੋਂ ਬਾਅਦ ਮਦਨ ਲਾਲ ਆਪਣੀ ਪਤਨੀ ਤੇ ਬੇਟੀ ਨਾਲ ਪਿੰਡ ਵਿਚ ਰਹਿ ਰਿਹਾ ਸੀ। ਮਦਨ ਲਾਲ ਦੇ ਤਿੰਨ ਬੇਟੇ ਹਨ ਜੋ ਇਸ ਸਮੇਂ ਵਿਦੇਸ਼ ਵਿਚ ਹਨ। ਮਦਨ ਲਾਲ ਰਾਤ ਖਾਣਾ ਖਾਣ ਤੋਂ ਬਾਅਦ ਮੋਟਰਸਾਈਕਲ ਉਤੇ ਖੇਤਾਂ ਵੱਲ ਗੇੜਾ ਮਾਰਨ ਗਿਆ ਸੀ।

ਰਸਤੇ ਵਿਚ ਕੁਝ ਨੌਜਵਾਨਾਂ ਨੇ ਤੇਜ਼ਧਾਰ ਹਥਿਆਰ ਨਾਲ ਉਸ ਦਾ ਕਤਲ ਕਰ ਦਿੱਤਾ। ਦੇਰ ਰਾਤ ਤੱਕ ਜਦੋਂ ਮਦਨ ਲਾਲ ਘਰ ਨਹੀਂ ਪਰਤਿਆਂ ਤਾਂ ਉਸ ਦੇ ਪਰਿਵਾਰਕ ਮੈਂਬਰਾਂ ਨੇ ਭਾਲ ਸ਼ੁਰੂ ਕੀਤੀ। ਬਾਅਦ ਵਿਚ ਖੇਤਾਂ ਵਿਚੋਂ ਮਦਨ ਲਾਲ ਦੀ ਲਾਸ਼ ਬਰਾਮਦ ਕੀਤੀ ਗਈ।

# ਸਰਪਲੱਸ ਪੰਜਾਬ ਬਾਹਰੋਂ ਬਿਜਲੀ ਖਰੀਦਣ ਲਈ ਹੋਇਆ ਮਜਬੂਰ




**ਪਟਿਆਲਾ:** ਪੰਜਾਬ ਸਰਕਾਰ ਨੇ ਸੂਬੇ ਨੂੰ ਬਿਜਲੀ ਪੱਖੋਂ ਸਰਪਲੱਸ ਐਲਾਨਿਆ ਹੈ। ਇਸ ਦੇ ਬਾਵਜੂਦ ਪਾਵਰਕੌਮ ਨੂੰ ਐਤਕੀਂ ਝੋਨੇ ਦੇ ਸੀਜ਼ਨ ਲਈ ਬਿਜਲੀ ਬਾਹਰੋਂ ਖਰੀਦਣੀ ਪੈ ਰਹੀ ਹੈ। ਝੋਨੇ ਦਾ ਸੀਜ਼ਨ ਸ਼ੁਰੂ ਹੋਣ ਨਾਲ ਪੀਕ ਲੋਡ ਬਿਜਲੀ ਦੀ ਮੰਗ ਦਾ ਅੰਕੜਾ 8200 ਮੈਗਾਵਾਟ ਤੋਂ ਵਧ ਕੇ 10 ਹਜ਼ਾਰ ਮੈਗਾਵਾਟ ਨੂੰ ਪੁੱਜ ਗਿਆ।

ਅਜਿਹੇ ਵਿਚ ਪਾਵਰਕੌਮ ਨੇ ਰੋਪੜ ਅਤੇ ਲਹਿਰਾ ਮੁਹੱਬਤ ਪਲਾਂਟ ਦਾ ਇਕ ਇਕ ਯੂਨਿਟ ਹੋਰ ਭਖਾ ਦਿੱਤਾ ਹੈ। ਇਸ ਵੇਲੇ ਰੋਪੜ ਥਰਮਲ ਪਲਾਂਟ ਦੇ ਚਾਰ, ਬਠਿੰਡੇ ਦੇ ਦੋ ਤੇ ਲਹਿਰਾ ਮੁਹੱਬਤ ਪਲਾਂਟ ਦੇ ਚਾਰੋਂ ਯੂਨਿਟ ਕਾਰਜਸ਼ੀਲ ਹਨ। ਪਾਵਰਕੌਮ ਵੱਲੋਂ ਆਪਣੀ ਥਰਮਲ ਪੈਦਾਵਾਰ 1745 ਮੈਗਾਵਾਟ, ਹਾਈਡਲ ਪੈਦਾਵਾਰ 865 ਮੈਗਾਵਾਟ ਤੇ ਪ੍ਰਾਈਵੇਟ ਥਰਮਲ ਰਾਜਪੁਰਾ ਤੋਂ 1388 ਮੈਗਾਵਾਟ, ਜਦੋਂ ਕਿ ਸੋਲਰ ਬਿਜਲੀ 62 ਮੈਗਾਵਾਟ ਪੈਦਾ ਕੀਤੀ ਜਾ ਰਹੀ ਸੀ। ਇੰਜ ਪਾਵਰਕੌਮ ਕੋਲ ਸਾਰੇ ਵਸੀਲਿਆਂ ਤੋਂ ਬਿਜਲੀ ਦੀ ਉਪਲੱਬਧਤਾ ਦਾ ਅੰਕੜਾ ਚਾਰ ਹਜ਼ਾਰ ਮੈਗਾਵਾਟ ਦੇ ਕਰੀਬ ਬਣ ਰਿਹਾ ਹੈ।

ਅਜਿਹੇ ਵਿਚ ਪਾਵਰਕੌਮ ਨੇ ਨੈਸ਼ਨਲ ਥਰਮਲ ਤੇ ਨੈਸ਼ਨਲ ਹਾਈਡਲ ਪ੍ਰੋਜੈਕਟਾਂ ਤੋਂ ਬਿਜਲੀ ਪ੍ਰਾਪਤ ਕਰਨ ਤੋਂ ਇਲਾਵਾ ਹੋਰ ਬਾਹਰੀ ਸਰੋਤਾਂ (ਰਿਲਾਇੰਸ, ਟਾਟਾ ਤੇ ਅਡਾਨੀ ਟਰੇਡਰਜ਼) ਤੋਂ ਕੁਝ ਬਿਜਲੀ ਖਰੀਦੀ ਹੈ।

# ਜਲ੍ਹਿਆਂਵਾਲੇ ਬਾਗ ਦੀ ਮੁਰੰਮਤ ਦਾ ਰੇੜਕਾ ਖਤਮ




**ਅੰਮ੍ਰਿਤਸਰ:** ਭਾਰਤੀ ਪੁਰਾਤਤਵ ਵਿਭਾਗ ਨੇ ਇਤਿਹਾਸਕ ਜਲ੍ਹਿਆਂਵਾਲਾ ਬਾਗ ਵਿਚ ਲੋੜੀਂਦੇ ਵਿਕਾਸ ਕੰਮਾਂ ਨੂੰ ਕਰਾਉਣ ਲਈ ਹਰੀ ਝੰਡੀ ਦੇ ਦਿੱਤੀ ਹੈ। ਵਿਭਾਗ ਨੇ ਪੁਰਾਤਨ ਢਾਂਚੇ ਨਾਲ ਛੇੜਛਾੜ ਨਾ ਕਰਨ ਦੀ ਹਦਾਇਤ ਕੀਤੀ ਹੈ। ਇਸ ਪ੍ਰਵਾਨਗੀ ਮਗਰੋਂ ਜਾਰੀ ਰਕਮ ਨਾਲ ਸ਼ਹੀਦਾਂ ਦੀ ਯਾਦਗਾਰ ਵਿਚ ਮੁਰੰਮਤ ਦੇ ਕੰਮ ਹੋ ਸਕਣਗੇ ਅਤੇ ਯਾਤਰੂਆਂ ਨੂੰ ਦਰਪੇਸ਼ ਮੁਸ਼ਕਲਾਂ ਖਤਮ ਹੋਣਗੀਆਂ।

ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਇਥੇ ਯਾਦਗਾਰ ਵਿਚ ਲੋੜੀਂਦੀ ਮੁਰੰਮਤ ਤੇ ਹੋਰ ਕੰਮਾਂ ਲਈ ਦਸ ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਸੀ, ਪਰ ਜਲ੍ਹਿਆਂਵਾਲਾ ਬਾਗ ਯਾਦਗਾਰੀ ਟਰੱਸਟ ਦੇ ਸਕੱਤਰ ਨੇ ਇਸ ਗਰਾਂਟ ਨੂੰ ਭਾਰਤੀ ਪੁਰਾਤਤਵ ਵਿਭਾਗ ਦੀ ਪ੍ਰਵਾਨਗੀ ਮਗਰੋਂ ਹੀ ਵਰਤਣ ਲਈ ਆਖਿਆ ਸੀ। ਇਸ ਸਬੰਧੀ ਵਿਵਾਦ 25 ਮਈ ਨੂੰ ਉਦੋਂ ਸ਼ੁਰੂ ਹੋਇਆ ਸੀ ਜਦੋਂ ਪੰਚਾਇਤੀ ਰਾਜ ਵਿਕਾਸ ਵਿਭਾਗ ਦਾ ਇਕ ਨੁਮਾਇੰਦਾ ਇਥੇ ਲੋੜੀਂਦੀ ਮੁਰੰਮਤ 'ਤੇ ਆਉਣ ਵਾਲੇ ਖਰਚ ਦਾ ਅਨੁਮਾਨ ਲਾਉਣ ਲਈ ਗਿਆ ਸੀ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭੇਜੇ ਇਸ ਨੁਮਾਇੰਦੇ ਨੂੰ ਟਰੱਸਟ ਦੇ ਸਕੱਤਰ ਨੇ ਅਨੁਮਾਨ ਲੈਣ ਤੋਂ ਰੋਕ ਦਿੱਤਾ। ਟਰੱਸਟ ਦੇ ਸਕੱਤਰ ਦੀ ਇਸ ਕਾਰਵਾਈ ਦਾ ਵਿਰੋਧ ਕਰਦਿਆਂ ਰਾਜ ਸਭਾ ਮੈਂਬਰ ਨੇ ਡਿਪਟੀ ਕਮਿਸ਼ਨਰ ਨੂੰ ਸਕੱਤਰ ਖਿਲਾਫ਼ ਲੋੜੀਂਦੀ ਕਾਰਵਾਈ ਲਈ ਕਿਹਾ ਸੀ।

ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਦੱਸਿਆ ਕਿ ਭਾਰਤੀ ਪੁਰਾਤਤਵ ਵਿਭਾਗ ਦੇ ਅਧਿਕਾਰੀਆਂ ਨੇ ਇਸ ਗੱਲ ਨੂੰ ਸਵੀਕਾਰ ਕੀਤਾ ਹੈ ਕਿ ਯਾਤਰੂਆਂ ਦੀ ਸਹੂਲਤ ਲਈ ਲੋੜੀਂਦੀਆਂ ਸਹੂਲਤਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਪਰ ਇਨ੍ਹਾਂ ਦੀ ਮੁਰੰਮਤ ਆਦਿ ਕਰਨ ਸਮੇਂ ਪੁਰਾਤਨ ਢਾਂਚੇ ਨਾਲ ਕੋਈ ਛੇੜਛਾੜ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਯਾਦਗਾਰ ਵਿਚਲੇ ਫੁਹਾਰੇ, ਪਖਾਨਿਆਂ ਦੇ ਦਰਵਾਜ਼ੇ ਤੇ ਪਾਣੀ ਵਾਲੀਆਂ ਟੂਟੀਆਂ ਖਰਾਬ ਹਨ ਅਤੇ ਇਨ੍ਹਾਂ ਨੂੰ ਮੁਰੰਮਤ ਦੀ ਲੋੜ ਹੈ। ਗੈਲਰੀ ਵਿਚ ਵਧੇਰੇ ਪੱਖਿਆਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੁਰੰਮਤ ਦੇ ਕੰਮਾਂ ਦਾ ਅਨੁਮਾਨ ਲਾਉਣ ਮਗਰੋਂ ਛੇਤੀ ਹੀ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

# ਖੇਤੀ ਖਰਚਿਆਂ ਦਾ ਵਧਿਆ ਭਾਰ ਹੀ ਹੈ ਕਿਸਾਨੀ ਦੀ ਸਮੱਸਿਆ

**ਚੰਡੀਗੜ੍ਹ:** ਕਰਜ਼ੇ ਦੇ ਬੋਝ ਹੇਠ ਖ਼ੁਦਕੁਸ਼ੀਆਂ ਕਰ ਰਹੇ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਦੀ ਮੁੱਖ ਸਮੱਸਿਆ ਇਹ ਹੈ ਕਿ ਉਨ੍ਹਾਂ ਦੀ ਜਿੰਨੀ ਆਮਦਨ ਹੈ, ਉਸ ਤੋਂ ਕਿਤੇ ਵੱਧ ਅਹਿਮ ਲੋੜਾਂ 'ਤੇ ਖਰਚਾ ਹੋ ਰਿਹਾ ਹੈ। ਇਨ੍ਹਾਂ ਦੀ ਆਮਦਨ ਵਧਾਉਣ ਦੇ ਤਰੀਕੇ ਖੋਜੇ ਬਿਨਾਂ ਹਾਲਾਤ ਠੀਕ ਹੋਣ ਦੀ ਸੰਭਾਵਨਾ ਨਹੀਂ ਹੈ। ਇਹ ਖੁਲਾਸਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਰਥਸ਼ਾਸਤਰ ਵਿਭਾਗ ਦੇ ਪ੍ਰੋ. ਗਿਆਨ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀਆਂ ਵੱਲੋਂ ਲਿਖੀ 'ਕਿਸਾਨਾਂ ਅਤੇ ਖੇਤ ਮਜ਼ਦੂਰਾਂ ਸਿਰ ਚੜ੍ਹਿਆ ਕਰਜ਼ਾ- ਇਕ ਸਰਵੇਖਣ' ਨਾਮ ਦੀ ਕਿਤਾਬ ਵਿਚ ਕੀਤਾ ਗਿਆ ਹੈ। ਇਹ ਪੁਸਤਕ ਜਰਮਨੀ ਦੇ ਲੈਪ ਲੰਬਰਟ ਅਕਾਦਮਿਕ ਪ੍ਰਕਾਸ਼ਨ ਨੇ ਛਾਪੀ ਹੈ।




ਸੂਬੇ ਦੇ 1007 ਕਿਸਾਨ ਅਤੇ 301 ਮਜ਼ਦੂਰ ਪਰਿਵਾਰਾਂ ਦੇ ਆਧਾਰ 'ਤੇ ਕੀਤੇ ਸਰਵੇਖਣ ਮੁਤਾਬਕ ਸੀਮਾਂਤ ਭਾਵ 2.5 ਏਕੜ ਤੱਕ ਦੀ ਮਾਲਕੀ ਵਾਲੇ ਕਿਸਾਨ ਨੂੰ ਸਾਲ ਵਿਚ ਜੇ ਇਕ ਰੁਪਏ ਆਮਦਨ ਹੁੰਦੀ ਹੈ ਤਾਂ ਉਸ ਦਾ ਖਰਚ 1.35 ਰੁਪਏ ਹੋ ਜਾਂਦਾ ਹੈ। ਛੋਟੇ ਭਾਵ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨ ਦੀ ਇਕ ਰੁਪਏ ਆਮਦਨ ਪਿੱਛੇ 1.29 ਰੁਪਏ ਖਰਚ ਹੋ ਰਹੇ ਹਨ। ਅਰਧ ਦਰਮਿਆਨੇ ਕਿਸਾਨਾਂ ਨੂੰ ਆਮਦਨ ਤੋਂ 10 ਪੈਸੇ ਅਤੇ ਦਰਮਿਆਨਿਆਂ ਨੂੰ 6 ਪੈਸੇ ਵੱਧ ਖਰਚਾ ਕਰਨਾ ਪੈ ਰਿਹਾ ਹੈ।

ਸਿਰਫ ਵੱਡੇ ਕਿਸਾਨਾਂ ਨੂੰ ਹੀ ਆਮਦਨ ਦੇ ਸੌ ਪਿੱਛੇ ਛੇ ਪੈਸੇ ਬੱਚਤ ਹੁੰਦੀ ਹੈ। ਸਰਵੇਖਣ ਮੁਤਾਬਕ ਕਿਸਾਨਾਂ ਦੀ ਔਸਤਨ ਆਮਦਨ ਇਕ ਰੁਪਏ ਤੇ ਖਰਚਾ 1.15 ਰੁਪਏ ਹੋ ਜਾਂਦਾ ਹੈ। ਖੇਤ ਮਜ਼ਦੂਰ ਇਕ ਰੁਪਏ ਆਮਦਨ ਪਿੱਛੇ 1.12 ਰੁਪਏ ਖਰਚ ਕਰਨ ਲਈ ਮਜਬੂਰ ਹਨ।

ਕਰੀਬ ਪੰਜ ਮੈਂਬਰਾਂ ਵਾਲੇ ਸੀਮਾਂਤ ਕਿਸਾਨ ਪਰਿਵਾਰ ਦੀ ਸਾਲਾਨਾ ਔਸਤਨ ਆਮਦਨ 1,39,365.27 ਰੁਪਏ, ਛੋਟੇ ਦੀ 2,22,992.32 ਰੁਪਏ, ਅਰਧ ਦਰਮਿਆਨੇ ਕਿਸਾਨ ਦੀ 3,69,432.68 ਰੁਪਏ, ਦਰਮਿਆਨੇ ਦੀ 5,66,407.60 ਰੁਪਏ, ਵੱਡੇ ਕਿਸਾਨ ਦੀ 12,02,780.38 ਰੁਪਏ ਅਤੇ ਖੇਤ ਮਜ਼ਦੂਰ ਦੀ ਔਸਤਨ ਸਾਲਾਨਾ ਆਮਦਨ 81,452.17 ਰੁਪਏ ਹੈ। ਇਸ ਦਾ ਅਰਥ ਹੈ ਕਿ ਔਸਤਨ ਹਰ ਕਿਸਾਨ ਪਰਿਵਾਰ ਨੂੰ 43,940.95 ਰੁਪਏ ਸਾਲਾਨਾ ਘਾਟਾ ਪੈ ਰਿਹਾ ਹੈ। ਸੀਮਾਂਤ ਕਿਸਾਨ ਨੂੰ ਸਭ ਤੋਂ ਵੱਧ ਸਾਲਾਨਾ 64,459.08 ਰੁਪਏ ਘਾਟਾ ਸਹਿਣਾ ਪੈਂਦਾ ਹੈ। ਵੱਡੇ ਕਿਸਾਨ ਨੂੰ 66,553.35 ਰੁਪਏ ਬੱਚਤ ਹੁੰਦੀ ਹੈ। ਖੇਤ ਮਜ਼ਦੂਰ ਹਰ ਸਾਲ 9,427.17 ਰੁਪਏ ਦਾ ਘਾਟਾ ਸਹਿ ਰਿਹਾ ਹੈ। ਪੁਸਤਕ ਮੁਤਾਬਕ ਸੀਮਾਂਤ ਕਿਸਾਨ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਖਾਣ ਪੀਣ ਦੀਆਂ ਵਸਤਾਂ, ਕੱਪੜਾ, ਬਿਜਲੀ, ਐਲ.ਪੀ.ਜੀ. ਗੈਸ ਆਦਿ 'ਤੇ ਸਾਲਾਨਾ 19,983.88 ਰੁਪਏ ਖਰਚ ਕਰਦਾ ਹੈ। ਭਾਵ ਸੀਮਾਂਤ ਕਿਸਾਨ ਦੇ ਹਰ ਮੈਂਬਰ ਦਾ ਖਰਚ ਲਗਭਗ 55.51 ਰੁਪਏ ਪ੍ਰਤੀ ਦਿਨ ਹੈ। ਛੋਟਾ ਕਿਸਾਨ ਪਰਿਵਾਰ 24,336.06 ਰੁਪਏ, ਵੱਡਾ ਕਿਸਾਨ ਪਰਿਵਾਰ ਪ੍ਰਤੀ ਵਿਅਕਤੀ ਸਾਲਾਨਾ 36,623 ਰੁਪਏ ਖਰਚ ਕਰਦਾ ਹੈ। ਖੇਤ ਮਜ਼ਦੂਰ ਪਰਿਵਾਰ ਦਾ ਖਰਚਾ ਸੀਮਾਂਤ ਕਿਸਾਨ ਨਾਲੋਂ ਲਗਭਗ ਅੱਧਾ ਹੈ। ਉਸ ਦਾ ਪ੍ਰਤੀ ਵਿਅਕਤੀ ਸਾਲਾਨਾ ਖਰਚ 10,576.40 ਰੁਪਏ ਭਾਵ ਰੋਜ਼ਾਨਾ ਇੱਕ ਵਿਅਕਤੀ ਦਾ ਖਰਚ 29.37 ਰੁਪਏ ਹੈ।

ਸਰਵੇਖਣ ਵਾਲੇ ਘਰਾਂ ਵਿਚੋਂ 85.90 ਫੀਸਦੀ ਕਿਸਾਨ ਪਰਿਵਾਰ ਕਰਜ਼ੇ ਦੇ ਜਾਲ ਵਿਚ ਫਸੇ ਹੋਏ ਹਨ। ਖੇਤ ਮਜ਼ਦੂਰਾਂ ਦੇ 80 ਫੀਸਦੀ ਪਰਿਵਾਰ ਕਰਜ਼ੇ ਹੇਠ ਹਨ। ਪੰਜਾਬ ਦੇ ਕਿਸਾਨਾਂ 'ਤੇ ਔਸਤਨ ਪ੍ਰਤੀ ਏਕੜ ਕਰਜ਼ਾ 71,203 ਰੁਪਏ ਹੈ। ਖੇਤ ਮਜ਼ਦੂਰਾਂ ਦਾ ਪ੍ਰਤੀ ਪਰਿਵਾਰ ਕਰਜ਼ਾ 68,329 ਰੁਪਏ ਹੈ। ਇਨ੍ਹਾਂ ਨੂੰ ਸੰਸਥਾਗਤ ਕਰਜ਼ਾ ਮਿਲ ਹੀ ਨਹੀਂ ਰਿਹਾ ਕਿਉਂਕਿ ਇਨ੍ਹਾਂ ਕੋਲ ਗਹਿਣੇ ਰੱਖਣ ਲਈ ਕੁਝ ਨਹੀਂ ਹੈ। 92 ਫੀਸਦੀ ਕਰਜ਼ਾ ਉਚ ਵਿਆਜ ਦਰਾਂ 'ਤੇ ਮਿਲ ਰਿਹਾ ਹੈ।

## ਡਾ. ਹੱਕ ਵੱਲੋਂ ਵੱਡੇ ਕਿਸਾਨੀ ਸੰਘਰਸ਼ ਦੀ ਚਿਤਾਵਨੀ

**ਚੰਡੀਗੜ੍ਹ:** ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਕਰਜ਼ਾ ਮੁਆਫੀ ਲਈ ਸੁਝਾਅ ਦੇਣ ਲਈ ਬਣਾਈ ਮਾਹਿਰਾਂ ਦੀ ਕਮੇਟੀ ਦੇ ਮੁਖੀ ਡਾ. ਟੀ. ਹੱਕ ਮਹਿਸੂਸ ਕਰਦੇ ਹਨ ਕਿ ਕਰਜ਼ੇ ਦੇ ਬੋਝ ਹੇਠ ਦੱਬੇ ਦੇਸ਼ ਭਰ ਦੇ ਕਿਸਾਨਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਜੇ ਸਰਕਾਰਾਂ ਨੇ ਬੇਧਿਆਨੀ ਜਾਰੀ ਰੱਖੀ ਤਾਂ ਵੱਡੇ ਕਿਸਾਨ ਅੰਦੋਲਨ ਦੇ ਖਦਸ਼ੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਡਾ. ਹੱਕ ਕਰਜ਼ਾ ਮੁਆਫੀ ਸਬੰਧੀ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੇ ਵਿਚਾਰ ਜਾਣਨ ਆਏ ਸਨ। ਮੀਟਿੰਗ ਤੋਂ ਬਾਅਦ ਡਾ. ਹੱਕ ਨੇ ਕਿਹਾ ਕਿ ਕਿਸਾਨੀ ਨਿਢਾਲ ਹੋਈ ਪਈ ਹੈ। ਇਕ ਵਾਰ ਕਰਜ਼ਾ ਮੁਕਤ ਕਰ ਕੇ ਕਿਸਾਨੀ ਨੂੰ ਖੜ੍ਹਾ ਕਰਨਾ ਅਤੇ ਇਸ ਦੇ ਨਾਲ ਹੀ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਦੀ ਆਮਦਨ ਵਧਾਉਣ ਦੇ ਵਸੀਲੇ ਪੈਦਾ ਕਰਨ ਲਈ ਵਿਸ਼ੇਸ਼ ਨੀਤੀਗਤ ਫੈਸਲੇ ਲੈਣ ਦੀ ਲੋੜ ਹੈ ਤਾਂ ਜੋ ਉਹ ਮੁੜ ਕਰਜ਼ਾਈ ਨਾ ਹੋਣ।

## ਕੇਂਦਰ ਵੱਲੋਂ ਕਿਸਾਨਾਂ ਨੂੰ ਵੱਡੀ ਰਾਹਤ

**ਨਵੀਂ ਦਿੱਲੀ:** ਕਿਸਾਨਾਂ ਵੱਲੋਂ ਕਰਜ਼ਾ ਮੁਆਫੀ ਅਤੇ ਆਮਦਨ 'ਚ ਵਾਧੇ ਦੀ ਮੰਗ ਲਈ ਕੀਤੇ ਅੰਦੋਲਨਾਂ ਤੋਂ ਬਾਅਦ ਮੋਦੀ ਸਰਕਾਰ ਨੇ ਕਿਸਾਨਾਂ ਨੂੰ ਆਰਜ਼ੀ ਰਾਹਤ ਦਿੰਦਿਆਂ ਕਰਜ਼ਿਆਂ ਦੇ ਵਿਆਜ ਦਰ 'ਤੇ 2 ਤੋਂ 5 ਫੀਸਦੀ ਦੀ ਛੋਟ ਦੇਣ ਦਾ ਫੈਸਲਾ ਲਿਆ ਹੈ। ਇਸ ਮੁਤਾਬਕ ਸਾਲ 2006-07 ਤੋਂ ਚਲਾਈ ਜਾ ਰਹੀ ਰਿਆਇਤੀ ਦਰਾਂ 'ਤੇ ਕਰਜ਼ੇ ਮੁਹੱਈਆ ਕਰਨ ਦੀ ਸਕੀਮ ਨੂੰ ਇਸ ਸਾਲ ਵੀ ਚਾਲੂ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ। ਫੈਸਲੇ ਮੁਤਾਬਕ ਕਿਸਾਨਾਂ ਨੂੰ ਇਕ ਸਾਲ ਦੀ ਸਮਾਂ ਹੱਦ ਲਈ ਫਸਲਾਂ ਲਈ ਲਏ ਗਏ 3 ਲੱਖ ਦੇ ਕਰਜ਼ੇ 'ਤੇ ਇਹ ਸਕੀਮ ਲਾਗੂ ਹੋਏਗੀ। 9 ਫੀਸਦੀ ਦੀ ਵਿਆਜ ਦਰ 'ਤੇ ਮਿਲਣ ਵਾਲੇ ਕਰਜ਼ੇ ਨੂੰ ਇਕ ਸਾਲ ਦੇ ਅੰਦਰ ਅਦਾ ਕਰਨ ਉਤੇ ਉਸ ਨੂੰ ਵਿਆਜ ਦਰ 'ਚ 5 ਫੀਸਦੀ ਦੀ ਛੋਟ ਮਿਲੇਗੀ। ਭਾਵ ਸਮੇਂ ਸਿਰ ਕਰਜ਼ਾ ਅਦਾ ਕਰਨ ਨਾਲ ਉਸ ਨੂੰ ਮੂਲ ਰਕਮ 'ਤੇ 4 ਫੀਸਦੀ ਵਿਆਜ ਦਰ ਦੇਣੀ ਪਵੇਗੀ। ਜੇਕਰ ਕਿਸਾਨ ਕਰਜ਼ਾ ਸਮੇਂ 'ਤੇ ਅਦਾ ਕਰਨ 'ਚ ਸਮਰੱਥ ਨਾ ਹੋ ਪਾਇਆ ਤਾਂ ਉਸ ਨੂੰ ਵਿਆਜ ਦਰ 'ਚ 2 ਫੀਸਦੀ ਦੀ ਛੋਟ ਮਿਲੇਗੀ। ਸਾਲ 2017-18 ਲਈ ਖੇਤੀਬਾੜੀ ਲਈ ਕਰਜ਼ੇ ਦਾ ਟੀਚਾ ਵਧਾ ਕੇ 10 ਲੱਖ ਕਰੋੜ ਕਰ ਦਿੱਤਾ ਹੈ, ਜਦ ਕਿ 2016-17 'ਚ ਇਹ ਹੱਦ 9 ਲੱਖ ਕਰੋੜ ਸੀ।

# ਯੂ.ਏ.ਈ. ਦੇ ਗੁਰੂ ਘਰ 'ਚ ਭਾਈਚਾਰਕ ਸਾਂਝ ਦੀ ਮਿਸਾਲ

**ਦੁਬਈ**: ਖਾੜੀ ਖੇਤਰ ਦੇ ਸਭ ਤੋਂ ਵੱਡੇ ਗੁਰਦੁਆਰੇ ਗੁਰੂ ਨਾਨਕ ਦਰਬਾਰ ਨੇ ਆਪਸੀ ਪ੍ਰੇਮ ਦਾ ਪੈਗਾਮ ਦਿੰਦਿਆਂ ਇਫ਼ਤਾਰ ਦੀ ਦਾਅਵਤ ਦਿੱਤੀ, ਜਿਸ ਵਿਚ ਵੱਖ-ਵੱਖ ਧਰਮਾਂ ਤੇ 30 ਤੋਂ ਵੱਧ ਮੁਲਕਾਂ ਦੇ ਨਾਗਰਿਕਾਂ ਨੇ ਇਕੱਠਿਆਂ ਰੋਜ਼ਾ ਖੋਲ੍ਹਿਆ। ਸਹਿਣਸ਼ੀਲਤਾ ਤੇ ਦਾਨ ਦੀ ਭਾਵਨਾ ਦਾ ਪ੍ਰਗਟਾਵਾ ਕਰਦਿਆਂ ਗੁਰਦੁਆਰੇ ਨੇ ਰਮਜ਼ਾਨ ਦੇ ਪਵਿੱਤਰ ਮਹੀਨੇ ਨੂੰ ਮੁੱਖ ਰੱਖਦਿਆਂ 30 ਤੋਂ ਵੱਖ ਮੁਲਕਾਂ ਦੇ ਤਕਰੀਬਨ 120 ਨਾਗਰਿਕਾਂ ਦੇ ਰੋਜ਼ਾ ਖੋਲ੍ਹਣ ਲਈ ਇਫ਼ਤਾਰ ਦਾ ਪ੍ਰਬੰਧ ਕੀਤਾ ਸੀ।



ਸ਼ਾਮ ਦੀ ਨਮਾਜ਼ ਪੜ੍ਹੀ ਗਈ ਤੇ ਮੁਸਲਮਾਨਾਂ ਨੇ ਪਾਣੀ, ਖਜੂਰਾਂ ਅਤੇ ਭਾਰਤੀ ਪਕਵਾਨਾਂ ਨਾਲ ਰੋਜ਼ਾ ਖੋਲ੍ਹਿਆ। ਬਾਅਦ 'ਚ ਉਨ੍ਹਾਂ ਨੇ ਜੇਬੇਲ ਅਲੀ ਵਿਚ ਗੁਰਦੁਆਰੇ ਅੰਦਰ ਪ੍ਰਾਥਨਾ ਕੀਤੀ। ਗੁਰੂ ਨਾਨਕ ਦਰਬਾਰ ਗੁਰਦੁਆਰੇ ਦੇ ਚੇਅਰਮੈਨ ਸੁਰਿੰਦਰ ਸਿੰਘ ਕੰਧਾਰੀ ਦੇ ਹਵਾਲੇ ਨਾਲ 'ਖਲੀਜ ਟਾਈਮਜ਼' ਨੇ ਲਿਖਿਆ ਕਿ ਇਫ਼ਤਾਰ ਲੋਕਾਂ ਨੂੰ ਇਕੱਠੇ ਕਰਨ ਲਈ ਸੀ। ਸ੍ਰੀ ਕੰਧਾਰੀ ਨੇ ਕਿਹਾ, 'ਵਿਸ਼ਵ ਅੱਜ ਕੱਟੜਵਾਦ ਨਾਲ ਜੂਝ ਰਿਹਾ ਹੈ ਅਤੇ ਇਸ ਨੂੰ ਮਾਤ ਦੇਣ ਦਾ ਸਭ ਤੋਂ ਵਧੀਆ ਰਾਹ ਵੱਖ-ਵੱਖ ਧਰਮਾਂ ਅਤੇ ਮੁਲਕਾਂ ਦੇ ਲੋਕਾਂ ਵਿਚਾਲੇ ਮਿੱਤਰਤਾ ਦੀ ਭਾਵਨਾ ਪੈਦਾ ਕਰਨਾ ਹੈ। ਇਹ ਸਿਰਫ ਗੱਲਬਾਤ ਰਾਹੀਂ ਹੋ ਸਕਦਾ ਹੈ।'

ਦੁਬਈ ਵਿਚ ਭਾਰਤੀ ਕੌਂਸਲ ਜਨਰਲ ਵਿਪੁਲ ਨੇ ਕਿਹਾ ਕਿ ਸਾਰੇ ਧਰਮਾਂ ਤੇ ਭਾਈਚਾਰਿਆਂ ਨੂੰ ਇਕ ਮੰਚ 'ਤੇ ਲਿਆ ਕੇ ਇਹ ਗੁਰਦੁਆਰਾ ਵੱਡੀ ਸੇਵਾ ਕਰ ਰਿਹਾ ਹੈ। ਉਨ੍ਹਾਂ ਨੇ ਉਦਾਹਰਣ ਦਿੰਦਿਆਂ ਦੱਸਿਆ ਕਿ ਇਸ ਗੁਰਦੁਆਰੇ ਨੇ ਅਪਰੈਲ ਵਿਚ 101 ਮੁਲਕਾਂ ਦੇ ਨਾਗਰਿਕਾਂ ਲਈ ਲੰਗਰ ਦਾ ਪ੍ਰਬੰਧ ਕਰ ਕੇ ਗਿੰਨੀਜ਼ ਵਿਸ਼ਵ ਰਿਕਾਰਡ ਬਣਾਇਆ ਸੀ। ਰੋਜ਼ਾਨਾ ਗੁਰਦੁਆਰੇ ਆਉਣ ਵਾਲੇ ਬੈਲਜੀਅਮ ਦੇ ਮਿਚੇਲ ਪੀਟਰਜ਼ ਨੇ ਕਿਹਾ ਕਿ ਇਕ ਇਸਾਈ ਵਜੋਂ ਗੁਰਦੁਆਰੇ 'ਚ ਇਫ਼ਤਾਰ ਦੀ ਦਾਅਵਤ ਉਤੇ ਜਾਣਾ ਯੂ.ਏ.ਈ. ਵਿਚ ਇਕ ਬੇਹੱਦ ਖਾਸ ਤਜਰਬਾ ਸੀ।

# ਬਾਦਲਾਂ ਦੇ ਸੇਵਾ ਕੇਂਦਰਾਂ ਨੂੰ ਕੈਪਟਨ ਸਰਕਾਰ ਨੇ ਲਾਏ ਜਿੰਦਰੇ

**ਬਠਿੰਡਾ:** ਪਿੰਡਾਂ ਦੇ ਲੋਕਾਂ ਦੀ ਸਹੂਲਤ ਲਈ ਵੱਖ-ਵੱਖ ਥਾਵਾਂ ਉਤੇ ਸਾਬਕਾ ਬਾਦਲ ਸਰਕਾਰ ਵੱਲੋਂ ਖੋਲ੍ਹੇ ਗਏ ਸੇਵਾ ਕੇਂਦਰਾਂ ਨੂੰ ਕਾਂਗਰਸ ਸਰਕਾਰ ਬੰਦ ਕਰਨ ਜਾ ਰਹੀ ਹੈ। ਬਠਿੰਡਾ ਜ਼ਿਲ੍ਹੇ ਦੇ 124 ਵਿਚੋਂ 67 ਸੇਵਾ ਕੇਂਦਰ ਬੰਦ ਹੋਣ ਜਾ ਰਹੇ ਹਨ। ਸਰਕਾਰ ਦੇ ਇਸ ਫੈਸਲੇ ਕਾਰਨ ਪਿੰਡਾਂ ਦੇ ਲੋਕਾਂ ਵਿਚ ਜ਼ਬਰਦਸਤ ਨਾਰਾਜ਼ਗੀ ਪਾਈ ਜਾ ਰਹੀ ਹੈ।

ਪਿੰਡਾਂ ਦੇ ਲੋਕਾਂ ਦਾ ਕਹਿਣਾ ਹੈ ਕਿ ਸੇਵਾ ਕੇਂਦਰ ਨੇੜੇ ਖੁੱਲ੍ਹਣ ਕਾਰਨ ਉਨ੍ਹਾਂ ਦੇ ਕੰਮ ਆਸਾਨੀ ਨਾਲ ਹੋ ਜਾਂਦੇ ਸਨ। ਹੁਣ ਫਿਰ ਤੋਂ ਤਹਿਸੀਲਾਂ ਤੇ ਕਚਹਿਰੀਆਂ ਦੇ ਚੱਕਰ ਮਾਰਨੇ ਪੈਣਗੇ। ਅਸਲ ਵਿਚ, ਇਨ੍ਹਾਂ ਸੇਵਾ ਕੇਂਦਰਾਂ ਵਿਚ ਲੋਕਾਂ ਦੇ ਪਾਣੀ ਤੇ ਬਿਜਲੀ ਦੇ ਬਿੱਲ, ਡਰਾਵੀਇੰਗ ਲਾਇਸੰਸ, ਜਾਤੀ ਸਰਟੀਫਿਕੇਟ ਆਦਿ ਦੇ ਕੰਮ ਹੁੰਦੇ ਸਨ।

ਹੁਣ ਇਹ ਬੰਦ ਹੋਣ ਕਾਰਨ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨ ਪੈ ਸਕਦਾ ਹੈ। ਦੂਜੇ ਪਾਸੇ ਬਠਿੰਡਾ ਦੇ ਡੀ.ਸੀ. ਦੀਪ੍ਰਭਾ ਦਾ ਕਹਿਣਾ ਹੈ



ਕਿ ਸੇਵਾ ਕੇਂਦਰਾਂ ਵਿਚ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਕਰ ਕੇ ਇਨ੍ਹਾਂ ਨੂੰ ਬੰਦ ਕੀਤਾ ਜਾ ਰਿਹਾ ਹੈ।

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening
• 8 Drive Tires For $3300
Kelly KDA
• Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

ਪੰਜਾਬ ਟਾਈਮਜ਼

ਸਨਿਚਰਵਾਰ, 24 ਜੂਨ 2017

## ਨਵੀਂ ਸਰਕਾਰ ਦੀ ਪਹਿਲੀ ਉਡਾਣ

ਕੈਪਟਨ ਸਰਕਾਰ ਨੂੰ ਬਣਿਆਂ ਭਾਵੇਂ ਤਿੰਨ ਮਹੀਨੇ ਲੰਘ ਗਏ ਹਨ, ਪਰ ਅਜੇ ਤੱਕ ਇਹ ਸਰਕਾਰ ਕੋਈ ਲੀਹ-ਪਾੜਵਾਂ ਕਦਮ ਨਹੀਂ ਉਠਾ ਸਕੀ ਜਿਸ ਦੀ ਇਸ ਵੇਲੇ ਪੰਜਾਬ ਅਤੇ ਪੰਜਾਬ ਦੇ ਲੋਕਾਂ ਨੂੰ ਬੇਹੱਦ ਜ਼ਰੂਰਤ ਹੈ। ਸੂਬਾ ਇਸ ਵੇਲੇ ਤੰਗਦਸਤੀ ਵਾਲੇ ਮਾਹੌਲ ਵਿਚੋਂ ਲੰਘ ਰਿਹਾ ਹੈ। ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਆਪਣੇ ਆਖਰੀ ਸਮੇਂ ਦੌਰਾਨ ਖਜ਼ਾਨਾ ਜਿਸ ਢੰਗ ਨਾਲ ਉਜਾੜਿਆ, ਉਸ ਨਾਲ ਇਹੀ ਹਸ਼ਰ ਹੋਣਾ ਸੀ। ਹਾਲਾਤ ਇਹ ਬਣ ਗਏ ਸਨ ਕਿ ਰਿਜ਼ਰਵ ਬੈਂਕ ਨੇ ਸੂਬੇ ਦੀਆਂ ਅਦਾਇਗੀਆਂ ਤੱਕ ਰੋਕ ਦਿੱਤੀਆਂ ਸਨ। ਅਜਿਹੇ ਹਾਲਾਤ ਵਿਚ ਕੋਈ ਉਚੀ ਉਡਾਣ ਭਰਨਾ ਸੰਭਵ ਨਹੀਂ ਹੁੰਦਾ, ਪਰ ਜਿਸ ਤਰ੍ਹਾਂ ਦੇ ਪ੍ਰਬੰਧਾਂ ਦਾ ਵਾਅਦਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਭਾਸ਼ਣ ਵਿਚ ਕੀਤਾ ਹੈ, ਉਸ ਤੋਂ ਕੁਝ ਕੁਝ ਆਸ ਬੱਝਦੀ ਹੈ। ਮਨਪ੍ਰੀਤ ਸਿੰਘ ਬਾਦਲ ਬਤੌਰ ਵਿੱਤ ਮੰਤਰੀ ਪਹਿਲਾਂ ਵੀ ਬਜਟ ਪੇਸ਼ ਕਰ ਚੁਕੇ ਹਨ, ਪਰ ਐਤਕੀਂ ਵਾਲਾ ਬਜਟ ਪਹਿਲੇ ਬਜਟਾਂ ਤੋਂ ਇਸ ਕਰ ਕੇ ਵੱਖਰਾ ਹੈ, ਕਿਉਂਕਿ ਇਸ ਵਿਚ ਤਿੰਨ ਅਹਿਮ ਮੁੱਦਿਆਂ ਵੱਲ ਧਿਆਨ ਵਧੇਰੇ ਲਾਇਆ ਗਿਆ ਹੈ। ਇਹ ਤਿੰਨ ਮੁੱਦੇ ਸਿੱਖਿਆ, ਸਿਹਤ ਅਤੇ ਖੇਤੀ ਦੇ ਹਨ। ਤਿੰਨੇ ਖੇਤਰ ਬੇਹੱਦ ਸੰਕਟ ਵਿਚੋਂ ਲੰਘ ਰਹੇ ਹਨ। ਉਂਜ, ਹੁਣ ਮਸਲਾ ਇਹ ਹੈ ਕਿ ਐਲਾਨੇ ਗਏ ਪ੍ਰਬੰਧਾਂ ਲਈ ਪੈਸਾ ਆਉਣਾ ਕਿਥੋਂ ਹੈ? ਇਸ ਬਾਬਤ ਸਮੁੱਚਾ ਬਜਟ ਤਕਰੀਬਨ ਖਾਮੋਸ਼ ਹੀ ਹੈ। ਉਂਜ ਇਕ ਗੱਲ ਸਪਸ਼ਟ ਹੈ ਕਿ ਭਾਵੇਂ ਚੁਫੇਰਿਓਂ ਪੈ ਰਹੇ ਦਬਾਅ ਕਾਰਨ ਹੀ ਸਹੀ, ਜੇ ਕੈਪਟਨ ਸਰਕਾਰ ਆਪਣੇ ਪਹਿਲੇ ਸਾਲ ਦੌਰਾਨ ਇਨ੍ਹਾਂ ਸੰਕਟਾਂ ਦੇ ਹੱਲ ਲਈ ਕੁਝ ਨੁਕਤੇ ਲੀਹ ਉਤੇ ਲਿਆਉਣ ਵਿਚ ਸਫਲ ਹੋ ਗਈ ਤਾਂ ਇਹ ਸਰਕਾਰ ਦਾ ਖਾਸ ਹਾਸਲ ਮੰਨਿਆ ਜਾਵੇਗਾ। ਇਸ ਮਾਮਲੇ ਵਿਚ ਸਰਕਾਰ ਨੂੰ ਨੌਕਰਸ਼ਾਹੀ ਦੀ ਤਾਨਾਸ਼ਾਹੀ ਅਤੇ ਭ੍ਰਿਸ਼ਟਾਚਾਰ ਦੀ ਮਾਰ ਨੂੰ ਖੁੰਢਾ ਕਰਦਿਆਂ ਇਨ੍ਹਾਂ ਖਿਲਾਫ ਸਖਤ ਪੈਂਤੜੇ ਮੱਲਣੇ ਪੈਣਗੇ।

ਵਿੱਤ ਮੰਤਰੀ ਬਾਦਲ ਨੇ ਐਨ.ਆਰ.ਆਈਜ਼ ਦੀਆਂ ਸ਼ਿਕਾਇਤਾਂ ਦੇ ਤੁਰੰਤ ਨਿਬੇੜੇ ਲਈ ਲੋਕ ਪਾਲ ਬਣਾਉਣ ਦਾ ਐਲਾਨ ਕੀਤਾ ਹੈ। ਇਸ ਲਈ ਬਾਕਾਇਦਾ ਕਾਨੂੰਨ ਬਣਾਇਆ ਜਾਵੇਗਾ। ਪਿਛਲੀ ਸਰਕਾਰ ਨੇ ਵੀ ਭਾਵੇਂ ਐਨ.ਆਰ.ਆਈਜ਼ ਲਈ ਉਚੇਚੇ ਥਾਣੇ ਆਦਿ ਬਣਾਏ ਸਨ, ਪਰ ਕੁੱਲ ਮਿਲਾ ਕੇ ਹਾਲਾਤ ਜਿਉਂ ਦੇ ਤਿਉਂ ਹੀ ਰਹੇ। ਅਸਲ ਵਿਚ ਮਸਲਾ, ਅਜਿਹੇ ਫੈਸਲਿਆਂ ਨੂੰ ਤੋੜ ਤੱਕ ਲਾਗੂ ਕਰਨ ਦਾ ਹੁੰਦਾ ਹੈ। ਬਣਨ ਵਾਲਾ ਲੋਕ ਪਾਲ ਕਿਸ ਤਰ੍ਹਾਂ ਐਨ.ਆਰ.ਆਈਜ਼ ਦੇ ਮਾਮਲੇ ਨਜਿੱਠਦਾ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਪਰ ਇਸ ਕਦਮ ਨਾਲ ਵਿੱਤ ਮੰਤਰੀ ਦੇ ਪਰਵਾਸੀ-ਪ੍ਰੇਮ ਵਾਲੀ ਗੱਲ ਜ਼ਰੂਰ ਉਭਰ ਕੇ ਸਾਹਮਣੇ ਆਈ ਹੈ। 2012 ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਜਦੋਂ ਮਨਪ੍ਰੀਤ ਸਿੰਘ ਬਾਦਲ ਨੇ ਵੱਖਰੇ ਹੋ ਕੇ ਚੋਣਾਂ ਲੜਨ ਦਾ ਐਲਾਨ ਕੀਤਾ ਸੀ ਤਾਂ ਪਰਵਾਸੀਆਂ ਨੇ ਉਨ੍ਹਾਂ ਨੂੰ ਭਰਪੂਰ ਹੁੰਗਾਰਾ ਭਰਿਆ ਸੀ। ਇਸ ਵਾਰ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਬਹੁ-ਗਿਣਤੀ ਪਰਵਾਸੀਆਂ ਦਾ ਝੁਕਾਅ ਭਾਵੇਂ ਨਵੀਂ ਉਠੀ ਆਸ ਦੀ ਕਿਰਨ ਆਮ ਆਦਮੀ ਪਾਰਟੀ ਵੱਲ ਸੀ, ਪਰ ਲੰਘੀਆਂ ਵਿਧਾਨ ਸਭਾ ਚੋਣਾਂ ਅਤੇ ਹੁਣ ਮਨਪ੍ਰੀਤ ਸਿੰਘ ਬਾਦਲ ਵੱਲੋਂ ਕੀਤੇ ਐਲਾਨ ਨਾਲ ਇਹ ਗੱਲ ਨਿੱਤਰ ਗਈ ਹੈ ਕਿ ਪੰਜਾਬ ਦੀ ਸਿਆਸਤ ਵਿਚ ਪਰਵਾਸੀਆਂ ਦੀ ਹੋਂਦ ਭਰਪੂਰ ਰੂਪ ਵਿਚ ਗੌਲੀ ਜਾਣ ਲੱਗੀ ਹੈ। ਮੋੜਵੇਂ ਰੂਪ ਵਿਚ ਪਰਵਾਸੀ ਇਸ ਸੱਚਾਈ ਨਾਲ ਕਿਵੇਂ ਦੋ-ਚਾਰ ਹੁੰਦੇ ਹਨ, ਉਸ ਤੋਂ ਅਗਲੀਆਂ ਨੀਤੀਆਂ-ਰਣਨੀਤੀਆਂ ਬਾਰੇ ਅੰਦਾਜ਼ਾ ਲਗਾਉਣਾ ਹੁਣ ਕੋਈ ਔਖਾ ਨਹੀਂ। ਅਸਲ ਵਿਚ ਪਰਵਾਸੀਆਂ ਦੇ ਕੁਝ ਕੁ ਮਸਲੇ ਅਜਿਹੇ ਹਨ ਜਿਹੜੇ ਫੌਰੀ ਧਿਆਨ ਦੀ ਮੰਗ ਕਰਦੇ ਹਨ। ਸਭ ਤੋਂ ਵੱਡਾ ਮਸਲਾ ਪਰਵਾਸੀਆਂ ਦੀ ਜਾਇਦਾਦਾਂ ਦੀ ਰਾਖੀ ਦਾ ਹੈ ਜਿਸ ਕਰ ਕੇ ਪੰਜਾਬ ਗਿਣਵੇਂ ਦਿਨਾਂ ਲਈ ਜਾਂਦੇ ਪਰਵਾਸੀਆਂ ਦੇ ਪੱਲੇ ਖੱਜਲ-ਖੁਆਰੀ ਅਤੇ ਮਾਯੂਸੀ ਹੀ ਪੈਂਦੀ ਹੈ।

ਜਿਹਾ ਕਿ ਹੁਣ ਤੱਕ ਦੀ ਰੀਤ ਹੈ, ਵਿਰੋਧੀ ਧਿਰ ਨੇ ਇਸ ਬਜਟ ਦੀ ਨੁਕਤਾਚੀਨੀ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਤਾਂ ਬਜਟ ਪੇਸ਼ ਕਰਨ ਮੌਕੇ ਨਾਅਰੇ ਵੀ ਲਾਏ। ਹੋਰ ਤਾਂ ਹੋਰ, ਇਕ ਦਿਨ ਪਹਿਲਾਂ ਜਦੋਂ ਵਿੱਤ ਮੰਤਰੀ ਨੇ ਪਿਛਲੀ ਸਰਕਾਰ ਦੀਆਂ ਨਾਕਾਮੀਆਂ ਦਰਸਾਉਂਦਾ 'ਵ੍ਹਾਈਟ ਪੇਪਰ' ਲਿਆਂਦਾ ਤਾਂ ਅਕਾਲੀ ਦਲ ਨੇ ਵੀ ਇਸ ਦੇ ਬਰਾਬਰ ਆਪਣਾ 'ਵ੍ਹਾਈਟ ਪੇਪਰ' ਲੈ ਆਂਦਾ। ਇਸੇ ਤਰ੍ਹਾਂ ਦੀ ਨਿਰੀ ਸਿਆਸਤ ਇਸ ਦਲ ਵੱਲੋਂ ਸਾਬਕਾ ਪੁਲਿਸ ਮੁਖੀ ਕੇ.ਪੀ.ਐਸ. ਗਿੱਲ ਨੂੰ ਸਦਨ ਵਿਚ ਸ਼ਰਧਾਂਜਲੀ ਪੇਸ਼ ਕਰਨ ਮੌਕੇ ਕੀਤੀ ਗਈ; ਹਾਲਾਂਕਿ ਜੱਗ ਜਾਣਦਾ ਹੈ ਕਿ ਗਿੱਲ ਦੇ ਚੇਲੇ ਰਹੇ ਪੁਲਿਸ ਅਫਸਰਾਂ ਨੂੰ ਅਕਾਲੀ-ਭਾਜਪਾ ਸਰਕਾਰ ਨੇ ਕਿੰਨੀਆਂ ਮੌਜਾਂ ਕਰਵਾਈਆਂ। ਖੈਰ, ਹੁਣ ਸਾਰਾ ਮਸਲਾ ਨਵੀਂ ਸਰਕਾਰ ਦੀ ਕਾਰਗੁਜ਼ਾਰੀ ਦਾ ਹੈ। ਤੱਥ ਇਹੀ ਹਨ ਕਿ ਨਵੀਂ ਸਰਕਾਰ ਨੂੰ ਪਿਛਲੀ ਸਰਕਾਰ ਤੋਂ ਖਜ਼ਾਨਾ ਖਾਲੀ ਮਿਲਿਆ ਹੈ, ਪਰ ਕਾਂਗਰਸ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਜੋ ਵਾਅਦੇ ਅਤੇ ਦਾਅਵੇ ਕੀਤੇ ਹਨ, ਉਹ ਹਰ ਔਕੜ ਦੇ ਬਾਵਜੂਦ ਇਸ ਸਰਕਾਰ ਨੇ ਹੀ ਪੂਰੇ ਕਰਨੇ ਹਨ। ਪਿਛਲੀ ਸਰਕਾਰ ਦੀ ਨੁਕਤਾਚੀਨੀ ਇਕ ਸੀਮਾ ਤੱਕ ਜਾਇਜ਼ ਹੈ, ਪਰ ਪੰਜਾਬ ਅਤੇ ਪੰਜਾਬੀਆਂ ਦੀ ਤਰੱਕੀ ਦੇ ਰਾਹ ਹੁਣ ਨਵੀਂ ਸਰਕਾਰ ਨੇ ਹੀ ਮੋਕਲੇ ਕਰਨੇ ਹਨ। ਹੁਣ ਚੰਗਾ ਇਹੀ ਹੋਵੇਗਾ ਕਿ ਨਵੀਂ ਸਰਕਾਰ ਪਿਛਲੀ ਸਰਕਾਰ ਦੀ ਨੁਕਤਾਚੀਨੀ ਛੱਡ ਕੇ ਖੁਦ ਕੁਝ ਕਰ ਕੇ ਦਿਖਾਵੇ। ਕੈਪਟਨ ਸਰਕਾਰ ਦੇ ਪਹਿਲੇ ਬਜਟ ਵਿਚ ਕੁਝ ਕਰ ਗੁਜ਼ਰਨ ਦੀ ਗੱਲ ਦੀ ਕਨਸੋਅ ਤਾਂ ਮਿਲਦੀ ਹੈ, ਪਰ ਜਿਸ ਤਰ੍ਹਾਂ ਦੇ ਵੱਡੇ ਫੈਸਲਿਆਂ ਦੀ ਲੋੜ ਇਸ ਵੇਲੇ ਪੰਜਾਬ ਨੂੰ ਹੈ, ਉਸ ਲਈ ਪਹਿਲਾਂ ਤਰਜੀਹਾਂ ਮਿਥਣੀਆਂ ਪੈਣਗੀਆਂ। ਇਹ ਤਰਜੀਹਾਂ ਲੋਕਾਂ ਦੇ ਆਮ ਮਸਲਿਆਂ ਦੀਆਂ ਹੀ ਹੋਣੀਆਂ ਚਾਹੀਦੀਆਂ ਹਨ, ਕਿਉਂਕਿ ਜਿਸ ਤਰ੍ਹਾਂ ਦਾ ਤਾਣਾ-ਬਾਣਾ ਸਮੁੱਚੇ ਮੁਲਕ ਵਿਚ ਅੱਜ ਮੌਜੂਦ ਹੈ, ਉਸ ਦਾ ਪਹਿਲਾ ਅਤੇ ਆਖਰੀ ਪੀੜਤ, ਆਮ ਬੰਦਾ ਹੀ ਹੈ। ਇਸ ਲਈ ਸਭ ਤੋਂ ਪਹਿਲੀ ਗੱਲ ਇਸ ਆਮ ਬੰਦੇ ਹੀ ਹੋਣੀ ਚਾਹੀਦੀ ਹੈ ਅਤੇ ਨੀਤੀਆਂ-ਰਣਨੀਤੀਆਂ ਵੀ ਇਸੇ ਮੁਤਾਬਕ ਬਣਨੀਆਂ ਚਾਹੀਦੀਆਂ ਹਨ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਨੈਟ ਤੇ ਨਿਆਣੇ*

ਸਮਾਂ ਬਦਲਿਆ ਤੇਜੀ ਨਾਲ ਯਾਰੋ, ਲਗਦਾ ਭੇਤ ਨਾ ਕੁਦਰਤ ਦੇ ਭਾਣਿਆਂ ਦਾ।
ਨਵੇਂ ਪੋਚ ਨੇ ਦੇਸੀ ਖੁਰਾਕ ਛੱਡੀ, ਚਸਕਾ ਪੈ ਗਿਆ ਚਟਪਟੇ ਖਾਣਿਆਂ ਦਾ।
ਕੰਨ ਧਰੇ ਨਾ ਵੱਡਿਆਂ ਵੱਲ ਕੋਈ, ਜੀਣਾ ਦੁੱਭਰ ਹੋ ਗਿਐ ਸਿਆਣਿਆਂ ਦਾ।
ਰਾਹ ਪਏ ਨੇ ਐਸ਼ਪ੍ਰਸਤੀਆਂ ਦੇ, ਭਾਅ ਪਤਾ ਨਾ ਆਟੇ-ਦਾਣਿਆਂ ਦਾ।
ਵਿਰਸੇ ਤੇ ਭਵਿੱਖ ਦਾ ਫਿਕਰ ਕੋਈ ਨਾ, ਭੁੱਸ ਪਿਆ ਮੋਬਾਇਲ ਤੇ ਗਾਣਿਆਂ ਦਾ।
ਭੱਠ ਝੋਕਦੇ ਰਹਿਣ ਬੇਸ਼ੱਕ ਮਾਪੇ, 'ਨੈਟ' ਚੱਲਣਾ ਚਾਹੀਦਾ ਨਿਆਣਿਆਂ ਦਾ!

# ਪੰਜਾਬ ਦੀ ਉਚ ਸਿਖਿਆ ਵਿਚ ਨਿਘਾਰ ਕਿਉਂ?

***ਯੂਨੀਵਰਸਿਟੀਆਂ ਦੀ ਵਰਤਮਾਨ ਹਾਲਤ ਦਾ ਲੇਖਾ-ਜੋਖਾ ਕਰੀਏ ਤਾਂ ਇਹ ਆਪਣੇ ਮੂਲ ਸਿਧਾਂਤਾਂ ਤੋਂ ਭਟਕਦੀਆਂ ਨਜ਼ਰ ਆ ਰਹੀਆਂ ਹਨ। ਸਮਾਜ ਵਿਗਿਆਨਾਂ, ਸਾਹਿਤ, ਸਭਿਆਚਾਰਾਂ ਅਤੇ ਭਾਸ਼ਾਵਾਂ ਨਾਲ ਸਬੰਧਿਤ ਵਿਭਾਗਾਂ ਦੀ ਲਗਾਤਾਰ ਅਣਦੇਖੀ ਹੋ ਰਹੀ ਹੈ। ਹੁਣ ਜਦੋਂ ਇਹ ਯੂਨੀਵਰਸਿਟੀਆਂ ਵਾਈਸ ਚਾਂਸਲਰਾਂ ਤੋਂ ਵਿਰਵੀਆਂ ਹਨ ਤਾਂ ਵਾਈਸ ਚਾਂਸਲਰਾਂ ਦੀ ਚੋਣ ਲਈ ਅਪਨਾਈ ਜਾ ਰਹੀ ਪ੍ਰਕਿਰਿਆ ਨੂੰ ਵੀ ਮਕਾਨਕੀ ਬਣਾਇਆ ਜਾ ਰਿਹਾ ਹੈ। ਇਸ ਵੱਕਾਰੀ ਅਹੁਦੇ ਲਈ ਕਲਰਕਾਂ ਦੀ ਭਰਤੀ ਵਾਂਗ ਅਰਜ਼ੀਆਂ ਮੰਗੀਆਂ ਗਈਆਂ।***

ਪੰਜਾਬ ਦੀਆਂ ਦੋ ਮੁੱਖ ਯੂਨੀਵਰਸਿਟੀਆਂ ਵਾਈਸ ਚਾਂਸਲਰਾਂ ਤੋਂ ਵਿਰਵੀਆਂ ਹਨ। ਕਈ ਕਾਲਜਾਂ ਵਿਚ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖਾਲੀ ਹਨ। ਕੰਮ-ਚਲਾਊ ਪ੍ਰਬੰਧ ਨਾਲ ਡੰਗ ਟਪਾਇਆ ਜਾ ਰਿਹਾ ਹੈ। ਪ੍ਰਾਈਵੇਟ ਕਾਲਜਾਂ ਵਿਚ ਖਾਲੀ ਪਈਆਂ ਅਸਿਸਟੈਂਟ ਪ੍ਰੋਫ਼ੈਸਰਾਂ ਦੀਆਂ ਅਸਾਮੀਆਂ ਨੂੰ ਅੱਧੇ ਮਨ ਨਾਲ ਮੁੱਢਲੀ ਤਨਖ਼ਾਹ ਉਤੇ ਤਿੰਨ ਸਾਲਾਂ ਲਈ ਭਰਨ ਦੀ ਮਨਜ਼ੂਰੀ ਦੇ ਕੇ ਹਰ ਸਾਲ 20 ਪ੍ਰਤੀਸ਼ਤ ਤੱਕ ਭਰੇ ਜਾਣ ਦੀ ਸ਼ਰਤ ਲਗਾਈ ਹੋਈ, ਪਰ ਭਵਿਖ ਅਸੁਰੱਖਿਅਤ ਹੈ।

**ਡਾ. ਲਖਵਿੰਦਰ ਸਿੰਘ ਜੌਹਲ**
ਫੋਨ: +91-94171-94812

ਸਰਕਾਰੀ ਕਾਲਜਾਂ ਵਿਚ ਸਿਰਫ਼ 517 ਅਸਿਸਟੈਂਟ ਪ੍ਰੋਫ਼ੈਸਰ ਅਤੇ ਐਸੋਸੀਏਟ ਪ੍ਰੋਫ਼ੈਸਰ ਹਨ ਜਿਹੜੇ 48 ਕਾਲਜਾਂ ਵਿਚ ਪੜ੍ਹਨ ਵਾਲੇ ਬੱਚਿਆਂ ਨੂੰ ਸਿੱਖਿਆ ਦੇ ਰਹੇ ਹਨ; ਭਾਵ ਪ੍ਰਤੀ ਕਾਲਜ ਅਧਿਆਪਕਾਂ ਦੀ ਗਿਣਤੀ ਦਸ ਤੋਂ ਬਾਰਾਂ ਤੱਕ ਹੈ। ਇਹ ਵੀ ਸ਼ਹਿਰੀ ਕਾਲਜਾਂ ਤੱਕ ਸੀਮਤ ਹੈ। ਪੇਂਡੂ ਕਾਲਜ ਪੂਰੀ ਤਰ੍ਹਾਂ ਠੱਪ ਹਨ। ਨਾ ਵਿਦਿਆਰਥੀਆਂ ਲਈ ਕਮਰੇ ਹਨ, ਨਾ ਬੈਠਣ ਲਈ ਬੈਂਚ; ਨਾ ਚੰਗੀਆਂ ਲਾਇਬ੍ਰੇਰੀਆਂ ਹਨ, ਨਾ ਲੈਬਾਰੇਟਰੀਆਂ: ਨਾ ਆਧੁਨਿਕ ਸਾਜ਼ੋ-ਸਮਾਨ, ਨਾ ਇੰਸਟ੍ਰਕਟਰ ਤੇ ਨਾ ਲੋੜੀਂਦੇ ਵਾਸ਼ਰੂਮ ਹਨ।

ਸਰਕਾਰਾਂ ਬਦਲ ਰਹੀਆਂ ਹਨ, ਪਰ ਨੀਤੀਆਂ ਨਹੀਂ। ਇੱਛਾ-ਸ਼ਕਤੀ ਸੁੱਤੀ ਹੋਈ ਹੈ। ਭਾਸ਼ਾ ਨੀਤੀ ਕਿਸੇ ਵੀ ਸਰਕਾਰ ਦੇ ਏਜੰਡੇ ਉਤੇ ਨਹੀਂ। ਸਭਿਆਚਾਰਕ ਨੀਤੀ ਬਾਰੇ ਜ਼ੁਬਾਨੀ ਜਮ੍ਹਾਂ-ਖ਼ਰਚ ਤੋਂ ਗੱਲ ਅੱਗੇ ਨਹੀਂ ਤੁਰਦੀ। ਬੇਰੁਜ਼ਗਾਰੀ, ਨਸ਼ੇ ਅਤੇ ਅਸੁਰੱਖਿਆ ਦਿਨੋ-ਦਿਨ ਵਧ ਰਹੇ ਹਨ।

ਸਿੱਖਿਆ ਦੇ ਪ੍ਰਬੰਧ ਅਤੇ ਮਾਹੌਲ ਨੂੰ ਬਿਹਤਰ ਬਣਾਉਣ ਦਾ ਅਮਲ ਸਰਕਾਰੀ ਨੀਤੀਆਂ ਤੋਂ ਸ਼ੁਰੂ ਹੋ ਕੇ ਵਾਈਸ ਚਾਂਸਲਰਾਂ ਰਾਹੀਂ ਹੁੰਦਾ ਹੋਇਆ, ਪ੍ਰਿੰਸੀਪਲਾਂ ਅਤੇ ਅਧਿਆਪਕਾਂ ਤੱਕ ਪਹੁੰਚਦਾ ਹੈ। ਇਉਂ ਵਿਦਿਆਰਥੀ ਤੱਕ ਪਹੁੰਚਣ ਵਾਲਾ ਇਹ ਸਿਲਸਿਲਾ ਚਾਰ ਪੜਾਵਾਂ ਵਿਚੋਂ ਗੁਜ਼ਰਦਾ ਹੈ; ਜਿਥੇ ਉਸ ਨੇ ਵਿਆਪਕ ਸੂਝ ਦਾ ਸੰਚਾਰ ਕਰਨਾ ਹੈ, ਉਥੇ ਭਵਿੱਖ ਦੇ ਨਿਰਮਾਣ ਵਿਚ ਆਪਣਾ ਯੋਗਦਾਨ ਪਾਉਣਾ ਹੈ, ਪਰ ਇਹ ਉਦੋਂ ਹੀ ਸੰਭਵ ਹੋਵੇਗਾ, ਜੇ ਸਰਕਾਰ ਦੀ ਇੱਛਾ-ਸ਼ਕਤੀ ਅਤੇ ਸੰਵੇਦਨਾ ਹਾਲਾਤ ਦੀਆਂ ਗੁੰਝਲਾਂ ਸਮਝਣ ਦੇ ਸਮਰੱਥ ਹੋਵੇਗੀ ਅਤੇ ਇਸ ਇੱਛਾ-ਸ਼ਕਤੀ ਤੇ ਸੰਵੇਦਨਾ ਨੂੰ ਸਿੱਖਿਆ ਸੰਸਥਾਵਾਂ ਤੱਕ ਪਹੁੰਚਾਉਣ ਲਈ ਵਧੀਆ ਵਾਹਕ ਹੋਵੇਗਾ। ਇਨ੍ਹਾਂ ਵਾਹਕਾਂ ਦਾ ਸਿਰਮੌਰ ਹੁੰਦਾ ਹੈ ਕਿਸੇ ਯੂਨੀਵਰਸਿਟੀ ਦਾ ਵਾਈਸ ਚਾਂਸਲਰ, ਜਿਸ ਨੇ ਸਮੇਂ ਦੀਆਂ ਵੰਗਾਰਾਂ ਨੂੰ ਸਮਝਦੇ ਹੋਏ ਕਾਲਜਾਂ ਅਤੇ ਸਰਕਾਰਾਂ ਵਿਚਕਾਰ ਪੁਲ ਦੀ ਭੂਮਿਕਾ ਨਿਭਾਉਣੀ ਹੁੰਦੀ ਹੈ। ਤਜਰਬਾ ਦੱਸਦਾ ਹੈ ਕਿ ਜਦੋਂ ਵੀ ਕਿਸੇ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਕਿਸੇ ਸਮਰੱਥ ਸ਼ਖ਼ਸੀਅਤ ਨੂੰ ਲਗਾਇਆ ਗਿਆ, ਉਦੋਂ ਹੀ ਸਿੱਖਿਆ ਵਿਚ ਸੁਧਾਰ ਦੀਆਂ ਗੁਣਾਤਮਿਕ ਤਬਦੀਲੀਆਂ ਵਾਪਰੀਆਂ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੈਲੰਡਰਾਂ ਵਿਚ ਦਰਜ ਆਸ਼ਿਆਂ ਅਤੇ ਮੰਤਵਾਂ ਦੀ ਘੋਖ ਕਰੀਏ ਤਾਂ ਪੰਜਾਬੀ ਯੂਨੀਵਰਸਿਟੀ ਬਾਰੇ ਲਿਖਿਆ ਗਿਆ ਹੈ- "ਮਾਨਵਿਕੀ ਵਿਸ਼ਿਆਂ, ਵਿਗਿਆਨਾਂ, ਵਿਦਵਾਨੀ ਪੇਸ਼ਿਆਂ ਅਤੇ ਵਿਦਿਆ ਦੀਆਂ ਹੋਰ ਸ਼ਾਖਾਵਾਂ ਅਤੇ ਅਧਿਐਨ ਕਾਰਜਾਂ ਦੇ ਨਾਲ ਨਾਲ ਪੰਜਾਬੀ ਅਧਿਐਨ ਨੂੰ ਤਰੱਕੀ ਦੇਣਾ, ਪੰਜਾਬੀ ਸਾਹਿਤ ਦੀ ਖੋਜ ਲਈ ਵਿਵਸਥਾ ਕਰਨਾ, ਪੰਜਾਬੀ ਭਾਸ਼ਾ ਦੇ ਵਿਕਾਸ ਲਈ ਉਪਰਾਲੇ ਕਰਨਾ ਅਤੇ ਜਿਤਨੇ ਵਿਸ਼ਿਆਂ ਲਈ ਵੀ ਸੰਭਵ ਹੋ ਸਕੇ ਇਸ ਨੂੰ ਪ੍ਰਗਤੀਸ਼ੀਲ ਰੂਪ ਦਿੰਦੇ ਹੋਏ ਸਿੱਖਿਆ-ਦੀਖਿਆ ਅਤੇ ਪ੍ਰੀਖਿਆ ਦੇ ਮਧਿਅਮ ਵਜੋਂ ਅਪਣਾਉਣਾ ਯੂਨੀਵਰਸਿਟੀ ਦਾ ਉਦੇਸ਼ ਹੋਵੇਗਾ।" ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਵੇਲੇ ਪੰਜਾਬ ਸਰਕਾਰ ਵੱਲੋਂ 30 ਅਪਰੈਲ 1962 ਨੂੰ ਇਹ ਆਰਡੀਨੈਂਸ ਜਾਰੀ ਕੀਤਾ ਗਿਆ ਸੀ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੈਲੰਡਰ (ਐਕਟ) ਜਿਸ ਨੂੰ 1975 ਵਿਚ ਸੋਧਿਆ ਵੀ ਗਿਆ, ਵਿਚ ਲਿਖਿਆ ਗਿਆ ਹੈ ਕਿ "ਸਮਾਜ ਵਿਗਿਆਨਾਂ ਦੇ ਨਾਲ ਨਾਲ ਪੰਜਾਬੀ ਅਧਿਐਨ ਨੂੰ ਉਤਸ਼ਾਹਿਤ ਕਰਨ, ਪੰਜਾਬੀ ਭਾਸ਼ਾ ਅਤੇ ਸਾਹਿਤ ਵਿਚ ਖੋਜ ਕਰਨ ਦੇ ਕਾਰਜਾਂ ਨੂੰ ਪਹਿਲ ਦਿੱਤੀ ਜਾਵੇਗੀ। ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਬਾਰੇ ਅਧਿਐਨ ਅਤੇ ਖੋਜ ਕਾਰਜ ਕਰਦੇ ਹੋਏ, ਇਨ੍ਹਾਂ ਦੇ ਧਾਰਮਿਕ ਅਤੇ ਸਭਿਆਚਾਰਕ ਪ੍ਰਭਾਵਾਂ ਨੂੰ ਭਾਰਤੀ ਅਤੇ ਸੰਸਾਰ ਸਭਿਆਚਾਰਾਂ ਦੇ ਪ੍ਰਸੰਗ ਵਿਚ ਘੋਖਿਆ ਜਾਵੇਗਾ।"

ਇਨ੍ਹਾਂ ਆਸ਼ਿਆਂ ਨੂੰ ਧਿਆਨ ਵਿਚ ਰੱਖ ਕੇ ਦੋਹਾਂ ਯੂਨੀਵਰਸਿਟੀਆਂ ਦੀ ਵਰਤਮਾਨ ਹਾਲਤ ਦਾ ਲੇਖਾ-ਜੋਖਾ ਕਰੀਏ ਤਾਂ ਇਹ ਦੋਵੇਂ ਆਪਣੇ ਮੂਲ ਸਿਧਾਂਤਾਂ ਤੋਂ ਭਟਕਦੀਆਂ ਨਜ਼ਰ ਆ ਰਹੀਆਂ ਹਨ। ਸਮਾਜ ਵਿਗਿਆਨਾਂ, ਸਾਹਿਤ, ਸਭਿਆਚਾਰਾਂ ਅਤੇ ਭਾਸ਼ਾਵਾਂ ਨਾਲ ਸਬੰਧਿਤ ਵਿਭਾਗਾਂ ਦੀ ਲਗਾਤਾਰ ਅਣਦੇਖੀ ਹੋ ਰਹੀ ਹੈ। ਹੁਣ ਜਦੋਂ ਇਹ ਯੂਨੀਵਰਸਿਟੀਆਂ ਵਾਈਸ ਚਾਂਸਲਰਾਂ ਤੋਂ ਵਿਰਵੀਆਂ ਹਨ ਤਾਂ ਵਾਈਸ ਚਾਂਸਲਰਾਂ ਦੀ ਚੋਣ ਲਈ ਅਪਣਾਈ ਜਾ ਰਹੀ ਪ੍ਰਕਿਰਿਆ ਨੂੰ ਵੀ ਮਕਾਨਕੀ ਬਣਾਇਆ ਜਾ ਰਿਹਾ ਹੈ। ਇਸ ਵੱਕਾਰੀ ਅਹੁਦੇ ਲਈ ਕਲਰਕਾਂ ਦੀ ਭਰਤੀ ਵਾਂਗ ਅਰਜ਼ੀਆਂ ਮੰਗੀਆਂ ਗਈਆਂ। ਇਸ ਅਹੁਦੇ ਲਈ ਬੇਨਤੀ ਪੱਤਰ ਭੇਜਣ ਵਾਲਿਆਂ ਵਿਚ ਉਹ ਸਾਰੇ 'ਵਿਦਵਾਨ' ਸ਼ਾਮਿਲ ਹਨ, ਜਿਨ੍ਹਾਂ ਨੇ ਕੁਝ ਸਾਲਾਂ ਤੱਕ ਵਿਭਾਗੀ ਤਰੱਕੀਆਂ ਪਾ ਕੇ ਪ੍ਰੋਫ਼ੈਸਰ ਦੇ ਅਹੁਦੇ ਦਾ ਆਨੰਦ ਮਾਣ ਲਿਆ ਹੈ। ਘੱਟੋ-ਘੱਟ ਯੋਗਤਾ ਦੀ ਸ਼ਰਤ ਪੂਰੀ ਹੋਣ ਕਰ ਕੇ ਖ਼ੁਦ ਨੂੰ ਵਾਈਸ ਚਾਂਸਲਰ ਲਈ ਯੋਗ ਸਮਝਣ ਦਾ ਭਰਮ ਪਾਲਣ ਦਾ ਹੱਕ, ਭਾਵੇਂ ਹਰ ਕਿਸੇ ਨੂੰ ਹੈ, ਪਰ ਇਸ ਵੱਕਾਰੀ ਅਹੁਦੇ ਦਾ ਗੌਰਵ ਪਾਉਣ ਵਾਲੇ ਵਿਦਵਾਨਾਂ ਦੀ ਚੋਣ ਦਾ ਆਧਾਰ ਅਤੇ ਤਰੀਕਾ ਅਜਿਹਾ ਹੋਣਾ ਕੋਈ ਚੰਗਾ ਸ਼ਗਨ ਨਹੀਂ ਹੈ। ਢਾਈ ਸੌ ਦੇ ਕਰੀਬ ਵਿਦਵਾਨ ਇਸ ਦੌੜ ਵਿਚ ਸ਼ਾਮਿਲ ਹਨ। ਜਿਸ ਪੰਜਾਬ ਵਿਚ ਪਿਛਲੇ ਕਈ ਸਾਲਾਂ ਵਿਚ ਕੋਈ ਮਿਆਰੀ ਕਿਤਾਬ ਛਪ ਕੇ ਸਾਹਮਣੇ ਨਾ ਆਈ ਹੋਵੇ; ਜਿਸ ਪੰਜਾਬ ਵਿਚ ਸਮਾਜ-ਸਭਿਆਚਾਰ, ਸਾਹਿਤ ਅਤੇ ਭਾਸ਼ਾ ਦੇ ਖੇਤਰ ਵਿਚ ਕੋਈ ਮੌਲਿਕ ਖੋਜ ਕਾਰਜ ਧਿਆਨ ਨਾ ਖਿੱਚ ਸਕਿਆ ਹੋਵੇ, ਉਥੇ ਵਾਈਸ ਚਾਂਸਲਰ ਦੇ ਅਹੁਦੇ ਲਈ ਇੰਨੇ ਵਿਦਵਾਨ ਕਿਵੇਂ ਹੋ ਗਏ? ਇਹ ਇਸ ਕਰ ਕੇ ਹੋ ਰਿਹਾ ਹੈ ਕਿਉਂਕਿ ਅਸੀਂ ਸਿੱਖਿਆ ਦੇ ਖੇਤਰ ਵਿਚ ਨਵੇਂ-ਨਵੇਂ ਪ੍ਰਯੋਗ ਕਰਦੇ ਹੋਏ ਮਸ਼ੀਨੀ ਬਣ ਗਏ ਹਾਂ। ਸਿੱਖਿਆ ਵਿਚ ਮਿਆਰ ਪੈਦਾ ਕਰਨ ਦੀ ਬਜਾਏ ਮਿਕਦਾਰ ਉਤੇ ਕੇਂਦਰਿਤ ਹੋ ਰਹੇ ਹਾਂ।

***ਕੁੱਲ 48 ਕਾਲਜਾਂ ਵਿਚ 1873 ਅਸਾਮੀਆਂ ਵਿਚੋਂ 1356 ਖਾਲੀ ਹਨ। ਇਨ੍ਹਾਂ ਅਸਾਮੀਆਂ ਉਤੇ ਕੱਚੇ ਲੈਕਚਰਰ ਹਨ ਜਿਹੜੇ ਪੀਰੀਅਡਾਂ ਤੇ ਦਿਹਾੜੀਆਂ ਦੇ ਆਧਾਰ ਉਤੇ ਹਨ। ਇਨ੍ਹਾਂ ਨੂੰ 10 ਤੋਂ 15 ਹਜ਼ਾਰ ਰੁਪਏ ਮਹੀਨਾ ਤਨਖ਼ਾਹ ਮਿਲਦੀ ਹੈ ਜੋ ਪੱਕੇ ਲੈਕਚਰਾਰਾਂ ਨਾਲੋਂ ਦਸ ਗੁਣਾ ਘੱਟ ਹੈ। ਪੱਕਾ ਲੈਕਚਰਰ ਭਾਵ ਅਸਿਸਟੈਂਟ ਪ੍ਰੋਫ਼ੈਸਰ ਜਾਂ ਐਸੋਸੀਏਟ ਪ੍ਰੋਫ਼ੈਸਰ ਇਕ ਤੋਂ ਡੇਢ ਲੱਖ ਰੁਪਏ ਤੱਕ ਤਨਖ਼ਾਹ ਲੈ ਰਿਹਾ ਹੈ। ਇਹ ਪਾੜਾ ਵਿਦਿਅਕ ਮਾਹੌਲ ਨੂੰ ਕਿਸ ਪਾਸੇ ਲਿਜਾ ਰਿਹਾ ਹੈ, ਇਸ ਦਾ ਕਿਆਸ ਲਾਉਣਾ ਕੋਈ ਮੁਸ਼ਕਿਲ ਨਹੀਂ ਹੈ।***

ਅਜਿਹੇ ਹਾਲਾਤ ਵਿਚ ਸਿੱਖਿਆ ਸਿਧਾਂਤਾਂ ਬਾਰੇ ਮੁੱਢ ਤੋਂ ਸੋਚਣ ਦੀ ਲੋੜ, ਪਰ ਸ਼ੁਰੂਆਤ ਤਦ ਹੀ ਹੋ ਸਕੇਗੀ, ਜੇ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਉਹ ਵਿਦਵਾਨ ਹੋਣਗੇ ਜਿਨ੍ਹਾਂ ਦੇ ਸੀਨੇ ਵਿਚ ਪੰਜਾਬ ਦੇ ਇਸ ਦਰਦ ਵਾਲਾ ਦਿਲ ਧੜਕਦਾ ਹੋਵੇਗਾ; ਜਿਨ੍ਹਾਂ ਨੂੰ ਪੰਜਾਬੀ ਸਾਹਿਤ, ਸਭਿਆਚਾਰ, ਭਾਸ਼ਾ ਅਤੇ ਭਵਿਖ ਦੀਆਂ ਲੋੜਾਂ ਦਾ ਪੰਜਾਬੀ ਜਨਜੀਵਨ ਦੀਆਂ ਰਹਿਤਲਾਂ ਤੱਕ ਅਹਿਸਾਸ ਹੋਵੇਗਾ। ਇਸ ਵੇਲੇ ਸ. ਪ੍ਰਤਾਪ ਸਿੰਘ ਕੈਰੋਂ ਵਰਗੀ ਸਿਆਸੀ ਦੂਰਅੰਦੇਸ਼ੀ, ਦ੍ਰਿੜ੍ਹਤਾ ਅਤੇ ਇੱਛਾ-ਸ਼ਕਤੀ ਦੀ ਬੇਹੱਦ ਜ਼ਰੂਰਤ ਹੈ ਅਤੇ ਡਾ. ਮਹਿੰਦਰ ਸਿੰਘ ਰੰਧਾਵਾ ਵਰਗੀਆਂ ਮੌਲਿਕ ਤੇ ਸਰਬਾਂਗੀ ਸ਼ਖ਼ਸੀਅਤਾਂ ਦੀ ਵੀ ਯਾਦ ਆਉਂਦੀ ਹੈ। ਥੁੜ੍ਹਾਂ ਭਰੇ ਇਸ ਦੌਰ ਵਿਚ ਚੋਣ ਕਮੇਟੀ ਨੂੰ ਇੰਨਾ ਕੁ ਧਿਆਨ ਤਾਂ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਉਹ ਅਜਿਹੇ ਵਿਦਵਾਨ ਦੀ ਚੋਣ ਕਰਨ, ਜਿਹੜਾ ਇਸ ਅਹੁਦੇ ਨੂੰ ਨੌਕਰੀ ਦੀ ਬਜਾਏ ਮਿਸ਼ਨ ਸਮਝ ਸਕੇ।

ਸਰਕਾਰੀ ਕਾਲਜਾਂ ਵਿਚ ਤਰੱਕੀ ਨਾਲ ਬਣੇ ਪ੍ਰਿੰਸੀਪਲਾਂ ਦੀ ਯੋਗਤਾ ਨੂੰ ਯੂ.ਜੀ.ਸੀ. ਦੇ ਯੋਗਤਾ ਨਿਯਮਾਂ ਦੀ ਅਣਦੇਖੀ ਕਰ ਕੇ ਘਟਾ ਦਿੱਤਾ ਗਿਆ ਹੈ। ਇਨ੍ਹਾਂ ਪ੍ਰਿੰਸੀਪਲਾਂ ਨੂੰ ਪੀਐਚ.ਡੀ. ਦੀ ਡਿਗਰੀ ਤੋਂ ਛੋਟ ਦੇ ਦਿੱਤੀ ਗਈ ਹੈ, ਜਦੋਂ ਕਿ ਪ੍ਰਾਈਵੇਟ ਕਾਲਜਾਂ ਵਿਚ ਪਿਛਲੇ ਸਾਲਾਂ ਤੋਂ ਲਗਾਏ ਜਾ ਰਹੇ ਪ੍ਰਿੰਸੀਪਲਾਂ ਉਤੇ ਪੀਐਚ.ਡੀ. ਦੀ ਸ਼ਰਤ ਲਾਗੂ ਹੁੰਦੀ ਹੈ, ਪਰ ਗ਼ੈਰ-ਸਰਕਾਰੀ ਕਾਲਜਾਂ ਵਿਚ ਪ੍ਰਿੰਸੀਪਲਾਂ ਦੀ ਭਰਤੀ ਮੁਢਲੀ ਤਨਖਾਹ ਉਤੇ ਕੀਤੀ ਗਈ ਹੈ। ਉਨ੍ਹਾਂ ਨੂੰ 37,400 ਰੁਪਏ ਉਤੇ ਰੱਖਿਆ ਗਿਆ ਹੈ। ਜਿਹੜਾ ਲੈਕਚਰਾਰ ਕਿਸੇ ਕਾਲਜ ਵਿਚ ਦਸ ਤੋਂ ਪੰਦਰਾਂ ਸਾਲ ਤੱਕ ਦਾ ਤਜਰਬਾ ਹਾਸਲ ਕਰ ਕੇ ਅਸਿਸਟੈਂਟ ਪ੍ਰੋਫ਼ੈਸਰ ਤੋਂ ਐਸੋਸੀਏਟ ਪ੍ਰੋਫ਼ੈਸਰ ਤਕ ਪਹੁੰਚ ਕੇ ਲਗਪਗ ਸਵਾ ਲੱਖ ਰੁਪਏ ਤਨਖਾਹ ਲੈਂਦਾ ਸੀ, ਉਸ ਨੂੰ ਇਨ੍ਹਾਂ ਕਾਲਜਾਂ ਵਿਚ ਪ੍ਰਿੰਸੀਪਲ ਬਣਾ ਦਿੱਤਾ ਗਿਆ। ਜਦੋਂ ਇਨ੍ਹਾਂ ਅਸਾਮੀਆਂ ਦੇ ਇਸ਼ਤਿਹਾਰ ਦਿੱਤੇ ਗਏ ਤਾਂ ਮੁੱਢਲੀ ਤਨਖਾਹ ਦੇ ਨਾਲ ਭੱਤੇ ਦੇਣ ਦੀ ਗੱਲ ਵੀ ਕਹੀ ਗਈ ਸੀ, ਪਰ ਜਦੋਂ ਇਹ ਨਿਯੁਕਤੀਆਂ ਡੀ.ਪੀ.ਆਈ. ਦਫ਼ਤਰ ਨੂੰ ਪ੍ਰਵਾਨਗੀ ਲਈ ਭੇਜੀਆਂ ਗਈਆਂ ਤਾਂ ਨਿਰਾਸ਼ਾ ਹੱਥ ਲੱਗੀ। ਅਜਿਹੀ ਹਾਲਤ ਵਿਚ ਕਾਲਜ ਚਲਾਉਣ ਦੀ ਜ਼ਿੰਮੇਵਾਰੀ ਨਿਭਾਉਣ ਵਾਲੇ ਇਹ ਪ੍ਰਿੰਸੀਪਲ, ਉਨ੍ਹਾਂ ਲੈਕਚਰਰਾਂ ਤੋਂ ਕੰਮ ਕਿਵੇਂ ਲੈ ਸਕਦੇ ਹਨ ਜਿਹੜੇ ਉਨ੍ਹਾਂ ਨਾਲੋਂ ਤਿੰਨ ਗੁਣਾ ਵਧ ਤਨਖਾਹਾਂ ਲੈ ਰਹੇ ਹੋਣ ਅਤੇ ਯੋਗਤਾ ਵਿਚ ਵੀ ਬਰਾਬਰ ਹੋਣ।

ਪੰਜਾਬ ਸਰਕਾਰ ਦੇ 48 ਕਾਲਜਾਂ ਵਿਚ 1873 ਅਸਾਮੀਆਂ ਵਿਚੋਂ 1356 ਅਸਾਮੀਆਂ ਖਾਲੀ ਹਨ। ਇਨ੍ਹਾਂ ਅਸਾਮੀਆਂ ਉਤੇ ਕੱਚੇ ਲੈਕਚਰਰ ਲਗਾਏ ਗਏ ਹਨ ਜਿਹੜੇ ਪੀਰੀਅਡਾਂ ਅਤੇ ਦਿਹਾੜੀਆਂ ਦੇ ਆਧਾਰ ਉਤੇ ਪੜ੍ਹਾਉਣ ਦਾ ਕਾਰਜ ਕਰਦੇ ਹਨ। ਇਨ੍ਹਾਂ ਨੂੰ ਦਸ ਤੋਂ 15 ਹਜ਼ਾਰ ਰੁਪਏ ਮਹੀਨਾ ਤਨਖ਼ਾਹ ਮਿਲਦੀ ਹੈ ਜੋ ਪੱਕੇ ਲੈਕਚਰਾਰਾਂ ਨਾਲੋਂ ਦਸ ਗੁਣਾ ਘੱਟ ਹੈ। ਪੱਕਾ ਲੈਕਚਰਰ, ਭਾਵ ਅਸਿਸਟੈਂਟ ਪ੍ਰੋਫ਼ੈਸਰ ਜਾਂ ਐਸੋਸੀਏਟ ਪ੍ਰੋਫ਼ੈਸਰ ਇਕ ਤੋਂ ਡੇਢ ਲੱਖ ਰੁਪਏ ਤੱਕ ਤਨਖ਼ਾਹ ਲੈ ਰਿਹਾ ਹੈ। ਬਰਾਬਰ ਕੰਮ ਅਤੇ ਬਰਾਬਰ ਯੋਗਤਾ ਵਾਲੇ ਇਨ੍ਹਾਂ ਸਿੱਖਿਆ ਕਾਮਿਆਂ ਵਿਚ ਤਨਖਾਹ ਦਾ ਇੰਨਾ ਵੱਡਾ ਪਾੜਾ ਵਿਦਿਅਕ ਸੰਸਥਾਵਾਂ ਅਤੇ ਵਿਦਿਅਕ ਮਾਹੌਲ ਨੂੰ ਕਿਸ ਪਾਸੇ ਲਿਜਾ ਰਿਹਾ ਹੈ, ਇਸ ਦਾ ਕਿਆਸ ਲਾਉਣਾ ਕੋਈ ਮੁਸ਼ਕਿਲ ਨਹੀਂ ਹੈ।

# ਗਊ ਸੇਵਾ, ਮੋਦੀ ਤੇ ਪਹਿਲੂ ਖਾਨ ਦੇ ਹਮਲਾਵਰ

***ਸੋਲਾਂ ਜੂਨ ਨੂੰ ਰਾਜਸਥਾਨ ਦੇ ਪ੍ਰਤਾਪਗੜ੍ਹ ਕਸਬੇ ਵਿਚ ਕਮਿਊਨਿਸਟ ਕਾਰਕੁਨ ਜ਼ਫਰ ਹੁਸੈਨ ਨੂੰ ਨਗਰਪਾਲਿਕਾ ਦੇ ਕਰਿੰਦਿਆਂ ਵਲੋਂ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ। ਜ਼ਫਰ ਹੁਸੈਨ ਦਾ ਕਸੂਰ ਕੇਵਲ ਇਹ ਸੀ ਕਿ ਉਹ ਖੁੱਲ੍ਹੀਆਂ ਥਾਂਵਾਂ ਉਪਰ ਜੰਗਲ-ਪਾਣੀ ਜਾਣ ਵਾਲੀਆਂ ਔਰਤਾਂ ਦੀਆਂ ਤਸਵੀਰਾਂ ਅਤੇ ਵੀਡੀਓ ਬਣਾ ਰਹੇ ਸਰਕਾਰੀ ਕਰਿੰਦਿਆਂ ਦੀ ਇਸ ਕਾਰਵਾਈ ਦਾ ਵਿਰੋਧ ਕਰ ਰਿਹਾ ਸੀ ਅਤੇ ਸਵੱਛ ਭਾਰਤ ਅਭਿਆਨ ਤਹਿਤ ਬਣਾਏ ਨਾਕਾਰਾ ਪਖਾਨਿਆਂ ਦੀ ਮੁਰੰਮਤ ਤੇ ਸਹੀ ਰੱਖ-ਰਖਾਅ ਦੀ ਮੰਗ ਕਰਦਾ ਆ ਰਿਹਾ ਸੀ। ਗਊ ਰੱਖਿਅਕਾਂ ਤੋਂ ਲੈ ਕੇ ਅੰਕੜਿਆਂ ਵਿਚ ਸਵੱਛ ਭਾਰਤ ਦੇ ਕਾਗਜ਼ੀ ਟੀਚੇ ਪੂਰੇ ਕਰਨ ਵਿਚ ਜੁਟੇ ਸਰਕਾਰੀ ਕਰਿੰਦਿਆਂ ਦੀ ਖੂਨੀ ਮੁਹਿੰਮ ਡੂੰਘੀ ਫਿਕਰਮੰਦੀ ਦਾ ਵਿਸ਼ਾ ਹੈ। ਬੀ.ਬੀ.ਸੀ. ਹਿੰਦੀ ਦੇ ਰੇਡੀਓ ਐਡੀਟਰ ਰਾਜੇਸ਼ ਜੋਸ਼ੀ ਨੇ ਇਸ ਲੇਖ ਵਿਚ ਲਿੰਚ ਮੌਬ ਵਰਤਾਰੇ ਦੀਆਂ ਪਰਤਾਂ ਫਰੋਲਦਿਆਂ ਇਸ ਵਿਚ ਹਾਕਮ ਜਮਾਤੀ ਪਾਰਟੀਆਂ ਦੀ ਭੂਮਿਕਾ ਦੀ ਨਿਸ਼ਾਨਦੇਹੀ ਕੀਤੀ ਹੈ। -ਸੰਪਾਦਕ***

**ਤਸਵੀਰ ਨੰਬਰ ਇਕ:** ਸਤੰਬਰ 2011; ਗੁਜਰਾਤ ਦੇ ਸਮਾਗਮ ਵਿਚ ਮੰਚ ਉਪਰ ਬੈਠਾ ਮੁੱਖ ਮੰਤਰੀ ਨਰੇਂਦਰ ਮੋਦੀ ਖੇੜਾ ਦੇ ਇਮਾਮ ਸਈਦ ਮਹਿਦੀ ਹੁਸੈਨ ਬਾਬਾ ਦੇ ਹੱਥੋਂ ਮੁਸਲਮਾਨਾਂ ਦੀ ਗੋਲ ਟੋਪੀ ਪਹਿਨਣ ਤੋਂ ਇਨਕਾਰ ਕਰ ਦਿੰਦਾ ਹੈ। ਰਾਜਸਥਾਨ ਦੇ ਅਲਵਰ ਸ਼ਹਿਰ ਵਿਚ ਤੇਰਾਂ ਸਾਲ ਦਾ ਵਿਪਿਨ ਯਾਦਵ ਆਪਣੇ ਘਰ ਵਿਚ ਟੀਵੀ ਉਪਰ ਇਹ ਦ੍ਰਿਸ਼ ਦੇਖ ਰਿਹਾ ਹੈ।

**ਤਸਵੀਰ ਨੰਬਰ ਦੋ:** ਮਾਰਚ 2017; ਰੁਦਰ-ਰਾਕਸ਼ੀ ਮਾਲਾਵਾਂ ਨਾਲ ਲੱਦਿਆ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਾਰਾਨਸੀ ਦੀ ਗਊਸ਼ਾਲਾ ਵਿਚ ਗਊਆਂ ਨੂੰ ਹਰਾ ਚਾਰਾ ਅਤੇ ਗੁੜ ਚਾਰ ਰਿਹਾ ਹੈ। ਵਿਪਿਨ ਯਾਦਵ ਹੁਣ 19 ਸਾਲ ਦਾ ਜਵਾਨ 'ਗਊ ਰੱਖਿਅਕ' ਬਣ ਚੁੱਕਾ ਹੈ ਅਤੇ ਆਪਣੇ ਘਰ ਵਿਚ ਟੀ.ਵੀ. ਉਪਰ ਪ੍ਰਧਾਨ ਮੰਤਰੀ ਦੀ ਗਊ ਸੇਵਾ ਨੂੰ ਵੀ ਦੇਖ ਰਿਹਾ ਹੈ।

**ਤਸਵੀਰ ਨੰਬਰ ਤਿੰਨ:** ਅਪਰੈਲ 2017; ਅਲਵਰ ਲਾਗੇ 55 ਸਾਲ ਦਾ ਪਹਿਲੂ ਖਾਨ ਪਸ਼ੂ ਮੇਲੇ ਤੋਂ ਖਰੀਦੀਆਂ ਗਊਆਂ ਨੂੰ ਟਰੱਕ ਉਪਰ ਲੱਦ ਕੇ ਆਪਣੇ ਸਾਥੀਆਂ ਨਾਲ ਜਾ ਰਿਹਾ ਹੈ। ਲੰਮੀ ਦਾੜ੍ਹੀ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਉਹ ਮੁਸਲਮਾਨ ਹੈ। ਰਸਤੇ ਵਿਚ 'ਗਊ ਰੱਖਿਅਕਾਂ' ਦੀ ਟੋਲੀ ਟਰੱਕ ਰੋਕਦੀ ਹੈ, ਕਿਉਂਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਗਊਆਂ ਨੂੰ ਬੁੱਚੜਖਾਨੇ ਲਿਜਾਇਆ ਜਾ ਰਿਹਾ ਹੈ। ਉਹ ਟਰੱਕ ਰੋਕ ਕੇ ਪਹਿਲੂ ਖਾਨ ਅਤੇ ਉਸ ਦੇ ਸਾਥੀਆਂ ਨੂੰ ਬਾਹਰ ਧੂਹ ਲੈਂਦੇ ਹਨ ਅਤੇ ਭਜਾ ਭਜਾ ਕੇ ਕੁੱਟਦੇ ਹਨ। ਬਾਅਦ ਵਿਚ ਪੁਲਿਸ ਕਹਿੰਦੀ ਹੈ ਕਿ ਵਿਪਿਨ ਯਾਦਵ ਉਨ੍ਹਾਂ ਵਿਚ ਸਭ ਤੋਂ ਅੱਗੇ ਸੀ। ਪਹਿਲੂ ਖਾਨ ਬਾਅਦ ਵਿਚ ਹਸਪਤਾਲ ਜਾ ਕੇ ਦਮ ਤੋੜ ਦਿੰਦਾ ਹੈ।

### ਕਿਉਂ ਬਣਦੇ ਹਨ ਗਊ ਰੱਖਿਅਕ?

ਤੁਸੀਂ ਪੁੱਛ ਸਕਦੇ ਹੋ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਗਊ ਨੂੰ ਚਾਰਾ ਖਵਾਉਣ ਜਾਂ ਫਿਰ ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਮੁਸਲਿਮ ਟੋਪੀ ਪਹਿਨਣ ਤੋਂ ਇਨਕਾਰ ਕਰਨ ਅਤੇ ਪਹਿਲੂ ਖਾਨ ਨੂੰ ਕੁੱਟ ਕੁੱਟ ਮਾਰ ਦੇਣ ਦੀ ਵਾਰਦਾਤ ਵਿਚ ਕੀ ਸਬੰਧ ਹੈ? ਕੋਈ ਸਿੱਧਾ ਸਬੰਧ ਨਹੀਂ ਹੈ। ਬਹੁਤ ਸੰਭਵ ਹੈ ਕਿ ਵਿਪਿਨ ਯਾਦਵ ਨੇ ਟੀ.ਵੀ. ਉਪਰ ਉਹ ਦ੍ਰਿਸ਼ ਦੇਖੇ ਹੀ ਨਾ ਹੋਣ; ਲੇਕਿਨ ਤੇਰਾਂ ਸਾਲ ਦੇ ਬੱਚੇ ਤੋਂ 'ਗਊ ਰੱਖਿਅਕ' ਬਣਨ ਦੇ ਸਫ਼ਰ ਵਿਚ ਜਿਨ੍ਹਾਂ ਪ੍ਰਤੀਕਾਂ ਨੇ ਉਸ ਉਪਰ ਅਸਰ ਪਾਇਆ ਹੋਵੇਗਾ, ਉਨ੍ਹਾਂ ਵਿਚ ਉਹ ਨਰੇਂਦਰ ਮੋਦੀ ਜ਼ਰੂਰ ਰਿਹਾ ਹੋਵੇਗਾ ਜੋ ਮੁੱਖ ਮੰਤਰੀ ਹੋਣ ਦੇ ਬਾਵਜੂਦ ਮੁਸਲਮਾਨਾਂ ਦੀ ਟੋਪੀ ਨੂੰ ਖ਼ਾਰਜ ਕਰਨ ਤੋਂ ਨਹੀਂ ਝਿਜਕਦਾ ਅਤੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਹਜ਼ਾਰ ਕੰਮ ਛੱਡ ਕੇ ਸਭ ਤੋਂ ਪਹਿਲਾਂ ਗਊ ਸੇਵਾ ਲਈ ਤਿਆਰ ਰਹਿੰਦਾ ਹੈ।

ਵਿਪਿਨ ਯਾਦਵ ਨੂੰ ਅਲਵਰ ਕੋਲ ਪਹਿਲੀ ਅਪਰੈਲ 2017 ਨੂੰ ਉਹ ਮੁਸਲਮਾਨ ਮਿਲ ਗਿਆ ਜੋ ਗਊਆਂ ਨੂੰ ਲੱਦ ਕੇ ਲਿਜਾ ਰਿਹਾ ਸੀ। ਸੰਭਵ ਤੌਰ 'ਤੇ ਗਊ ਰੱਖਿਅਕਾਂ ਦੇ ਦਿਮਾਗ ਵਿਚ ਦੁਸ਼ਮਣ ਦੀ ਤਸਵੀਰ ਪਹਿਲਾਂ ਤੋਂ ਹੀ ਸਾਫ਼ ਸੀ। ਅਲਵਰ ਦੇ ਹਾਈਵੇਅ ਉਪਰ ਉਹ 'ਦੁਸ਼ਮਣ' ਉਨ੍ਹਾਂ ਦੇ ਹੱਥ ਲੱਗ ਗਿਆ।

### ਰਾਜੀਵ ਗਾਂਧੀ ਦਾ ਉਹ ਬਿਆਨ

ਥੋੜ੍ਹੀ ਦੇਰ ਲਈ ਗਊ, ਗਊ ਰੱਖਿਅਕ ਅਤੇ ਮੁਸਲਮਾਨਾਂ ਨੂੰ ਭੁੱਲ ਜਾਓ, ਤੇ ਚੇਤੇ ਕਰੋ 1983-84 ਦੇ ਉਸ ਦੌਰ ਨੂੰ ਜਦੋਂ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਮਰਜੀਵੜਿਆਂ ਨੇ ਪੰਜਾਬ ਵਿਚ ਖ਼ਾਲਿਸਤਾਨੀ ਲਹਿਰ ਚਲਾਈ ਹੋਈ ਸੀ। ਇੰਦਰਾ ਗਾਂਧੀ ਨੇ ਭਿੰਡਰਾਂਵਾਲੇ ਦਾ ਖ਼ਾਤਮਾ ਕਰਨ ਲਈ ਹਰਿਮੰਦਰ ਸਾਹਿਬ ਉਪਰ ਫ਼ੌਜ ਤੋਂ ਹਮਲਾ ਕਰਵਾ ਦਿੱਤਾ। ਸਿੱਖਾਂ ਵਿਚ ਗੁੱਸਾ ਫੈਲ ਗਿਆ ਅਤੇ 31 ਅਕਤੂਬਰ ਨੂੰ ਉਸੇ ਦੇ ਦੋ ਸਿੱਖ ਅੰਗ ਰੱਖਿਅਕਾਂ ਨੇ ਇੰਦਰਾ ਗਾਂਧੀ ਦੀ ਹੱਤਿਆ ਕਰ ਦਿੱਤੀ। ਅਗਲੇ ਕਈ ਦਿਨਾਂ ਤਕ ਦਿੱਲੀ, ਕਾਨਪੁਰ ਅਤੇ ਬੋਕਾਰੋ ਤੋਂ ਲੈ ਕੇ ਕਲਕੱਤਾ ਤਕ ਥਾਂ ਥਾਂ ਲੋਕਾਂ ਨੇ ਸਿੱਖਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਸੈਂਕੜੇ ਬੇਗੁਨਾਹ ਸਿੱਖਾਂ ਦਾ ਦਿੱਲੀ ਦੀਆਂ ਸੜਕਾਂ ਉਪਰ ਕਤਲ ਕਰ ਦਿੱਤਾ ਗਿਆ, ਜਾਂ ਜ਼ਿੰਦਾ ਸਾੜ ਦਿੱਤੇ ਗਏ। ਆਪਣੀ ਮਾਂ ਦੀ ਮੌਤ ਤੋਂ ਬਾਅਦ ਨਵੇਂ ਨਵੇਂ ਪ੍ਰਧਾਨ ਮੰਤਰੀ ਬਣੇ ਰਾਜੀਵ ਗਾਂਧੀ ਨੇ ਕਿਹਾ, "ਕੁਝ ਦਿਨ ਲਈ ਲੋਕਾਂ ਨੂੰ ਲੱਗਿਆ ਕਿ ਭਾਰਤ ਹਿੱਲ ਰਿਹਾ ਹੈ, ਲੇਕਿਨ ਜਦੋਂ ਕੋਈ ਬੜਾ ਦਰਖ਼ਤ ਡਿਗਦਾ ਹੈ ਤਾਂ ਧਰਤੀ ਹਿੱਲਦੀ ਹੈ।" ਬਹੁਤ ਸਾਰੇ ਲੋਕਾਂ ਨੇ ਇਸ ਨੂੰ ਸਿੱਖਾਂ ਦੀਆਂ ਹੱਤਿਆਵਾਂ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਵਾਂਗ ਦੇਖਿਆ।

### ਮੋਦੀ ਦੇ ਬਿਆਨ ਵਿਚ ਝਲਕ

ਠੀਕ ਇਸੇ ਤਰ੍ਹਾਂ ਜਦੋਂ ਨਰੇਂਦਰ ਮੋਦੀ ਨੇ ਗੁਜਰਾਤ ਦੇ ਮੁਸਲਮਾਨਾਂ ਵਿਰੋਧੀ ਫ਼ਸਾਦਾਂ ਤੋਂ ਬਾਅਦ ਕਿਹਾ- "ਗੁਜਰਾਤ ਵਿਚ ਜੋ ਮੈਂ ਕੀਤਾ ਹੈ, ਉਹਦੇ ਲਈ 56 ਇੰਚ ਦੀ ਛਾਤੀ ਹੋਣੀ ਚਾਹੀਦੀ ਹੈ", ਤਾਂ ਇਸ ਬਿਆਨ ਦੇ ਪਿਛਲਾ ਸੰਦੇਸ਼ ਕਿਸੇ ਤੋਂ ਗੁੱਝਾ ਨਹੀਂ ਰਿਹਾ; ਯਾਨੀ ਸਿਆਸੀ ਲਾਮਬੰਦੀ ਲਈ ਹਜੂਮ ਦਾ ਇਸਤੇਮਾਲ ਕੀਤਾ ਜਾਂਦਾ ਰਿਹਾ ਹੈ। ਖੁੱਲ੍ਹੀ ਸੜਕ ਉਪਰ ਆਪਣੇ ਦੁਸ਼ਮਣ ਦੀ ਸ਼ਨਾਖ਼ਤ ਕਰ ਕੇ ਥਾਏਂ ਮਾਰ ਦੇਣ ਵਾਲੇ ਲੋਕਾਂ ਨੂੰ ਭਰੋਸਾ ਹੁੰਦਾ ਹੈ ਕਿ ਪਰਦੇ ਦੇ ਪਿਛਿਓਂ ਉਨ੍ਹਾਂ ਨੂੰ ਰਾਜਤੰਤਰ ਦੀ ਮਦਦ ਅਤੇ ਹਮਾਇਤ ਮਿਲੇਗੀ। ਇਸ ਲਈ ਹੁਣ ਉਹ ਆਪਣੀਆਂ ਹਿੰਸਕ ਕਾਰਵਾਈਆਂ ਦਾ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉਪਰ ਵੀ ਪਾਉਣ ਲੱਗੇ ਹਨ। ਪੁਲਿਸ, ਪੈਰਾ-ਮਿਲਟਰੀ, ਅਦਾਲਤ, ਡੰਡ ਵਿਧਾਨ ਅਤੇ ਜੇਲ੍ਹ ਵਰਗੇ ਰਾਜ ਸੱਤਾ ਦੇ ਹਥਿਆਰ ਮੌਜੂਦ ਰਹਿਣ ਦੇ ਬਾਵਜੂਦ ਹਿੰਸਕ ਹਜੂਮ ਨਾਲ ਨਜਿੱਠਣ ਵਿਚ ਪ੍ਰਸ਼ਾਸਨ ਅਕਸਰ ਢਿੱਲ ਵਰਤਦਾ ਹੈ।

ਸਮਾਜ ਸ਼ਾਸਤਰੀ ਦੀਪਾਂਕਰ ਗੁਪਤਾ ਅਨੁਸਾਰ, "ਆਮ ਤੌਰ 'ਤੇ ਹਲਕੇ ਦੇ ਵਿਧਾਇਕ ਜਾਂ ਸੰਸਦ ਮੈਂਬਰ ਇਸ ਕਾਰਨ ਤੁਰੰਤ ਹਰਕਤ ਵਿਚ ਨਹੀਂ ਆਉਂਦੇ ਕਿਉਂਕਿ ਉਨ੍ਹਾਂ ਨੂੰ ਲੋਕ ਹਮਾਇਤ ਖੁੱਸਣ ਦਾ ਡਰ ਹੁੰਦਾ ਹੈ। ਉਹ ਪਹਿਲਾਂ ਫ਼ਸਾਦ ਹੋਣ ਦਿੰਦੇ ਹਨ ਅਤੇ ਸਭ ਕੁਝ ਠੰਢਾ ਹੋਣ ਦਾ ਇੰਤਜ਼ਾਰ ਕਰਦੇ ਹਨ; ਜਿਵੇਂ ਬਾਬਰੀ ਮਸਜਿਦ ਢਾਹੁਣ ਵਕਤ ਪੀ.ਵੀ. ਨਰਸਿਮਹਾ ਰਾਓ ਨੇ ਕੀਤਾ ਸੀ।" ਲੇਕਿਨ ਚੌਕਸੀ ਗਰੋਹ ਵਲੋਂ ਆਪਣੇ ਦੁਸ਼ਮਣ ਨੂੰ ਕੁੱਟ ਕੁੱਟ ਕੇ ਮਾਰਨ ਅਤੇ ਫਿਰਕੂ ਫ਼ਸਾਦਾਂ ਵਿਚ ਬੁਨਿਆਦੀ ਫ਼ਰਕ ਹੁੰਦਾ ਹੈ। ਚੌਕਸੀ ਗਰੋਹ ਖਾਸ ਵਿਚਾਰ ਤੋਂ ਪ੍ਰਭਾਵਿਤ ਹੁੰਦਾ ਹੈ ਅਤੇ ਆਪਣੇ ਆਦਰਸ਼ ਨੂੰ ਹਾਸਲ ਕਰਨ ਲਈ ਉਹ ਕਾਨੂੰਨ ਹੱਥ ਲੈਣ ਤੋਂ ਵੀ ਨਹੀਂ ਝਿਜਕਦਾ।

ਉਨ੍ਹਾਂ ਨੂੰ ਭਰੋਸਾ ਹੁੰਦਾ ਹੈ ਕਿ ਉਨ੍ਹਾਂ ਦਾ ਕੁਝ ਨਹੀਂ ਵਿਗੜੇਗਾ, ਕਿਉਂਕਿ ਉਹ ਇਹ ਕੰਮ 'ਵੱਡੇ ਸਮਾਜੀ ਉਦੇਸ਼' ਲਈ ਕਰ ਰਹੇ ਹਨ- ਐਸਾ ਉਦੇਸ਼ ਜਿਸ ਨੂੰ ਹਾਸਲ ਕਰਨ ਲਈ ਖੁਦ ਪ੍ਰਧਾਨ ਮੰਤਰੀ ਵੀ ਜੁਟਿਆ ਹੋਇਆ ਹੈ।

ਮਸਲਨ, ਮੁਸਲਿਮ ਟੋਪੀ ਤੋਂ ਇਨਕਾਰ ਕਰਦਿਆਂ ਜਾਂ ਗਊ ਸੇਵਾ ਕਰਦਿਆਂ ਪ੍ਰਧਾਨ ਮੰਤਰੀ ਦੀ ਤਸਵੀਰ ਖ਼ਾਸ ਸੰਦੇਸ਼ ਦਿੰਦੀ ਹੈ। ਇਹ ਤਸਵੀਰ ਬਹੁਤ ਸਾਰੇ ਲੋਕਾਂ ਦਾ ਉਦੇਸ਼ ਤੈਅ ਕਰਨ ਵਿਚ ਮਦਦ ਕਰਦੀ ਹੈ ਅਤੇ ਉਸ ਉਦੇਸ਼ ਦੇ ਰਸਤੇ ਵਿਚ ਆਉਣ ਵਾਲੀ ਕਿਸੇ ਵੀ ਰੁਕਾਵਟ ਨੂੰ ਹਟਾ ਦੇਣ ਦੀ ਜੁਅਰਤ ਵੀ।

### ਕਿਥੋਂ ਮਿਲਦੀ ਹੈ ਗਊ ਰੱਖਿਅਕਾਂ ਨੂੰ ਤਾਕਤ?

ਇਸ ਨੂੰ ਉਦੋਂ ਹੋਰ ਤਾਕਤ ਮਿਲਦੀ ਹੈ ਜਦੋਂ ਕੋਈ ਜੱਜ ਰਿਟਾਇਰ ਹੋਣ ਤੋਂ ਇਕ ਦਿਨ ਪਹਿਲਾਂ ਗਊ ਨੂੰ ਕੌਮੀ ਪਸ਼ੂ ਕਰਾਰ ਦਿੱਤੇ ਜਾਣ ਦੀ ਸਿਫ਼ਾਰਸ਼ ਕਰਦਾ ਹੈ ਜਾਂ ਫਿਰ ਅਦਾਲਤ ਦੇ ਆਦੇਸ਼ ਵਿਚ ਗਊ ਨੂੰ ਕੌਮੀ ਧਨ ਐਲਾਨਿਆ ਜਾਂਦਾ ਹੈ। ਮਸ਼ਹੂਰ ਪੱਤਰਕਾਰ ਸਿਧਾਰਥ ਵਰਧਰਾਜਨ ਅਨੁਸਾਰ, ਐਸੇ ਅਦਾਲਤੀ ਆਦੇਸ਼ਾਂ ਨਾਲ "ਭੀੜ ਮਾਨਸਿਕਤਾ ਵਾਲੇ ਲੋਕਾਂ ਦਾ ਹੌਸਲਾ ਵਧਦਾ ਹੈ ਅਤੇ ਉਨ੍ਹਾਂ ਵਿਚ ਇਹ ਵਿਸ਼ਵਾਸ ਵੀ ਵਧਦਾ ਹੈ ਕਿ ਅਸੀਂ ਸੜਕ ਉਪਰ ਜਾ ਕੇ ਜੋ ਵੀ ਚਾਹੀਏ, ਕਰ ਸਕਦੇ ਹਾਂ, ਪੁਲਿਸ ਸਾਡੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰੇਗੀ ਅਤੇ ਜੇ ਕਰੇਗੀ ਵੀ ਤਾਂ ਅਦਾਲਤ ਵਿਚ ਜੱਜਾਂ ਵਲੋਂ ਵੀ ਸਾਡੇ ਪ੍ਰਤੀ ਨਰਮ ਰਵੱਈਆ ਅਖ਼ਤਿਆਰ ਕੀਤਾ ਜਾਵੇਗਾ।"

***ਥੋੜ੍ਹੀ ਦੇਰ ਲਈ ਗਊ, ਗਊ ਰੱਖਿਅਕ ਅਤੇ ਮੁਸਲਮਾਨਾਂ ਨੂੰ ਭੁੱਲ ਜਾਓ, ਤੇ ਚੇਤੇ ਕਰੋ 1983-84 ਦੇ ਉਸ ਦੌਰ ਨੂੰ ਜਦੋਂ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਪੰਜਾਬ ਵਿਚ ਖ਼ਾਲਿਸਤਾਨੀ ਲਹਿਰ ਚਲਾਈ ਹੋਈ ਸੀ। ਇੰਦਰਾ ਗਾਂਧੀ ਨੇ ਉਸ ਦਾ ਖ਼ਾਤਮਾ ਕਰਨ ਲਈ ਹਰਿਮੰਦਰ ਸਾਹਿਬ ਉਪਰ ਫ਼ੌਜ ਤੋਂ ਹਮਲਾ ਕਰਵਾ ਦਿੱਤਾ। ਸਿੱਖਾਂ ਵਿਚ ਗੁੱਸਾ ਫੈਲ ਗਿਆ ਅਤੇ 31 ਅਕਤੂਬਰ ਨੂੰ ਦੋ ਸਿੱਖ ਅੰਗ ਰੱਖਿਅਕਾਂ ਨੇ ਇੰਦਰਾ ਗਾਂਧੀ ਦੀ ਹੱਤਿਆ ਕਰ ਦਿੱਤੀ। ਅਗਲੇ ਕਈ ਦਿਨਾਂ ਤਕ ਥਾਂ ਥਾਂ ਲੋਕਾਂ ਨੇ ਸਿੱਖਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਸੈਂਕੜੇ ਬੇਗੁਨਾਹ ਸਿੱਖਾਂ ਦਾ ਦਿੱਲੀ ਦੀਆਂ ਸੜਕਾਂ ਉਪਰ ਕਤਲ ਕਰ ਦਿੱਤਾ, ਜਾਂ ਜ਼ਿੰਦਾ ਸਾੜ ਦਿੱਤੇ। ਆਪਣੀ ਮਾਂ ਦੀ ਮੌਤ ਤੋਂ ਬਾਅਦ ਨਵੇਂ ਨਵੇਂ ਪ੍ਰਧਾਨ ਮੰਤਰੀ ਬਣੇ ਰਾਜੀਵ ਗਾਂਧੀ ਨੇ ਕਿਹਾ, "ਕੁਝ ਦਿਨ ਲਈ ਲੋਕਾਂ ਨੂੰ ਲੱਗਿਆ ਕਿ ਭਾਰਤ ਹਿੱਲ ਰਿਹਾ ਹੈ, ਲੇਕਿਨ ਜਦੋਂ ਕੋਈ ਬੜਾ ਦਰਖ਼ਤ ਡਿਗਦਾ ਹੈ ਤਾਂ ਧਰਤੀ ਹਿੱਲਦੀ ਹੈ।" ਬਹੁਤ ਸਾਰੇ ਲੋਕਾਂ ਨੇ ਇਸ ਨੂੰ ਸਿੱਖਾਂ ਦੀਆਂ ਹੱਤਿਆਵਾਂ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਵਾਂਗ ਦੇਖਿਆ।***

ਫਿਰ ਅਫ਼ਵਾਹਾਂ, ਤੱਥਾਂ ਦੀ ਅਣਦੇਖੀ, ਖਾਸ ਫਿਰਕੇ ਦੇ ਪਹਿਰਾਵੇ ਜਾਂ ਧਾਰਮਿਕ ਅਕੀਦਿਆਂ ਪ੍ਰਤੀ ਤੁਅੱਸਬ ਜਾਂ ਘ੍ਰਿਣਾ ਵਰਗੀਆਂ ਕਈ ਚੀਜ਼ਾਂ ਸੜਕ ਉਪਰ ਤੁਰੰਤ ਮਰਨ-ਮਾਰਨ ਦਾ ਫ਼ੈਸਲਾ ਕਰਨ ਲਈ ਉਕਸਾਉਂਦੀਆਂ ਹਨ। ਜਿਵੇਂ ਸਤੰਬਰ 2015 ਵਿਚ ਦਿੱਲੀ ਨੇੜੇ ਦਾਦਰੀ ਵਿਚ ਹੋਇਆ, ਜਿਥੇ ਹਿੰਦੂ ਹਜੂਮ ਨੇ 50 ਸਾਲ ਦੇ ਅਖ਼ਲਾਕ ਨੂੰ ਉਸ ਦੇ ਘਰੋਂ ਧੂਹ ਕੇ ਕੁੱਟ ਕੁੱਟ ਕੇ ਮਾਰ ਦਿੱਤਾ,



ਕਿਉਂਕਿ ਹਮਲਾਵਰਾਂ ਨੂੰ ਸ਼ੱਕ ਸੀ ਕਿ ਅਖ਼ਲਾਕ ਨੇ ਆਪਣੀ ਫਰਿਜ ਵਿਚ ਗਊ ਮਾਸ ਰੱਖਿਆ ਹੋਇਆ ਹੈ।

### ਲਿੰਚ ਮੌਬ

ਹਮਲਾਵਰਾਂ ਪ੍ਰਤੀ ਸਖ਼ਤ ਰਵੱਈਆ ਅਖ਼ਤਿਆਰ ਕਰਨ ਦੀ ਬਜਾਏ ਭਾਜਪਾ ਆਗੂ ਅਤੇ ਮੋਦੀ ਵਜ਼ਾਰਤ ਵਿਚ ਸਭਿਆਚਾਰ ਬਾਰੇ ਮੰਤਰੀ ਮਹੇਸ਼ ਚੰਦ ਸ਼ਰਮਾ ਦਾ ਬਿਆਨ ਆਉਂਦਾ ਹੈ ਕਿ ਇਸ ਨੂੰ "ਹਾਦਸਾ ਸਮਝਿਆ ਜਾਵੇ ਅਤੇ ਇਸ ਨੂੰ ਕਿਸੇ ਵੀ ਤਰ੍ਹਾਂ ਦੀ ਫਿਰਕੂ ਰੰਗਤ ਨਾ ਦਿੱਤੀ ਜਾਵੇ।" ...ਤੇ ਜਦੋਂ ਕੋਈ ਮੁਲਜ਼ਮ ਜੇਲ੍ਹ ਵਿਚ ਬਿਮਾਰੀ ਨਾਲ ਮਰ ਜਾਂਦਾ ਹੈ ਤਾਂ ਉਸ ਦੀ ਲਾਸ਼ ਨੂੰ ਤਿਰੰਗੇ ਵਿਚ ਲਪੇਟਿਆ ਜਾਂਦਾ ਹੈ ਅਤੇ ਮਹੇਸ਼ ਸ਼ਰਮਾ ਉਸ ਦੇ ਅੱਗੇ ਦੋਨੋਂ ਹੱਥ ਜੋੜ ਕੇ ਇਸ ਤਰ੍ਹਾਂ ਝੁਕਦਾ ਹੈ, ਜਿਵੇਂ ਸਰਹੱਦ ਉਪਰ ਲੜਦਿਆਂ ਮਾਰੇ ਗਏ ਕਿਸੇ ਸ਼ਹੀਦ ਨੂੰ ਸ਼ਰਧਾਂਜਲੀ ਦੇ ਰਿਹਾ ਹੋਵੇ। ਐਸੀ ਹਮਾਇਤ ਮਿਲਣ 'ਤੇ ਲਿੰਚ ਮੌਬ ਜਾਂ ਖ਼ੂਨੀ ਗਰੋਹ ਦਾ ਹਿੱਸਾ ਬਣਨਾ ਫ਼ਖ਼ਰ ਵਾਲੀ ਗੱਲ ਬਣ ਜਾਂਦੀ ਹੈ ਅਤੇ ਇਸ ਨਾਲ ਇਲਾਕੇ ਵਿਚ ਰੋਹਬ-ਦਾਬ ਵੀ ਵਧਦਾ ਹੈ।

ਸਮਾਜ ਸ਼ਾਸਤਰੀ ਦੀਪਾਂਕਰ ਅਨੁਸਾਰ, "ਇਹ ਨਸ਼ੇ ਦੀ ਲਤ ਵਾਂਗ ਹੁੰਦਾ ਹੈ। ਮੈਂ ਨਸ਼ੇ ਦਾ ਆਦੀ ਹੋ ਜਾਂਦਾ ਹਾਂ ਅਤੇ ਨਸ਼ਾ ਕਰਦਾ ਹਾਂ, ਪਰ ਤੁਹਾਨੂੰ ਇਹ ਪਤਾ ਨਹੀਂ ਲੱਗੇਗਾ ਕਿ ਨਸ਼ੀਲੇ ਪਦਾਰਥ ਸਪਲਾਈ ਕਰਨ ਵਾਲਾ ਕੌਣ ਹੈ।"

### ਹਾਦਸਾ ਮੰਨਣ ਦੀ ਫ਼ਿਤਰਤ

ਕਾਨੂੰਨ ਆਪਣੇ ਹੱਥ ਵਿਚ ਲੈ ਕੇ ਸੜਕ ਉਪਰ ਨਿਆਂ ਕਰਨ ਦੇ ਜਜ਼ਬੇ ਨਾਲ ਭਰੇ ਲੋਕਾਂ ਦੇ ਹਜੂਮ ਪਿੱਛੇ ਜੇ ਸਿਆਸੀ ਹਮਾਇਤ ਵੀ ਹੋਵੇ ਤਾਂ ਤੁਹਾਨੂੰ ਉਸ ਦਾ ਪਤਾ ਨਹੀਂ ਲੱਗ ਸਕੇਗਾ। ਹੱਤਿਆ ਹੋਣ ਤੋਂ ਬਾਅਦ ਸਿਆਸਤਦਾਨ ਜਾਂ ਤਾਂ ਖ਼ਾਮੋਸ਼ ਰਹਿੰਦੇ ਹਨ ਅਤੇ ਮਜਬੂਰੀਵਸ ਰਸਮੀ ਸ਼ਬਦਾਂ ਵਿਚ ਘਟਨਾ ਦੀ ਆਲੋਚਨਾ ਕਰਦੇ ਹਨ, ਜਾਂ ਫਿਰ ਉਸ ਨੂੰ ਆਮ ਹਾਦਸਾ ਕਰਾਰ ਦੇ ਕੇ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕਰਦੇ ਹਨ।

ਇਸ ਲਈ ਬਲਾਤਕਾਰ ਦੀਆਂ ਘਟਨਾਵਾਂ ਉਪਰ ਸਾਬਕਾ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਦਾ ਇਹ ਬਿਆਨ ਕਿ "ਮੁੰਡੇ ਹਨ, ਮੁੰਡਿਆਂ ਤੋਂ ਗ਼ਲਤੀ ਹੋ ਜਾਂਦੀ ਹੈ; ਤਾਂ ਕੀ ਰੇਪ ਲਈ ਉਨ੍ਹਾਂ ਨੂੰ ਫਾਹੇ ਲਾ ਦਿਆਂਗੇ?", ਐਨ ਉਸੇ ਤਰ੍ਹਾਂ ਦਾ ਹੈ, ਜਿਵੇਂ ਅਖ਼ਲਾਕ ਦੀ ਹੱਤਿਆ ਤੋਂ ਬਾਅਦ ਨਰੇਂਦਰ ਮੋਦੀ ਦੀ ਵਜ਼ਾਰਤ ਦੇ ਸਭਿਆਚਾਰਕ ਮੰਤਰੀ ਮਹੇਸ਼ ਸ਼ਰਮਾ ਦਾ ਬਿਆਨ ਸੀ; ਜਾਂ ਫਿਰ 2002 ਵਿਚ ਗੁਜਰਾਤ ਦੇ ਮੁਸਲਿਮ ਵਿਰੋਧੀ ਫ਼ਸਾਦਾਂ ਉਪਰ ਨਰੇਂਦਰ ਮੋਦੀ ਦਾ ਇਹ ਬਿਆਨ ਕਿ "ਕਤੂਰਾ ਵੀ ਕਾਰ ਥੱਲੇ ਆ ਜਾਂਦਾ ਹੈ ਤਾਂ ਸਾਨੂੰ ਦਰਦ ਮਹਿਸੂਸ ਹੁੰਦਾ ਹੈ ਕਿ ਨਹੀਂ? ਹੁੰਦਾ ਹੈ।"

### ਹਿੰਸਾ ਕਿਥੋਂ ਤਕ ਸਹੀ ਹੈ?

ਰਾਸ਼ਟਰੀ ਸਵੈਮਸੇਵਕ ਸੰਘ ਦੇ ਸਵੈਮਸੇਵਕ ਅਤੇ ਭਾਜਪਾ ਦੇ ਸਾਬਕਾ ਸਿਧਾਂਤਕਾਰ ਕੇ.ਐਨ. ਗੋਵਿੰਦਾਚਾਰੀਆ ਨੂੰ ਸੰਘ ਪਰਿਵਾਰ ਦੇ ਕੁਝ ਬਹੁਤ ਹੀ ਸੁਲਝੇ ਹੋਏ ਵਿਚਾਰਕਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ। ਹਜੂਮ ਦੀ ਹਿੰਸਾ ਨੂੰ ਉਹ ਜਾਇਜ਼ ਨਹੀਂ ਠਹਿਰਾਉਂਦੇ ਅਤੇ ਦੋ-ਟੁੱਕ ਸ਼ਬਦਾਂ ਵਿਚ ਕਹਿੰਦੇ ਹਨ ਕਿ ਇਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਉਹ ਵੀ ਗਊ ਰੱਖਿਅਕਾਂ ਦੀਆਂ ਕਾਰਵਾਈਆਂ ਦਾ ਕਾਰਨ ਅਤੇ ਆਧਾਰ ਤਲਾਸ਼ਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਨੇ ਬੀ.ਬੀ.ਸੀ. ਨੂੰ ਕਿਹਾ, "ਉਹ (ਗਊ ਰੱਖਿਅਕ) ਸੋਚਦੇ ਹੋਣਗੇ ਕਿ ਹੁਣ ਤਕ ਤਾਂ ਅਸੀਂ ਬਹੁਤ ਕੁਝ ਬਰਦਾਸ਼ਤ ਕਰਦੇ ਹੀ ਆਏ ਹਾਂ, ਗਊ ਹੱਤਿਆ ਆਮ ਹੁੰਦੀ ਦੇਖਦੇ ਰਹੇ ਹਾਂ... ਰਾਜਸੱਤਾ ਵਲੋਂ ਹਮੇਸ਼ਾ ਸਾਡੀਆਂ ਬਾਹਾਂ ਮਰੋੜਨ ਦੀ ਕੋਸ਼ਿਸ਼ ਹੀ ਕੀਤੀ ਗਈ ਹੈ। ਹਿੰਦੂ ਸਮਾਜ ਦੇ ਅੰਦਰ ਲੋਕਾਂ ਨੂੰ ਇਵੇਂ ਲੱਗਦਾ ਹੈ।"

### ਸਹੀ ਠਹਿਰਾਉਣ ਦਾ ਰੁਝਾਨ

ਇਸ ਤਰਕ ਦੀ ਐਨਕ ਨਾਲ ਦੇਖੀਏ ਤਾਂ ਅਖ਼ਲਾਕ ਤੋਂ ਲੈ ਕੇ ਪਹਿਲੂ ਖਾਨ ਦੀ ਗਊ ਰੱਖਿਅਕਾਂ ਵਲੋਂ ਕੀਤੀ ਗਈ ਹੱਤਿਆ ਅਤੇ ਡਰ ਫੈਲਾਉਣ ਦੀ ਕਾਰਵਾਈ ਨੂੰ ਜਾਇਜ਼ ਠਹਿਰਾਇਆ ਜਾ ਸਕਦਾ ਹੈ। ਇਹੀ ਨਹੀਂ, ਗੋਵਿੰਦਾਚਾਰੀਆ ਵੀ ਹਿੰਸਾ ਨੂੰ ਸਵੈ-ਰੱਖਿਆ ਦੱਸਦਾ ਹੈ ਅਤੇ ਕਹਿੰਦਾ ਹੈ- "ਆਪਣੀ ਸਵੈ-ਰੱਖਿਆ ਲਈ ਤਾਂ ਇਹ ਲੋਕ (ਹਿੰਸਾ) ਕਰ ਹੀ ਸਕਦੇ ਹਨ। ਐਸਾ ਨਹੀਂ ਮੰਨਿਆ ਜਾ ਸਕਦਾ ਕਿ ਸਾਰੇ ਲੋਕ ਬੌਧਿਕ ਸਮਰੱਥਾ ਮੁਤਾਬਿਕ ਕੰਮ ਕਰਨਗੇ, ਭਾਵਨਾਤਮਕ ਆਧਾਰ ਵੀ ਤਾਂ ਹੁੰਦਾ ਹੈ।" ਪਰ ਖ਼ੂਨੀ ਹਜੂਮ ਪ੍ਰਤੀ ਨਰਮਗੋਸ਼ਾ ਵਰਤਣ, ਉਸ ਨੂੰ ਉਕਸਾਉਣ ਜਾਂ ਉਨ੍ਹਾਂ ਦੀਆਂ ਖ਼ੂਨੀ ਕਾਰਵਾਈਆਂ ਨੂੰ ਜਾਇਜ਼ ਠਹਿਰਾਉਣ ਲਈ ਕੇਵਲ ਸਿਆਸੀ ਆਗੂ ਹੀ ਜ਼ਿੰਮੇਵਾਰ ਨਹੀਂ। ਰਾਜ ਸਰਕਾਰਾਂ ਅਤੇ ਪੁਲਿਸ ਪ੍ਰਸ਼ਾਸਨ ਵੀ ਇਹ ਕੰਮ ਕਰਦਾ ਆ ਰਿਹਾ ਹੈ।

### ਕਾਨੂੰਨੀ ਜਾਮਾ ਪਹਿਨਾਉਣ ਦੀ ਕੋਸ਼ਿਸ਼

ਜਿਵੇਂ ਦਵੇਂਦਰ ਫੜਨਵੀਸ ਦੀ ਸਰਕਾਰ ਨੇ ਮਹਾਰਾਸ਼ਟਰ ਵਿਚ ਗਊ ਹੱਤਿਆ ਉਪਰ ਪਾਬੰਦੀ 'ਤੇ ਨਜ਼ਰ ਰੱਖਣ ਲਈ 'ਕਾਰਕੁਨਾਂ' ਨੂੰ ਸ਼ਨਾਖ਼ਤੀ ਕਾਰਡ ਦੇਣ ਲਈ ਇਸ਼ਤਿਹਾਰ ਦਿੱਤਾ ਸੀ, ਜਿਸ ਦੇ ਹੁੰਗਾਰੇ ਵਜੋਂ ਸੈਂਕੜੇ ਲੋਕਾਂ ਨੇ ਅਰਜ਼ੀਆਂ ਦਿੱਤੀਆਂ। ਇਨ੍ਹਾਂ ਵਿਚ ਜ਼ਿਆਦਾਤਰ ਹਿੰਦੁਤਵੀ ਜਥੇਬੰਦੀਆਂ ਨਾਲ ਜੁੜੇ ਉਹੀ ਲੋਕ ਸਨ ਜੋ ਆਪਣੇ ਹੱਥ ਵਿਚ ਆਈ ਗ਼ੈਰ-ਕਾਨੂੰਨੀ ਤਾਕਤ ਉਪਰ ਕਾਨੂੰਨ ਦੀ ਮੋਹਰ ਲਗਵਾਉਣਾ ਚਾਹੁੰਦੇ ਸਨ।

ਕੁਝ ਸਾਲ ਪਹਿਲਾਂ ਛੱਤੀਸਗੜ੍ਹ ਵਿਚ ਸਰਕਾਰ ਅਤੇ ਪੁਲਿਸ ਦੀ ਮਦਦ ਨਾਲ ਸ਼ੁਰੂ ਕੀਤੀ ਗਈ ਸਲਵਾ ਜੁਡਮ ਵੀ ਹਜੂਮ ਦੇ ਖ਼ੂਨੀ ਇਸਤੇਮਾਲ ਦੀ ਇਕ ਮਿਸਾਲ ਹੈ। ਮਸ਼ਹੂਰ ਵਕੀਲ ਪ੍ਰਸ਼ਾਂਤ ਭੂਸ਼ਣ ਖ਼ੂਨੀ ਹਜੂਮ ਨੂੰ 'ਲੈਜਿਟੀਮੇਸੀ' ਦੇਣ ਦੇ ਲਈ ਨਿਆਂਪਾਲਿਕਾ ਸਮੇਤ ਸਮੁੱਚੀ ਸਥਾਪਤੀ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਉਨ੍ਹਾਂ ਬੀ.ਬੀ.ਸੀ. ਨੂੰ ਕਿਹਾ, "ਮੁੱਖਧਾਰਾ ਸਿਆਸੀ ਪਾਰਟੀਆਂ ਜੋ ਸੱਤਾਧਾਰੀ ਰਹਿ ਚੁੱਕੀਆਂ ਹੁੰਦੀਆਂ ਹਨ ਜਾਂ ਜਿਨ੍ਹਾਂ ਵਿਚ ਸੱਤਾ ਵਿਚ ਆਉਣ ਦੀ ਸਮਰੱਥਾ ਹੁੰਦੀ ਹੈ, ਉਨ੍ਹਾਂ ਖ਼ਿਲਾਫ਼ ਗੰਭੀਰ ਕਾਰਵਾਈ ਕਰਨ ਦਾ ਦਮ ਬਹੁਤ ਘੱਟ ਦੇਖਣ ਵਿਚ ਆਉਂਦਾ ਹੈ।"

ਫਿਰ ਜਦੋਂ ਪ੍ਰਧਾਨ ਮੰਤਰੀ ਤੋਂ ਲੈ ਕੇ ਮੁਲਕ ਦੀਆਂ ਨਿਆਂ ਮੂਰਤੀਆਂ ਤਕ ਜਿਸ ਗਊ ਦੀ ਸੇਵਾ ਵਿਚ ਜੁਟੀਆਂ ਹੋਣ, ਉਸ ਨੂੰ ਟਰੱਕ ਵਿਚ ਲੱਦ ਕੇ ਲਿਜਾਣ ਵਾਲੇ ਪਹਿਲੂ ਖਾਨ ਨੂੰ 'ਗਊ ਰੱਖਿਅਕਾਂ' ਦੇ ਕ੍ਰੋਧ ਤੋਂ ਕੌਣ ਬਚਾ ਸਕਦਾ ਹੈ? ਆਪਣੇ ਇਕ ਭਾਸ਼ਣ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਖੁਦ ਮੰਨਿਆ ਸੀ ਕਿ ਗਊ ਰੱਖਿਅਕਾਂ ਦੇ ਨਾਂ ਹੇਠ ਬਹੁਤ ਸਾਰੇ ਲੋਕ ਮੁਜਰਮਾਨਾ ਕਾਰਵਾਈਆਂ ਵਿਚ ਲੱਗੇ ਹੋਏ ਹਨ।

# ਬਾਪੂ ਵਾਲੀਆਂ ਗਲੀਆਂ ਵਿਹੜੇ...

***ਬਾਪ ਦਿਵਸ (ਫਾਦਰ'ਜ਼ ਡੇ) ਲੰਘ ਗਿਆ ਹੈ। ਪੱਛੜ ਕੇ ਮਿਲੇ ਇਸ ਲੇਖ ਵਿਚ ਬੀਬੀ ਸੁਖਨਿੰਦਰ ਕੌਰ ਨੇ ਪਿਛੇ ਜਿਹੇ ਇਸ ਫਾਨੀ ਸੰਸਾਰ ਤੋਂ ਤੁਰ ਗਏ ਆਪਣੇ ਬਾਪੂ ਬਾਰੇ ਵਲਵਲੇ ਸਾਂਝੇ ਕੀਤੇ ਹਨ। ਇਸ ਲੇਖ ਵਿਚ ਜਜ਼ਬਾਤ ਦਾ ਹੜ੍ਹ ਆਇਆ ਪਿਆ ਹੈ ਅਤੇ ਇਸ ਨਾਲ ਭਿੱਜੇ ਬੋਲ ਸਿਰਫ ਲਿਖਾਰੀ ਜਾਂ ਉਸ ਦੇ ਬਾਪੂ ਦੇ ਜਜ਼ਬਾਤ ਦੀ ਕਹਾਣੀ ਹੀ ਨਹੀਂ ਕਹਿ ਰਹੇ, ਸਗੋਂ ਸਮੁੱਚੀ ਲੋਕਾਈ ਨੂੰ ਆਪਣੇ ਕਲਾਵੇ ਵਿਚ ਭਰ ਕੇ ਮੁਹੱਬਤ ਦੀ ਬਰਸਾਤ ਕਰਦੇ ਜਾਪਦੇ ਹਨ। -ਸੰਪਾਦਕ***

ਬਾਪੂ! ਅੱਜ ਤੈਨੂੰ ਲਗਭਗ 5 ਮਹੀਨੇ ਉਥੇ ਗਏ ਨੂੰ ਹੋ ਗਏ ਜਿਥੋਂ ਨਾ ਤਾਂ ਕਦੀ ਕੋਈ ਮੁੜਿਆ ਏ, ਨਾ ਕਦੀ ਕੋਈ ਸੁੱਖ-ਸੁਨੇਹਾ ਆਇਆ ਏ। ਉਥੇ ਨਾ ਕੋਈ ਪਗਡੰਡੀ ਜਾਂਦੀ ਏ ਤੇ ਨਾ ਈ ਜਾਂਦੇ ਦੀ ਕੋਈ ਪੈੜ ਦਿਸਦੀ ਏ। ਦਿਨਾਂ ਤੋਂ ਹਫਤੇ, ਹਫ਼ਤਿਆਂ ਤੋਂ ਮਹੀਨੇ, ਮਹੀਨਿਆਂ ਤੋਂ ਸਾਲ ਅਤੇ ਫਿਰ ਸਾਲਾਂ ਦੇ ਸਾਲ ਸਮੇਂ ਨੇ ਆਪਣੇ ਅੰਦਰ ਸਮਾਈ ਜਾਣੇ ਨੇ। ਹਰ ਸਾਲ ਬਾਪ ਦਿਵਸ ਆਉਣੇ ਨੇ, ਪਰ ਇਕ ਤੂੰ ਹੀ ਨਹੀਂ ਆਉਣਾ!

ਤੇਰੇ ਤੁਰ ਜਾਣ ਤੋਂ ਬਾਅਦ ਪਤਾ ਲੱਗਾ ਕਿ ਕਿਵੇਂ ਕਿਸੇ ਖਾਸ ਨਿੱਘ ਤੋਂ ਵਿਰਵੇਂ, ਮੱਤ ਤੋਂ ਵਿਹੂਣੇ ਰਿਸ਼ਤਿਆਂ ਦੀ ਬਾਕੀ ਲੜੀ ਜੋ ਤੇਰੇ

**ਸੁਖਨਿੰਦਰ ਕੌਰ**
ਫੋਨ: 707-419-6040

ਹੁੰਦਿਆਂ ਭਰੀ-ਭੁਕੰਨੀ ਸੀ, ਉਸ ਤੋਂ ਸੱਖਣੇਂ, ਮਿੱਠੀ ਮਿੱਠੀ ਝਿੜਕ ਦੇ ਬੋਲਾਂ ਨੂੰ ਤਰਸਦੇ, ਸੱਚੀ ਤੇ ਨਿਰਪੱਖ ਸਲਾਹ ਤੋਂ ਵਾਂਝੇ ਹੋ ਕੇ ਜ਼ਿੰਦਗੀ ਵਿਚ ਖਲਾਅ ਪੈਦਾ ਹੋ ਗਿਆ। ਤੂੰ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨੂੰ ਆਪਣੇ ਬਲਬੂਤੇ ਬੜੇ ਸੁਚੇਤ ਢੰਗ ਨਾਲ ਨਜਿੱਠ ਕੇ ਚਲਾ ਗਿਆ। ਅੱਖਾਂ ਵਿਚ ਹਰ ਵੇਲੇ ਤਰਦੀ ਤੇਰੀ ਤਸਵੀਰ ਇਹ ਸੋਚ ਕੇ ਕਿ ਇਹ ਹੁਣ ਕਦੀ ਨਹੀਂ ਦਿਸਣੀ, ਇਕ ਤਾਂ ਦਿਲ ਵਿਚ ਘੋਰ ਉਦਾਸੀ ਪੈਦਾ ਕਰਦੀ ਹੈ, ਦੂਜੀ ਤੇਰੇ ਜਾਣ ਦਾ ਪੱਕਾ ਸਬੂਤ ਪੈਦਾ ਕਰਦੀ ਹੈ। ਤੇਰੀ ਖਿੱਚ ਪਰਦੇਸ ਤੋਂ ਆਪਣੇ ਦੇਸ ਵੱਲ ਜਾਣ ਦਾ ਰਾਹ ਮੋਕਲਾ ਕਰਦੀ ਸੀ। ਰੱਬ ਵਰਗਾ ਸਾਥ ਖੁੱਸ ਜਾਣ 'ਤੇ ਹੁਣ ਦਿਲ ਨੂੰ ਡੋਬੂ ਪੈਂਦੇ ਹਨ।

ਤੂੰ ਸਾਰੀ ਉਮਰ ਹੱਡ ਭੰਨਵੀਂ ਕਮਾਈ ਕੀਤੀ। ਵੱਡੇ ਤੜਕੇ ਉਠ, ਬਲਦਾਂ ਅੱਗੇ ਪੰਜਾਲੀ ਜੋੜ, ਮਗਰ ਹਲ ਪਾ, ਮਾਂ ਦਾ ਰਿੜਕਿਆ ਅਧਰਿੜਕਾ ਪੀ, ਤੇ ਫਿਰ ਛਾਹ ਵੇਲਾ ਲੈ ਕੇ ਗਈ ਮਾਂ ਦੇ ਹੱਥੋਂ ਰੋਟੀ ਅਤੇ ਬਾਲਟੀ ਲੱਸੀ ਦੀ ਪੀ ਕੇ ਦੁਪਹਿਰ ਤੋਂ ਪਹਿਲਾਂ ਪਹਿਲਾਂ ਵਿੱਘਾ ਪੈਲੀ ਵਾਹੁਣੀ। 'ਕੱਲਾ 'ਕੱਲਾ ਸਿਆੜ ਪਾ ਕੇ ਹਾੜ੍ਹੀ ਤੇ ਸਾਉਣੀ ਦੀ ਬਿਜਾਈ ਕਰਨੀ। ਇਉਂ ਕਰਦਿਆਂ ਅੱਧੀ ਦਰਜਨ ਧੀਆਂ ਪੁੱਤਰਾਂ ਨੂੰ ਰੋਜ਼ੀ ਰੋਟੀ ਕਮਾਉਣ ਦੇ ਯੋਗ ਬਣਾਇਆ।

ਬਾਪੂ! ਸਾਰੀ ਉਮਰ ਚੁੱਲ੍ਹੇ ਵਿਚ ਫੂਕਾਂ ਮਾਰਦੀ ਤੇ ਕੱਚੀਆਂ ਕੰਧਾਂ-ਕੋਠੇ ਲਿਪਦੀ ਜਵਾਨੀ ਉਮਰੇ ਮਾਂ ਚਲੀ ਗਈ। ਤੂੰ ਵੀ ਤਾਂ ਸਾਹਾਂ ਵਰਗਾ ਸਾਥ ਖੁੱਸਣ ਪਿਛੋਂ ਅੰਦਰੋਂ ਟੁੱਟ ਕੇ ਆਪਣੇ ਆਪ ਨੂੰ ਸਾਬਤ ਹੋਣ ਦਾ ਭਰਮ ਪਾਲਦਾ ਰਿਹਾ! ਆਪਣੀ ਸੰਗਣੀ 'ਤੇ ਪੂਰੇ ਦਾ ਪੂਰਾ ਨਿਰਭਰ ਹੋ ਕੇ ਮਗਰੋਂ ਨਿੱਕੇ ਨਿੱਕੇ ਨਿਆਣਿਆਂ ਦੇ ਸਾਥ ਨਾਲ ਜ਼ਿੰਦਗੀ ਨੂੰ ਇਕੱਲਿਆਂ ਤੋਰੀ ਰੱਖਣ ਦਾ ਹੰਭਲਾ ਮਾਰਦਾ ਹੋਇਆ, ਹੁਣ ਜ਼ਿੰਦਗੀ ਦੀ ਸ਼ਾਮ ਦੇ ਉਦਾਸ ਰੰਗ ਅਤੇ ਮਾਨਸਿਕ ਪੀੜ ਆਪਣੇ ਨਾਲ ਹੀ ਲੈ ਗਿਆ। ਉਂਜ, ਬਾਹਰੋਂ ਆਪਣੀ ਜੀਵਨ-ਜੁਗਤ ਉਤੇ ਕੋਈ ਫਰਕ ਨਾ ਪੈਣ ਦਿੱਤਾ। ਬਾਪੂ! ਇਥੇ ਪਰਦੇਸ ਆਉਣ ਦਾ ਆਪਣਿਆਂ ਤੋਂ ਦੂਰ ਹੋ ਜਾਣਾ ਹੀ ਇਕੋ ਇਕ ਘਾਟਾ ਏ। ਉਨ੍ਹਾਂ ਦੇ ਬੋਲਾਂ ਨੂੰ ਤਰਸਣਾਂ, ਆਪਣੇ ਆਪ ਵਿਚ ਤਰਾਸਦੀ ਹੀ ਏ। ਮੈਂ ਵੀ ਕਿਤੇ ਤੇਰੇ ਸਿਰਹਾਣੇ ਬੈਠ ਕੇ ਤੇਰੇ ਬਾਕੀ ਪੁੱਤਰਾਂ ਧੀਆਂ ਵਾਂਗ ਤੇਰੇ ਸਾਹਾਂ ਦੀ ਪਲ ਪਲ ਟੁੱਟਦੀ ਡੋਰ ਨੂੰ ਨਿਹਾਰਦੀ! ਤੂੰ ਵੀ ਮੇਰੇ ਹੱਥਾਂ ਵਿਚ ਤਿਲਕਦਾ ਤਿਲਕਦਾ ਸਾਨੂੰ ਸਾਰਿਆਂ ਨੂੰ ਅਲਵਿਦਾ ਆਖ ਜਾਂਦਾ ਤਾਂ ਮੇਰਾ ਮਨ ਵੀ ਤੇਰੇ ਸੱਚੀ ਮੁੱਚੀ ਚਲੇ ਜਾਣ ਦੀ ਗਵਾਹੀ ਭਰਦਾ!

ਬਾਪੂ! ਮੈਂ ਤੈਨੂੰ ਹੌਲੀ ਹੌਲੀ ਤੁਰਦੇ ਨੂੰ, ਆਪਣੇ ਪਰਿਵਾਰ ਵਿਚ ਕੰਬਦੇ ਹੱਥਾਂ ਨਾਲ ਪੰਜ ਬਾਣੀਆਂ ਦਾ ਮੂੰਹ ਜ਼ਬਾਨੀ ਪਾਠ ਕਰਦਿਆਂ ਤੇ ਫਿਰ ਸਾਰੇ ਧੀਆਂ ਪੁੱਤਰਾਂ ਜੋ ਦੇਸੀਂ ਤੇ ਪਰਦੇਸੀਂ ਬੈਠੇ ਹਨ, ਦੀ ਸੁੱਖ ਮੰਗਦਿਆਂ ਤੇ ਛੋਟੀਆਂ ਛੋਟੀਆਂ ਪੁਲਾਘਾਂ ਪੁੱਟਦਿਆਂ ਘਰ ਵਿਚ ਹੀ ਸੈਰ ਕਰਦਿਆਂ ਨੂੰ ਛੱਡ ਕੇ ਆਈ ਸੀ। ਮੈਨੂੰ ਮੇਰੀਆਂ ਅੱਖਾਂ ਅੰਦਰ ਉਹ ਤਸਵੀਰ ਹਰ ਵੇਲੇ ਜਿਉਂ ਦੀ ਤਿਉਂ ਦਿਸਦੀ, ਤੇਰੇ ਉਸੇ ਤਰ੍ਹਾਂ ਤੁਰਦਿਆਂ ਫਿਰਦਿਆਂ ਹੋਣ ਦਾ ਭਰਮ ਪਾਲਦੀ ਰਹਿੰਦੀ ਹੈ ਜਿਸ ਵਿਚ ਤੂੰ ਕੰਬਦੇ ਹੱਥਾਂ ਨਾਲ ਕਿੰਨੇ ਹੀ ਰੁਪਈਆਂ ਦਾ ਪਿਆਰ ਦੇ ਕੇ ਆਖਰੀ ਵਾਰ ਮੈਨੂੰ ਤੋਰਿਆ ਸੀ!

ਚੰਦਰੇ ਪਰਦੇਸ ਦੀਆਂ ਮਜਬੂਰੀਆਂ, ਚੁਣੌਤੀਆਂ ਤੇ ਬੇਵੱਸੀਆਂ ਕਾਰਨ ਜਦ ਆਪਣੇ ਮੋਏ ਬਾਪ ਦਾ ਗੁਟਕਾ ਸਾਹਿਬ ਜਿਸ ਤੋਂ ਉਹ ਆਪਣੇ ਸਾਰੇ ਪਰਿਵਾਰ ਦੀ ਦਿਨ ਰਾਤ ਸੁੱਖ ਮੰਗਦਾ ਸੀ; ਐਨਕ, ਠਾਠੀ, ਕੰਘੀ, ਰੁਮਾਲ, ਬੈਗ ਅਲਮਾਰੀ ਵਿਚ ਪਏ ਵੇਖੇ ਤਾਂ ਕਈ ਵਾਰੀ ਅਲਮਾਰੀ ਬੰਦ ਕੀਤੀ ਤੇ ਖੋਲ੍ਹੀ; ਇੰਜ ਜਾਪਿਆ ਜਿਵੇਂ ਦੁੱਧ ਪੀਂਦੇ ਬੱਚੇ ਦੀ ਮਾਂ ਉਸ ਨੂੰ 'ਕੱਲਿਆਂ ਛੱਡ ਕੇ ਘਰੋਂ ਬਾਹਰ ਚਲੀ ਜਾਂਦੀ ਹੈ ਤੇ ਉਹ ਹਾਲੋਂ ਬੇਹਾਲ ਹੋ ਜਾਂਦਾ ਏ। ਤੇਰੀ ਹਰ ਚੀਜ਼ ਉਦਾਸ ਤੇ ਰੋਂਦੀ ਜਾਪੀ। ਤੇਰੇ ਕਮਰੇ ਵਿਚ ਤਾਂ ਤੇਰੀ ਹਰ ਚੀਜ਼- ਮੰਜੇ, ਕੁਰਸੀਆਂ, ਮੇਜ਼ ਤਾਂ ਉਸੇ ਤਰ੍ਹਾਂ ਬਿਰਾਜਮਾਨ ਸਨ, ਪਰ ਬਾਪੂ! ਤੂੰ ਕਿਥੇ ਚਲਾ ਗਿਆ? ਤੇਰੇ ਕਮਰੇ ਵਿਚ ਵੜਦਿਆਂ ਧਾਹ ਤਾਂ ਮਾਰੀ, ਪਰ ਅੰਦਰੇ ਅੰਦਰ ਖੌਰੇ ਵਸਦੇ ਰਸਦੇ ਭਰਾਵਾਂ ਦੇ ਵਿਹੜਿਆਂ ਵਿਚ ਕੁਲੱਛਣ ਦੇ ਡਰੋਂ,



ਖੌਰੇ ਭਰਾਵਾਂ ਭਾਬੀਆਂ ਦੇ ਉਲ੍ਹਾਮਿਆਂ ਦੇ ਡਰੋਂ, ਖੌਰੇ ਵਾਹਿਗੁਰੂ ਦਾ ਭਾਣਾ ਨਾ ਮੰਨਣ ਦੇ ਡਰੋਂ ਬੱਸ ਭਰੀ-ਪੀਤੀ ਮਹੀਨੇ ਬਾਅਦ ਵਾਪਸ ਜਹਾਜ਼ੇ ਚੜ੍ਹ ਆਈ।

15 ਵਰ੍ਹੇ ਹੋ ਗਏ ਸੀ ਤੇਰਾ ਪਿੰਡ ਵਾਲਾ ਜੱਦੀ ਘਰ ਵੇਖੇ ਨੂੰ। ਕਮਲਿਆਂ ਹਾਰ ਇਕ ਦਿਨ ਤੇਰੇ ਪਿੰਡ ਚਲੀ ਗਈ। ਪਿੰਡ ਵੜਦਿਆਂ ਸੜਕ ਦੇ ਕੰਢੇ ਰੋਹੀ ਵਾਲੀ ਪੈਲੀ, ਟਿੰਡਾਂ ਵਾਲਾ ਖੂਹ ਜਿਥੇ ਅਧੀ ਸਦੀ ਪਹਿਲਾਂ ਛੁੱਟੀ ਵਾਲੇ ਦਿਨ ਸਿਆਲਾਂ ਨੂੰ ਮਾਂ ਨੇ ਹਲ ਵਾਹੁੰਦੇ ਬਾਪ ਦੀ ਚਾਹ ਦੇ ਕੇ ਭੇਜਣਾ। ਬਾਪੂ ਨੇ ਚਾਹ ਪੀਣੀ ਤੇ ਉਹਦੇ ਵਰਜਦਿਆਂ ਵਰਜਦਿਆਂ ਗਾਧੀ ਉਤੇ ਬਹਿ ਕੇ ਢੱਗੇ ਹਿੱਕਣ ਲੱਗ ਪੈਣਾ ਤੇ ਝੂਟੇ ਲੈਣੇ। ਕੋਸੇ ਤਾਜ਼ੇ ਪਾਣੀ ਨਾਲ ਔਲੂ ਵਿਚ ਖਲੋ ਕੇ ਅਠਖੇਲੀਆਂ ਕਰਨੀਆਂ। ਆਡੇ ਆਡ ਮਾਰੋ-ਮਾਰ ਕਰਦੇ ਪਾਣੀ ਨੇ ਦੂਰ ਖੇਤ ਵਿਚ ਖਿਲਰ ਜਾਣਾ। ਕਣਕ ਦੇ ਦੋ ਦੋ ਚੱਪੇ ਹੋਏ ਬੂਟੇ ਉਸ ਕੋਸੇ ਪਾਣੀ ਨਾਲ ਝੂਮਦੇ ਦਿਨਾਂ ਵਿਚ ਜੁਆਨ ਹੋਈ ਜਾਂਦੇ, ਪਰ ਬਾਪੂ ਇਥੇ ਤਾਂ ਹੁਣ ਕੁਝ ਵੀ ਨਹੀਂ! ਨਾ ਖੂਹ, ਨਾ ਕੱਚੀ ਆਡ; ਨਾ ਕੋਈ ਟੋਕਾ, ਨਾ ਕੋਈ ਬਲਦ ਰਹਿ ਗਿਆ। ਜ਼ਮੀਨ ਤਾਂ ਸਾਰੀ ਇੱਟਾਂ, ਰੇਤ ਤੇ ਬਜਰੀ ਨੇ ਮੱਲ ਲਈ। ਹੁਣ ਤਾਂ ਸਿਰਫ ਬਚਪਨ ਦੀਆਂ ਯਾਦਾਂ ਹੀ ਦਿਮਾਗ ਵਿਚ ਖੌਰੂ ਪਾ ਰਹੀਆਂ!

ਤੇਰੇ ਪਿੰਡ ਕੀ ਗਈ, ਉਥੇ ਹਰ ਚੀਜ਼ ਉਦਾਸ ਜਾਪੀ। ਉਹ ਪੁਰਾਣੀਆਂ ਗਲੀਆਂ ਨਾ ਦਿਸੀਆਂ, ਨਾ ਕੋਈ ਕੱਚੀ ਕੰਧ। ਨਾ ਉਹ ਬੇਰੀਆਂ ਜਿਥੋਂ ਸਾਰੇ ਪਿੰਡ ਦੇ ਜੁਆਕ ਨਾਲੇ ਬੇਰ ਖਾਂਦੇ ਸਨ, ਨਾਲੇ ਗਾਲਾਂ! ਨਾ ਕੋਈ ਤੇਰਾ ਸੰਗੀ ਸਾਥੀ, ਨਾ ਹੀ ਚਾਚੇ ਤਾਏ ਭਾਬੀਆਂ, ਜਿਹੜੇ ਪਿੰਡ ਵੜਦਿਆਂ ਹੀ ਆਖਦੇ ਸੀ- "ਕੁੜੇ ਬੀਬੀ ਰਾਜ਼ੀ ਏਂ?" ਸੁੱਖ ਸਾਂਦ ਪੁੱਛਦੇ ਸੀ। ਜਿਹੜੇ ਗੇਟ ਤੂੰ ਧੀਆਂ ਪੁੱਤਰਾਂ ਦੀਆਂ ਕਾਰਾਂ ਲੰਘਾਉਣ ਲਈ ਮੋਕਲੇ ਕੀਤੇ ਸਨ, ਉਹ ਗੇਟ ਖੋਲ੍ਹ ਕੇ ਉਨ੍ਹਾਂ ਉਤੋਂ ਤੇਰੇ ਹੱਥਾਂ ਦੇ ਨਿਸ਼ਾਨ ਲੱਭਦੀ, ਤੇਰੀਆਂ ਹਵੇਲੀਆਂ ਤੇ ਵਿਹੜਿਆਂ ਵਿਚੋਂ ਤੇਰੀ ਪੈੜਚਾਲ ਲੱਭਦੀ ਵਾਪਸ ਆ ਗਈ।

ਵੱਸਦਾ ਰਹੇ ਤੇਰਾ ਪਿੰਡ-ਗਰਾਂ! ਸਣੇ ਆਪਣੇ ਬਾਪੂ ਅਤੇ ਤੇਰੇ ਪਿੰਡ ਦੇ ਬਜ਼ੁਰਗਾਂ ਦੇ ਵਾਰਸ... ਜਿਹੜੇ ਜਾਂ ਤਾਂ ਪਿੰਡ ਛੱਡ ਸ਼ਹਿਰੀਂ ਚਲੇ ਗਏ, ਜਾਂ ਫਿਰ ਮੇਰੀ ਪਛਾਣ ਤੋਂ ਬਾਹਰ, ਮੈਨੂੰ ਓਪਰਿਆਂ ਵਾਂਗੂੰ ਨਿਹਾਰਦੇ ਕੋਲੋਂ ਦੀ ਲੰਘ ਗਏ... ਸਦਾ ਸੁਖੀ ਰਹਿਣ। ਪਿੰਡ ਦੀਆਂ ਬੀਬੀਆਂ, ਪਿੰਡ ਦੇ ਖੇਤ, ਤਬੇਲੇ, ਹਵੇਲੀਆਂ; ਇਨ੍ਹਾਂ ਦੇ ਨਵੇਂ ਵਾਰਸ ਵੱਸਦੇ ਰਹਿਣ, ਇਹੀ ਦੁਆਵਾਂ ਦਿੰਦੀ ਪਿੰਡੋਂ ਬਾਹਰ ਆ ਗਈ। ਬਾਪੂ! ਪੁੱਤਾਂ ਨੇ ਤਾਂ ਘਰ ਵੰਡਣੇ ਹੁੰਦੇ, ਪਰ ਧੀਆਂ ਨੇ ਸਾਰੀ ਉਮਰ ਉਸ ਘਰ ਦੀਆਂ ਖੁਸ਼ੀਆਂ ਗਮੀਆਂ ਅਖੀਰ ਤੱਕ ਵੰਡਣੀਆਂ ਹੁੰਦੀਆਂ ਨੇ। ਧੀ ਪੇਕੇ ਘਰ ਨਾਲੋਂ ਟੁੱਟ ਕੇ ਵੀ ਟੁੱਟ ਨਹੀਂ ਸਕਦੀ।

ਬਾਪੂ! ਤੇਰੇ ਅੰਦਰ ਅੰਤਾਂ ਦਾ ਵਿਸ਼ਵਾਸ ਸੀ। ਚੜ੍ਹਦੀ ਉਮਰੇ 1947 ਨੇ ਤੇਰੇ ਪਰਿਵਾਰ ਨੂੰ ਲੱਖ ਤੋਂ ਕੱਖ ਕਰ ਦਿੱਤਾ। ਪਾਕਿਸਤਾਨ ਦੇ ਬਾਰਡਰ 'ਤੇ ਰਹਿੰਦਿਆਂ ਅਕਸਰ ਲੜਾਈ ਹੋਣ ਦਾ ਡਰ ਹੋਣ ਕਰ ਕੇ ਚੱਕ-ਥੱਲ ਹੁੰਦੀ ਰਹਿੰਦੀ। ਗੰਭੀਰ ਬਿਮਾਰੀ ਕਾਰਨ ਮਾਂ ਵੀ ਚਲਦੀ ਬਣੀ, ਘਰ ਨੂੰ ਇਕੱਲੇ ਤੇਰੇ ਸਿਰ 'ਤੇ ਛੱਡ ਕੇ! ਤੂੰ ਫਿਰ ਵੀ ਨਾ ਡੋਲਿਆ। ਸਾਦਗੀ, ਸਹਿਜ ਤੇ ਸੰਜਮ ਦਾ ਪੱਲਾ ਨਾ ਛੱਡਿਆ। ਸਾਰੀ ਉਮਰ ਪਿੰਡ ਵਿਚ ਰਹਿਣ ਵਾਲਾ, ਮਹਿਫ਼ਲਾਂ ਦਾ ਸਰਦਾਰ, ਪਿੰਡ ਦੀਆਂ ਧੀਆਂ-ਭੈਣਾਂ ਦਾ ਰਾਖਾ ਤੇ ਨੌਜਵਾਨਾਂ ਦਾ ਮਾਰਗ ਦਰਸ਼ਕ ਆਖਰੀ ਉਮਰੇ ਸਭ ਕੁਝ ਛੱਡ ਛੁਡਾ ਕੇ ਕਿਸੇ ਸ਼ਹਿਰ ਦੇ ਕਿਸੇ ਕੋਨੇ ਵਿਚ ਆਪਣੇ ਪੁੱਤਰਾਂ ਦੇ ਰੈਣ ਬਸੇਰਿਆਂ ਵਿਚ ਆਪਣੇ ਆਪ ਨੂੰ ਉਸੇ ਹੀ ਜੀਵਨ ਸ਼ੈਲੀ ਵਿਚ ਢਾਲਦਾ ਗਿਆ... ਕਿਸੇ ਪ੍ਰਤੀ ਕੋਈ ਸ਼ਿਕਵਾ ਨਹੀਂ, ਕੋਈ ਉਲ੍ਹਾਮਾ ਨਹੀਂ!

ਬਾਪੂ! ਤੂੰ ਤਾਂ ਜਿਉਂਦੇ ਜੀਅ ਧੀਆਂ ਦੇ ਘਰੋਂ ਰੋਟੀ ਪਾਣੀ ਖਾਣਾ ਵੀ ਗੁਨਾਹ ਸਮਝਦਾ ਸੈਂ, ਤੇਰੇ ਜਿਉਂਦੇ ਜੀਅ ਤਾਂ ਮੈਂ ਤੈਨੂੰ ਕਦੀ 'ਬਾਪ ਦਿਵਸ' ਦਾ ਤੋਹਫ਼ਾ ਨਾ ਦਿੱਤਾ, ਪਰ ਅੱਜ ਇਸ ਦਿਵਸ ਮੌਕੇ ਆਪਣੇ ਜਜ਼ਬਾਤ ਲਿਖ ਰਹੀ ਹਾਂ। ਸਾਰਾ ਦਿਨ ਤੇਰੀ ਤਸਵੀਰ ਬੰਦ ਅੱਖਾਂ ਅੱਗੇ ਘੁੰਮਦੀ ਰਹੀ- ਜਵਾਨੀ ਪਹਿਰੇ ਸਾਈਕਲ ਪਿਛੇ ਬਿਠਾ ਕੇ ਸਕੂਲਾਂ ਕਾਲਜਾਂ ਵਿਚ ਦਾਖ਼ਲ ਕਰਾਉਣ ਜਾਂਦਾ ਬਾਪੂ... ਬਿਨ ਭਰੀਆਂ ਜੇਬਾਂ ਤੋਂ ਹੀ ਸਾਰੇ ਖਰਚੇ ਕੱਢਦਾ ਬਾਪੂ... ਫਿਰ ਉਮਰ ਦੇ ਅਖੀਰਲੇ ਪੜਾਅ ਵਿਚ ਪੁੱਜ ਕੇ ਮਸਾਂ ਹੀ ਤੁਰਦਾ ਬਾਪੂ! ਚੰਗਾ ਹੋਇਆ ਤੂੰ ਚਲਾ ਗਿਆ ਬਾਪੂ! ਹੁਣ ਤਾਂ ਤੂੰ ਆਪਾ ਸੰਭਾਲਣ ਤੋਂ ਵੀ ਅਸਮਰਥ ਸੀ। ਤੇਰੀ ਹੁਣ ਪਿੰਡ ਨੂੰ ਤੇ ਤੇਰੇ ਪਰਿਵਾਰ ਨੂੰ ਕੋਈ ਬਹੁਤੀ ਲੋੜ ਨਹੀਂ ਸੀ। ਇਕ ਉਦਾਸ ਧੀ ਇਕ ਵਾਰ ਫਿਰ ਤੈਨੂੰ ਤੇ ਤੇਰੇ ਜਿਹੇ ਹਜ਼ਾਰਾਂ ਪਿਤਾਵਾਂ ਨੂੰ ਸਲਾਮ ਕਰਦੀ ਹੈ...!

---

# ਵਿਦੇਸ਼ਾਂ 'ਚ ਸਿੱਖੀ ਨੂੰ ਖੋਰਾ ਲਾਉਣ ਵਾਲੇ ਮਸੰਦ

**ਖਰੀ ਗੱਲ**

ਰਾਤ ਨੂੰ ਸਵਾਰੀ ਲੈ ਕੇ ਜਾ ਰਿਹਾ ਸਾਂ। ਲਾਇਸੈਂਸ 'ਤੇ ਮੇਰਾ ਨਾਂ ਪੜ੍ਹ ਕੇ ਗੋਰੀ ਕਹਿੰਦੀ, "ਮਿਸਟਰ ਸਿੰਘ ਕਿਥੋਂ ਐ?"

"ਇੰਡੀਆਂ ਤੋਂ?" ਸ਼ਾਇਦ ਉਹਨੇ ਸਿੱਖ ਇਤਿਹਾਸ ਪੜ੍ਹਿਆ ਹੋਵੇ ਤੇ ਮੇਰੇ ਨਾਲ ਗੱਲਾਂ ਕਰਨ ਲੱਗ ਪਈ, "ਸਿੱਖ ਬਹੁਤ ਚੰਗੇ ਨੇ। ਮਿਹਨਤੀ ਨੇ। ਹਰ ਇਕ ਦੀ ਮਦਦ ਕਰਨੀ ਆਪਣਾ ਫਰਜ਼



**ਇਕਬਾਲ ਸਿੰਘ ਜੱਬੋਵਾਲੀਆ**
ਫੋਨ: 917-375-6395

ਸਮਝਦੇ ਨੇ। ਵੱਡੇ ਵੱਡੇ ਅਹੁਦਿਆਂ 'ਤੇ ਬੈਠੇ ਨੇ। ਨਿਊ ਯਾਰਕ ਵਿਚ ਨਿਕਲਦੀ ਸਿੱਖ ਪਰੇਡ ਹਰ ਸਾਲ ਵੇਖਦੀ ਹਾਂ ਤੇ ਉਥੋਂ ਫਰੀ ਫੂਡ (ਲੰਗਰ) ਛੱਕ ਕੇ ਬਹੁਤ ਖੁਸ਼ ਹੁੰਦੀ ਹਾਂ।" ਹੋਰ ਵੀ ਬਹੁਤ ਗੱਲਾਂ ਕਰ ਰਹੀ ਸੀ।

ਗੱਲਾਂ ਹਾਲੇ ਚਲਦੀਆਂ ਹੀ ਸਨ ਕਿ ਬੜੀ ਤੇਜ਼ੀ ਨਾਲ ਪਿਛਿਓਂ ਆ ਕੇ ਕਿਸੇ ਟੈਕਸੀ ਵਾਲੇ ਨੇ ਗੱਡੀ ਮੂਹਰੇ ਲਿਆ ਕੇ ਬਰੇਕ ਮਾਰ ਦਿੱਤੀ। ਮੈਂ ਇਕ ਦਮ ਗੱਡੀ ਰੋਕੀ। ਗੋਰੀ ਡਰ ਗਈ। ਮੈਂ ਹੈਰਾਨ, ਇਹ ਕੀ ਹੋਇਆ! ਜਦੋਂ ਬਰਾਬਰ ਜਾ ਕੇ ਵੇਖਣ ਲੱਗਾ ਤਾਂ ਉਹਨੇ ਫਿਰ ਮੂਹਰੇ ਲਿਆ ਕੇ ਗੱਡੀ ਰੋਕ ਦਿਤੀ। ਡਰੀ ਗੋਰੀ ਕਹਿਣ ਲੱਗੀ ਕੋਈ ਪਾਗਲ ਹੈ, ਪੁਲਿਸ ਨੂੰ ਫੋਨ ਕਰੋ। ਹਾਲੇ ਉਹ ਪੁਲਿਸ ਨੂੰ ਫੋਨ ਕਰਨ ਹੀ ਲੱਗੀ ਸੀ ਕਿ ਮੈਂ ਵੇਖਿਆ ਤਾਂ ਪੋਚਵੀਂ ਪੱਗ ਵਾਲਾ ਸਰਦਾਰ। ਮੈਂ ਪਹਿਚਾਣ ਲਿਆ ਕਿਉਂਕਿ ਕਈ ਵਾਰ ਉਹ ਗੁਰੂ ਘਰਾਂ ਵਿਚ ਪ੍ਰਚਾਰ ਕਰਦਾ ਵੇਖਿਆ ਸੀ।

"ਤੂੰ ਫਲਾਣਾ ਸਿੰਘ ਹੈਂ?"

"ਹਾਂ ਜੀ ਭਾਜੀ।"

"ਕਿਸੇ ਚੰਗੇ ਜਿਹੇ ਡਾਕਟਰ ਕੋਲੋਂ ਇਲਾਜ ਕਰਾ, ਦਿਮਾਗ ਦਾ ਸੰਤੁਲਨ ਵਿਗੜਿਆ ਲੱਗਦੈ। ਗੱਡੀ ਚੰਗੀ ਤਰ੍ਹਾਂ ਚਲਾ।" ਮੈਂ ਜ਼ਰਾ ਖਿਝ ਕੇ ਉਹਨੂੰ ਕਿਹਾ।

"ਇਹ ਕੀ ਕਹਿੰਦਾ ਸੀ?" ਗੋਰੀ ਪੁਛਣ ਲੱਗੀ।

ਮੈਂ ਝੂਠ ਮਾਰ ਦਿੱਤਾ ਕਿ ਉਹ ਕਈ ਦਿਨਾਂ ਦਾ ਉਨੀਂਦਰਾਂ ਸੀ ਇਸ ਕਰਕੇ ਸਟੇਰਿੰਗ ਘੁੰਮ ਗਿਆ।

"ਇਹ ਉਨੀਂਦਰਾਂ ਨ੍ਹੀਂ ਹੈ, ਜ਼ਿੰਦਗੀ ਤੋਂ ਅੱਪਸੈਟ ਹੋਇਐ ਲੱਗਦੈ। ਕਿਸੇ ਚੰਗੇ ਜਿਹੇ ਡਾਕਟਰ ਨੂੰ ਦਿਖਾਣਾ ਚਾਹੀਦੈ, ਏਹਨੂੰ ਗੱਡੀ ਨਹੀਂ ਚਲਾਉਣੀ ਚਾਹੀਦੀ, ਘਰ ਜਾ ਕੇ ਆਰਾਮ ਕਰੇ। ਆਪ ਮਰੇਗਾ, ਲੋਕਾਂ ਨੂੰ ਵੀ ਮਾਰੇਗਾ।" ਗੋਰੀ ਨੇ ਗੁੱਸੇ ਨਾਲ ਕਿਹਾ।

ਗੋਰੀ ਦੀ ਅਗਲੀ ਗੱਲ ਸੁਣ ਕੇ ਮੈਂ ਵੀ ਝੂਠਾ ਜਿਹਾ ਪੈ ਗਿਆ। ਕਹਿੰਦੀ, "ਮੈਨੂੰ ਹੁਣ ਪਤਾ ਲੱਗਾ ਕਿ ਸਿੱਖਾਂ ਵਿਚ 'ਅਜਿਹੇ ਫੇਕ ਸਿੱਖ' ਵੀ ਹਨ।" ਸ਼ਾਇਦ ਗੋਰੀ ਨੂੰ ਉਹ ਹਿਲਿਆ ਜਿਹਾ ਲੱਗਾ ਹੋਵੇ ਤੇ ਉਹਦੇ ਹਾਵ ਭਾਵ ਵੇਖ ਕੇ ਅੰਦਾਜ਼ਾ ਲਾ ਲਿਆ ਹੋਵੇ।

ਹੁਣ ਸੋਚਣ ਵਾਲੀ ਗੱਲ ਹੈ ਕਿ ਸੜਕਾਂ 'ਤੇ ਤੁਰੇ ਫਿਰਦੇ ਅਜਿਹੇ ਸਿਰ ਫਿਰੇ ਲੋਕ ਗੱਡੀਆਂ ਗਲਤ ਚਲਾਉਂਦੇ ਹਨ ਤੇ ਲੋਕਾਂ ਦੀ ਜਾਨ ਖਤਰੇ ਵਿਚ ਪਾਉਂਦੇ ਹਨ। ਆਪ ਮਰਦੇ ਹਨ ਤੇ ਹੋਰਨਾਂ ਨੂੰ ਮਾਰਦੇ ਹਨ। ਹੋਰ ਕੋਈ ਮੋਨਾ ਕਰ ਜਾਵੇ ਤਾਂ



ਵੱਖਰੀ ਗੱਲ ਹੈ, ਜਦੋਂ ਕੋਈ ਪੋਚਵੀਂ ਪੱਗ ਤੇ ਦਾੜ੍ਹੀ ਵਾਲਾ ਇਹੋ ਜਿਹੀ ਕਰਤੂਤ ਕਰੇ ਤਾਂ ਬਾਕੀ ਸਰਦਾਰਾਂ ਦਾ ਸਿਰ ਸ਼ਰਮ ਨਾਲ ਝੁਕ ਜਾਂਦੈ। ਉਹ ਦੂਜੇ ਸਿੱਖ ਸਰਦਾਰਾਂ ਦੀ ਛਵੀ ਵੀ ਖਰਾਬ ਕਰਦੇ ਹਨ। ਗੋਰੇ-ਕਾਲੇ ਸਾਨੂੰ ਤਾਲਿਬਾਨੀ ਜਾਂ ਉਸਾਮਾ ਕਹਿ ਕੇ ਛੱਟਦੇ ਹਨ।

ਸ਼ੈਤਾਨ ਲੋਕ ਚਿੱਟਾ ਬਾਣਾ ਪਾ ਕੇ ਲੋਕ ਵਿਖਾਵੇ ਲਈ ਦਾੜ੍ਹੀ ਖੁਲ੍ਹੀ ਛੱਡ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠ ਕੇ ਜਾਂ ਬਰਾਬਰ ਆਸਣ ਲਾ ਕੇ ਸੰਗਤ ਨੂੰ ਉਪਦੇਸ਼ ਦਿੰਦੇ ਹੋਣ ਤਾਂ ਬੜਾ ਹਾਸੋਹੀਣਾ ਲੱਗੇਗਾ। ਬਾਬੇ ਨਾਨਕ ਦੇ ਘਰ ਨਿਰੋਲ ਕੀਰਤਨ ਹੋਣਾ ਚਾਹੀਦੈ। ਜਗਦੀ ਜੋਤ ਹੈ। ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਪ੍ਰਚਾਰਕਾਂ ਦੇ ਵਿਚਾਰ ਵੱਖਰੇ ਹੋਣਗੇ ਤੇ ਦੂਜੇ ਮੱਤ ਨੂੰ ਮੰਨਣ ਵਾਲੇ ਦੇ ਵਿਚਾਰ ਤੇ ਉਦਾਹਰਣਾਂ ਵੱਖਰੀਆਂ ਹੋਣਗੀਆਂ। ਹਰ ਕਿਸੇ ਨੂੰ ਆਪਣਾ ਮੱਤ ਮੁਬਾਰਕ ਹੋਵੇ। ਪਰ ਗੁਰੂ ਗ੍ਰੰਥ ਸਾਹਿਬ ਨੂੰ ਸ਼ਬਦ ਮੰਨ ਕੇ ਚਲਣ ਵਾਲੇ ਨੂੰ ਅਸਲੀ ਪ੍ਰਚਾਰਕ ਮੰਨਿਆ ਜਾਂਦਾ ਹੈ। ਨਹੀਂ ਤਾਂ ਢਕਵੰਜੀ ਜਾਂ ਝੂਠਾ ਪ੍ਰਚਾਰਕ ਗਰਦਾਨਿਆ ਜਾਵੇਗਾ। ਹੁਣ ਜੇ ਕੋਈ ਕਹੇ ਕਿ ਗੁਰੂ ਗ੍ਰੰਥ ਸਾਹਿਬ ਮੂਹਰੇ ਲੋਕੀਂ ਪੈਸੇ ਕਿਉਂ ਚੜ੍ਹਾਉਂਦੇ ਹਨ। ਇਹ ਕਿਹੜਾ ਬੋਲਦਾ ਜਾਂ ਪੈਸੇ ਮੰਗਦਾ ਹੈ। ਅਜਿਹੇ ਲੋਕ ਆਪਣੇ ਆਪ ਨੂੰ ਪ੍ਰਚਾਰਕ ਕਹਾਉਣ ਤਾਂ ਲਾਹਣਤ ਹੀ ਪੱਲੇ ਪਵੇਗੀ? ਉਹ ਗੁਰੂ ਗ੍ਰੰਥ ਸਾਹਿਬ ਨੂੰ ਮਖੌਲ ਸਮਝਦੇ ਹਨ। ਉਤੋਂ ਹੋਰ ਤੇ ਵਿਚੋਂ ਹੋਰ। ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਬਹਿ ਕੇ ਕੁਫਰ ਤੋਲਣ ਵਾਲਿਆਂ ਤੋਂ ਸੁਚੇਤ ਰਹਿਣਾ ਚਾਹੀਦੈ ਕਿਉਂਕਿ ਨਰੈਣੇ ਮਹੰਤ ਦਾ ਪਰਿਵਾਰ ਹਾਲੇ ਖਤਮ ਨਹੀਂ ਹੋਇਆ ਤੇ ਨਾ ਹੀ ਹੋਣਾ ਹੈ। ਵੱਖੋ-ਵੱਖਰੇ ਭੇਸਾਂ ਵਿਚ ਬਹੁਤ ਤੁਰੇ ਫਿਰਦੇ ਹਨ।


ਗੰਗੂ ਰਸੋਈਏ ਦੇ ਧੋਖੇਬਾਜ਼ ਸਾਥੀ ਬਹੁਤ ਹਨ ਜੋ ਸਿੱਖੀ ਨੂੰ ਬਰਬਾਦ ਕਰਨ ਤੁਰੇ ਹੋਏ ਹਨ। ਉਨ੍ਹਾਂ ਨੂੰ ਪਛਾਣਨ ਦੀ ਲੋੜ ਹੈ ਪਰ ਉਨ੍ਹਾਂ ਨੂੰ ਪਛਾਣਨਾ ਬਹੁਤ ਔਖਾ ਹੈ। ਵੱਖੋ-ਵੱਖਰੇ ਪਹਿਰਾਵਿਆਂ ਵਿਚ ਗਿਰਗਿਟ ਵਾਂਗ ਰੰਗ ਬਦਲਦੇ ਫਿਰਦੇ ਹਨ। ਮਸੰਦ ਬਿਰਤੀ ਦੇ ਲੋਕ।

ਕੁਝ ਲੋਕਾਂ ਨੂੰ ਵਿਕਸਿਤ ਮੁਲਕਾਂ ਵਿਚ ਆ ਕੇ ਵੀ ਅਕਲ ਨਾ ਆਈ। ਕਈ ਦੇਸੀ ਬਾਬੇ ਇਥੇ ਆ ਕੇ ਵਲੈਤੀ ਬਾਬੇ ਬਣ ਜਾਂਦੇ ਹਨ ਤੇ ਭੋਲੇ-ਭਾਲੇ ਲੋਕਾਂ ਨੂੰ ਮਗਰ ਲਾ ਕੇ ਮਾਇਆ 'ਕੱਠੀ ਕਰਨ ਦੇ ਰਾਹ ਪਏ ਹੋਏ ਹਨ। ਕਈ ਲੋਕ ਰਾਤੋ ਰਾਤ ਅਮੀਰ ਬਣਨ ਦੇ ਚੱਕਰ ਵਿਚ ਆਪਣੇ ਗੁਰੂ (ਗੁਰੂ ਗ੍ਰੰਥ ਸਾਹਿਬ) ਨੂੰ ਭੁੱਲ ਕੇ ਇਨ੍ਹਾਂ ਦੇ ਮਗਰ ਲੱਗ ਕੇ ਗਾਤਰੇ ਲਾਹ ਕੇ ਕੀਲੀ 'ਤੇ ਟੰਗ ਦਿੰਦੇ ਹਨ। ਫਿਰ ਉਹ ਆਪਣਾ ਮੱਤ ਜਾਂ ਵੱਖਰੀ ਸੰਗਤ ਬਣਾ ਕੇ ਅੱਗਿਉਂ ਹੋਰ ਚੇਲੇ ਜਾਂ ਗੁਰ ਭਾਈ ਬਣਾ ਕੇ ਲੋਕਾਂ ਨੂੰ ਬੁੱਧੂ ਬਣਾਉਣ ਤੁਰ ਪੈਂਦੇ ਹਨ। ਉਹ ਵਲੈਤੀ ਬਾਬਾ ਇਨ੍ਹਾਂ ਨੂੰ ਗਿੱਦੜਸਿੰਗੀ ਦਿੰਦਾ ਹੈ ਤੇ ਉਸ 'ਚੀਜ਼' ਜਾਂ 'ਜਾਦੂ' ਨੂੰ ਸਾਂਭ ਕੇ ਰੱਖਣ ਲਈ ਕਹਿ ਦਿੰਦਾ ਹੈ। ਜੋ ਵੀ ਮੰਗੋਗੇ ਮਿਲ ਜਾਵੇਗਾ। ਹਰ ਚੀਜ਼ ਦੀ ਪ੍ਰਾਪਤੀ ਲਈ 'ਤਵੀਤ' ਮੱਦਦਗਾਰ ਦੱਸਦਾ ਹੈ। ਵਲੈਤੀ ਬਾਬੇ ਦੇ ਵਲੈਤੀ ਚੇਲੇ ਸਤਿ ਬਚਨ ਕਹਿ ਕੇ ਸਵੀਕਾਰ ਕਰ ਲੈਂਦੇ ਹਨ। ਪੁੱਠੇ-ਸਿੱਧੇ ਕੰਮਾਂ ਜਾਂ ਹੇਰਾ ਫੇਰੀ ਦੇ ਚੱਕਰਾਂ 'ਚ ਪੈ ਜਾਂਦੇ ਹਨ। ਫਿਰ ਉਦੋਂ ਪਤਾ ਲੱਗਦਾ ਹੈ ਜਦੋਂ ਢਕਵੰਜੀ ਬਾਬੇ ਦੇ ਢਕਵੰਜੀ ਚੇਲੇ ਪੁਲਿਸ ਦੇ ਸ਼ਿਕੰਜੇ 'ਚ ਫਸੇ ਹੁੰਦੇ ਹਨ। ਗੁਰੂ ਘਰਾਂ 'ਚ ਲੜਾਈਆਂ ਵੀ ਅਜਿਹੇ ਘਟੀਆ ਲੋਕਾਂ ਕਰਕੇ ਹੀ ਹੁੰਦੀਆਂ ਹਨ।

ਸਿੱਖ ਇਤਿਹਾਸ ਲਾਸਾਨੀ ਕੁਰਬਾਨੀਆਂ ਨਾਲ ਭਰਿਆ ਪਿਆ ਹੈ ਜਿਸ ਦੀ ਮਿਸਾਲ ਦੁਨੀਆਂ ਦੇ ਕਿਸੇ ਹੋਰ ਇਤਿਹਾਸ ਵਿਚ ਨਹੀਂ ਮਿਲਦੀ। ਪਰ ਸਿੱਖੀ ਦੇ ਭੇਸ ਵਿਚ ਕੁਝ ਕੁ ਸ਼ਰਾਰਤੀ ਅਨਸਰ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨ 'ਤੇ ਲੱਗੇ ਹੋਏ ਹਨ। ਜੇ ਸਿੱਖ ਨੂੰ ਸਿੱਖ ਨਾ ਮਾਰੇ ਤਾਂ ਸਿੱਖ ਕਦੀ ਮਰਦਾ ਨਹੀਂ।

# ਪੰਜਾਬ: ਸਰਕਾਰ ਭਾਵੇਂ ਬਦਲ ਗਈ ਪਰ ਹਾਲਾਤ ਓਹੀ


ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455


ਕੁਝ ਹਫਤੇ ਵਿਦੇਸ਼ ਵਿਚ ਲਾਉਣ ਤੋਂ ਬਾਅਦ ਜਦੋਂ ਦੇਸ਼ ਪਰਤਿਆ ਤਾਂ ਬਹੁਤੇ ਲੋਕ ਇਥੇ ਇਸ ਤਰ੍ਹਾਂ ਦੇ ਮਿਲੇ, ਜੋ ਕਹਿੰਦੇ ਹਨ ਕਿ ਮਾਰਚ ਵਿਚ ਪੰਜਾਬ ਦੀ ਸਰਕਾਰ ਬਦਲਣ ਤੋਂ ਬਾਅਦ ਕੱਖ ਵੀ ਨਹੀਂ ਬਦਲਿਆ। ਥੋੜ੍ਹੇ ਜਿਹੇ ਲੋਕ ਅਜਿਹੇ ਵੀ ਮਿਲੇ, ਜੋ ਕਹਿੰਦੇ ਹਨ ਕਿ ਕੁਝ ਫਰਕ ਪਿਆ ਹੈ, ਪਰ ਜਿਸ ਮਿਸਾਲੀ ਫਰਕ ਦੀ ਝਾਕ ਰੱਖੀ ਜਾ ਰਹੀ ਸੀ, ਓਦਾਂ ਦਾ ਕੁਝ ਨਹੀਂ ਹੋਇਆ। ਇਹ ਦੂਸਰੀ ਗੱਲ ਵੱਧ ਹਕੀਕੀ ਲੱਗਦੀ ਹੈ। ਆਜ਼ਾਦੀ ਮਿਲਣ ਤੋਂ ਸੱਤਰ ਸਾਲ ਬਾਅਦ ਵੀ ਅਜਿਹੇ ਲੋਕ ਸਾਨੂੰ ਆਪਣੇ ਦੇਸ਼ ਵਿਚ ਮਿਲ ਜਾਂਦੇ ਹਨ, ਜੋ ਇਹ ਕਹਿਣ ਲੱਗਦੇ ਹਨ ਕਿ ਅੰਗਰੇਜ਼ਾਂ ਦੇ ਜਾਣ ਪਿੱਛੋਂ ਕੁਝ ਨਹੀਂ ਬਦਲਿਆ। ਉਨ੍ਹਾਂ ਨੂੰ ਕੁਝ ਬਦਲਿਆ ਨਹੀਂ ਦਿੱਸਦਾ ਤਾਂ ਨਾ ਦਿੱਸੇ, ਭਾਰਤ ਵਿਚ ਬਦਲਿਆ ਬੜਾ ਕੁਝ ਹੈ, ਭਾਵੇਂ ਓਨਾ ਕੁਝ ਨਹੀਂ ਬਦਲ ਸਕਿਆ, ਜਿੰਨਾ ਬੇਮਿਸਾਲ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀ ਆਜ਼ਾਦੀ ਤੋਂ ਬਾਅਦ ਬਦਲਣਾ ਚਾਹੀਦਾ ਸੀ। ਉਸ ਅਗਲੇ ਬਦਲਾਓ ਲਈ ਯਤਨ ਕਰਨੇ ਪੈਣਗੇ, ਪਰ ਯਤਨ ਕੌਣ ਕਰੇਗਾ ਤੇ ਯਤਨਾਂ ਦੀ ਅਗਵਾਈ ਕਰਨ ਦਾ ਕੰਮ ਕੌਣ ਕਰੇਗਾ? ਇਸ ਸਵਾਲ ਦਾ ਜਵਾਬ ਅੱਜ ਦੀ ਘੜੀ ਜਿਹੜਾ ਵੀ ਦੇਵੇਗਾ, ਉਹ ਆਪਣੇ ਜਵਾਬ ਨਾਲ ਲੋਕਾਂ ਦੀ ਤਸੱਲੀ ਕਰਵਾਉਣ ਦਾ ਦਾਅਵਾ ਨਹੀਂ ਕਰ ਸਕਦਾ।

ਅਸੀਂ ਗੱਲ ਸਿਰਫ ਪੰਜਾਬ ਦੀ ਕਰਨੀ ਚਾਹੁੰਦੇ ਹਾਂ। ਕੈਪਟਨ ਅਮਰਿੰਦਰ ਸਿੰਘ ਨੇ ਜਦੋਂ ਪੰਜਾਬ ਦੀ ਵਾਗਡੋਰ ਪਿਛਲੀ ਵਾਰੀ ਸੰਭਾਲੀ ਤਾਂ ਥੋੜ੍ਹੇ ਦਿਨਾਂ ਵਿਚ ਲੋਕਾਂ ਨੂੰ ਉਸ ਦੇ ਕੀਤੇ ਕੰਮਾਂ ਦੀ ਝਲਕ ਮਿਲਣ ਲੱਗ ਪਈ ਸੀ ਤੇ ਜਦੋਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਰਵੀ ਸਿੱਧੂ ਨੂੰ ਹੱਥ ਪਾਇਆ ਤਾਂ ਉਸ ਨਾਲ ਅਮਰਿੰਦਰ ਸਿੰਘ ਦੀ ਗੁੱਡੀ ਅਸਮਾਨ ਚੜ੍ਹ ਗਈ ਸੀ। ਕਿਸੇ ਫਿਲਮੀ ਨਾਇਕ ਵਾਂਗ ਲੋਕਾਂ ਨੇ ਭ੍ਰਿਸ਼ਟਾਚਾਰ ਵਿਰੁਧ ਉਸ ਦੇ ਕਦਮਾਂ ਦੀਆਂ ਕਹਾਣੀਆਂ ਆਪਣੇ ਆਪ ਘੜ ਕੇ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ, ਪਰ ਲੋਕਾਂ ਦਾ ਇਹ ਮੋਹ ਮਸਾਂ ਇੱਕੋ ਸਾਲ ਕਾਇਮ ਰਹਿ ਸਕਿਆ ਸੀ। ਕਿਸੇ ਨੇ ਕੈਪਟਨ ਅਮਰਿੰਦਰ ਸਿੰਘ ਉਤੇ ਭ੍ਰਿਸ਼ਟਾਚਾਰ ਦਾ ਦੋਸ਼ ਨਹੀਂ ਸੀ ਲਾਇਆ, ਪਰ ਉਨ੍ਹਾਂ ਦੇ ਕੁਝ ਸਾਥੀਆਂ ਦੇ ਭ੍ਰਿਸ਼ਟਾਚਾਰ ਤੇ ਇਸ ਭ੍ਰਿਸ਼ਟਾਚਾਰ ਨੂੰ ਪਾਰਟੀ ਦੀ ਦਿੱਲੀ ਵਿਚਲੀ ਹਾਈ ਕਮਾਨ ਦੀ ਸ਼ਹਿ ਕਾਰਨ ਸਰਕਾਰ ਦਾ ਪਾਣੀ ਲੱਥਣ ਲੱਗ ਪਿਆ ਸੀ। ਸਿੱਟਾ ਇਹ ਨਿਕਲਿਆ ਕਿ ਸਿਰਫ ਦੋ ਸਾਲ ਬਾਅਦ ਜਦੋਂ ਪਾਰਲੀਮੈਂਟ ਚੋਣ ਆਈ, ਸਾਰੇ ਦੇਸ਼ ਵਿਚੋਂ ਲੋਕਾਂ ਨੇ ਭਾਜਪਾ ਨੂੰ ਭੁਆਂਟਣੀ ਦੇ ਕੇ ਸੋਨੀਆ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਨੂੰ ਕਮਾਨ ਸਾਂਭਣ ਦਾ ਮੌਕਾ ਦੇ ਦਿੱਤਾ ਸੀ, ਪਰ ਪੰਜਾਬ ਦੀਆਂ ਤੇਰਾਂ ਸੀਟਾਂ ਵਿਚੋਂ ਕਾਂਗਰਸ ਨੂੰ ਮਸਾਂ ਦੋ ਮਿਲ ਸਕੀਆਂ ਸਨ। ਇਨ੍ਹਾਂ ਵਿਚੋਂ ਇੱਕ ਸੀਟ ਜਲੰਧਰ ਤੋਂ ਰਾਣਾ ਗੁਰਜੀਤ ਸਿੰਘ ਨੇ ਜਿੱਤੀ ਤੇ ਦੂਸਰੀ ਸੀਟ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਬੀਬੀ ਪ੍ਰਨੀਤ ਕੌਰ ਨੇ ਪਟਿਆਲੇ ਤੋਂ ਜਿੱਤੀ ਸੀ। ਉਸ ਮੌਕੇ ਕੈਪਟਨ ਅਮਰਿੰਦਰ ਸਿੰਘ ਦੇ ਕੁਝ ਸਾਥੀਆਂ ਨੇ ਉਨ੍ਹਾਂ ਤੱਕ ਇਹ ਗੱਲ ਪੁਚਾਉਣ ਦਾ ਯਤਨ ਕੀਤਾ ਸੀ ਕਿ ਕਾਂਗਰਸ ਪਾਰਟੀ ਦੇ ਆਗੂ ਹੁਣ ਲੋਕਾਂ ਵਿਚ ਬਦਨਾਮੀ ਖੱਟਣ ਦੇ ਰਾਹ ਪੈਂਦੇ ਜਾਂਦੇ ਹਨ, ਇਨ੍ਹਾਂ ਨੂੰ ਸੰਗਲੀ ਪਾਉਣ ਦੀ ਲੋੜ ਹੈ, ਪਰ



ਕੈਪਟਨ ਅਮਰਿੰਦਰ ਸਿੰਘ

ਆਪਣੇ ਸਾਥੀਆਂ ਬਾਰੇ ਉਨ੍ਹਾਂ ਨੇ ਇਹੋ ਜਿਹੀਆਂ ਗੱਲਾਂ ਸੁਣਨ ਤੋਂ ਇਨਕਾਰ ਕਰੀ ਰੱਖਿਆ ਤੇ ਭੱਲ ਖੁਰਨ ਲੱਗ ਪਈ ਸੀ।

ਸਿਆਣੇ ਕਹਿੰਦੇ ਨੇ ਕਿ ਬੰਦਾ ਆਪਣੀਆਂ ਪ੍ਰਾਪਤੀਆਂ ਤੋਂ ਓਨਾ ਗਿਆਨ ਹਾਸਲ ਨਹੀਂ ਕਰਦਾ, ਜਿੰਨਾ ਉਸ ਨੂੰ ਗਲਤੀਆਂ ਤੋਂ ਸਿੱਖਣ ਨੂੰ ਮਿਲਦਾ ਹੈ। ਬੀਤੇ ਦੀਆਂ ਗਲਤੀਆਂ ਦੇ ਸਬਕ ਹੁਣ ਵੀ ਯਾਦ ਕੀਤੇ ਜਾ ਸਕਦੇ ਹਨ। ਜੋ ਲੋਕ ਕੈਪਟਨ ਅਮਰਿੰਦਰ ਸਿੰਘ ਦੇ ਹਮਾਇਤੀ ਸਨ ਤੇ ਹੁਣ ਤੱਕ ਵੀ ਹਮਾਇਤੀ ਹਨ ਅਤੇ ਦਿਲੋਂ ਇਹ ਚਾਹੁੰਦੇ ਹਨ ਕਿ ਇਸ ਵਾਰੀ ਗਲਤੀਆਂ ਤੋਂ ਬਚ ਕੇ ਸਰਕਾਰ ਆਪਣੀ ਭੱਲ ਵਧਾਈ ਜਾਵੇ, ਉਹ ਵੀ ਇਸ ਗੱਲੋਂ ਮਾਯੂਸੀ ਮਹਿਸੂਸ ਕਰਨ ਲੱਗੇ ਹਨ ਕਿ ਸਰਕਾਰ ਬਣਦੇ ਸਾਰ ਬਦਨਾਮੀ ਸ਼ੁਰੂ ਹੋ ਗਈ ਹੈ। ਵੱਡੀ ਗੱਲ ਫਿਰ ਇਹ ਨੋਟ ਕੀਤੀ ਗਈ ਹੈ ਕਿ ਅਚਾਨਕ ਸਿਰ ਆਣ ਪਏ ਕੁਝ ਵਿਵਾਦਾਂ ਵਿਚ ਸਰਕਾਰ ਏਨੀ ਬੁਰੀ ਤਰ੍ਹਾਂ ਫਸੀ ਪਈ ਹੈ ਕਿ ਉਸ ਨੇ ਜਿਹੜੇ ਕੰਮ ਕਰਨ ਦਾ ਲੋਕਾਂ ਨਾਲ ਵਾਅਦਾ ਕਰ ਰੱਖਿਆ ਸੀ, ਉਹ ਕੰਮ ਹੁਣ ਉਸ ਦੇ ਏਜੰਡੇ ਉਤੇ ਹੀ ਨਹੀਂ ਜਾਪਦੇ। ਪੰਜਾਬ ਦੇ ਲੋਕਾਂ ਨੂੰ ਜਦੋਂ ਇਹ ਸੁਣਨ ਨੂੰ ਮਿਲਦਾ ਹੈ ਕਿ ਅੱਜ ਤੱਕ ਵੀ ਰਾਜ ਵਿਚ ਪੁਲਿਸ ਅਤੇ ਸਿਵਲ ਅਫਸਰਸ਼ਾਹੀ ਦੇ ਵੱਡੇ ਪੁਰਜ਼ੇ ਨਵੀਂ ਸਰਕਾਰ ਦਾ ਕਿਹਾ ਮੰਨਣ ਦੀ ਥਾਂ ਲੋਕਾਂ ਵੱਲੋਂ ਰੱਦ ਕੀਤੀ ਗਈ ਪਿਛਲੀ ਲੀਡਰਸ਼ਿਪ ਦੇ ਹੁਕਮ ਸੁਣ ਕੇ ਕੰਮ ਕਰੀ ਜਾਂਦੇ ਹਨ ਤਾਂ ਸਧਾਰਨ ਬੰਦਾ ਹੈਰਾਨੀ ਨਾਲ ਆਪਣੀਆ ਉਂਗਲਾਂ ਟੁੱਕਣ ਲੱਗ ਜਾਂਦਾ ਹੈ।

ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਗੱਲ ਦੱਸਣ ਦੀ ਲੋੜ ਨਹੀਂ ਕਿ ਪਿਛਲਾ ਦਸ ਸਾਲਾਂ ਦਾ ਸਮਾਂ ਸੰਵਿਧਾਨਕ ਵਲਗਣਾਂ ਉਲੰਘ ਕੇ ਇੱਕ ਮਾਫੀਆ ਰਾਜ ਵਾਂਗ ਲੰਘਿਆ ਸੀ। ਆਜ਼ਾਦੀ ਪਿੱਛੋਂ ਜਦੋਂ ਪ੍ਰਤਾਪ ਸਿੰਘ ਕੈਰੋਂ ਨੂੰ ਮੁੱਖ ਮੰਤਰੀ ਬਣਨ ਦਾ ਮੌਕਾ ਮਿਲਿਆ, ਉਦੋਂ ਸ਼ੁਰੂ ਹੋਇਆ ਭ੍ਰਿਸ਼ਟਾਚਾਰ ਦਾ ਵਹਿਣ ਪੰਜਾਬ ਵਿਚ ਕਿਸੇ ਸਖਤ ਤੋਂ ਸਖਤ ਮੁੱਖ ਮੰਤਰੀ ਦੇ ਦੌਰ ਵਿਚ ਵੀ ਨਹੀਂ ਰੁਕਿਆ। ਪ੍ਰਕਾਸ਼ ਸਿੰਘ ਬਾਦਲ ਦਾ ਪਹਿਲੀਆਂ ਚਾਰ ਵਾਰੀਆਂ ਦਾ ਰਾਜ ਵੀ ਇਸੇ ਵੰਨਗੀ ਵਿਚ ਆਉਂਦਾ ਸੀ ਤੇ ਖੁਦ ਵੱਡੇ ਬਾਦਲ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਉਦੋਂ ਤੋਂ ਲੱਗਣੇ ਸ਼ੁਰੂ ਹੋ ਗਏ ਸਨ, ਜਦੋਂ ਉਹ ਜਸਟਿਸ ਗੁਰਨਾਮ ਸਿੰਘ ਦੀ ਸਾਂਝਾ ਮੋਰਚਾ ਸਰਕਾਰ ਵਿਚ ਪਹਿਲੀ ਵਾਰੀ ਮੰਤਰੀ ਬਣੇ ਸਨ। ਫਿਰ ਵੀ ਬਦਨਾਮੀ ਦੀ ਜਿਹੜੀ ਓੜਕ ਅਕਾਲੀ-ਭਾਜਪਾ ਰਾਜ ਦੌਰਾਨ ਪਿਛਲੇ ਪੰਜ ਸਾਲਾਂ ਵਿਚ ਇਸ ਰਾਜ ਦੇ ਲੋਕਾਂ ਨੇ ਹੁੰਦੀ ਵੇਖੀ ਸੀ, ਉਸ ਦੇ ਬਾਅਦ ਜਾਣਕਾਰ ਇਹ ਨਹੀਂ ਆਖਦੇ ਕਿ ਵੱਡੇ ਬਾਦਲ ਨੇ ਕਦੇ ਕੁਝ ਗਲਤ ਨਹੀਂ ਸੀ ਕੀਤਾ, ਪਰ ਇਹ ਆਖ ਦਿੰਦੇ ਸਨ ਕਿ ਪੁੱਤਰ ਦੀ ਮੁੰਡੀਰ ਦੇ ਮੋਛੇ-ਪਾਊ ਰਾਜ ਨਾਲੋਂ ਤਾਂ ਬਾਪੂ ਬਾਦਲ ਦਾ ਸਮਾਂ ਵੀ ਮਾੜਾ ਨਹੀਂ ਸੀ ਲੱਗਦਾ। ਇਹ ਗੱਲ ਆਮ ਲੋਕਾਂ ਵਿਚ ਚਰਚਾ ਦਾ ਵਿਸ਼ਾ ਹੈ।

ਬੀਤੇ ਮਾਰਚ ਵਿਚ ਜਦੋਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਏ ਤੇ ਅਕਾਲੀ ਦਲ ਆਪਣੇ ਇਤਿਹਾਸ ਦੀ ਸਭ ਤੋਂ ਸ਼ਰਮਨਾਕ ਹਾਰ ਪੱਲੇ ਪੁਆਉਣ ਦੇ ਨਾਲ ਵਿਰੋਧੀ ਧਿਰ ਦੀ ਲੀਡਰੀ ਕਰਨ ਦਾ ਹੱਕ ਵੀ ਗੁਆ ਬੈਠਾ, ਉਸ ਨਾਲ ਨਵੇਂ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਸਿਰ ਇੱਕ ਜ਼ਿੰਮੇਵਾਰੀ ਆਣ ਪਈ ਸੀ। ਲੋਕ ਉਸ ਤੋਂ ਆਸ ਕਰਦੇ ਸਨ ਕਿ ਉਹ ਅਕਾਲੀ ਦਲ ਦੀ ਫੱਟੇ-ਚੱਕ ਹਕੂਮਤ ਦੌਰਾਨ ਸਿਆਸੀ ਲੀਡਰਸ਼ਿਪ ਦੀ ਸਿਵਲ ਅਤੇ ਪੁਲਿਸ ਅਫਸਰਸ਼ਾਹੀ ਨਾਲ ਪੱਕੀ ਪਈ ਹੋਈ ਕਰੰਗੜੀ ਨੂੰ ਕਿਸੇ ਤਰੀਕੇ ਤੋੜਨ ਦਾ ਯਤਨ ਕਰਨਗੇ, ਪਰ ਏਦਾਂ ਦਾ ਕੁਝ ਨਹੀਂ ਹੋ ਸਕਿਆ। ਉਸ ਰਾਜ ਵਿਚ ਜਿਨ੍ਹਾਂ ਅਫਸਰਾਂ ਨੇ ਕਿਸੇ ਮੁੱਦੇ ਉਤੇ ਸਿੱਧਾ ਕੈਪਟਨ ਅਮਰਿੰਦਰ ਸਿੰਘ ਦਾ ਰਾਹ ਰੋਕਣ ਦੀ ਗਲਤੀ ਕੀਤੀ ਸੀ, ਉਨ੍ਹਾਂ ਨੂੰ ਭਾਵੇਂ ਬਿਸਤਰਾ ਚੁੱਕਣਾ ਪੈ ਗਿਆ, ਬਾਕੀ ਸਾਰੇ ਮਾੜੀ-ਮੋਟੀ ਹਿਲਜੁਲ ਨਾਲ ਆਪਣੇ ਪਹਿਲੇ ਟੌਹਰ ਕਾਇਮ ਰੱਖ ਕੇ ਉਸੇ ਪੱਧਰ ਦੇ ਅਹੁਦਿਆਂ ਦਾ ਅਨੰਦ ਮਾਣਦੇ ਅਤੇ ਮਾਇਆ ਨੂੰ ਛਾਣਦੇ ਸੁਣੇ ਜਾ ਰਹੇ ਹਨ। ਇੱਥੋਂ ਤੱਕ ਕਿ ਬਾਦਲਾਂ ਦੀਆਂ ਬੱਸਾਂ ਦੀ ਜਿਹੜੀ ਡਾਰ ਫੌਜੀ ਰੈਜੀਮੈਂਟਾਂ ਦੀ ਕਾਨਵਾਈ ਵਾਂਗ ਸੜਕਾਂ ਉਤੇ ਇਸ ਤੋਂ ਪਹਿਲਾਂ ਵੰਨ-ਸੁਵੰਨੇ ਹਾਰਨ ਵਜਾਉਂਦੀ ਹੋਈ ਲੋਕਾਂ ਦਾ ਤ੍ਰਾਹ ਕੱਢਦੀ ਜਾਂਦੀ ਸੀ, ਉਹ ਵੀ ਨਵੀਂ ਸਰਕਾਰ ਤੋਂ ਰੋਕੀ ਨਹੀਂ ਜਾ ਸਕੀ, ਸਗੋਂ ਇਸ ਵਿਚ ਕੁਝ ਹੋਰ ਬੱਸਾਂ ਦਾ ਵਾਧਾ ਹੋ ਗਿਆ ਹੈ। ਰੌਲਾ ਪਿਆ ਤਾਂ ਪੰਜਾਬ ਦੀ ਵਿਜੀਲੈਂਸ ਤੇ ਟਰਾਂਸਪੋਰਟ ਮਹਿਕਮੇ ਦੀ ਅਫਸਰਸ਼ਾਹੀ ਇੱਕ ਦਿਨ ਪੰਜਾਬ ਦੀਆਂ ਸੜਕਾਂ ਉਤੇ ਨਿਕਲੀ ਤੇ ਨਾਜਾਇਜ਼ ਚੱਲਦੀਆਂ ਬੱਸਾਂ ਰੋਕਣ ਲੱਗ ਪਈ, ਪਰ ਉਸ ਤੋਂ ਅਗਲੇ ਦਿਨ ਫਿਰ ਇਹ ਕੰਮ ਰੁਕ ਗਿਆ। ਨਾ ਬੱਸਾਂ ਨਾਜਾਇਜ਼ ਚੱਲਣ ਤੋਂ ਰੁਕੀਆਂ ਹਨ ਤੇ ਨਾ ਉਸ ਪਿੱਛੋਂ ਨਾਜਾਇਜ਼ ਬੱਸਾਂ ਰੋਕਣ ਦੀ ਕਾਰਵਾਈ ਹੋਈ ਹੈ। ਲੋਕਾਂ ਨੂੰ ਇਸ ਬਰੇਕ ਲੱਗਣ ਦਾ ਕਾਰਨ ਪਤਾ ਨਹੀਂ ਲੱਗਦਾ। ਆਮ ਲੋਕਾਂ ਵਿਚ ਇਹ ਚਰਚਾ ਹੈ ਕਿ ਜੇ ਬਾਦਲਾਂ ਵਿਰੁਧ ਕਾਰਵਾਈ ਕੀਤੀ ਜਾਂਦੀ ਤਾਂ ਕਾਂਗਰਸੀਆਂ ਦੇ ਕੋੜਮੇ ਨਾਲ ਸਬੰਧਤ ਕਈ ਕੰਪਨੀਆਂ ਵਿਰੁਧ ਵੀ ਕਰਨੀ ਪੈਣੀ ਸੀ ਤੇ ਵੀਹ-ਤੀਹ ਬੱਸਾਂ ਵਾਲੇ ਕਾਂਗਰਸੀਆਂ ਦਾ ਬਚਾਅ ਕਰਨ ਖਾਤਰ ਬਾਦਲਾਂ ਦੀਆਂ ਕੰਪਨੀਆਂ ਦੀਆਂ ਤਿੰਨ ਸੌ ਬੱਸਾਂ ਤੋਂ ਵੀ ਸਰਕਾਰ ਨੂੰ ਪਾਸਾ ਵੱਟਣਾ ਪੈ ਗਿਆ ਹੈ।

ਰੇਤ ਦੀਆਂ ਖੱਡਾਂ ਅਤੇ ਸ਼ਰਾਬ ਦੇ ਠੇਕਿਆਂ ਦੀ ਨੀਲਾਮੀ ਦੇ ਮੁੱਦੇ ਨੇ ਵੀ ਇਸ ਸਰਕਾਰ ਨੂੰ ਬੁਰੀ ਤਰ੍ਹਾਂ ਕਸੂਤਾ ਫਸਾ ਦਿੱਤਾ ਹੈ, ਪਰ ਇਸ ਕਸੂਤੇ ਚੱਕਰ ਤੋਂ ਹਟ ਕੇ ਸੋਚਣ ਵਾਲੀ ਗੱਲ ਦੂਸਰੀ ਹੈ ਕਿ ਸਰਕਾਰ ਤੋਂ ਇਨ੍ਹਾਂ ਦੋ ਖੇਤਰਾਂ ਵਿਚ ਪਿਛਲੀ ਸਰਕਾਰ ਦੇ ਗੁਰਗਿਆਂ ਦੀ ਜਕੜ ਨਹੀਂ ਤੋੜੀ ਜਾ ਸਕੀ। ਸ਼ਰਾਬ ਦੇ ਠੇਕੇ ਦੇਣ ਵਾਸਤੇ ਨਵੀਂ ਸਰਕਾਰ ਨੂੰ ਪਿਛਲੀ ਸਰਕਾਰ ਦੇ ਵਕਤ ਅੰਤਾਂ ਦੀ ਬਦਨਾਮੀ ਖੱਟ ਚੁੱਕੇ ਸ਼ਿਵ ਲਾਲ ਡੋਡਾ ਵਰਗਿਆਂ ਕੋਲ ਤਰਲਾ ਮਾਰਨ ਜਾਣਾ ਪਿਆ ਤੇ ਰੇਤ ਦੀਆਂ ਖੱਡਾਂ ਹਾਲੇ ਤੱਕ ਨੀਲਾਮ ਨਹੀਂ ਕੀਤੀਆਂ ਜਾ ਸਕੀਆਂ। ਕੋਈ ਵੀ ਸਰਕਾਰ ਹੋਵੇ, ਉਸ ਕੋਲ ਕੁਝ ਕਰ ਕੇ ਵਿਖਾਉਣ ਦੇ ਜਿਹੜੇ ਪਹਿਲੇ ਦਿਨ ਸੁਲੱਖਣੇ ਗਿਣੇ ਜਾ ਸਕਦੇ ਹਨ, ਉਹ ਪੰਜਾਬ ਦੀ ਨਵੀਂ ਸਰਕਾਰ ਨੇ ਭੰਗ ਦੇ ਭਾੜੇ ਗਵਾ ਦਿੱਤੇ ਹਨ। ਸਰਕਾਰ ਦਾ ਮੁਖੀ ਇਸ ਬਾਰੇ ਚੁੱਪ ਹੈ। ਇਹੋ ਉਹ ਅਮਰਿੰਦਰ ਸਿੰਘ ਹੈ, ਜਿਸ ਨੇ ਪਿਛਲੀ ਵਾਰੀ ਪਹਿਲਾਂ ਰਵੀ ਸਿੱਧੂ ਨੂੰ ਹੱਥ ਪਾਇਆ ਅਤੇ ਫਿਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਉਸੇ ਰਵੀ ਸਿੱਧੂ ਨੂੰ ਕੇਂਦਰੀ ਪਬਲਿਕ ਸਰਵਿਸ ਕਮਿਸ਼ਨ ਦੀ ਚੇਅਰਮੈਨੀ ਦਿਵਾਉਣ ਲਈ ਉਦੋਂ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਲਿਖੀਆਂ ਚਿੱਠੀਆਂ ਲੋਕਾਂ ਮੂਹਰੇ ਰੱਖ ਦਿੱਤੀਆਂ ਸਨ। ਇਨ੍ਹਾਂ ਚਿੱਠੀਆਂ ਨਾਲ ਪੰਜਾਬ ਦੇ ਲੋਕਾਂ ਨੂੰ ਰਵੀ ਸਿੱਧੂ ਤੇ ਸਾਬਕਾ ਮੁੱਖ ਮੰਤਰੀ ਬਾਦਲ ਦੇ ਸਬੰਧਾਂ ਦੀ ਤੰਦ ਜੁੜਦੀ ਦਿੱਸ ਪਈ ਸੀ, ਪਰ ਹੁਣ ਬੀਤੇ ਤਿੰਨ ਮਹੀਨਿਆਂ ਵਿਚ ਏਦਾਂ ਦਾ ਕੁਝ ਵੀ ਨਹੀਂ ਵਾਪਰ ਸਕਿਆ, ਜਿਸ ਤੋਂ ਲੋਕਾਂ ਨੂੰ ਕੁਝ ਹੁੰਦਾ ਦਿਖਾਈ ਦੇ ਸਕਦਾ।


*ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਗੱਲ ਦੱਸਣ ਦੀ ਲੋੜ ਨਹੀਂ ਕਿ ਪਿਛਲਾ ਦਸ ਸਾਲਾਂ ਦਾ ਸਮਾਂ ਸੰਵਿਧਾਨਕ ਵਲਗਣਾਂ ਉਲੰਘ ਕੇ ਇੱਕ ਮਾਫੀਆ ਰਾਜ ਵਾਂਗ ਲੰਘਿਆ ਸੀ। ਆਜ਼ਾਦੀ ਪਿੱਛੋਂ ਜਦੋਂ ਪ੍ਰਤਾਪ ਸਿੰਘ ਕੈਰੋਂ ਨੂੰ ਮੁੱਖ ਮੰਤਰੀ ਬਣਨ ਦਾ ਮੌਕਾ ਮਿਲਿਆ, ਉਦੋਂ ਸ਼ੁਰੂ ਹੋਇਆ ਭ੍ਰਿਸ਼ਟਾਚਾਰ ਦਾ ਵਹਿਣ ਪੰਜਾਬ ਵਿਚ ਕਿਸੇ ਸਖਤ ਤੋਂ ਸਖਤ ਮੁੱਖ ਮੰਤਰੀ ਦੇ ਦੌਰ ਵਿਚ ਵੀ ਨਹੀਂ ਰੁਕਿਆ।*


ਰਾਜ ਸਿਰਫ ਦੋ ਤਰ੍ਹਾਂ ਚੱਲਿਆ ਕਰਦੇ ਹਨ। ਇੱਕ ਤਰੀਕਾ ਆਮ ਲੋਕਾਂ ਦੇ ਦਿਲ ਜਿੱਤਣ ਦਾ ਹੁੰਦਾ ਹੈ, ਜਿਹੜਾ ਸਾਡੇ ਸਮਿਆਂ ਵਿਚ ਕਿਸੇ ਵਿਰਲੇ ਆਗੂ ਦੇ ਹਿੱਸੇ ਆਉਂਦਾ ਹੈ। ਦੂਸਰਾ ਤਰੀਕਾ ਉਹੀ ਹੈ, ਜਿਹੜਾ ਪਿਛਲੇ ਦਸ ਸਾਲਾਂ ਵਿਚ ਇੱਕ ਖਾਸ ਜੁੰਡੀ ਦੇ ਲੋਕਾਂ ਨੇ ਵਰਤਿਆ ਤੇ ਜਿਸ ਦੌਰਾਨ ਸਿਆਸਤ ਤੇ ਸਰਕਾਰੀ ਤੰਤਰ ਇੱਕਮਿੱਕ ਕਰ ਦਿੱਤੇ ਗਏ ਸਨ। ਸਰਕਾਰੀ ਮਸ਼ੀਨਰੀ ਨੇ ਉਸ ਦੌਰ ਦੌਰਾਨ ਦੇਸ਼ ਦੇ ਸੰਵਿਧਾਨ ਮੁਤਾਬਕ ਚੱਲਣ ਦੀ ਥਾਂ ਰਾਜਨੀਤੀ ਦੇ ਮੰਚ ਉਤੇ ਕਾਬਜ਼ ਲੋਕਾਂ ਦੀ ਚਾਕਰੀ ਕਰਨ ਨੂੰ ਆਪਣੀ ਨੌਕਰੀ ਦਾ ਇੱਕ ਅੰਗ ਮੰਨ ਲਿਆ ਸੀ। ਆਮ ਲੋਕਾਂ ਨੂੰ ਇਹ ਗੱਲ ਪਤਾ ਨਹੀਂ ਕਿ ਸਰਕਾਰ ਤੇ ਸਰਕਾਰ ਦੀ ਸਿਆਸੀ ਲੀਡਰਸ਼ਿਪ ਦੋ ਵੱਖੋ-ਵੱਖ ਧਿਰਾਂ ਹਨ ਤੇ ਅਫਸਰਸ਼ਾਹੀ ਕਿਉਂਕਿ 'ਸਰਕਾਰ' ਦਾ ਅੰਗ ਹੈ, ਉਸ ਦੀ ਜ਼ਿੰਮੇਵਾਰੀ ਹੈ ਕਿ ਖੁਦ ਨੂੰ ਸਰਕਾਰ ਮੰਨਣ ਵਾਲੀ ਸਿਆਸੀ ਲੀਡਰਸ਼ਿਪ ਨੂੰ ਗਾਹੇ-ਬਗਾਹੇ ਇਹ ਦੱਸਦੀ ਰਹੇ ਕਿ ਤੁਸੀਂ ਸੰਵਿਧਾਨਕ ਹੱਦਾਂ ਉਲੰਘੀ ਜਾਂਦੇ ਹੋ, ਇਹ ਗੱਲ ਠੀਕ ਨਹੀਂ। ਪੰਜਾਬ ਵਿਚ ਜਿਨ੍ਹਾਂ ਅਫਸਰਾਂ ਨੇ ਉਸ ਵੇਲੇ ਆਪਣੇ ਇਸ ਫਰਜ਼ ਦੀ ਪੂਰਤੀ ਦੀ ਥਾਂ 'ਇੱਕ ਚੁੱਪ ਤੇ ਸੌ ਸੁੱਖ' ਦਾ ਫਾਰਮੂਲਾ ਵਰਤਦਿਆਂ ਦਿਨ ਕੱਟੇ ਹਨ, ਵਿਚਾਰਗੀ ਨੂੰ ਭੁਗਤ ਚੁੱਕੇ ਉਹ ਲੋਕ ਲਿਹਾਜ਼ ਦੇ ਹੱਕਦਾਰ ਹੋ ਸਕਦੇ ਹਨ, ਪਰ ਉਸ ਦੌਰਾਨ ਇੱਕ ਗੈਰ-ਸੰਵਿਧਾਨਕ ਜੁੰਡੀ ਦਾ ਅੰਗ ਬਣਨ ਵਾਲੇ ਅਫਸਰਾਂ ਦਾ ਵੀ ਕੱਖ ਨਹੀਂ ਵਿਗੜਿਆ। ਇਸ ਨਾਲ ਪੰਜਾਬ ਦੇ ਲੋਕਾਂ ਵਿਚ ਇਸ ਨਵੀਂ ਸਰਕਾਰ ਬਾਰੇ ਕਈ ਕਿਸਮ ਦੇ ਸ਼ਿਕਵੇ ਹਨ। ਜਦੋਂ ਸਰਕਾਰ ਬਣੀ ਨੂੰ ਹਾਲੇ ਸਾਲ ਦਾ ਚੌਥਾ ਹਿੱਸਾ ਹੋਇਆ ਹੈ, ਉਦੋਂ ਹੀ ਇਹ ਹਾਲ ਹੈ ਤਾਂ ਸਰਕਾਰ ਦੇ ਮੁਖੀ ਨੂੰ ਇਸ ਬਾਰੇ ਸੋਚਣਾ ਪਵੇਗਾ, ਪਰ ਉਨ੍ਹਾਂ ਕੋਲ ਸੋਚਣ ਦਾ ਸਮਾਂ ਨਹੀਂ ਹੈ ਜਾਂ ਉਹ ਸੋਚਣ ਦੀ ਲੋੜ ਨਹੀਂ ਸਮਝਦੇ, ਇਸ ਬਾਰੇ ਕਹਿਣਾ ਮੁਸ਼ਕਿਲ ਹੈ।

# ਰੰਗਮੰਚ ਦੀ ਰੂਹ ਅਜਮੇਰ ਸਿੰਘ ਔਲਖ ਦੀ ਆਖਰੀ ਅਲਵਿਦਾ

**ਚੰਡੀਗੜ੍ਹ:** ਮਾਲਵੇ ਦੇ ਰੰਗਮੰਚ ਦੀ ਰੂਹ ਪ੍ਰੋ. ਅਜਮੇਰ ਸਿੰਘ ਔਲਖ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਤ ਇਹ ਰੰਗਮੰਚੀ ਕੈਂਸਰ ਦੀ ਬਿਮਾਰੀ ਨਾਲ ਪੀੜਤ ਸੀ। ਉਹ ਇਕ ਮਹੀਨੇ ਤੋਂ ਇਸ ਹਸਪਤਾਲ ਵਿਚ ਕੈਂਸਰ ਦਾ ਇਲਾਜ ਕਰਾ ਰਹੇ ਸਨ। ਔਲਖ ਦਾ ਜਨਮ 19 ਅਗਸਤ 1942 ਨੂੰ ਕੁੰਭੜਵਾਲ, ਮਾਨਸਾ ਜ਼ਿਲ੍ਹੇ ਵਿਚ ਹੋਇਆ ਸੀ। ਉਨ੍ਹਾਂ ਦੇ ਪਿਤਾ ਦਾ ਨਾਮ ਕੌਰ ਸਿੰਘ ਅਤੇ ਮਾਤਾ ਦਾ ਨਾਂ ਹਰਨਾਮ ਕੌਰ ਸੀ। ਉਨ੍ਹਾਂ ਐਮ.ਏ. ਪੰਜਾਬੀ ਕੀਤੀ ਅਤੇ ਵਿਦਿਆਰਥੀਆਂ ਨੂੰ ਇਕ ਆਦਰਸ਼ ਅਧਿਆਪਕ ਵਜੋਂ ਸਿੱਖਿਅਤ ਕਰਨ ਦੇ ਨਾਲ-ਨਾਲ ਸਾਹਿਤ ਰਾਹੀਂ ਸਮਾਜਿਕ ਸਰੋਕਾਰਾਂ ਨਾਲ ਜੋੜਦਿਆਂ ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਵਿਚੋਂ ਸੇਵਾ ਮੁਕਤ ਹੋਏ।



ਪੰਜਾਬ ਦੇ ਕਿਰਸਾਨੀ ਜੀਵਨ ਦੀਆਂ ਸਮੱਸਿਆਵਾਂ ਨੂੰ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਪੇਸ਼ ਕਰਨ ਵਾਲਾ ਪੰਜਾਬੀ ਦਾ ਇਹ ਪ੍ਰਤੀਨਿੱਧ ਨਾਟਕਕਾਰ ਸੀ। ਪ੍ਰੋ. ਅਜਮੇਰ ਸਿੰਘ ਔਲਖ ਉਨ੍ਹਾਂ ਕੁਝ ਲੋਕਾਂ ਵਿਚੋਂ ਇਕ ਸਨ ਜਿਨ੍ਹਾਂ ਆਪਣੀ ਜ਼ਿੰਦਗੀ ਸਾਹਿਤ ਰਾਹੀਂ ਲੋਕਾਂ ਨੂੰ ਸਮਰਪਤ ਕੀਤੀ। ਉਹ ਖੁਦ ਹੀ ਨਹੀਂ ਬਲਕਿ ਉਨ੍ਹਾਂ ਦਾ ਪੂਰਾ ਪਰਿਵਾਰ ਹੀ ਸਾਹਿਤ ਤੇ ਖਾਸ ਕਰ ਕੇ ਨਾਟਕ ਤੇ ਰੰਗਮੰਚ ਰਾਹੀਂ ਲੋਕਾਂ ਨੂੰ ਚੇਤਨ ਕਰਨ ਲਈ ਨਿਰੰਤਰ ਕਾਰਜਸ਼ੀਲ ਰਿਹਾ।

ਅਜਮੇਰ ਔਲਖ ਨੂੰ 2006 ਵਿਚ ਇਕਾਂਗੀ-ਸੰਗ੍ਰਹਿ 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ' ਲਈ ਭਾਰਤੀ ਸਾਹਿਤ ਅਕਾਦਮੀ ਅਵਾਰਡ ਨਾਲ ਸਨਮਾਨਤ ਕੀਤਾ ਗਿਆ। ਉਨ੍ਹਾਂ ਨੂੰ ਪੰਜਾਬੀ ਭਾਸ਼ਾ ਦੇ ਸਿਰਮੌਰ ਪੁਰਸਕਾਰ ਪੰਜਾਬੀ ਸਾਹਿਤ ਰਤਨ ਨਾਲ ਵੀ ਸਨਮਾਨਿਆ ਗਿਆ। ਉਹ ਜਮਹੂਰੀ ਸਭਾ ਪੰਜਾਬ ਦੇ ਪ੍ਰਧਾਨ, ਦੇਸ਼ ਭਗਤ ਯਾਦਗਾਰ ਕਮੇਟੀ, ਪੰਜਾਬ ਸੰਗੀਤ ਅਕਾਦਮੀ ਅਤੇ ਕੇਂਦਰੀ ਲੇਖਕ ਸਭਾ ਦੇ ਸਰਗਰਮ ਮੈਂਬਰ ਸਨ। ਉਹ ਉਮਰ ਦੇ ਅੱਠਵੇਂ ਦਹਾਕੇ ਵਿਚ ਵੀ ਦੁਨੀਆਂ ਭਰ ਵਿਚ ਜਾ ਕੇ ਨਾਟਕ ਖੇਡ ਰਹੇ ਸਨ ਅਤੇ ਨਵੀਂ ਪੀੜ੍ਹੀ ਨੂੰ ਪੁਸਤਕ ਮੇਲਿਆਂ ਰਾਹੀਂ ਸਾਹਿਤ ਨਾਲ ਜੋੜ ਰਹੇ ਸਨ। ਉਨ੍ਹਾਂ ਦਾ ਸੁਪਨਾ ਅਤੇ ਮਿਸ਼ਨ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਕਰਨਾ ਸੀ। ਉਨ੍ਹਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਡਾਕਟਰੇਟ ਦੀ ਆਨਰੇਰੀ ਡਿਗਰੀ ਨਾਲ ਸਨਮਾਨਤ ਕੀਤਾ ਗਿਆ। ਉਹ ਸੇਵਾ-ਮੁਕਤ ਪੰਜਾਬੀ ਲੈਕਚਰਾਰ ਹੁਣ ਕੁਲਵਕਤੀ ਤੌਰ 'ਤੇ ਰੰਗਮੰਚ ਕਾਮਾ ਬਣਿਆ।

ਡਾ. ਅਜਮੇਰ ਔਲਖ ਨੇ ਆਪਣੇ ਸਾਹਿਤਕ ਖੇਤਰ ਵਿਚ ਬਹੁਤ ਮਾਣ-ਸਨਮਾਨ ਹਾਸਲ ਕੀਤੇ ਜਿਵੇਂ- ਭਾਰਤੀ ਸੰਗੀਤ ਨਾਟਕ ਅਕਾਦਮੀ, ਨਵੀਂ ਦਿੱਲੀ ਵੱਲੋਂ 22 ਮਾਰਚ 2006 ਨੂੰ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਏ.ਪੀ.ਜੇ ਅਬਦੁਲ ਕਲਾਮ ਨੇ ਆਪਣੇ ਕਰ-ਕਮਲਾਂ ਨਾਲ ਵਿਗਿਆਨ ਭਵਨ ਨਵੀਂ ਦਿੱਲੀ ਪੁਰਸਕਾਰ ਦਿੱਤਾ ਗਿਆ।

ਭਾਰਤੀ ਸਾਹਿਤ ਅਕਾਦਮੀ ਨੇ 2006 ਵਿਚ ਇਕਾਂਗੀ ਸੰਗ੍ਰਹਿ 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ' ਨੂੰ ਪੁਰਸਕਾਰ ਮਿਲਿਆ। ਸੰਨ 2000 ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਪੰਜਾਬੀ ਨਾਟਕਕਾਰ ਦਾ ਪੁਰਸਕਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਦਿੱਤਾ ਗਿਆ। ਸੰਨ 2003 ਵਿਚ ਪੰਜਾਬ ਸੰਗੀਤ ਨਾਟਕ ਅਕਾਦਮੀ, ਚੰਡੀਗੜ੍ਹ ਵੱਲੋਂ ਪੰਜਾਬੀ ਨਾਟਕਕਾਰ ਅਵਾਰਡ ਦਿੱਤਾ ਗਿਆ।

ਮਸ਼ਹੂਰ ਨਾਟਕ: ਲਘੂ ਤੇ ਇਕਾਂਗੀ ਨਾਟਕ ਅਰਬਦ ਨਰਬਦ ਧੁੰਦੂਕਾਰਾ-1978, ਬਗਾਨੇ ਬੋਹੜ ਦੀ ਛਾਂ 1981, ਅੰਨ੍ਹੇ ਨਿਸ਼ਾਨਚੀ 1983, ਮੇਰੇ ਚੋਣਵੇਂ ਇਕਾਂਗੀ 1985, ਗਾਨੀ 1990, ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀ 2004। ਪੂਰੇ ਨਾਟਕ- ਭੱਜੀਆਂ ਬਾਂਹਾਂ 1987 (ਕਹਾਣੀਕਾਰ ਵਰਿਆਮ ਸੰਧੂ ਦੀ ਕਹਾਣੀ 'ਭੱਜੀਆਂ ਬਾਂਹਾਂ' ਦਾ ਨਾਟਕੀ ਰੂਪਾਂਤਰਨ ਕੀਤਾ), ਸੱਤ ਬਗਾਨੇ 1988, ਕੇਹਰ ਸਿੰਘ ਦੀ ਮੌਤ 1992, ਇਕ ਸੀ ਦਰਿਆ 1994, ਝਨਾਂ ਦੇ ਪਾਣੀ 2000, ਨਿੱਕੇ ਸੂਰਜਾਂ ਦੀ ਲੜਾਈ 2004 ਆਦਿ।

# ਡੁੱਬਦੀ ਕਿਸਾਨੀ ਆਸਰੇ ਤਰ ਰਹੇ ਕਾਰੋਬਾਰ

**ਚੰਡੀਗੜ੍ਹ:** ਕਿਸਾਨਾਂ ਦੀ ਸਖਤ ਮਿਹਨਤ ਦੇ ਬਾਵਜੂਦ ਖੇਤੀ ਦਾ ਧੰਦਾ ਜਿਥੇ ਘਾਟੇ ਦਾ ਸੌਦਾ ਬਣਿਆ ਹੋਇਆ ਹੈ, ਉਥੇ ਇਸ ਨਾਲ ਜੁੜੇ ਕਾਰੋਬਾਰ ਤੇਜ਼ੀ ਨਾਲ ਵਧ ਰਹੇ ਹਨ। ਕਿਸਾਨ ਨੂੰ ਚਾਹੇ ਕੋਈ ਫਾਇਦਾ ਨਾ ਹੋ ਰਿਹਾ ਹੋਵੇ, ਪਰ ਇਸ ਨਾਲ ਜੁੜੇ ਕਾਰੋਬਾਰੀ ਦਿਨ-ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਹੇ ਹਨ। ਭਾਰਤ ਵਿਚ ਪੰਪਸੈੱਟ, ਪਾਈਪ ਤੇ ਕੇਬਲ ਦਾ ਸਾਲਾਨਾ ਕਾਰੋਬਾਰ ਤਕਰੀਬਨ ਇਕ ਲੱਖ ਕਰੋੜ ਦਾ ਹੈ।

ਹਾਲਾਤ ਇੰਨੇ ਖਰਾਬ ਹਨ ਕਿ 10 ਸਾਲਾਂ (2001-2011) ਵਿਚ ਦੇਸ਼ ਵਿਚ 90 ਲੱਖ ਕਿਸਾਨ ਖੇਤੀ ਛੱਡ ਗਏ ਹਨ ਤੇ 3.8 ਕਰੋੜ ਖੇਤੀ ਮਜ਼ਦੂਰ ਵਧੇ ਹਨ। ਉਥੇ ਖੇਤੀ ਨਾਲ ਜੁੜੇ ਧੰਦੇ ਤੇਜ਼ੀ ਨਾਲ ਵਧ ਫੁੱਲ ਰਹੇ ਹਨ। ਕਿਸਾਨਾਂ ਨੂੰ ਕਮਾਈ ਹੋਵੇ ਜਾਂ ਨਾ ਹੋਵੇ ਪਰ ਕਿਸਾਨੀ ਆਸਰੇ ਚੱਲ ਰਹੇ ਧੰਦੇ ਮੋਟੀ ਕਮਾਈ ਦੇ ਰਹੇ ਹਨ।

ਹਰ ਸਾਲ ਕਿਸਾਨ ਦੀ ਖੇਤੀ ਲਾਗਤ 7-8 ਫੀਸਦੀ ਵਧ ਰਹੀ ਹੈ। ਜਦ ਕਿ ਲੰਘੇ ਚਾਰ ਸਾਲਾਂ ਦੇ ਮੁਕਾਬਲੇ ਇਸ ਵਰ੍ਹੇ ਦਾਲਾਂ ਦੀਆਂ ਕੀਮਤਾਂ ਸਭ ਤੋਂ ਥੱਲੇ ਚਲੀਆਂ ਗਈਆਂ ਹਨ। ਉਥੇ ਖੇਤੀ ਸਬੰਧੀ ਸਾਰੇ ਕੰਮਾਂ ਨਾਲ ਜੁੜੀਆਂ ਕੰਪਨੀਆਂ ਦਾ ਲਾਭ ਹਰ ਸਾਲ ਕਰੋੜਾਂ ਰੁਪਏ ਵਿਚ ਆ ਰਿਹਾ ਹੈ।

ਕੇਂਦਰ ਸਰਕਾਰ ਵੱਲੋਂ ਇਸੇ ਸਾਲ ਮਈ ਵਿਚ ਸੁਪਰੀਮ ਕੋਰਟ ਨੂੰ ਦਿੱਤੀ ਜਾਣਕਾਰੀ ਮੁਤਾਬਕ 2013 ਤੋਂ ਹਰ ਸਾਲ ਔਸਤਨ 12 ਹਜ਼ਾਰ ਕਿਸਾਨ ਆਤਮ ਹੱਤਿਆ ਕਰ ਰਹੇ ਹਨ। ਮਤਲਬ, ਹਰ ਦਿਨ 33 ਕਿਸਾਨ ਮੌਤ ਗਲੇ ਲਾ ਰਹੇ ਹਨ। ਕਿਸਾਨਾਂ ਦੀ ਮਾੜੀ ਹਾਲਤ ਬਾਰੇ ਗੱਲ ਕਰਦੇ ਹੋਏ ਖੇਤੀ ਮਾਹਰ ਦਵੇਂਦਰ ਸ਼ਰਮਾ ਦਾ ਕਹਿਣਾ ਹੈ ਕਿ ਜੇ ਜੇਕਰ ਵਧੀ ਹੋਈ ਮਹਿੰਗਾਈ ਦਰ ਨੂੰ ਹਟਾ ਦਿੱਤਾ ਜਾਵੇ ਤਾਂ ਦੇਸ਼ ਵਿਚ ਲੰਘੇ 25 ਸਾਲਾਂ ਵਿਚ ਕਿਸਾਨਾਂ ਨੇ ਉਪਜ ਵਿਚ ਘਾਟਾ ਹੀ ਖਾਧਾ ਹੈ। ਲਾਗਤ ਲਗਾਤਾਰ ਵਧ ਰਹੀ ਹੈ।



## ਕਿਸਾਨੀ ਆਸਰੇ ਚੱਲ ਰਹੇ ਇਨ੍ਹਾਂ ਵਪਾਰਾਂ ਵਿਚ ਹੈ ਖੂਬ ਮੁਨਾਫਾ...



**ਨਦੀਨ ਨਾਸ਼ਕ: ਤਿੰਨ ਵੱਡੀਆਂ ਕੰਪਨੀਆਂ ਦੀ ਕਮਾਈ 1200 ਕਰੋੜ ਰੁਪਏ**

ਦੇਸ਼ ਵਿਚ ਕਿਸਾਨਾਂ ਦੀ ਹਾਲਤ ਭਾਵੇਂ ਖਰਾਬ ਹੋਵੇ ਪਰ ਖੇਤੀ ਲਈ ਦਵਾਈਆਂ ਬਣਾਉਣ ਵਾਲੀਆਂ ਤਿੰਨ ਕੰਪਨੀ ਨੂੰ 2016-17 ਵਿਚ 1255.23 ਕਰੋੜ ਦਾ ਮੁਨਾਫਾ ਹੋਇਆ ਹੈ। ਇਹ ਇਸ ਤੋਂ ਪਿਛਲੇ ਸਾਲ ਦੀ ਤੁਲਨਾ ਵਿਚ 37.45 ਫੀਸਦੀ ਜ਼ਿਆਦਾ ਹੈ। ਇਸ ਦਾ ਅਰਥ ਹੈ ਕਿ ਕੰਪਨੀਆਂ ਦੀ ਆਮਦਨੀ ਸਾਲ ਦਰ ਸਾਲ ਵਧ ਰਹੀ ਹੈ। ਸਰਕਾਰ ਇਨ੍ਹਾਂ ਨੂੰ ਸਬਸਿਡੀ ਵੀ ਦਿੰਦੀ ਹੈ। ਇਸ ਬਜਟ ਵਿਚ 70 ਹਜ਼ਾਰ ਕਰੋੜ ਰੁਪਏ ਦਾ ਪ੍ਰਬੰਧ ਰੱਖਿਆ ਗਿਆ ਹੈ।

**ਪੰਪਸੈਟ: ਕੰਪਨੀਆਂ 125 ਕਰੋੜ ਦੇ ਲਾਭ ਵਿਚ, ਕਿਸਾਨਾਂ ਨੂੰ ਮਹਿੰਗਾ ਲੋਨ**

ਦੇਸ਼ ਦੀਆਂ ਪੰਪਸੈਟ ਬਣਾਉਣ ਵਾਲੀਆਂ ਤਿੰਨ ਮੁੱਖ ਕੰਪਨੀਆਂ ਦਾ ਲਾਭ 2016-17 'ਚ 125.29 ਕਰੋੜ ਰੁਪਏ ਹੋਇਆ। ਪੰਪਸੈਟ ਤੇ ਪਾਇਪ ਤੇ ਕੇਬਲ ਦਾ ਸੰਗਠਿਤ ਬਾਜ਼ਾਰ ਤਕਰੀਬਨ ਸਾਲਾਨਾ ਇਕ ਲੱਖ ਕਰੋੜ ਰੁਪਏ ਦਾ ਹੈ। ਖੇਤੀ ਸੰਦ ਤੇ ਟਰੈਕਟਰ ਵਰਗੀਆਂ ਚੀਜ਼ਾਂ ਲਈ ਲੋਨ 12 ਫੀਸਦੀ ਦੀ ਦਰ ਉਤੇ ਮਿਲਦਾ ਹੈ। ਜਦ ਕਿ ਕਾਰ 10 ਫੀਸਦੀ ਤੋਂ ਘੱਟ ਵਿਆਜ ਦਰ ਉਤੇ ਮਿਲ ਜਾਂਦੀ ਹੈ।

**ਟਰੈਕਟਰ ਵੇਚ ਕੇ ਕਿਸਾਨਾਂ ਤੋਂ ਕਮਾਏ 5300 ਕਰੋੜ ਰੁਪਏ**

ਦੇਸ਼ ਵਿਚ ਟਰੈਕਟਰ ਬਣਾਉਣ ਵਾਲੀਆਂ ਤਿੰਨ ਮੁੱਖ ਕੰਪਨੀਆਂ ਦੀ ਸਾਲ 2016-17 ਦੀ ਕੁੱਲ ਕਮਾਈ 5300 ਕਰੋੜ ਰੁਪਏ ਸੀ। ਇਸ ਤੋਂ ਪਹਿਲੇ ਸਾਲ ਇਹ ਕਮਾਈ 4500 ਕਰੋੜ ਰੁਪਏ ਰਹੀ। ਕੰਪਨੀਆਂ ਦੀ ਆਮਦਨ ਤਕਰੀਬਨ 17 ਫੀਸਦੀ ਵਧੀ। ਦੇਸ਼ ਵਿਚ ਹਰ ਸਾਲ ਤਕਰੀਬਨ 50 ਲੱਖ ਟਰੈਕਟਰ ਵਿਕ ਰਹੇ ਹਨ। ਜੀਐਸਟੀ ਲਾਗੂ ਹੋਣ ਨਾਲ ਕਿਸਾਨਾਂ ਨੂੰ ਪ੍ਰਤੀ ਟਰੈਕਟਰ ਤਕਰੀਬਨ 30 ਹਜ਼ਾਰ ਰੁਪਏ ਹੋਰ ਚੁਕਾਉਣੇ ਪੈਣਗੇ।

**ਕੀਟਨਾਸ਼ਕ: 900 ਕਰੋੜ ਰੁਪਏ ਦਾ ਮੁਨਾਫਾ, 23 ਫੀਸਦੀ ਜ਼ਿਆਦਾ**

ਇਸ ਖੇਤਰ ਵਿਚ ਚੋਟੀ ਦੀਆਂ ਤਿੰਨ ਕੰਪਨੀਆਂ ਨੇ ਸਾਲ 2016-17 'ਚ 895.89 ਦਾ ਮੁਨਾਫਾ ਕਮਾਇਆ। ਬੀਤੇ ਸਾਲ ਦੇ ਮੁਕਾਬਲੇ ਇਹ ਮੁਨਾਫਾ 22.8 ਰਿਹਾ। ਬੀਤੇ ਵਿੱਤੀ ਸਾਲ ਵਿਚ ਇਨ੍ਹਾਂ ਕੰਪਨੀਆਂ ਨੇ 729.46 ਦਾ ਮੁਨਾਫਾ ਕਮਾਇਆ ਸੀ। ਸਾਲ 2014-15 ਵਿਚ ਹੀ ਦੇਸ਼ ਵਿਚ ਇਸ ਦਾ ਕਾਰੋਬਾਰ 28.600 ਕਰੋੜ ਰੁਪਏ ਪਹੁੰਚ ਗਿਆ। ਜੋ 7.5 ਫੀਸਦੀ ਤੋਂ ਪ੍ਰਤੀ ਸਾਲ ਵਧ ਰਿਹਾ ਹੈ।

**ਬੀਜ: ਕੰਪਨੀਆਂ ਨੂੰ 85 ਕਰੋੜ ਰੁਪਏ ਦਾ ਲਾਭ, ਟੈਕਸ ਵਿਚ ਵੀ ਛੋਟ**

ਦੇਸ਼ ਦੀਆਂ ਤਿੰਨ ਪ੍ਰਮੁੱਖ ਕੰਪਨੀਆਂ ਨੂੰ 2015-16 'ਚ 85.47 ਕਰੋੜ ਰੁਪਏ ਦਾ ਮੁਨਾਫਾ ਹੋਇਆ। ਬੀਜ ਦੇ ਕਾਰੋਬਾਰ ਦੀ ਫੀਸਦੀ ਤਕਰੀਬਨ 10 ਪ੍ਰਤੀਸ਼ਤ ਦੇ ਹਿਸਾਬ ਨਾਲ ਵਧ ਰਹੀ ਹੈ। ਬੀਜ ਦਾ ਕਾਰੋਬਾਰ 35 ਹਜ਼ਾਰ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਕਿਸਾਨਾਂ ਦੀ ਫਸਲ ਸਸਤੀ ਵਿਕਦੀ ਹੈ। ਪਰ ਬੀਜ ਮਹਿੰਗਾ ਹੁੰਦਾ ਜਾ ਰਿਹਾ ਹੈ। ਸਰਕਾਰ ਬੀਜ ਕੰਪਨੀਆਂ ਨੂੰ ਟੈਕਸ ਵਿਚ ਵੀ ਭਾਰੀ ਛੋਟ ਦਿੰਦੀ ਹੈ।

**ਕੋਲਡ ਸਟੋਰ: ਦੇਸ਼ ਵਿਚ 7200, ਸਰਕਾਰ ਵਲੋਂ ਵੀ ਭਾਰੀ ਸਬਸਿਡੀ**

ਸਾਲ 2016-17 ਵਿਚ ਤਕਰੀਬਨ 3.5 ਕਰੋੜ ਮੀਟ੍ਰਿਕ ਟਨ ਸਮਰੱਥਾ ਵਾਲੇ ਕੋਲਡ ਸਟੋਰ ਖੁੱਲ ਚੁੱਕੇ ਹਨ। ਇਸ ਦੀ ਗਿਣਤੀ 7200 ਸੀ। ਐਨਸੀਸੀਡੀ ਦੇ ਸਾਲ 2015 ਦੇ ਅਧਿਐਨ ਮੁਤਾਬਕ ਸਿਰਫ 75 ਫੀਸਦੀ ਕੋਲਡ ਸਟੋਰਾਂ ਦੀ ਹੀ ਵਰਤੋਂ ਹੋ ਰਹੀ ਹੈ। ਸਰਕਾਰ ਇਸ ਉਦਯੋਗ ਵਿਚ 15 ਅਰਬ ਡਾਲਰ ਨਿਵੇਸ਼ ਕਰ ਰਹੀ ਹੈ।



## ...ਤੇ ਇਹ ਹੈ ਕਿਸਾਨਾਂ ਦੀ ਹਾਲਤ



3.18 ਲੱਖ ਕਿਸਾਨਾਂ ਨੇ ਸਾਲ 1995 ਤੋਂ 2015 ਵਿਚ ਖੁਦਕੁਸ਼ੀ ਕੀਤੀ। ਇਸ ਦਾ ਅਰਥ ਹੈ ਕਿ ਹਰ ਸਾਲ 15.926 ਕਿਸਾਨ। ਇਹ ਅੰਕੜੇ ਰਾਸ਼ਟਰੀ ਅਪਰਾਧ ਬਿਊਰੋ ਦੇ ਹਨ।

27.3 ਕਰੋੜ ਟਨ ਅਨਾਜ ਦੀ ਪੈਦਾਵਾਰ ਸਾਲ 2016-17 ਵਿਚ ਹੋਣ ਦਾ ਅਨੁਮਾਨ ਹੈ। ਇਹ ਹੁਣ ਤੱਕ ਸਭ ਤੋਂ ਵੱਧ ਹੈ। ਪਰ ਇਸ ਸਾਲ ਕੀਮਤਾਂ ਪਿਛਲੇ ਚਾਰ ਸਾਲਾਂ ਦੇ ਮੁਕਾਬਲੇ ਸਭ ਤੋਂ ਹੇਠਲੇ ਪੱਧਰ 'ਤੇ ਹਨ।

ਤਿੰਨ ਲੱਖ ਕਰੋੜ ਦਾ ਕਰਜ਼ ਮੁਆਫ ਹੋਵੇਗਾ, ਜੇਕਰ ਸਾਰੀਆਂ ਸੂਬਾ ਸਰਕਾਰਾਂ ਕਿਸਾਨਾਂ ਦਾ ਕਰਜ਼ ਮੁਆਫ ਕਰ ਦੇਣ। ਮੈਰਿਲ ਲਿੰਕ ਮੁਤਾਬਕ ਇਹ ਜੀਡੀਪੀ ਦੇ 2 ਫੀਸਦੀ ਦੇ ਬਰਾਬਰ ਹੈ।

6426 ਰੁਪਏ ਕਿਸਾਨਾਂ ਪਰਿਵਾਰਾਂ ਦੀ ਔਸਤ ਕਮਾਈ ਹੈ। ਐਨਐਸਐਸਓ ਮੁਤਾਬਕ ਮਾਸਕ ਖਰਚ 6223 ਰੁਪਏ ਹੈ। ਇਸ ਲਈ ਖੇਤੀ ਦੀਆਂ ਲੋੜਾਂ ਲਈ ਉਹ ਕਰਜ 'ਤੇ ਹੀ ਨਿਰਭਰ ਹਨ।

### ਹਰ ਸਾਲ 12000 ਕਿਸਾਨ ਲਾਉਂਦੇ ਨੇ ਮੌਤ ਨੂੰ ਗਲੇ

**ਨਵੀਂ ਦਿੱਲੀ:** ਦੇਸ਼ ਵਿਚ ਹਰ ਸਾਲ 12,000 ਤੋਂ ਵੱਧ ਕਿਸਾਨ ਖੁਦਕੁਸ਼ੀ ਕਰ ਰਹੇ ਹਨ। ਇਸ ਦਾ ਮਤਲਬ ਹੈ ਰੋਜ਼ਾਨਾ 33 ਕਿਸਾਨ ਮੌਤ ਨੂੰ ਗਲੇ ਲਾ ਰਹੇ ਹਨ। ਇਹ ਅੰਕੜਾ ਸਰਕਾਰੀ ਹੈ ਤੇ ਗਿਣਤੀ ਇਸ ਤੋਂ ਕਿਤੇ ਵੱਧ ਹੈ ਕਿਉਂਕਿ ਬਹੁਤੇ ਕੇਸ ਤਾਂ ਸਰਕਾਰੀ ਫਾਈਲਾਂ ਤੱਕ ਪਹੁੰਚਦੇ ਹੀ ਨਹੀਂ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਹੈ ਕਿ 2013 ਤੋਂ ਲਗਾਤਾਰ ਹਰ ਸਾਲ 12,000 ਤੋਂ ਵੱਧ ਕਿਸਾਨ ਖੁਦਕੁਸ਼ੀ ਕਰ ਰਹੇ ਹਨ। ਸਰਕਾਰੀ ਦਾਅਵਿਆਂ ਮੁਤਾਬਕ ਦੇਸ਼ ਅੱਗੇ ਵਧ ਰਿਹਾ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਭਾਰਤ ਵਿਚ ਕਿਸਾਨ ਪਿੱਛੇ ਜਾ ਰਿਹਾ ਹੈ। 2001 ਤੋਂ 2011 ਤੱਕ 10 ਸਾਲਾਂ ਵਿਚ 90 ਲੱਖ ਕਿਸਾਨ ਘੱਟ ਹੋ ਗਏ ਹਨ। ਇਸ ਤੋਂ ਉਲਟ ਇਸ ਵਕਫੇ ਦੌਰਾਨ ਖੇਤੀ ਮਜ਼ਦੂਰਾਂ ਦੀ ਗਿਣਤੀ 3.8 ਕਰੋੜ ਵਧ ਗਈ ਹੈ।



# ਸਰਕਾਰ ਨੇ ਵਿਧਾਇਕਾਂ ਨੂੰ ਵੀ.ਆਈ.ਪੀ. ਰੁਤਬਾ ਦੇਣ ਦਾ ਲੱਭਿਆ ਤੋੜ

**ਚੰਡੀਗੜ੍ਹ:** ਵੀ.ਆਈ.ਪੀ. ਸਭਿਆਚਾਰ ਨੂੰ ਖਤਮ ਕਰਨ ਦਾ ਢੰਡੋਰਾ ਦੇਣ ਵਾਲੀ ਕਾਂਗਰਸ ਸਰਕਾਰ ਨੇ ਹੁਣ ਮੰਤਰੀਆਂ, ਸਰਕਾਰੀ ਅਧਿਕਾਰੀਆਂ ਤੇ ਵਿਧਾਇਕਾਂ ਦਾ ਵੀ.ਆਈ.ਪੀ. ਰੁਤਬਾ ਕਾਇਮ ਰੱਖਣ ਲਈ ਲਾਲ ਬੱਤੀਆਂ ਦੀ ਥਾਂ ਵੱਖਰੀਆਂ ਨੰਬਰ ਪਲੇਟਾਂ ਦਾ ਰਸਤਾ ਕੱਢਿਆ ਹੈ। ਸਰਕਾਰ ਦਾ ਤਰਕ ਹੈ ਕਿ ਲਾਲ ਬੱਤੀਆਂ ਨਾ ਹੋਣ ਕਾਰਨ ਵੀ.ਆਈ.ਪੀਜ਼ ਦੀ ਪਛਾਣ ਕਰਨੀ ਔਖੀ ਹੋ ਗਈ ਹੈ ਤੇ ਸਰਕਾਰੀ ਗੱਡੀਆਂ ਨੂੰ ਆਵਾਜਾਈ ਦੌਰਾਨ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਉਨ੍ਹਾਂ ਨੂੰ ਪੁਲਿਸ ਨਾਕੇ 'ਤੇ ਚੈਕਿੰਗ ਦੌਰਾਨ ਰੋਕਿਆ ਜਾਂਦਾ ਹੈ ਅਤੇ ਟੋਲ ਬੈਰੀਅਰਾਂ ਉਤੇ ਵੀ ਕਈ ਵਾਰ ਰੁਕਣਾ ਪੈਂਦਾ ਹੈ।

ਇਸ ਲਈ ਸਰਕਾਰੀ ਗੱਡੀਆਂ ਦੀ ਪਛਾਣ ਲਈ ਇਨ੍ਹਾਂ ਨੂੰ ਇਕ ਵੱਖਰੀ ਰਜਿਸਟਰੇਸ਼ਨ ਸੀਰੀਜ਼ ਤਹਿਤ ਨੰਬਰ ਅਲਾਟ ਕੀਤੇ ਜਾਣਗੇ। ਅਧਿਕਾਰੀਆਂ ਨੂੰ ਕਿਹਾ ਗਿਆ ਹੈ ਕਿ ਉਹ ਮੌਜੂਦਾ ਵੀ.ਆਈ.ਪੀਜ਼ ਦੀਆਂ ਗੱਡੀਆਂ ਦੀ ਸੂਚਨਾ 2 ਹਫਤਿਆਂ ਅੰਦਰ ਸਟੇਟ ਟਰਾਂਸਪੋਰਟ ਕਮਿਸ਼ਨਰ ਦੇ ਦਫਤਰ ਨੂੰ ਭੇਜਣਾ ਯਕੀਨੀ ਬਣਾਉਣ।

ਸਰਕਾਰ ਹੁਣ ਵੀ.ਆਈ.ਪੀਜ਼ ਨੂੰ ਵੱਖਰੇ ਰੰਗ ਦੀਆਂ ਰਜਿਸਟਰੇਸ਼ਨ ਪਲੇਟਾਂ ਵੀ ਦੇਣ 'ਤੇ ਵਿਚਾਰ ਕਰ ਰਹੀ ਹੈ ਤਾਂ ਜੋ ਦੂਰ ਤੋਂ ਹੀ ਮੰਤਰੀਆਂ, ਅਧਿਕਾਰੀਆਂ ਦੀਆਂ ਗੱਡੀਆਂ ਦੀ ਪਛਾਣ ਹੋ ਸਕੇ। ਹਾਲਾਂਕਿ ਮੰਤਰੀਆਂ, ਮੁੱਖ ਮੰਤਰੀ ਦੇ ਸਲਾਹਕਾਰਾਂ, ਚੇਅਰਮੈਨਾਂ ਅਤੇ ਮੁੱਖ ਮੰਤਰੀ ਦੇ ਨਿੱਜੀ ਸਕੱਤਰਾਂ ਤੇ ਦੂਜੇ ਸੀਨੀਅਰ ਅਧਿਕਾਰੀਆਂ ਜਿਨ੍ਹਾਂ ਨੂੰ ਪੁਲਿਸ ਦੀਆਂ ਪਾਈਲਟ ਜਾਂ ਐਸਕਾਰਟ ਗੱਡੀਆਂ ਮਿਲੀਆਂ ਹੋਈਆਂ ਹਨ, ਨੂੰ ਅਜਿਹੀ ਮੁਸ਼ਕਲ ਪੇਸ਼ ਆਉਣ ਦੀ ਸੰਭਾਵਨਾ ਨਹੀਂ। ਦਿਲਚਸਪ ਗੱਲ ਇਹ ਹੈ ਕਿ ਜੇ ਸਰਕਾਰ ਨੇ ਵੀ.ਆਈ.ਪੀ. ਕਲਚਰ ਨੂੰ ਕਾਇਮ ਰੱਖਦਿਆਂ ਕੁਝ ਵਿਸ਼ੇਸ਼ ਵਿਅਕਤੀਆਂ ਨੂੰ ਆਮ ਲੋਕਾਂ ਨਾਲੋਂ ਵੱਖਰੀ ਪਛਾਣ ਰੱਖ ਕੇ ਜਨਤਾ ਵਿਚ ਵਿਚਰਨ ਦਾ ਅਧਿਕਾਰ ਦੇਣਾ ਹੀ ਸੀ ਤਾਂ ਜੋ ਉਨ੍ਹਾਂ ਨੂੰ ਸੜਕਾਂ 'ਤੇ ਜਾਂਦਿਆਂ ਸਲੂਟ ਵੱਜ ਸਕਣ ਅਤੇ ਉਨ੍ਹਾਂ ਦੀਆਂ ਗੱਡੀਆਂ ਨੂੰ ਵੇਖ ਕੇ ਸਧਾਰਨ ਕਰਮਚਾਰੀ ਜਾਂ ਸ਼ਹਿਰੀ ਭੈਅ ਭੀਤ ਹੁੰਦਾ ਰਵੇ ਤਾਂ ਲਾਲ ਬੱਤੀਆਂ ਹੀ ਗੱਡੀਆਂ ਤੋਂ ਉਤਾਰੇ ਜਾਣ ਦਾ ਡਰਾਮਾ ਕਰਨ ਦੀ ਕੀ ਜ਼ਰੂਰਤ ਸੀ।

# ਸਵਰਗੀ ਮਾਸਟਰ ਮਹਿੰਦਰ ਸਿੰਘ ਗਿੱਲ ਨੂੰ ਭਾਵਭਿੰਨੀ ਵਿਦਾਇਗੀ

**ਫਰੀਮਾਂਟ:** ਬੀਤੀ 6 ਜੂਨ ਨੂੰ ਅਕਾਲ ਚਲਾਣਾ ਕਰ ਗਏ ਮਾਸਟਰ ਮਹਿੰਦਰ ਸਿੰਘ ਗਿੱਲ ਦੇ ਅੰਤਿਮ ਸਸਕਾਰ ਮੌਕੇ ਭਾਈਚਾਰੇ ਦਾ ਜੁੜਿਆ ਵਿਸ਼ਾਲ ਇਕੱਠ ਇਸ ਗੱਲ ਦੀ ਤਸਦੀਕ ਕਰਦਾ ਪ੍ਰਤੀਤ ਹੋ ਰਿਹਾ ਸੀ ਕਿ ਅੱਜ ਇਥੇ ਜਿਸ ਸ਼ਖਸੀਅਤ ਦੇ ਪੰਜ ਭੂਤਕ ਸਰੀਰ ਨੂੰ ਅੰਤਿਮ ਵਿਦਾਇਗੀ ਦਿੱਤੀ ਜਾ ਰਹੀ ਹੈ, ਉਸ ਦੀ ਆਪਣੀ ਮਿੱਤਰਤਾ ਦਾ ਦਾਇਰਾ ਅਤੇ ਉਸ ਦੇ ਬਾਲ ਪਰਿਵਾਰ ਪ੍ਰਤੀ ਮੋਹ ਦੀਆਂ ਤੰਦਾਂ ਕਿੱਥੇ ਤੱਕ ਪਸਰੀਆਂ ਹੋਈਆਂ ਹਨ। ਇਸ ਖਿੱਤੇ ਦੀਆਂ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਸਭਾ ਸੁਸਾਇਟੀਆਂ ਜਾਂ ਜਥੇਬੰਦੀਆਂ ਵਿਚੋਂ ਸ਼ਾਇਦ ਹੀ ਕੋਈ ਇਕ-ਅੱਧ ਸੰਸਥਾ ਰਹਿ ਗਈ ਹੋਵੇਗੀ ਜਿਸ ਦਾ ਕੋਈ ਨਾ ਕੋਈ ਪ੍ਰਤੀਨਿਧੀ 17 ਜੂਨ ਦੀ ਤਿੱਖੜ ਦੁਪਹਿਰੇ ਚੈਪਲ ਆਫ ਚਾਈਮਜ਼, ਹੇਵਰਡ ਦੇ ਸ਼ਮਸ਼ਾਨਘਾਟ ਵਿਖੇ ਸਵਰਗੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਨਾ ਆਇਆ ਹੋਵੇ।

ਰਵਾਇਤ ਮੁਤਾਬਕ ਮ੍ਰਿਤਕ ਦੇ ਅੰਤਿਮ ਦਰਸ਼ਨਾਂ ਵਾਸਤੇ ਰੱਖੀ ਗਈ ਦੇਹ ਦੇ ਲਾਗੇ ਜੁੜ ਬੈਠੇ ਪਰਿਵਾਰ ਜਨਾਂ ਅਤੇ ਸਨੇਹੀਆਂ ਨੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਸਰਵਣ ਕੀਤਾ। ਅਰਦਾਸ ਉਪਰੰਤ ਗੁਰਦੁਆਰਾ ਫਰੀਮਾਂਟ ਦੇ ਸਕੱਤਰ ਭਾਈ ਦਵਿੰਦਰ ਸਿੰਘ ਨੇ ਸਵਰਗੀ ਮਾਸਟਰ ਜੀ ਦੇ ਜੀਵਨ ਬਾਰੇ ਭਾਵਪੂਰਤ ਸ਼ਬਦਾਂ ਰਾਹੀਂ ਸ਼ਰਧਾਂਜਲੀ ਭੇਟ ਕਰਦਿਆਂ ਵੱਖ ਵੱਖ ਸ਼ਖਸੀਅਤਾਂ ਨੂੰ ਵੈਰਾਗਮਈ ਸ਼ਬਦ ਕਹਿਣ ਲਈ ਸਟੇਜ ‘ਤੇ ਸੱਦਾ ਦੇਣਾ ਸ਼ੁਰੂ ਕੀਤਾ।



*ਸਵਰਗੀ ਮਹਿੰਦਰ ਸਿੰਘ ਗਿੱਲ*

ਸਭ ਤੋਂ ਪਹਿਲਾਂ ਮਾਸਟਰ ਜੀ ਦੀ ਲਾਡਲੀ ਦੋਹਤਰੀ ਅਵਨੀਤ ਕੌਰ ਸਿੱਧੂ ਨੇ ਆਪਣੇ ਨਾਨਾ ਜੀ ਨਾਲ ਮੋਹ ਪਿਆਰ ਦੀਆਂ ਜਦੋਂ ਕੁਝ ਮੋਹ ਭਿੱਜੀਆਂ ਮਿਸਾਲਾਂ ਸੁਣਾਈਆਂ ਤਾਂ ਉਸ ਦਾ ਗੱਚ ਭਰ ਆਇਆ। ਉਸ ਵੇਲੇ ਮਾਸਟਰ ਜੀ ਦੇ ਸਨੇਹੀਆਂ ਦੀਆਂ ਅੱਖਾਂ ਵਿਚ ਵੀ ਹੰਝੂ ਭਰ ਆਏ। ਭਾਪਾ ਜੀ ਦੇ ਪੋਤਰਿਆਂ ਅਰਮਾਨ ਸਿੰਘ ਗਿੱਲ, ਅਨਮੋਲ ਸਿੰਘ ਤੇ ਹਰਜੋਤ ਸਿੰਘ ਗਿੱਲ ਨੇ ਵੀ ਆਪਣੇ ਦਾਦਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਉਸ ਤੋਂ ਬਾਅਦ ਸਵਰਗੀ ਮਾਸਟਰ ਜੀ ਦੇ ਸਪੁੱਤਰ ਸ. ਜੱਸੀ ਗਿੱਲ ਨੇ ਆਪਣੇ ਪਿਤਾ ਦੇ ਜੀਵਨ ਸੰਘਰਸ਼ ਦੇ ਸੰਕੋਚਵੇਂ ਵੇਰਵੇ ਦਿੰਦਿਆਂ ਕਿਹਾ ਕਿ ਉਹ ਇਕ ਸਫਲ ਕਿਸਾਨ, ਸਫਲ ਅਧਿਆਪਕ, ਸਫਲ ਸਮਾਜ ਸੇਵਕ, ਪਰਿਵਾਰ ਪ੍ਰਤੀ ਦ੍ਰਿੜਤਾ ਨਾਲ ਜ਼ਿੰਮੇਵਾਰੀਆਂ ਨਿਭਾਉਣ ਵਾਲਾ ਦੂਰ-ਅੰਦੇਸ਼ ਬਾਪ ਅਤੇ ਕਈਆਂ ਦੀ ਜ਼ਿੰਦਗੀ ਰੁਸ਼ਨਾਉਣ ਵਾਲਾ ਨੇਕ ਸਲਾਹੂ ਭਲਾ ਪੁਰਸ਼ ਸੀ।

ਪੰਜਾਬ ਸਟੂਡੈਂਟ ਯੂਨੀਅਨ ਨਾਲ ਸਬੰਧਤ ਆਪਣੀ ਇਕ ਹੱਡਬੀਤੀ ਸਾਂਝੀ ਕਰਦਿਆਂ ਸ. ਜੱਸੀ ਗਿੱਲ ਨੇ ਦੱਸਿਆ ਕਿ ਇਕ ਹੜਤਾਲ ਮੌਕੇ ਪੁਲਿਸ ਨੇ ਸਾਡੇ ਵਿਦਿਆਰਥੀ ਗਰੁਪਾਂ ਨੂੰ ਖਦੇੜਨ ਵਾਸਤੇ ਜਦੋਂ ਅੱਥਰੂ ਗੈਸ ਦੇ ਗੋਲੇ ਸੁੱਟੇ ਤਾਂ ਮੈਂ ਗੋਲੀ ਚੱਲ ਗਈ ਸਮਝ ਕੇ ਲਾਗਲੇ ਸਕੂਲ ਦੀ ਕੰਧ ਟੱਪ ਕੇ ਅੰਦਰ ਛਾਲ ਮਾਰੀ, ਜਿਥੇ ਭਾਪਾ ਜੀ ਜਮਾਤ ਨੂੰ ਪੜ੍ਹਾ ਰਹੇ ਸਨ। ਭਾਪਾ ਜੀ ਨੇ ਮੈਨੂੰ ਭਗੌੜਾ ਸਮਝ ਕੇ ਬਹੁਤ ਝਿੜਕਿਆ ਤੇ ਇਹ ਕਹਿੰਦਿਆਂ ਉਨ੍ਹੀਂ ਪੈਰੀਂ ਪਿੱਛੇ ਨੂੰ ਮੋੜਿਆ ਕਿ ਬਿਪਤਾ ਸਮੇਂ ਦੋਸਤਾਂ ਨੂੰ ਪਿੱਠ ਨਹੀਂ ਦਿਖਾਈਦੀ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਸਾਡੀ ਮਾਤਾ ਤੁਰ ਗਈ ਸੀ ਅਤੇ ਹੁਣ ਭਾਪਾ ਜੀ ਦੇ ਜਾਣ ਤੋਂ ਬਾਅਦ ਇਉਂ ਜਾਪਦਾ ਹੈ, ਜਿਵੇਂ ਮੈਂ ਅਨਾਥ ਹੀ ਹੋ ਗਿਆ ਹੋਵਾਂ। ਮਾਪਿਆਂ ਦੀ ਕੀਮਤ ਉਨ੍ਹਾਂ ਦੇ ਤੁਰ ਜਾਣ ਪਿਛੋਂ ਹੀ ਸਮਝ ਆਉਂਦੀ ਹੈ ਜਦੋਂ ਮਹਿਸੂਸ ਹੁੰਦਾ ਹੈ ਕਿ ਸਿਰ ਤੋਂ ਛਤਰੀ ਉਠ ਗਈ ਹੈ। ਫਾਦਰ’ਜ਼ ਡੇ ਆਇਆ ਤਾਂ ਮਨ ਹੋਰ ਉਦਾਸ ਹੋ ਗਿਆ। ਭਾਪਾ ਜੀ ਦਾ ਤਾਂ ਆਪਣੇ ਕੁੱਤੇ ਨਾਲ ਵੀ ਇੰਨਾ ਪਿਆਰ ਸੀ ਕਿ ਉਹ ਵੀ ਹੁਣ ਓਦਰਿਆ ਓਦਰਿਆ ਉਨ੍ਹਾਂ ਨੂੰ ਲੱਭਦਾ ਰਹਿੰਦਾ ਹੈ।




*ਭਾਪਾ ਜੀ ਸ. ਮਹਿੰਦਰ ਸਿੰਘ ਗਿੱਲ ਅਤੇ ਮਾਤਾ ਗੁਰਦੇਵ ਕੌਰ ਗਿੱਲ*

ਮਾਸਟਰ ਜੀ ਦੇ ਵਿਦਿਆ ਪ੍ਰਤੀ ਮੋਹ ਅਤੇ ਵਚਨਬੱਧਤਾ ਦੀ ਮਿਸਾਲ ਦਿੰਦਿਆਂ ਸ. ਜੱਸੀ ਗਿੱਲ ਨੇ ਦੱਸਿਆ ਕਿ 2001 ਵਿਚ ਭਾਪਾ ਜੀ ਨੇ ਆਪਣੇ ਪਿੰਡ ਗਿੱਦੜਵਿੰਡੀ ਦੇ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਾਡੇ ਬਾਬਾ ਜੀ ਦੇ ਨਾਮ ‘ਤੇ ਕਰਤਾਰ ਸਿੰਘ ਗਿੱਲ ਯਾਦਗਾਰੀ ਬਲਾਕ ਉਸਾਰਿਆ।

ਇਸ ਮੌਕੇ ਹੋਰਨਾਂ ਤੋਂ ਬਿਨਾ ਗੁਰਮੇਲ ਸਿੰਘ ਬਾਠ, ਭਾਈ ਰਾਮ ਸਿੰਘ, ਤਰਲੋਚਨ ਸਿੰਘ ਦੁਪਾਲਪੁਰ, ਗੁਰਚਰਨ ਸਿੰਘ ਮਾਨ, ਜਸਵਿੰਦਰ ਸਿੰਘ ਜੰਡੀ, ਕਸ਼ਮੀਰ ਸਿੰਘ ਸਾਹੀ ਅਤੇ ਪ੍ਰੀਤਮ ਗਿੰਘ ਗਰੇਵਾਲ ਆਦਿ ਨੇ ਵਿਛੜੀ ਸ਼ਖਸੀਅਤ ਨੂੰ ਸ਼ਰਧਾਂਜਲੀ ਭੇਟ ਕੀਤੀ। ਅੰਤਿਮ ਸਸਕਾਰ ਉਪਰੰਤ ਗੁਰਦੁਆਰਾ ਫਰੀਮਾਂਟ ਵਿਖੇ ਸਹਿਜ ਪਾਠ ਦਾ ਭੋਗ ਪਾਇਆ ਗਿਆ ਅਤੇ ਵੈਰਾਗਮਈ ਕੀਰਤਨ ਹੋਇਆ।



















*ਪਿੰਡ ਗਿੱਦੜਵਿੰਡੀ ਦੇ ਸੀਨੀਅਰ ਸੈਕੰਡਰੀ ਸਕੂਲ ਵਿਖੇ ਬਾਬਾ ਜੀ ਦੇ ਨਾਮ ‘ਤੇ ਉਸਾਰਿਆ ਗਿਆ ਕਰਤਾਰ ਸਿੰਘ ਗਿੱਲ ਯਾਦਗਾਰੀ ਬਲਾਕ*

# ਸਾਕਾ ਨੀਲਾ ਤਾਰਾ ਵੇਲੇ ਮਰਨ ਵਾਲਿਆਂ ਦੀ ਬਣੇਗੀ ਸ਼ਹੀਦ ਗੈਲਰੀ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਫੌਜੀ ਹਮਲੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਮਾਰੇ ਗਏ ਜੁਝਾਰੂ ਅਤੇ ਸ਼ਰਧਾਲੂਆਂ ਦੀਆਂ ਤਸਵੀਰਾਂ ਤੇ ਯਾਦਾਂ ਵਾਲੀ ਵੱਖਰੀ ਗੈਲਰੀ ਸ੍ਰੀ ਅਕਾਲ ਤਖਤ ਦੇ ਨੇੜੇ ਬਣਾਈ ਗਈ ਸ਼ਹੀਦੀ ਯਾਦਗਾਰ ਦੇ ਜ਼ਮੀਨਦੋਜ਼ ਹਾਲ ਵਿਚ ਸਥਾਪਤ ਹੋਵੇਗੀ, ਜਿਸ ਨੂੰ ਦਮਦਮੀ ਟਕਸਾਲ ਵੱਲੋਂ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਜਾਵੇਗਾ।

ਦਮਦਮੀ ਟਕਸਾਲ ਵੱਲੋਂ ਕੀਤੀ ਗਈ ਮੰਗ ਨੂੰ ਪ੍ਰਵਾਨ ਕਰਦਿਆਂ ਜੂਨ 1984 ਵਿਚ ਸਾਕਾ ਨੀਲਾ ਤਾਰਾ ਫੌਜੀ ਹਮਲੇ ਦੌਰਾਨ ਮਾਰੇ ਗਏ ਸ਼ਹੀਦਾਂ ਦੀਆਂ ਤਸਵੀਰਾਂ ਦੀ ਵੱਖਰੀ ਗੈਲਰੀ ਬਣਾਈ ਜਾਵੇਗੀ। ਸਾਕਾ ਨੀਲਾ ਤਾਰਾ ਫੌਜੀ ਹਮਲੇ ਦੀ ਯਾਦਗਾਰ 2012 ਵਿਚ ਸ੍ਰੀ ਅਕਾਲ ਤਖਤ ਨੇੜੇ ਗੁਰਦੁਆਰੇ ਦੇ ਰੂਪ ਵਿਚ ਸਥਾਪਤ ਕੀਤੀ ਗਈ ਸੀ। ਇਸ ਇਮਾਰਤ ਦਾ ਜ਼ਮੀਨਦੋਜ਼ ਹਾਲ ਉਸ ਵੇਲੇ ਤੋਂ ਹੀ ਖਾਲੀ ਹੈ, ਜਿਸ ਨੂੰ ਹੁਣ ਸ਼ਹੀਦ ਗੈਲਰੀ ਵਜੋਂ ਵਰਤਿਆ ਜਾਵੇਗਾ। ਇਸ ਹਾਲ ਦਾ



ਰਕਬਾ ਲਗਭਗ 500 ਵਰਗ ਗਜ਼ ਤੋਂ ਵੱਧ ਹੈ, ਜਿਸ ਵਿਚ ਇਹ ਸ਼ਹੀਦ ਗੈਲਰੀ ਨੂੰ ਵੱਖ-ਵੱਖ ਭਾਗਾਂ ਵਿਚ ਵੰਡ ਕੇ ਸਥਾਪਤ ਕੀਤਾ ਜਾਵੇਗਾ। ਵੇਰਵਿਆਂ ਮੁਤਾਬਕ ਪ੍ਰਸਤਾਵਿਤ ਗੈਲਰੀ ਦੇ ਇਕ ਭਾਗ ਵਿਚ ਫੌਜੀ ਹਮਲੇ ਦੌਰਾਨ ਮਾਰੇ ਗਏ ਜੁਝਾਰੂਆਂ ਤੇ ਸ਼ਰਧਾਲੂਆਂ ਦੀਆਂ ਤਸਵੀਰਾਂ ਸ਼ਾਮਲ ਹੋਣਗੀਆਂ ਅਤੇ ਦੂਜੇ ਭਾਗ ਵਿਚ ਸਕਰੀਨ ਰਾਹੀਂ ਸਾਕਾ ਨੀਲਾ ਤਾਰਾ ਫੌਜੀ ਹਮਲੇ ਦੇ ਇਤਿਹਾਸ ਆਦਿ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਹ ਜਾਣਕਾਰੀ ਵੱਖ-ਵੱਖ ਭਾਸ਼ਾਵਾਂ ਵਿਚ ਹੋਵੇਗੀ। ਤੀਜੇ ਭਾਗ ਵਿਚ ਉਸ ਵੇਲੇ ਦੀਆਂ ਯਾਦਾਂ ਨੂੰ ਸੰਭਾਲਿਆ ਜਾਵੇਗਾ, ਜਿਨ੍ਹਾਂ ਵਿਚ ਗੋਲੀਆਂ ਦੇ ਨਿਸ਼ਾਨ ਨਾਲ ਪ੍ਰਭਾਵਿਤ ਵਸਤਾਂ ਆਦਿ ਸ਼ਾਮਲ ਹਨ।

ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ਼ਹੀਦ ਗੈਲਰੀ ਤਿਆਰ ਕਰਨ ਦੀ ਜ਼ਿੰਮੇਵਾਰੀ ਟਕਸਾਲ ਨੂੰ ਸੌਂਪੀ ਗਈ ਹੈ। ਉਹ ਜਲਦੀ ਹੀ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨਾਲ ਗੱਲਬਾਤ ਕਰ ਕੇ ਤਰੀਕ ਤੈਅ ਕਰਨਗੇ ਅਤੇ ਗੈਲਰੀ ਦੀ ਸਥਾਪਨਾ ਲਈ ਕੰਮ ਸ਼ੁਰੂ ਕੀਤਾ ਜਾਵੇਗਾ। ਗੈਲਰੀ ਦੀ ਸਥਾਪਨਾ ਲਈ ਮਾਹਿਰਾਂ ਦੀ ਮਦਦ ਲਈ ਜਾਵੇਗੀ ਅਤੇ ਅਤਿ ਆਧੁਨਿਕ ਤਕਨਾਲੋਜੀ ਦੀ ਵਰਤੋਂ ਕੀਤੀ ਜਾਵੇਗੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਇਸ ਦੀ ਪੁਸ਼ਟੀ ਕਰਦਿਆਂ ਆਖਿਆ ਕਿ ਸ਼ਹੀਦੀ ਯਾਦਗਾਰ ਦੀ ਉਸਾਰੀ ਦੀ ਕਾਰ ਸੇਵਾ ਵੀ ਦਮਦਮੀ ਟਕਸਾਲ ਨੂੰ ਸੌਂਪੀ ਗਈ ਸੀ ਅਤੇ ਗੈਲਰੀ ਦੀ ਸੇਵਾ ਵੀ ਉਨ੍ਹਾਂ ਨੂੰ ਸੌਂਪੀ ਹੈ।

### ਮੌਤਾਂ ਦੀ ਗਿਣਤੀ ਦਾ ਪਤਾ ਲਾਉਣ ਬਾਰੇ ਕੇਂਦਰ ਕੋਲ ਪਹੁੰਚ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਖੁਲਾਸਾ ਕੀਤਾ ਕਿ ਕਮੇਟੀ ਵੱਲੋਂ ਕੇਂਦਰ ਸਰਕਾਰ ਖਾਸ ਕਰ ਕੇ ਰੱਖਿਆ ਮੰਤਰਾਲੇ ਅਤੇ ਗ੍ਰਹਿ ਮੰਤਰਾਲੇ ਨੂੰ ਪੱਤਰ ਭੇਜ ਕੇ ਜੂਨ 1984 ਸਾਕਾ ਨੀਲਾ ਤਾਰਾ ਫੌਜੀ ਹਮਲੇ ਵਿਚ ਮਾਰੇ ਗਏ ਲੋਕਾਂ ਦੀ ਅਧਿਕਾਰਤ ਗਿਣਤੀ ਬਾਰੇ ਪਤਾ ਲਾਇਆ ਜਾਵੇਗਾ। ਇਸ ਸਬੰਧੀ ਦਮਦਮੀ ਟਕਸਾਲ ਨੂੰ ਵੀ ਪਤਾ ਲਾਉਣ ਲਈ ਆਖਿਆ ਗਿਆ ਹੈ।

# ਪੰਜਾਬੀ ਅਮੈਰੀਕਨ ਸਿੱਖ ਸੁਸਾਇਟੀ ਔਰਲੈਂਡ ਨੇ ਕਰਵਾਇਆ ਸ਼ਾਨਦਾਰ ਵਿਸਾਖੀ ਮੇਲਾ

**ਔਰਲੈਂਡ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀ ਅਮੈਰੀਕਨ ਸਿੱਖ ਸੁਸਾਇਟੀ ਔਰਲੈਂਡ ਨੇ ਇਲਾਕੇ ਦੇ ਸਮੂਹ ਪੰਜਾਬੀ ਪਰਿਵਾਰਾਂ ਨਾਲ ਮਿਲ ਕੇ ਬੀਤੇ ਦਿਨੀਂ ਇੱਕ ਸ਼ਾਨਦਾਰ ਪਰਿਵਾਰਕ ਮੇਲਾ ਕਰਵਾਇਆ। ਰੈਡ ਬਲੱਫ ਤੋਂ 30 ਕੁ ਮੀਲ ਦੂਰ ਵਸੇ ਔਰਲੈਂਡ ਸ਼ਹਿਰ ਵਿਚ ਪੰਜਾਬੀਆਂ ਦੀ ਭਾਵੇਂ ਕੋਈ ਬਹੁਤੀ ਵਸੋਂ ਨਹੀਂ ਹੈ ਪਰ ਮੇਲੇ ਵਿਚ ਇਲਾਕੇ ਦੇ 40-50 ਮੀਲ ਦੇ ਘੇਰੇ ਵਿਚ ਰਹਿੰਦੇ ਪੰਜਾਬੀ ਪਰਿਵਾਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।

ਸਮਾਗਮ ਦੀ ਸ਼ੁਰੂਆਤ ਛੋਟੇ ਬੱਚਿਆਂ ਸਿਮਰਨ ਕੌਰ ਤੇ ਸ਼ੈਲਬੀਰ ਸਿੰਘ ਵਲੋਂ ਸ਼ਬਦ ਗਾਇਨ ਨਾਲ ਹੋਈ। ਭਾਈ ਅਮਰਜੀਤ ਸਿੰਘ ਨੇ ਬਹੁਤ ਹੀ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਵਿਸਾਖੀ ਦੀ ਮਹੱਤਤਾ ਬਾਰੇ ਸੰਖੇਪ ਜਾਣਕਾਰੀ ਦਿੱਤੀ। ਧਾਰਮਿਕ ਤੇ ਸਮਾਜਿਕ ਕਵਿਤਾਵਾਂ ਨਾਲ ਬੱਚਿਆਂ ਨੇ ਸਰੋਤਿਆਂ ਦੀ ਖੂਬ ਵਾਹ ਵਾਹ ਖੱਟੀ।

ਗਿੱਧਾ ਤੇ ਭੰਗੜਾ ਕੋਚ ਸੁਖਵੰਤ ਕੌਰ ਵਲੋਂ ਤਿਆਰ ਕਰਵਾਈਆਂ ਗਈਆਂ ਬੱਚਿਆਂ ਦੀਆਂ 6 ਟੀਮਾਂ ਨੇ ਪੰਜਾਬ ਦੇ ਲੋਕ ਨਾਚਾਂ ਦੀਆਂ ਵੱਖ ਵੱਖ ਵੰਨਗੀਆਂ ਪੇਸ਼ ਕਰਕੇ ਦਰਸ਼ਕਾਂ ਦੇ ਮਨ ਮੋਹ ਲਏ। ਉਪਰੰਤ ਗੀਤ-ਸੰਗੀਤ ਦੇ ਚੱਲੇ ਦੌਰ ਵਿਚ ਪੰਜਾਬੀ ਗਾਇਕ ਬੱਬੂ ਗੁਰਪਾਲ ਨੇ ਪਰਿਵਾਰਕ ਗੀਤਾਂ ਦੀ ਛਹਿਬਰ ਲਾ ਕੇ ਸੱਭਿਆਚਾਰਕ ਛਾਪ ਛੱਡਦਿਆਂ ਮਾਹੌਲ ਨੂੰ ਰੰਗੀਨ ਬਣਾ ਦਿੱਤਾ। 'ਵਾਇਸ ਆਫ ਪੰਜਾਬ' ਖਿਤਾਬ ਜੇਤੂ ਗਾਇਕਾ ਜਸਪਿੰਦਰ ਰੈਣਾ ਨੇ ਜਿਥੇ ਆਪਣੀ ਕਲਾ ਦਾ ਜਾਦੂ ਬਿਖੇਰਿਆ, ਉਥੇ ਨਾਲ ਹੀ ਪ੍ਰਚਲਿਤ ਪੰਜਾਬੀ ਲੋਕ ਗੀਤਾਂ ਉਤੇ ਪੰਜਾਬਣਾਂ ਨੂੰ ਨੱਚਣ ਲਾ ਦਿੱਤਾ। ਕਾਮੇਡੀਅਨ ਵਿਜੇ ਸਿੰਘ ਨੇ ਐਸਾ ਮਜ਼ਾਹੀਆ ਰੰਗ ਬੰਨ੍ਹਿਆ ਕਿ ਦਰਸ਼ਕ ਹੱਸ ਹੱਸ ਲੋਟ ਪੋਟ ਹੋ ਗਏ। ਟੋਟਲ ਐਂਟਰਟੇਨਮੈਂਟ ਦੇ ਡਾਇਰੈਕਟਰ, ਉਘੇ ਪ੍ਰੋਮੋਟਰ ਤੇ ਸਮਾਗਮ ਦੇ ਸਟੇਜ ਇੰਚਾਰਜ ਅਵਤਾਰ ਲਾਖਾ ਨੇ ਸਾਰੇ ਸਮਾਗਮ ਨੂੰ ਬਹੁਤ ਹੀ



ਬੱਬੂ ਗੁਰਪਾਲ



ਜਸਵੰਤ ਸ਼ਾਦ

ਵਿਉਂਤਬੱਧ ਤਰੀਕੇ ਨਾਲ ਚਲਾਇਆ। ਮੰਚ ਸੰਚਾਲਕ ਜਸਵੰਤ ਸਿੰਘ ਸ਼ਾਦ ਨੇ ਸ਼ਾਇਰਾਨਾ ਤੇ ਹਾਸਰਸੀ ਅੰਦਾਜ਼ ਵਿਚ ਸਟੇਜ ਸੰਭਾਲਦਿਆਂ ਸਮਾਗਮ ਨੂੰ ਖੁਸ਼ਗਵਾਰ ਬਣਾਈ ਰੱਖਿਆ।

ਪ੍ਰੋਗਰਾਮ ਦੇ ਅਖੀਰ ਵਿਚ ਪ੍ਰਧਾਨ ਦਮਨਪ੍ਰੀਤ ਕੌਰ ਥਿਆੜਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਮਾਗਮ ਲਈ ਪ੍ਰਬੰਧਕਾਂ ਦਮਨਪ੍ਰੀਤ ਕੌਰ ਥਿਆੜਾ (ਪ੍ਰਧਾਨ), ਹਰਜੋਤ ਗਰੇਵਾਲ (ਸੈਕਟਰੀ), ਪਰਮਜੀਤ ਸੋਹਲ (ਖਜਾਨਚੀ), ਅਜੀਤ ਸਿੰਘ ਗਰੇਵਾਲ, ਤੀਰਥ ਸਿੰਘ ਸੋਹਲ ਹਰਦੀਪ ਸਿੰਘ, ਦਵਿੰਦਰ ਸਿੰਘ ਤੇ ਹੋਰ ਮੈਂਬਰਾਂ ਨੇ ਭਰਵੀਂ ਮਿਹਨਤ ਕੀਤੀ।



# ਸ਼ਹੀਦ ਊਧਮ ਸਿੰਘ ਤੇ ਮਦਨ ਲਾਲ ਢੀਂਗੜਾ ਦੇ ਸ਼ਹੀਦੀ ਦਿਵਸ ਸਬੰਧੀ ਸਮਾਗਮ 6 ਅਗਸਤ ਨੂੰ

**ਫਰਿਜ਼ਨੋ (ਬਿਊਰੋ):** ਸਥਾਨਕ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ਹੀਦ ਊਧਮ ਸਿੰਘ ਤੇ ਮਦਨ ਲਾਲ ਢੀਂਗੜਾ ਦਾ ਸ਼ਹੀਦੀ



ਸ਼ਹੀਦ ਊਧਮ ਸਿੰਘ

ਦਿਵਸ ਅਤੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ 6 ਅਗਸਤ, ਐਤਵਾਰ ਨੂੰ ਇਥੇ ਇੰਡੀਆ ਓਵਨ ਰੈਸਟੋਰੈਂਟ ਵਿਚ ਬਾਅਦ ਦੁਪਹਿਰ 2 ਵਜੇ ਤੋਂ ਕਰਵਾਏ ਜਾਣਗੇ। ਇਸ ਵਿਚ ਮਾਹਿਰਾਂ ਦੀਆਂ ਸਪੀਚਾਂ ਵੀ ਹੋਣਗੀਆਂ।

ਫੋਰਮ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਇਨ੍ਹਾਂ ਮੁਕਾਬਲਿਆਂ ਨੂੰ ਵੱਖ ਵੱਖ ਵਰਗਾਂ ਵਿਚ ਵੰਡਿਆ ਗਿਆ ਹੈ। ਗਰੁਪ ਏ (ਪ੍ਰੀ ਸਕੂਲ ਤੋਂ ਐਲੀਮੈਂਟਰੀ), ਗਰੁਪ ਬੀ (ਮਿਡਲ ਸਟੈਂਡਰਡ 7 ਅਤੇ 8 ਗਰੇਡ), ਗਰੁਪ ਸੀ (ਹਾਈ ਸਕੂਲ), ਗਰੁਪ ਡੀ (ਕਾਲਜ ਅਤੇ ਯੂਨੀਵਰਸਿਟੀ) ਦੇ ਵਿਦਿਆਰਥੀ ਹੋਣਗੇ। ਮੁਕਾਬਲੇ ਵਿਚ ਭਾਗ ਲੈਣ ਦੇ ਚਾਹਵਾਨ ਪਹਿਲਾਂ ਆਪਣੀ ਰਜਿਸਟਰੇਸ਼ਨ ਕਰਵਾ ਲੈਣ ਅਤੇ ਭਾਸ਼ਣ ਮਕਾਬਲੇ ਲਈ ਵਿਸ਼ਾ ਲਿਖ ਕੇ ਈਮੇਲ ਐਡਰੈਸ IAHForum@Gmail.com 'ਤੇ ਆਪਣਾ ਨਾਮ, ਗਰੁਪ ਅਤੇ ਸੰਪਰਕ ਜਾਣਕਾਰੀ ਭੇਜਣ। ਦਿੱਤੇ ਹੋਏ ਮਜਮੂਨਾਂ ਤੋਂ ਬਾਹਰ ਦਾ ਭਾਸ਼ਣ ਮਨਜ਼ੂਰ ਨਹੀਂ ਕੀਤਾ ਜਾਵੇਗਾ। ਸਾਰੇ ਹਿੱਸਾ ਲੈਣ ਵਾਲੇ ਉਮੀਦਵਾਰਾਂ ਨੂੰ ਪਾਰਟੀਸਿਪੇਸ਼ਨ ਐਵਾਰਡ ਦਿੱਤੇ ਜਾਣਗੇ। 'ਏ' ਤੋਂ 'ਬੀ' ਤੱਕ ਦੇ ਪਹਿਲੇ ਤਿੰਨ ਸਥਾਨਾਂ 'ਤੇ ਰਹਿਣ ਵਾਲਿਆਂ ਨੂੰ ਕ੍ਰਮਵਾਰ $150, $100 ਅਤੇ $75 ਦਿੱਤੇ ਜਾਣਗੇ ਜਦਕਿ 'ਸੀ' ਅਤੇ 'ਡੀ' ਗਰੁਪ ਦੇ ਪਹਿਲੇ ਤਿੰਨ ਜੇਤੂਆਂ ਨੂੰ ਕ੍ਰਮਵਾਰ $200, $150 ਅਤੇ $100 ਇਨਾਮ ਵਜੋਂ ਦਿਤੇ ਜਾਣਗੇ। ਹੋਰ ਜਾਣਕਾਰੀ ਲਈ ਹਰਜਿੰਦਰ ਢੇਸੀ ਨਾਲ ਫੋਨ: 559-618-0156 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਤਾਰਾ ਸਿੰਘ ਤਾਰਾ ਆਧੀਵਾਲਾ ਦੀਆਂ ਦੋ ਕਿਤਾਬਾਂ ਰਿਲੀਜ਼

**ਸਿਆਟਲ (ਬਿਊਰੋ):** ਲੇਖਕ ਤਾਰਾ ਸਿੰਘ ਤਾਰਾ ਆਧੀਵਾਲਾ ਦੀਆਂ ਦੋ ਕਿਤਾਬਾਂ 'ਕਾਫਲਾ ਸ਼ੇਰਾਂ ਦਾ' ਅਤੇ 'ਖਾਰ ਦੀ ਧੂਣੀ' ਇਥੇ ਗੁਰਦੁਆਰਾ ਸਿੰਘ ਸਭਾ ਦੇ ਗੁਰਮਤਿ ਖਾਲਸਾ



ਸਕੂਲ ਵਿਚ ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਰਿਲੀਜ਼ ਕੀਤੀਆਂ ਗਈਆਂ।

ਜ਼ਿਕਰਯੋਗ ਹੈ ਕਿ ਨਿਊ ਕੈਸਲ, ਇੰਗਲੈਂਡ ਦਾ ਵਾਸੀ ਤਾਰਾ ਸਿੰਘ ਜਲੰਧਰ ਜ਼ਿਲੇ ਦੇ ਪਿੰਡ ਆਧੀ ਦਾ ਜੰਮਪਲ ਹੈ। ਇੰਗਲੈਂਡ ਰਹਿੰਦਿਆਂ ਵੀ ਉਸ ਦਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਮੋਹ ਜਿਉਂ ਦਾ ਤਿਉਂ ਪਰਬਲ ਹੈ। ਉਸ ਨੇ ਧਾਰਮਿਕ, ਇਨਕਲਾਬੀ, ਸਮਾਜ ਸੁਧਾਰਕ ਵਿਸ਼ਿਆਂ 'ਤੇ ਖੂਬ ਕਲਮ ਚਲਾਈ ਹੈ ਅਤੇ ਸਮਾਜ ਵਿਚਲੇ ਪਖੰਡ ਨੂੰ ਨਿਧੜਕ ਹੋ ਕੇ ਲਿਖਿਆ ਹੈ-ਉਹ ਪਖੰਡ ਭਾਵੇਂ ਧਰਮ, ਰਾਜਨੀਤਕ, ਸਮਾਜਿਕ, ਸਾਹਿਤਕ ਜਾਂ ਕਿਸੇ ਵੀ ਖੇਤਰ ਵਿਚ ਹੋਵੇ। ਉਹ 13 ਕਿਤਾਬਾਂ ਪੰਜਾਬੀ ਮਾਂ ਦੀ ਝੋਲੀ ਪਾ ਚੁਕਾ ਹੈ।

ਸਭਾ ਦੀ ਮੀਟਿੰਗ ਅਵਤਾਰ ਸਿੰਘ ਆਦਮਪੁਰੀ ਦੀ ਪ੍ਰਧਾਨਗੀ ਹੇਠ ਹੋਈ। ਸ. ਆਦਮਪੁਰੀ ਨੇ ਕਿਹਾ ਕਿ ਸਾਨੂੰ ਤਾਰਾ ਸਿੰਘ ਤਾਰਾ ਵਰਗੇ ਚੰਗੇ ਲੇਖਕਾਂ ਨੂੰ ਪੜ੍ਹਨ ਦੇ ਨਾਲ ਨਾਲ ਉਨ੍ਹਾਂ ਦੀ ਹੌਸਲਾ ਅਫਜ਼ਾਈ ਵੀ ਕਰਨੀ ਚਾਹੀਦੀ ਹੈ। ਇਸ ਮੌਕੇ ਕਵੀ ਦਰਬਾਰ ਵੀ ਹੋਇਆ ਅਤੇ ਲੋਕ ਗੀਤਾਂ ਦੀ ਪਟਾਰੀ ਮੈਂਬਰ ਲੇਖਕਾ ਜਸਕਰਨ ਕੌਰ ਬਰਾੜ ਦਾ ਜਨਮ ਦਿਨ ਮਨਾਉਂਦਿਆਂ ਕੇਕ ਵੀ ਕੱਟਿਆ ਗਿਆ। ਬੀਬੀ ਬਰਾੜ ਦੇ ਪਤੀ ਜੋਰਾ ਸਿੰਘ ਬਰਾੜ ਅਤੇ ਸਪੁੱਤਰ ਵੀ ਸ਼ਾਮਲ ਹੋਏ। ਹੋਰ ਹਾਜ਼ਰ ਲੇਖਕ ਸਨ-ਕਰਨੈਲ ਕੈਲ, ਸ਼ੰਗਾਰ ਸਿੰਘ ਸਿੱਧੂ, ਡਾ. ਜੇ ਬੀ ਸਿੰਘ, ਵਾਸਦੇਵ ਸਿੰਘ ਪਰਹਾਰ, ਮਨਜੀਤ ਕੌਰ ਗਿੱਲ, ਅਮਰਜੀਤ ਸਿੰਘ ਤਰਸਿੱਕਾ, ਈਸ਼ਰ ਸਿੰਘ ਗਰਚਾ, ਮਹਿੰਦਰ ਚੀਮਾ, ਬਲਿਹਾਰ ਲਹਿਲ, ਸਾਧੂ ਸਿੰਘ ਝੱਜ ਅਤੇ ਜਨਰਲ ਸਕੱਤਰ ਹਰਪਾਲ ਸਿੱਧੂ।

# ਵਿਆਹ ਮੌਕੇ ਲੜਾਈ ਦੇ ਮੁਜਰਮ ਫੜਨ ਵਿਚ ਦੇਰੀ ਖਿਲਾਫ ਫਰੀਮਾਂਟ ਪੁਲਿਸ ਖਿਲਾਫ ਮੁਜਾਹਰਾ

**ਫਰੀਮਾਂਟ (ਬਿਊਰੋ):** ਇਥੇ ਰਾਇਲ ਬੈਂਕੁਇਟ ਹਾਲ ਦੇ ਬਾਹਰ ਵਿਆਹ ਦੀ ਪਾਰਟੀ ਦੌਰਾਨ ਕੁਝ ਲੋਕਾਂ ਵੱਲੋਂ ਨਿਜੀ ਕਿੜ ਕਾਰਨ ਹਮਲਾ ਕਰਕੇ ਕਰੀਬ ਛੇ ਵਿਅਕਤੀਆਂ ਨੂੰ ਜਖਮੀ ਕਰਨ ਦੀ ਘਟਨਾ ਦੇ ਕਰੀਬ ਇਕ ਮਹੀਨਾ ਪਿਛੋਂ ਵੀ ਫਰੀਮਾਂਟ ਪੁਲਿਸ ਦੀ ਕਾਰਗੁਜ਼ਾਰੀ ਤੋਂ ਪੀੜਤ ਪਰਿਵਾਰ ਨਾ-ਖੁਸ਼ ਹਨ। ਪੀੜਤ ਪਰਿਵਾਰਾਂ ਅਤੇ ਭਾਈਚਾਰੇ ਦੇ ਕੁਝ ਲੋਕਾਂ ਨੇ ਹੱਥਾਂ ਵਿਚ ਬੈਨਰ ਫੜ੍ਹ ਕੇ ਫਰੀਮਾਂਟ ਪੁਲਿਸ ਖਿਲਾਫ ਮੁਜਾਹਰਾ ਕਰਦਿਆਂ ਇਨਸਾਫ ਦੀ ਮੰਗ ਕੀਤੀ।




ਇਸ ਮੌਕੇ ਕੌਂਸਲ ਮੈਂਬਰਾਂ ਸਾਹਮਣੇ ਵਿਆਹੁੰਦੜ ਕੁੜੀ ਨੇ ਕਿਹਾ ਕਿ ਜਦੋਂ ਪਾਰਟੀ ਖਤਮ ਹੋਣ ਸਾਰ ਮੇਰੇ ਰਿਸ਼ਤੇਦਾਰ ਪਾਰਕਿੰਗ ਲਾਟ ਵਿਚ ਘਰਾਂ ਨੂੰ ਜਾ ਰਹੇ ਸਨ ਤਾਂ ਕੁਝ ਲੋਕਾਂ ਨੇ ਸਾਡੇ ਮਹਿਮਾਨਾਂ 'ਤੇ ਹਮਲਾ ਕਰਕੇ ਮੇਰੇ ਵਿਆਹ ਦੀ ਪਾਰਟੀ ਨੂੰ ਬੁਰੀ ਤਰ੍ਹਾਂ ਰੋਲ ਕੇ ਰੱਖ ਦਿੱਤਾ।

ਜ਼ਿਕਰਯੋਗ ਹੈ ਕਿ ਇਸ ਲੜਾਈ ਵਿਚ ਛੇ ਦਰਜਨ ਦੇ ਕਰੀਬ ਲੋਕ ਸ਼ਾਮਲ ਸਨ ਅਤੇ ਕਈ ਜਾਣੇ ਜਖਮੀ ਹੋ ਗਏ ਸਨ। ਇਨ੍ਹਾਂ ਵਿਚੋਂ ਨੌਜਵਾਨ ਦਲਜੀਤ ਸਿੰਘ ਗਿੱਲ ਦੀ ਹਾਲਤ ਹਾਲੇ ਵੀ ਗੰਭੀਰ ਬਣੀ ਹੋਈ ਹੈ। ਪੁਲਿਸ ਨੇ ਹਾਲੇ ਤੱਕ ਇਸ ਲੜਾਈ ਲਈ ਕਥਿਤ ਤੌਰ 'ਤੇ ਜ਼ਿੰਮੇਵਾਰ ਇੱਕ ਵਿਅਕਤੀ ਅੰਮ੍ਰਿਤਪਾਲ ਸਿੰਘ ਨੂੰ ਹੀ ਗ੍ਰਿਫਤਾਰ ਕੀਤਾ ਹੈ, ਜਦੋਂ ਕਿ ਜਖਮੀ ਲੋਕਾਂ ਦੇ ਪਰਿਵਾਰਕ ਮੈਂਬਰ ਹੋਰ ਦੋਸ਼ੀਆਂ ਦੀ ਗ੍ਰਿਫਤਾਰੀ ਦੀ ਮੰਗ ਕਰ ਰਹੇ ਹਨ।




ਜਖਮੀ ਦਲਜੀਤ ਸਿੰਘ ਗਿੱਲ ਦੇ ਵੱਡੇ ਭਰਾ ਮਨਜੀਤ ਸਿੰਘ ਨੇ ਕਿਹਾ ਕਿ ਇਹ ਲੋਕ ਪਾਰਟੀ ਵਿਚ ਹਥਿਆਰਾਂ ਨਾਲ ਲੈਸ ਹੋ ਕੇ ਸਿਰਫ ਲੜਨ ਦੇ ਮਨਸੂਬੇ ਨਾਲ ਆਏ ਸਨ। ਜਿਹੜਾ ਵੀ ਕੋਈ ਛਡਾਉਣ ਲਈ ਅੱਗੇ ਆਇਆ, ਇਨ੍ਹਾਂ ਨੇ ਕਿਸੇ ਨੂੰ ਨਹੀਂ ਬਖਸ਼ਿਆ। ਦਲਜੀਤ ਗਿੱਲ ਦੀ ਚਚੇਰੀ ਭੈਣ ਹੈਪੀ ਗਿੱਲ ਨੇ ਕਿਹਾ ਕਿ ਦਲਜੀਤ ਦੀ ਹਾਲਤ ਨਾਜ਼ੁਕ ਹੋਣ ਕਰਕੇ ਬੱਚਿਆਂ ਲਈ ਉਹਨੂੰ ਸਾਂਭਣਾ ਔਖਾ ਹੈ, ਇਸ ਕਰਕੇ ਸਾਡੇ 'ਚੋਂ ਕੋਈ ਨਾ ਕੋਈ ਚੌਵੀ ਘੰਟੇ ਉਹਦੇ ਬੈਡ ਕੋਲ ਹਸਪਤਾਲ ਵਿਚ ਬੈਠਾ ਰਹਿੰਦਾ ਹੈ। ਦਲਜੀਤ ਦੀ ਗੋਰੀ ਗੁਆਂਢਣ ਜੋਅ ਡੰਕਨ ਨੇ ਕਿਹਾ ਕਿ ਗਿੱਲ ਫੈਮਲੀ ਬਹੁਤ ਮਿਹਨਤੀ ਤੇ ਮਿਲਣਸਾਰ ਪਰਿਵਾਰ ਹੈ ਅਤੇ ਉਹਨੂੰ ਯਕੀਨ ਨਹੀਂ ਆਉਂਦਾ ਕਿ ਐਨੇ ਅੱਛੇ ਪਰਿਵਾਰ ਨਾਲ ਇਹ ਭਾਣਾ ਵਰਤ ਗਿਆ ਹੈ। ਪੁਲਿਸ ਨੇ ਕਿਹਾ ਕਿ ਇਹ ਕੇਸ ਹਾਲੇ ਤਫਤੀਸ਼ ਤਹਿਤ ਹੈ ਅਤੇ ਹੋਰ ਗ੍ਰਿਫਤਾਰੀਆਂ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।




ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

ਸੰਪਰਕ ਕਰੋ:
ਪਾਲ ਫੋਨ 1-800-705-3863



Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc. Minneapolis, MN 55426

# ਸੰਤਾਲੀ ਵਾਲੀ ਵੰਡ ਦਾ ਬਿਆਨ

## ਚਿੱਤਰਕਾਰ ਬਲਰਾਜ ਖੰਨਾ ਦਾ ਨਾਵਲ 'ਲਾਈਨ ਆਫ ਬਲੱਡ'

*ਪੰਜਾਬ ਵਿਚ ਜੰਮੇ-ਪਲੇ ਅਤੇ ਅੱਜ ਕੱਲ੍ਹ ਇੰਗਲੈਂਡ ਵੱਸਦੇ ਚਿੱਤਰਕਾਰ ਬਲਰਾਜ ਖੰਨਾ (ਜਨਮ 1940) ਦਾ ਯੂਰਪੀ ਚਿੱਤਰਕਾਰਾਂ ਵਿਚ ਬੜਾ ਮਾਣ-ਤਾਣ ਹੈ। ਕੁਝ ਕਲਾ ਆਲੋਚਕਾਂ ਨੇ ਉਹਦੀ ਚਿੱਤਰਕਾਰੀ ਨੂੰ ਪੌਲ ਕਲੀ ਅਤੇ ਜੋਨ ਮੀਰੋ ਦੀ ਚਿੱਤਰਕਾਰੀ ਨਾਲ ਮੇਚਿਆ ਹੈ। ਬੁਰਸ਼ ਦੇ ਨਾਲ ਨਾਲ ਉਹਨੇ ਕਲਮ ਵੀ ਖੂਬ ਵਾਹੀ ਹੈ। ਉਹਦੀਆਂ ਲਿਖਤਾਂ ਵਿਚ ਵੱਖ ਵੱਖ ਵਕਤਾਂ ਦੀਆਂ ਹਕੀਕਤਾਂ ਝਾਤੀ ਮਾਰਦੀਆਂ ਹਨ। ਇਸ ਲੇਖ ਵਿਚ ਆਮਨਾ ਕੌਰ ਨੇ ਉਹਦੇ ਨਵੇਂ ਨਾਵਲ 'ਲਾਈਨ ਆਫ ਬਲੱਡ' ਬਾਰੇ ਚਰਚਾ ਕੀਤੀ ਹੈ। -ਸੰਪਾਦਕ*

ਕਲਾ ਪਰਿਕਰਮਾ



**ਆਮਨਾ ਕੌਰ**


ਇੰਗਲੈਂਡ ਵਸਦੇ ਮਸ਼ਹੂਰ ਚਿੱਤਰਕਾਰ ਬਲਰਾਜ ਖੰਨਾ ਦੇ ਨਵੇਂ ਨਾਵਲ 'ਲਾਈਨ ਆਫ਼ ਬਲੱਡ' ਵਿਚ 1947 ਵਾਲੀ ਵੰਡ ਦਾ ਦਰਦ ਬਿਆਨ ਕੀਤਾ ਗਿਆ ਹੈ। ਬਲਰਾਜ ਉਦੋਂ ਸੱਤ ਵਰ੍ਹਿਆਂ ਦਾ ਸੀ ਜਦੋਂ ਪੰਜਾਬ ਦੇ ਦੋ ਟੋਟੇ ਹੋ ਗਏ ਸਨ। ਜਿਸ ਕਸਬੇ ਵਿਚ ਉਸ ਦੇ ਪੁਰਖੇ ਵਸਦੇ ਸਨ, ਉਹ ਵਾਹੀ ਗਈ ਲਕੀਰ ਦੇ ਐਨ ਉਪਰ ਸੀ ਅਤੇ ਉਸ ਵਕਤ ਜੋ ਕਤਲੋਗਾਰਤ ਹੋਈ ਤੇ ਜਿੱਦਾਂ ਮਨੁੱਖਤਾ ਦਾ ਘਾਣ ਹੋਇਆ, ਉਹ ਸਾਰਾ ਕੁਝ ਬਲਰਾਜ ਦੇ ਜ਼ਿਹਨ ਅੰਦਰ ਡੂੰਘਾ ਬੈਠ ਗਿਆ ਅਤੇ ਹੁਣ 70 ਵਰ੍ਹਿਆਂ ਬਾਅਦ ਉਸ ਨੇ ਇਹ ਗੰਢ ਨਾਵਲ ਲਿਖ ਕੇ ਖੋਲ੍ਹੀ ਹੈ।

'ਲਾਈਨ ਆਫ ਬਲੱਡ' ਤੋਂ ਪਹਿਲਾਂ ਬਲਰਾਜ ਖੰਨਾ ਨੇ ਕਈ ਪੁਸਤਕਾਂ ਲਿਖੀਆਂ ਹਨ। ਇਨ੍ਹਾਂ ਵਿਚੋਂ 1984 ਵਿਚ ਛਪੇ ਨਾਵਲ 'ਨੇਸ਼ਨ ਆਫ ਫੂਲਜ਼' ਨੂੰ ਅੰਗਰੇਜ਼ੀ ਵਿਚ 1950 ਤੋਂ ਬਾਅਦ ਛਪੇ ਅਹਿਮ 200 ਨਾਵਲਾਂ ਵਿਚ ਸ਼ੁਮਾਰ ਕੀਤਾ ਗਿਆ ਹੈ। ਇਸ ਨਾਵਲ ਬਦਲੇ ਉਹਨੂੰ ਵੱਕਾਰੀ ਵਿਨੀਫਰੈਡ ਹੋਲਟਬੀ ਇਨਾਮ ਨਾਲ ਨਵਾਜਿਆ ਗਿਆ। ਇਸ ਨਾਵਲ ਵਿਚ ਉਸ ਨੇ ਚੰਡੀਗੜ੍ਹ ਦਾ ਵੀ ਜ਼ਿਕਰ ਕੀਤਾ ਹੈ ਜਿਥੇ ਉਹ ਆਪਣੀ ਚੜ੍ਹਦੀ ਉਮਰ ਵਿਚ ਰਿਹਾ ਸੀ ਅਤੇ ਪੜ੍ਹਾਈ ਮੁਕੰਮਲ ਕੀਤੀ ਸੀ। ਅਸਲ ਵਿਚ ਬਲਰਾਜ ਖੰਨਾ ਦਾ ਚਿੱਤਰਕਾਰ ਬਣਨਾ ਵੀ ਮਹਿਜ਼ ਇਤਫ਼ਾਕ ਹੀ ਸੀ। ਚੰਡੀਗੜ੍ਹ ਪੜ੍ਹਦਿਆਂ ਪੜ੍ਹਦਿਆਂ 1962 ਵਿਚ ਉਹ ਅੰਗਰੇਜ਼ੀ ਸਾਹਿਤ ਦੀ ਪੜ੍ਹਾਈ ਲਈ ਆਕਸਫੋਰਡ ਯੂਨੀਵਰਸਿਟੀ ਚਲਾ ਗਿਆ। ਉਦੋਂ ਭਾਰਤ ਅਤੇ ਚੀਨ ਵਿਚਕਾਰ ਲੜਾਈ ਲੱਗਣ ਕਾਰਨ ਉਹ ਚੰਡੀਗੜ੍ਹ ਵਾਲੇ ਇਮਤਿਹਾਨ ਨਾ ਦੇ ਸਕਿਆ। ਉਂਜ ਜਦੋਂ ਉਹ ਚਿੱਤਰਕਾਰ ਬਣਿਆ ਤਾਂ ਉਸ ਨੇ 1971 ਵਿਚ ਬੰਗਲਾਦੇਸ਼ ਦੀ ਕਾਇਮੀ ਦੇ ਪ੍ਰਸੰਗ ਵਿਚ ਉਸ ਨੇ ਆਪਣੀ ਮਸ਼ਹੂਰ ਪੇਂਟਿੰਗ 'ਬਰਥ ਆਫ਼ ਨੇਸ਼ਨ' ਬਣਾਈ ਜੋ ਅੱਜ ਕੱਲ੍ਹ ਦਿੱਲੀ ਦੀ ਨੈਸ਼ਨਲ ਗੈਲਰੀ ਆਫ਼ ਮੌਡਰਨ ਆਰਟ ਵਿਚ ਪਈ ਹੈ। ਇਹ ਪੇਂਟਿੰਗ ਗੈਲਰੀ ਨੇ 1983 ਵਿਚ ਖਰੀਦੀ ਸੀ।




ਬਲਰਾਜ ਖੰਨਾ ਨੇ 1947 ਦੀ ਵੰਡ ਬਾਰੇ ਕੋਈ ਪੇਂਟਿੰਗ ਤਾਂ ਨਹੀਂ ਬਣਾਈ, ਪਰ ਬੰਗਲਾਦੇਸ਼ ਬਾਰੇ ਬਣਾਈ ਪੇਂਟਿੰਗ 'ਬਰਥ ਆਫ ਨੇਸ਼ਨ' ਨੂੰ ਉਹ ਇਸੇ ਵਰਗ ਵਿਚ ਰੱਖਦਾ ਹੈ। ਆਖਰਕਾਰ, 1947 ਵਿਚ ਵੀ ਤਾਂ ਇਕ ਹੋਰ ਮੁਲਕ ਦਾ ਜਨਮ ਹੋਇਆ ਸੀ!

'ਲਾਈਨ ਆਫ਼ ਬਲੱਡ' ਲੰਡਨ ਵਿਚ ਰਿਲੀਜ਼ ਕੀਤੀ ਗਈ। ਇਸ ਸਮਾਗਮ ਦੌਰਾਨ ਉਘੇ ਲਿਖਾਰੀ ਪੌਲ ਪਿਕਰਿੰਗ ਨੇ ਇਸ ਕਿਤਾਬ ਦੀਆਂ ਤਾਰੀਫ਼ਾਂ ਦੇ ਪੁਲ ਬੰਨੇ ਅਤੇ ਇਸ ਵਿਚਲੇ ਬਿਰਤਾਂਤ ਨੂੰ ਸੰਸਾਰ ਪ੍ਰਸਿਧ ਰੂਸੀ ਲਿਖਾਰੀ ਤਾਲਸਤਾਏ ਦੀਆਂ ਰਚਨਾਵਾਂ ਨਾਲ ਜੋੜਿਆ। ਉਸ ਮੁਤਾਬਕ, ਇਸ ਕਿਤਾਬ ਦੀ ਮਹਾਨਤਾ ਇਸ ਦੇ ਚੰਗੇ ਅਤੇ ਮਾੜੇ ਪਾਤਰਾਂ ਦੇ ਜ਼ੋਰਦਾਰ ਬਿਰਤਾਂਤ ਵਿਚ ਵੀ ਲੁਕੀ ਹੋਈ ਹੈ। ਕਿਤਾਬ ਦੇ ਸੰਪਾਦਕ ਅਤੀਂਦ੍ਰਯਾ ਗੁਪਤਾ ਮੁਤਾਬਕ, ਬਲਰਾਜ ਖੰਨਾ ਨੇ ਇਸ ਕਿਤਾਬ ਵਿਚ ਇਤਿਹਾਸ ਦੀ ਕਹਾਣੀ ਬਹੁਤ ਬਰੀਕੀ ਨਾਲ ਪਾਈ ਹੈ। ਲਿਖਾਰੀ ਉਸ ਵਕਤ ਨੂੰ ਪਾਠਕ ਦੀਆਂ ਅੱਖਾਂ ਅੱਗੇ ਸਕਾਰ ਕਰ ਜਾਂਦਾ ਹੈ। ਉਸ ਨੇ ਮੰਨਿਆ ਕਿ ਉਸ ਨੇ ਹੁਣ ਤੱਕ ਜਿੰਨੀਆਂ ਵੀ ਕਿਤਾਬਾਂ ਦਾ ਸੰਪਾਦਨ ਕੀਤਾ ਹੈ, ਉਸ ਵਿਚੋਂ 'ਲਾਈਨ ਆਫ਼ ਬਲੱਡ' ਦਾ ਦਰਜਾ ਸਭ ਤੋਂ ਉਪਰ ਹੈ।






ਚਿੱਤਰਕਾਰ ਬਲਰਾਜ ਖੰਨਾ ਦੀ ਚਿੱਤਰਕਾਰੀ ਦੀ ਇਕ ਵੰਨਗੀ। ਇਸ ਚਿੱਤਰ ਦਾ ਨਾਂ ਉਹਨੇ 'ਮੇਲਾ' ਰੱਖਿਆ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ ਪਹਿਲੀ ਜੁਲਾਈ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-279



**ਨੰਨ੍ਹੀਆਂ ਜਿੰਦਾਂ ਨੰਨ੍ਹੀਆਂ ਖੁਸ਼ੀਆਂ, ਭਰਨ ਉਡਾਣਾਂ ਲੱਗੀਆਂ।**
**ਚਾਵਾਂ ਦੇ ਨਾਲ ਕਰਨ ਕਲੋਲਾਂ, ਨੱਕੋ-ਨੱਕ ਭਰ ਵਗੀਆਂ।**
**ਅੱਜ ਦੀਆਂ ਇਹ ਤੰਦਾਂ ਆਖਣ, ਕੱਲ੍ਹ ਪੈਣੇ ਲਲਕਾਰੇ,**
**ਨੈਣਾਂ ਵਿਚੋਂ ਆਖ ਕੇ 'ਝਾਤੀ', ਸੁਫਨੇ ਲੈਣ ਹੁਲਾਰੇ।**

## ਕੈਪਸ਼ਨ ਮੁਕਾਬਲਾ-277



ਚੁੰਘ ਲੈ, ਚੁੰਘ ਲੈ ਮੈਂ ਦੇਖੀ ਜਾਨਾਂ
ਦੇਖੀਂ ਕਿਧਰੇ ਢੁੱਡ ਨਾ ਮਾਰੀਂ।
ਮਾਂਵਾਂ ਬੜੀਆਂ ਸੀਲ ਨੇ ਹੁੰਦੀਆਂ
ਸਬਰ 'ਚ ਰਹਿ ਕੇ ਹੀ ਡੰਗ ਸਾਰੀਂ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਖਾਨਾ ਬਦੋਸ਼ਾਂ ਦੀ ਜ਼ਿੰਦਗੀ ਦਾ
ਤੱਕ ਲਵੋ ਇਹ ਅਜਬ ਨਜ਼ਾਰਾ।
ਕੱਚਾ ਚੁੱਲ੍ਹਾ ਮੂਧੇ ਭਾਂਡੇ
ਜਾਪੇ ਬੇਪਰਵਾਹਾ ਜੱਗ ਸਾਰਾ।
ਬੱਕਰੀ ਨੂੰ ਦੇਖੋ ਚੁੰਘੇ ਛਲਾਰੂ
ਤੱਕ ਬੱਚਾ ਜੀਅ ਲਲਚਾਵੇ।
ਪਰ ਮਾਂ ਚੁਗੇ ਬਾਲਣ ਜੰਗਲ ਵਿਚ
ਘਰ ਹੋਵੇ ਤਾਂ ਦੁੱਧ ਚੁੰਘਾਵੇ!
ਕੁਦਰਤ ਦੀ ਗੋਦੀ ਵਿਚ ਵੱਸਦੇ
ਦੋਵੇਂ ਪਸ਼ੂ ਅਤੇ ਮਨੁੱਖ।
ਨਾ ਧੁੱਪ ਪੋਂਹਦੀ, ਨਾ ਠੰਢ ਠਾਰੇ
ਮਾਣਨ ਭਾਗਾਂ ਦਾ ਸੁੱਖ।
*-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ*
*ਫੋਨ: 408-912-3438*

---

ਰਿੜ੍ਹਦਾ ਭੋਲੂ ਦੇਖ ਨਜ਼ਾਰਾ,
ਰੁਕ ਗਿਆ ਹੈ ਥਾਈਂ।
ਮਸਤ ਮੇਮਣਾ ਦੁੱਧ ਚੁੰਘੀ ਜਾਵੇ,
ਬੱਕਰੀ ਮਮਤਾ ਨਾਲ ਨਸ਼ਿਆਈ।
ਅੰਦਰੋਂ ਅੰਦਰੀ ਅਨੰਦਤ ਇੰਨੇ,
ਜਿਵੇਂ ਗੂੰਗੇ ਖਾਧੀ ਮਠਿਆਈ।
*-ਦਵਿੰਦਰ ਕੌਰ*

---

ਮਾਂਵਾਂ ਠੰਡੀਆਂ ਛਾਂਵਾਂ ਬੱਚਿਓ
ਸਿਆਣੇ ਝੂਠ ਨ੍ਹੀਂ ਬੋਲਦੇ।
ਬਚਪਨ ਝੁਕ ਝੁਕ ਬੱਕਰੀ ਦੇਖੇ
ਸਾਰੇ ਦਰਵਾਜ਼ੇ ਖੋਲ੍ਹ ਕੇ।
ਮਮਤਾ ਰੱਬ ਨੇ ਚੀਜ਼ ਬਣਾਈ
ਜ਼ਿੰਦਗੀ ਨੂੰ ਜੀਵਨ ਦੇਣ ਲਈ।
ਪਿਆਰ ਭਰੀ ਜ਼ਿੰਦਗੀ ਦੇ ਵਿਚ
ਆਪਣਾ ਨਹੀਂ ਇਥੇ ਹੋਰ ਕੋਈ।
*-ਗਿਆਨੀ ਜਗਜੀਤ ਕੌਰ, ਚੰਡੀਗੜ੍ਹ*

---

ਦੁੱਧ ਪੀਂਦੇ ਪਠੋਰੇ ਨੂੰ
ਬੱਚਾ ਟੇਢਾ ਹੋ ਪਿਆਰ ਨਾਲ ਵੇਖੇ।
ਸਾਜਰੇ ਸਵੇਰੇ ਠੰਡ ਵਿਚ
ਜਿਵੇਂ ਕੋਈ ਧੁੱਪ ਪਿਆ ਸੇਕੇ।
ਪਿਆਰ ਦੀ ਖਿੱਚ ਇਹ ਸਾਵੀਂ ਸਾਵੀਂ
ਮਾਂ ਮੈਨੂੰ ਵੀ ਦੁੱਧ ਪਿਆਵੀਂ।
ਲੱਗਦਾ ਬੱਚਾ ਇਹੋ ਪਿਆ ਸੋਚੇ
ਹਰ ਬੱਚਾ ਮਾਂ ਦੁੱਧ ਪੀਣ ਨੂੰ ਲੋਚੇ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

---

ਬੱਕਰੀ ਜਿਹਾ ਸੀਲ ਜਾਨਵਰ ਨਾ ਕੋਈ
ਜਿਥੇ ਮਰਜੀ ਚੁੱਧ ਲਵੋ ਚੋਅ।
ਦੁੱਧ ਵੀ ਇਸ ਦਾ ਬਹੁ-ਗੁਣਕਾਰੀ
ਕਮਜ਼ੋਰ ਬੱਚਿਆਂ ਨੂੰ ਦਿੰਦਾ ਢੋਅ।
ਸੁਰਤ ਸੰਭਾਲਣ ਤੋਂ ਪਹਿਲਾਂ ਅਭੋਲ ਬੱਚੇ 'ਚ
ਗੂੜ੍ਹੀ ਜਗਿਆਸਾ ਹੈ ਜਗੀ।
ਬੱਕਰੀ ਮੇਮਣੇ ਨੂੰ ਕਿਵੇਂ ਚੁੰਘਾਉਂਦੀ
ਲਾਂਸਰ ਫੋਟੋਗ੍ਰਾਫਰ ਵਾਂਗੂੰ ਬਿਰਤੀ ਹੈ ਲਗੀ।
*-ਅਮਰਜੀਤ ਸਿੰਘ ਤੂਰ*
*ਫੋਨ: 91-98784-69639*

---

ਚੁੱਪ ਚਾਂ ਛਾਅ ਜਾਂਦੀ
ਬਹਿੰਦੇ ਸੀ ਜਦ
ਸੁਣਨ ਦਾਦੀ ਮਾਂ ਦੀਆਂ ਬਾਤਾਂ।
ਲੈਂਦੀ ਸੀ ਕੁੱਛੜ ਕਦੇ
ਕਦੇ ਤਲੀਆਂ ਝੱਸਦੀ।
ਫੇਰਦੀ ਸੀ ਪੋਲਾ ਪੋਲਾ ਹੱਥ ਸਿਰ 'ਤੇ
ਝੁਪਕੀ ਨੀਂਦ ਦੀ ਸੀ ਆਉਣ ਲੱਗਦੀ।
ਬੱਚਾ ਵੀ ਇਕਾਗਰ ਹੋ ਸੁਣਦਾ
ਉਤਸੁਕਤਾ ਭਰੀਆਂ ਬਾਤਾਂ।
ਕਾਹਲਾ ਹੋ ਹੋ ਬੱਚਾ ਪੁੱਛਦਾ
'ਅੱਛਾ! ਫਿਰ ਅੱਗੇ ਕੀ ਹੋਇਆ?'
ਮਾਂ ਕਰਦੀ ਬਾਤ ਲੰਮੀ
ਭਵਸਾਗਰ ਪਾਰ ਕਰਦਿਆਂ
ਰਤਾ ਵੀ ਡਰ ਨਾ ਲੱਗਦਾ।
ਬਾਤਾਂ ਬਣ ਅਸਲੀਅਤਾਂ
ਦਿੰਦੀਆਂ ਹੌਸਲਾ ਕੁਝ ਕਰਨ ਨੂੰ
ਸਿਰਜਣ ਨੂੰ ਨਵਾਂ ਨੋਰਆ ਸਮਾਜ।
*-ਦਰਸ਼ਨਪਾਲ ਦੋਸਾਂਝ*

# ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ

PUNJAB SPORTS & CULTURAL CLUB CHICAGO

## ਖੇਡ ਅਤੇ ਸਭਿਆਚਾਰਕ ਮੇਲਾ

Free Entry, Free Parking & Free Food

2 ਜੁਲਾਈ 2017

ਐਤਵਾਰ, ਸਵੇਰੇ 11 ਤੋਂ 6 ਵਜੇ ਤੱਕ

ਬੱਸੀਵੁਡਜ਼ ਫਾਰੈਸਟ ਪ੍ਰਿਜ਼ਰਵ
ਐਲਕ ਗਰੂਵ ਵਿਲੇਜ, ਇਲੀਨਾਇ

(Busse Wood Forest Preserve South, Elk Grove Village, IL 60007)

ਕਬੱਡੀ ਤੇ ਵਾਲੀਬਾਲ ਦੇ ਮੈਚ ਹੋਣਗੇ
ਬੀਬੀਆਂ ਤੇ ਬਜ਼ੁਰਗਾਂ ਦੇ ਰੱਸਾਕਸ਼ੀ ਦੇ ਮੁਕਾਬਲੇ ਵੀ ਕਰਵਾਏ ਜਾਣਗੇ
ਚੋਟੀ ਦੇ ਗਾਇਕ ਤਿੰਨ ਘੰਟੇ ਸਭਿਆਚਾਰਕ ਗਾਇਕੀ ਦਾ ਰੰਗਾ ਰੰਗ ਅਖਾੜਾ ਲਾਉਣਗੇ
ਫਰੀ ਪਾਰਕਿੰਗ, ਫਰੀ ਫੂਡ ਅਤੇ ਬੀਬੀਆਂ ਲਈ ਫਰੀ ਮਹਿੰਦੀ

### ਸਾਡੇ ਮੁੱਖ ਸਪਾਂਸਰ ਅਤੇ ਮਹਿਮਾਨ


ਕਲੱਬ ਪ੍ਰਧਾਨ



ਸ. ਦਰਸ਼ਨ ਸਿੰਘ ਧਾਲੀਵਾਲ (ਪਹਿਲੇ ਇਨਾਮ ਦੇ ਸਪਾਂਸਰ) | ਸ. ਹੈਰੀ ਘੁਮਾਣ ਤੇ ਸ. ਅਮਰਵੀਰ ਘੁਮਾਣ ਇੰਡੀਆਨਾ (ਦੂਜੇ ਇਨਾਮ ਦੇ ਸਪਾਂਸਰ) | ਹੰਸ ਰਾਜ ਹੰਸ ਰਾਜ ਗਾਇਕ ਮੁੱਖ ਮਹਿਮਾਨ | ਸ੍ਰੀਮਤੀ ਨੀਤਾ ਭੂਸ਼ਨ (ਕੌਂਸਲ ਜਨਰਲ, ਸ਼ਿਕਾਗੋ) ਗੈਸਟ ਆਫ ਆਨਰ | ਸ. ਐਸ ਪੀ ਸਿੰਘ ਓਬਰਾਏ ਗੈਸਟ ਆਫ ਆਨਰ | ਸ. ਅਮੋਲਕ ਸਿੰਘ ਗਾਖਲ ਗੈਸਟ ਆਫ ਆਨਰ | ਸ. ਮਨਜੀਤ ਸਿੰਘ ਰਾਜਪੁਰ ਭਾਈਆਂ ਗੈਸਟ ਆਫ ਆਨਰ | ਸ. ਬਲਦੇਵ ਸਿੰਘ ਸੱਲ੍ਹਾਂ ਚੇਅਰਮੈਨ | ਸ. ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ | ਸ. ਜੇ ਪੀ ਐਸ ਖਹਿਰਾ | ਸ. ਪਾਲ ਸਿੰਘ ਖਲੀਲ | ਡਾ. ਭੁਪਿੰਦਰ ਸਿੰਘ ਸੈਣੀ | ਸ. ਅਮਰੀਕ ਸਿੰਘ ਸ਼ਿਕਾਗੋ



### ਰੱਖੜੇ ਦਾ ਮਾਣ ਸੂਬੇਦਾਰ ਬਾਪੂ ਕਰਤਾਰ ਸਿੰਘ



ਕਬੱਡੀ ਦਾ ਪਹਿਲਾ ਇਨਾਮ ਸੂਬੇਦਾਰ ਬਾਪੂ ਕਰਤਾਰ ਸਿੰਘ ਦੀ ਯਾਦ ਵਿਚ ਸ. ਦਰਸ਼ਨ ਸਿੰਘ ਧਾਲੀਵਾਲ ਵਲੋਂ



RUPINDER HANDA | SHARRY MAAN | JASMINE SANDLAS

ਵਾਲੀਬਾਲ ਦਾ ਟੂਰਨਾਮੈਂਟ ਸਵਰਗੀ ਹਰਭਜਨ ਸਿੰਘ ਗਾਖਲ, ਹਰਜਾਪ ਸਿੰਘ ਸੰਘਾ ਤੇ ਮੇਜਰ ਸਿੰਘ ਮੌਜੀ ਨੂੰ ਸਮਰਪਿਤ



ਮਰਹੂਮ ਹਰਭਜਨ ਸਿੰਘ ਗਾਖਲ | ਮਰਹੂਮ ਹਰਜਾਪ ਸਿੰਘ ਸੰਘਾ | ਮਰਹੂਮ ਮੇਜਰ ਸਿੰਘ ਮੌਜੀ

### ਵਾਲੀਬਾਲ ਦੇ ਸਪਾਂਸਰ



ਲਖਬੀਰ ਸਿੰਘ ਤੇ ਅਮਰਜੀਤ | ਗੁਰਵਿੰਦਰ | ਅਮਨਦੀਪ | ਦੀਦਾਰ ਸਿੰਘ | ਸਰਬਜੀਤ ਸਿੰਘ | ਹਰਿੰਦਰ | ਜਸਮੀਤ | ਕਬੀਰ | ਮਨਪ੍ਰੀਤ

### ਹੋਰ ਜਾਣਕਾਰੀ ਲਈ ਸੰਪਰਕ ਕਰੋ:

ਅਮਰੀਕ ਸਿੰਘ ਸ਼ਿਕਾਗੋ 773-507-8043
ਜਸਕਰਨ ਸਿੰਘ ਧਾਲੀਵਾਲ 630-290-7993
ਹੈਪੀ ਸਿੰਘ ਹੀਰ 630-398-7052
ਨਰਿੰਦਰ ਸਿੰਘ ਸਰਾਂ 630-205-9264
ਲਵਦੀਪ ਦੁੱਲਤ 224-425-0705
ਹਰਵਿੰਦਰ ਸਿੰਘ ਬਿੱਲਾ 708-228-8520
ਅੰਮ੍ਰਿਤਪਾਲ ਸਿੰਘ ਸੰਘਾ 630-673-9000
ਗੁਰਮੀਤ ਸਿੰਘ ਭੋਲਾ 773-406-2131
ਰਾਜਿੰਦਰ ਸਿੰਘ ਦਿਆਲ 214-457-1808
ਲੱਕੀ ਸਹੋਤਾ 847-489-7773
ਹਰਦੀਪ ਸਿੰਘ ਗਿੱਲ 847-226-2515
ਮਨਮਿੰਦਰ ਸਿੰਘ ਹੀਰ 630-709-5331
ਗੁਰਪ੍ਰੀਤ ਸਿੰਘ ਗਿੱਲ 630-818-5159



ਨਿੰਮਾ ਡੱਲੇਵਾਲਾ

### ਕਲੱਬ ਦੇ ਸਾਬਕਾ ਪ੍ਰਧਾਨ



ਸ. ਨਰਿੰਦਰ ਸਿੰਘ ਸਰਾਂ | ਸ. ਹੈਪੀ ਸਿੰਘ ਹੀਰ | ਸ. ਲਵਦੀਪ ਸਿੰਘ ਦੁੱਲਤ | ਸ. ਹਰਵਿੰਦਰ ਸਿੰਘ ਬਿੱਲਾ | ਸ. ਜਸਕਰਨ ਸਿੰਘ ਧਾਲੀਵਾਲ

### ਕਲੱਬ ਮੈਂਬਰ



ਸ. ਗੁਰਮੀਤ ਸਿੰਘ ਮੀਤ ਪ੍ਰਧਾਨ | ਸ. ਗੁਰਪ੍ਰੀਤ ਸਿੰਘ ਗਿੱਲ | ਸ. ਲੱਕੀ ਸਿੰਘ ਸਹੋਤਾ | ਸ. ਅੰਮ੍ਰਿਤਪਾਲ ਸੰਘਾ, ਖਜ਼ਾਨਚੀ | ਸ. ਮਨਮਿੰਦਰ ਸਿੰਘ ਹੀਰ | ਸ. ਰਜਿੰਦਰ ਸਿੰਘ ਦਿਆਲ | ਸ. ਹਰਦੀਪ ਸਿੰਘ ਗਿੱਲ

# ਵੱਖਰੇ ਗੋਰਖਾਲੈਂਡ ਲਈ ਸੰਘਰਸ਼ ਹੋਰ ਭਖਿਆ



**ਦਾਰਜੀਲਿੰਗ:** ਵੱਖਰੇ ਗੋਰਖਾਲੈਂਡ ਸੂਬੇ ਦੀ ਮੰਗ ਉਤੇ ਦਾਰਜੀਲਿੰਗ ਵਿਚ ਹਿੰਸਾ ਰੁਕਣ ਦਾ ਨਾਂ ਨਹੀਂ ਲੈ ਰਹੀ। ਕਈ ਥਾਈਂ ਗੋਰਖਾ ਜਨਮੁਕਤੀ ਮੋਰਚਾ (ਜੀ.ਜੇ.ਐਮ.) ਦੇ ਕਾਰਕੁਨਾਂ ਤੇ ਪੁਲਿਸ ਵਿਚਾਲੇ ਝੜਪਾਂ ਹੋਈਆਂ, ਜਿਨ੍ਹਾਂ ਵਿਚ ਦੋ ਜਣੇ ਮਾਰੇ ਗਏ। ਮੋਰਚਾ ਦੇ ਆਗੂ ਬਿਨੈ ਤਮਾਂਗ ਨੇ ਦਾਅਵਾ ਕੀਤਾ ਕਿ ਇਥੇ ਇਕੱਠ ਦੌਰਾਨ ਪੁਲਿਸ ਵੱਲੋਂ ਗੋਲੀ ਚਲਾਉਣ ਕਾਰਨ ਦੋ ਪਾਰਟੀ ਵਰਕਰ ਮਾਰੇ ਗਏ।

ਇਸ ਦੌਰਾਨ ਦਾਰਜੀਲਿੰਗ ਦਾ ਸਿੰਗਮਤੀ ਇਲਾਕਾ ਉਦੋਂ ਲੜਾਈ ਦੇ ਮੈਦਾਨ ਵਿਚ ਤਬਦੀਲ ਹੋ ਗਿਆ, ਜਦੋਂ ਜੀ.ਜੇ.ਐਮ. ਕਾਰਕੁਨਾਂ ਨੇ ਦੰਗਾ ਵਿਰੋਧੀ ਪੁਲਿਸ ਉਤੇ ਪੈਟਰੋਲ ਬੰਬ ਤੇ ਪੱਥਰ ਵਰ੍ਹਾਏ। ਇਸ ਦੇ ਜਵਾਬ ਵਿਚ ਪੁਲਿਸ ਨੇ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਲਾਠੀਚਾਰਜ ਕੀਤਾ। ਇਹ ਹਿੰਸਾ ਉਦੋਂ ਹੋਈ ਜਦੋਂ ਮੋਰਚਾ ਕਾਰਕੁਨਾਂ ਨੇ ਸਿੰਗਮਤੀ ਵਿਚ ਪਾਰਟੀ ਹੈੱਡਕੁਆਰਟਰ ਤੋਂ ਰੋਸ ਰੈਲੀ ਕੱਢੀ।

ਦੋ ਦਹਾਕੇ ਪਹਿਲਾਂ ਤੱਕ ਗੋਰਖਾਲੈਂਡ ਅੰਦੋਲਨ ਕਾਰਨ ਇਹ ਰਮਣੀਕ ਪਹਾੜੀ ਖਿੱਤਾ ਹਿੰਸਾ ਤੇ ਸਾੜ-ਫੂਕ ਦਾ ਨਿਸ਼ਾਨਾ ਬਣਿਆ ਰਿਹਾ ਸੀ ਜਿਸ ਕਰ ਕੇ ਇਥੋਂ ਦੀ ਸੈਰ-ਸਪਾਟਾ ਸਨਅਤ ਲਗਭਗ ਤਬਾਹ ਹੋ ਗਈ ਸੀ। ਹੁਣ ਮੁੜ ਉਹੋ ਜਿਹੇ ਹਾਲਾਤ ਪੈਦਾ ਕੀਤੇ ਜਾ ਰਹੇ ਹਨ। ਇਸ ਖਿੱਤੇ ਦੀ ਪ੍ਰਮੁੱਖ ਸਿਆਸੀ ਧਿਰ- ਗੋਰਖਾ ਜਨਮੁਕਤੀ ਮੋਰਚਾ (ਜੀ.ਜੇ.ਐਮ.) ਨੇ ਵੱਖਰੇ ਗੋਰਖਾਲੈਂਡ ਸੂਬੇ ਦੀ ਮੰਗ ਸੁਰਜੀਤ ਕਰ ਦਿੱਤੀ ਹੈ। ਦਾਰਜੀਲਿੰਗ ਪਹਾੜੀ ਜ਼ਿਲ੍ਹੇ ਜਾਂ ਗੋਰਖਿਆਂ ਦੇ ਪ੍ਰਭਾਵ ਵਾਲੇ ਖਿੱਤੇ ਨੂੰ ਪੱਛਮੀ ਬੰਗਾਲ ਨਾਲੋਂ ਅਲਹਿਦਾ ਕੀਤੇ ਜਾਣ ਦੀ ਮੰਗ ਚਾਰ ਦਹਾਕੇ ਪੁਰਾਣੀ ਹੈ।

ਗੋਰਖੇ ਜਾਂ ਨੇਪਾਲੀ ਆਪਣੇ ਆਪ ਨੂੰ ਸੱਭਿਆਚਾਰਕ, ਸਮਾਜਿਕ ਤੇ ਨਸਲੀ ਪੱਖੋਂ ਬੰਗਾਲੀਆਂ ਨਾਲੋਂ ਵੱਖਰਾ ਸਮਝਦੇ ਹਨ। ਆਪਣੇ ਉਪਰੋਂ ਬੰਗਾਲੀਆਂ ਦੀ ਚੌਧਰ ਹਟਾਉਣ ਦੇ ਉਦੇਸ਼ ਨਾਲ 1986 ਵਿਚ ਇਕ ਸਾਬਕਾ ਫੌਜੀ ਸੁਭਾਸ਼ ਘੀਸਿੰਗ ਦੀ ਅਗਵਾਈ ਹੇਠ ਉਨ੍ਹਾਂ ਨੇ ਗੋਰਖਾਲੈਂਡ ਨੈਸ਼ਨਲ ਲਿਬਰੇਸ਼ਨ ਫਰੰਟ (ਜੀ.ਐਨ.ਐਲ.ਐਫ.) ਨਾਮੀ ਜਥੇਬੰਦੀ ਖੜ੍ਹੀ ਕਰ ਕੇ ਹਿੰਸਕ ਜਦੋਜਹਿਦ ਆਰੰਭੀ ਸੀ। ਉਸ ਸਮੇਂ ਬੰਗਾਲ ਵਿਚ ਜਿਓਤੀ ਬਾਸੂ ਦੀ ਅਗਵਾਈ ਹੇਠ ਖੱਬਾ ਮੋਰਚਾ ਸਰਕਾਰ ਸੀ ਜਿਸ ਨੂੰ ਹਟਾਉਣ ਦੇ ਕੇਂਦਰ ਸਰਕਾਰ ਦੇ ਸਾਰੇ ਉਪਰਾਲੇ ਨਾਕਾਮ ਹੋ ਗਏ ਸਨ। ਤਕਰੀਬਨ ਦੋ ਦਹਾਕੇ ਘੀਸਿੰਗ ਦਾਰਜੀਲਿੰਗ ਪਹਾੜੀ ਖਿੱਤੇ ਵਿਚ ਆਪਣੀ 'ਸਲਤਨਤ' ਚਲਾਉਂਦਾ ਰਿਹਾ। ਫਿਰ ਉਸ ਦੇ ਅੰਦੋਲਨ ਨੂੰ ਕਮਜ਼ੋਰ ਬਣਾਉਣ ਲਈ ਜੀ.ਜੇ.ਐਮ. ਵਿਚ ਫੁੱਟ ਪਵਾਈ ਗਈ। ਘੀਸਿੰਗ ਖਿਲਾਫ਼ ਉਸ ਦੇ ਕਰੀਬੀ ਸਹਿਯੋਗੀ ਬਿਮਲ ਗੁਰੁੰਗ ਨੂੰ ਉਭਾਰਿਆ ਗਿਆ ਅਤੇ ਹੌਲੀ ਹੌਲੀ ਗੁਰੁੰਗ, ਗੋਰਖਾਲੈਂਡ ਖਿੱਤੇ ਦੇ ਨਵੇਂ ਨੇਤਾ ਵਜੋਂ ਉਭਰ ਆਇਆ।

ਇਹ ਸ਼ੱਕ ਕੀਤਾ ਜਾਂਦਾ ਹੈ ਕਿ ਉਸ ਨੂੰ ਹੁਣ ਤ੍ਰਿਣਮੂਲ ਕਾਂਗਰਸ ਨੇਤਾ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਖਿਲਾਫ਼ ਵਿਰੋਧ ਜਥੇਬੰਦ ਕਰਨ ਲਈ ਵਰਤਿਆ ਜਾ ਰਿਹਾ ਹੈ। ਜੀ.ਜੇ.ਐਮ. ਦਾ ਭਾਜਪਾ ਨਾਲ ਗੱਠਜੋੜ ਹੈ। ਦਰਅਸਲ, 2009 ਵਿਚ ਭਾਜਪਾ ਦੇ ਸੀਨੀਅਰ ਨੇਤਾ ਜਸਵੰਤ ਸਿੰਘ ਦਾਰਜੀਲਿੰਗ ਤੋਂ ਚੋਣ ਜਿੱਤ ਕੇ ਲੋਕ ਸਭਾ ਦੇ ਮੈਂਬਰ ਬਣੇ ਸਨ। ਹੁਣ ਦਾਰਜੀਲਿੰਗ ਤੋਂ ਭਾਜਪਾ ਦੇ ਹੀ ਸੁਰਿੰਦਰਜੀਤ ਸਿੰਘ ਆਹਲੂਵਾਲੀਆ (ਜੋ ਕੇਂਦਰੀ ਮੰਤਰੀ ਵੀ ਹਨ) ਲੋਕ ਸਭਾ ਦੇ ਮੈਂਬਰ ਹਨ।

ਸਿਆਸੀ ਮਾਹਿਰਾਂ ਵੱਲੋਂ ਇਹ ਵੀ ਮੰਨਿਆ ਜਾਂਦਾ ਹੈ ਕਿ ਪਹਾੜੀ ਖਿੱਤੇ ਵਿਚ ਹਿੰਸਾ ਵਾਸਤੇ ਉਕਸਾਹਟ ਪੈਦਾ ਕਰਨ ਲਈ ਮਮਤਾ ਵੀ ਕੁਝ ਹੱਦ ਤੱਕ ਜ਼ਿੰਮੇਵਾਰ ਹੈ। ਉਸ ਨੇ ਆਪਣੀ ਪਾਰਟੀ ਦਾ ਪ੍ਰਭਾਵ ਖੇਤਰ ਪਹਾੜੀ ਖਿੱਤੇ ਵਿਚ ਫੈਲਾਉਣ ਦੇ ਯਤਨ ਜਾਰੀ ਰੱਖੇ ਹੋਏ ਹਨ ਜਿਨ੍ਹਾਂ ਸਦਕਾ ਮਈ ਮਹੀਨੇ ਮਿਰਿਕ ਮਿਉਂਸਪਲ ਕੌਂਸਲ ਵਿਚ ਤ੍ਰਿਣਮੂਲ ਦੀ ਸਰਦਾਰੀ ਬਣ ਗਈ। ਚਾਰ ਦਹਾਕਿਆਂ ਬਾਅਦ ਕਿਸੇ 'ਬਾਹਰੀ' ਸਿਆਸੀ ਧਿਰ ਨੇ ਇਸ ਖਿੱਤੇ ਵਿਚ ਗੋਰਖਾ ਪਾਰਟੀ ਨੂੰ ਹਰਾਉਣ ਦੀ ਹਿੰਮਤ ਦਿਖਾਈ, ਜੋ ਜੀ.ਜੇ.ਐਮ. ਨੂੰ ਗਵਾਰਾ ਨਹੀਂ। ਉਪਰੋਂ, ਮਮਤਾ ਨੇ ਇਹ ਐਲਾਨ ਕਰ ਦਿੱਤਾ ਕਿ ਪਹਾੜੀ ਖਿੱਤੇ ਵਿਚ ਵੀ ਬੰਗਲਾ ਭਾਸ਼ਾ ਪੜ੍ਹਾਈ ਜਾਵੇਗੀ। ਇਸ ਐਲਾਨ ਨੇ ਗੋਰਖਿਆਂ ਅੰਦਰ ਇਹ ਪ੍ਰਭਾਵ ਪੈਦਾ ਕਰ ਦਿੱਤਾ ਕਿ ਉਨ੍ਹਾਂ ਉਤੇ ਬੰਗਲਾ ਭਾਸ਼ਾ ਠੋਸੀ ਜਾ ਰਹੀ ਹੈ। ਇਸੇ ਲਈ ਅਚਨਚੇਤੀ ਸਾੜ-ਫੂਕ ਤੇ ਹਿੰਸਾ ਸ਼ੁਰੂ ਹੋ ਗਈ।

## ਨਿਊਜ਼ੀਲੈਂਡ 'ਚ ਸਭ ਤੋਂ ਵੱਧ ਖੁਦਕੁਸ਼ੀਆਂ ਕਰਦੇ ਨੇ ਲੋਕ

**ਆਕਲੈਂਡ:** ਨਿਊਜ਼ੀਲੈਂਡ ਵਿਕਸਤ ਦੇਸ਼ਾਂ ਵਿਚੋਂ ਅਜਿਹਾ ਦੇਸ਼ ਹੈ ਜਿਥੇ ਸਭ ਤੋਂ ਜ਼ਿਆਦਾ ਨੌਜਵਾਨ ਖੁਦਕੁਸ਼ੀ ਕਰਦੇ ਹਨ। ਇਹ ਖੁਲਾਸਾ ਯੂਨੀਸੈਫ ਦੀ ਰਿਪੋਰਟ ਵਿਚ ਹੋਇਆ ਹੈ। ਇਹ ਪਹਿਲੀ ਵਾਰ ਨਹੀਂ ਜਦੋਂ ਨਿਊਜ਼ੀਲੈਂਡ ਬਾਰੇ ਅਜਿਹਾ ਖੁਲਾਸਾ ਹੋਇਆ ਹੈ। ਯੂਨੀਸੈਫ ਦੀ ਰਿਪੋਰਟ ਅਨੁਸਾਰ 41 ਯੂਰਪੀ ਦੇਸ਼ਾਂ ਵਿਚੋਂ ਨਿਊਜ਼ੀਲੈਂਡ ਵਿਚ 15 ਤੋਂ 19 ਸਾਲ ਦੀ ਉਮਰ ਦੇ ਲੋਕ ਜ਼ਿਆਦਾ ਖੁਦਕੁਸ਼ੀ ਕਰ ਰਹੇ ਹਨ। ਪ੍ਰਤੀ ਇਕ ਲੱਖ ਲੋਕਾਂ ਵਿਚੋਂ 15.6 ਆਤਮ ਹੱਤਿਆ ਦੀ ਦਰ ਅਮਰੀਕਾ ਤੋਂ ਦੁੱਗਣੀ ਹੈ।

ਇਸ ਦੇ ਨਾਲ ਹੀ ਬਰਤਾਨੀਆ ਤੋਂ ਲਗਭਗ ਪੰਜ ਗੁਣਾਂ ਜ਼ਿਆਦਾ ਹੈ। ਨਿਊਜ਼ੀਲੈਂਡ ਦੇ ਡਾਕਟਰ ਪ੍ਰਡੈਂਸ ਸਟੇਨ ਨੇ ਆਖਿਆ ਹੈ ਕਿ ਮਾਮਲਾ ਸਿਰਫ ਅੰਕੜਿਆਂ ਦਾ ਨਹੀਂ ਹੈ। ਖੁਦਕੁਸ਼ੀ ਦੇ ਇਸ ਡਰਾ ਦੇਣ ਵਾਲੇ ਅੰਕੜਿਆਂ ਦਾ ਸਬੰਧ ਦੂਜੇ ਤੱਥਾਂ ਨਾਲੋਂ ਸਿੱਧਾ ਹੈ। ਸਟੇਨ ਨੇ ਆਖਿਆ ਕਿ ਇਥੇ ਬੱਚਿਆਂ ਵਿਚ ਗਰੀਬੀ ਦੀ ਉਚ ਦਰ, ਨੌਜਵਾਨ ਕੁੜੀਆਂ ਵਿਚ ਗਰਭ ਧਾਰਨ ਦੇ ਵਧਦੇ ਮਾਮਲੇ ਤੇ ਬੇਰੁਜ਼ਗਾਰੀ ਖੁਦਕੁਸ਼ੀ ਦਾ ਸਭ ਤੋਂ ਵੱਡੇ ਕਾਰਨ ਹਨ। ਨਿਊਜ਼ੀਲੈਂਡ ਦੇ ਮੈਂਟਲ ਹੈਲਥ ਫਾਊਂਡੇਸ਼ਨ ਦੇ ਸ਼ਾਨ ਰੌਬੀਸ਼ਨ ਨੇ ਆਖਿਆ ਹੈ ਕਿ ਸਕੂਲਾਂ ਵਿਚ ਡਰਾਉਣ ਧਮਕਾਉਣ ਦੇ ਮਾਮਲਿਆਂ ਵਿਚ ਨਿਊਜ਼ੀਲੈਂਡ ਦੀ ਬਹੁਤ ਬੁਰੀ ਸਥਿਤੀ ਹੈ। ਪਰਿਵਾਰਾਂ ਵਿਚ ਹਿੰਸਾ ਬਹੁਤ ਜ਼ਿਆਦਾ ਹੈ।

## ਪਾਕਿਸਤਾਨ ਵਿਚ ਹਿੰਦੂ ਮੁੰਡੇ ਦੀ ਮਕਬੂਲੀਅਤ



**ਸਿੰਧ:** ਪਾਕਿਸਤਾਨ ਦੇ ਸਿੰਧ ਸੂਬੇ ਦੇ ਉਮੇਰਕੋਟ ਜ਼ਿਲ੍ਹੇ ਦਾ ਰਾਜ ਕੁਮਾਰ ਗੁੱਜਰ ਇਨੀਂ ਦਿਨੀਂ ਖੂਬ ਚਰਚਾ ਵਿਚ ਹੈ। ਪਾਕਿਸਤਾਨ ਵਿਚ ਇਕ ਹਿੰਦੂ ਮੁੰਡੇ ਦੀ ਐਨੀ ਮਕਬੂਲੀਅਤ ਦਾ ਕਾਰਨ ਹੈ ਵਾਸ਼ਿੰਗਟਨ ਵਿਚ ਦਿੱਤਾ ਗਿਆ 'ਇਮਰਜਿੰਗ ਯੰਗ ਲੀਡਰ ਐਵਾਰਡ', ਜੋ ਰਾਜ ਕੁਮਾਰ ਨੇ ਜਿੱਤਿਆ ਹੈ। ਇਹ ਅਵਾਰਡ ਅਮਰੀਕਾ ਵਿਚ ਵੱਖ-ਵੱਖ ਦੇਸ਼ਾਂ ਦੇ 10 ਲੋਕਾਂ ਨੂੰ ਦਿੱਤਾ ਗਿਆ ਹੈ।

ਇਸ ਐਵਾਰਡ ਨਾਲ ਰਾਜ ਕੁਮਾਰ ਨੂੰ 10 ਹਜ਼ਾਰ ਡਾਲਰ ਵੀ ਮਿਲੇ ਹਨ। ਰਾਜ ਕੁਮਾਰ ਪਹਿਲਾ ਪਾਕਿਸਤਾਨੀ ਹੈ ਜਿਸ ਨੇ ਇਹ ਐਵਾਰਡ ਹਾਸਲ ਕੀਤਾ ਹੈ। ਪਾਕਿਸਤਾਨੀ ਅਖ਼ਬਾਰ 'ਦ ਐਕਸਪ੍ਰੈਸ ਟ੍ਰਿਬਿਊਨ' ਮੁਤਾਬਕ ਪਾਕਿਸਤਾਨ ਪਰਤ ਕੇ ਰਾਜ ਸ਼ਾਂਤੀ, ਸਦਭਾਵਨਾ ਅਤੇ ਸਿੱਖਿਆ ਲਈ ਕੰਮ ਕਰਨਾ ਚਾਹੁੰਦਾ ਹੈ। ਰਾਜ ਨੇ ਉਕਤ ਅਖ਼ਬਾਰ ਨੂੰ ਦੱਸਿਆ ਕਿ ਪਾਕਿਸਤਾਨ ਪਰਤ ਕੇ ਉਸ ਨੇ ਸਰਹੱਦ ਪਾਰੋਂ ਸਾਹਿਤਕਾਰਾਂ ਨੂੰ ਬੁਲਾ ਕੇ ਸਾਹਿਤਕ ਪ੍ਰੋਗਰਾਮ ਕਰਨਾ ਦਾ ਮਨ ਬਣਾਇਆ ਹੈ।

ਰਾਜ ਦੀ ਯੋਜਨਾ ਪਾਕਿਸਤਾਨ, ਭਾਰਤ ਤੇ ਅਫਗਾਨਿਸਤਾਨ ਨੂੰ ਇਕੱਠੇ ਮੰਚ 'ਤੇ ਲਿਆਉਣ ਹੈ। ਰਾਜ ਕੁਮਾਰ ਨੇ 2015 ਵਿਚ ਵਿਸ਼ਵ ਵਿਆਪੀ ਸ਼ਾਂਤੀ ਯੁਵਾ ਉਤਸਵ ਵਿਚ ਪਾਕਿਸਤਾਨ ਦੀ ਪ੍ਰਤੀਨਿਧਤਾ ਕੀਤੀ ਸੀ। ਰਾਜ ਕੁਮਾਰ ਨੂੰ ਟਵਿੱਟਰ 'ਤੇ ਬਹੁਤ ਵਧਾਈਆਂ ਮਿਲ ਰਹੀਆਂ ਹਨ। ਇਸ ਅਵਾਰਡ ਲਈ ਮਾਲਟਾ, ਸ੍ਰੀਲੰਕਾ, ਅਫਗਾਨਿਸਤਾਨ, ਅਲਜੀਰੀਆ, ਤਜ਼ਾਕਿਸਤਾਨ, ਬੈਲਜੀਅਮ, ਵਿਅਤਨਾਮ, ਪੇਰੂ ਅਤੇ ਇਸਰਾਈਲ ਤੋਂ ਨੌਜਵਾਨਾਂ ਨੂੰ ਚੁਣਿਆ ਗਿਆ ਹੈ।

## ਯੂਰਪੀ ਸੰਸਦ ਵੱਲੋਂ ਪਾਕਿਸਤਾਨ 'ਚ ਮੌਤ ਦੀ ਸਜ਼ਾ ਦਰ ਉਤੇ ਚਿੰਤਾ

**ਬਰਸਲਜ਼:** ਯੂਰਪੀ ਸੰਸਦ (ਈ.ਪੀ.) ਨੇ ਪਾਕਿਸਤਾਨ ਵਿਚ 'ਦੋਸ਼ਪੂਰਨ ਮੁਕੱਦਮਿਆਂ' ਦੇ ਆਧਾਰ 'ਤੇ ਮੌਤ ਦੀ ਸਜ਼ਾ ਦੀ ਖਤਰਨਾਕ ਦਰ ਉਤੇ ਡੂੰਘੀ ਚਿੰਤਾ ਜਤਾਈ ਹੈ।

ਇਸ ਸਬੰਧੀ ਯੂਰਪੀ ਸੰਸਦ ਨੇ ਇਕ ਮਤਾ ਲਿਆਂਦਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ ਵਿਚ ਦੋਸ਼ਪੂਰਨ ਮੁਕੱਦਮਿਆਂ ਪਿੱਛੋਂ ਫਾਂਸੀ ਦੀ ਸਜ਼ਾ ਦੀ ਖਤਰਨਾਕ ਦਰ 'ਤੇ ਸੰਸਦ ਕਾਫੀ ਫਿਕਰਮੰਦ ਹੈ।

ਮਤੇ ਵਿਚ ਕਿਹਾ ਗਿਆ ਕਿ ਕਈਆਂ ਨੂੰ ਤਾਂ ਅਪੀਲਾਂ ਦੀ ਸੁਣਵਾਈ ਦੌਰਾਨ ਹੀ ਮੌਤ ਦੀ ਸਜ਼ਾ ਦੇ ਦਿੱਤੀ ਗਈ ਅਤੇ ਫਾਂਸੀ ਦੀ ਸਜ਼ਾ ਭੁਗਤਣ ਵਾਲਿਆਂ ਵਿਚ ਕਈ ਨਾਬਾਲਗ ਅਤੇ ਕਈ ਮਾਨਸਿਕ ਰੋਗੀ ਵੀ ਸ਼ਾਮਲ ਸਨ। ਉਨ੍ਹਾਂ ਪਾਕਿਸਤਾਨ ਨੂੰ ਮੌਤ ਦੀ ਸਜ਼ਾ 'ਤੇ ਮੁੜ ਰੋਕ ਲਗਾਉਣ ਲਈ ਕਿਹਾ।

ਯੂਰਪੀ ਸੰਸਦ ਦੇ ਮਤੇ ਵਿਚ ਭਾਰਤੀ ਸੈਨਿਕ ਜਾਧਵ ਦੇ ਕੇਸ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਕਿ ਉਸ ਨੂੰ ਅਪਰੈਲ 2017 ਵਿਚ ਪਾਕਿਸਤਾਨ ਦੀ ਇਕ ਸੈਨਿਕ ਅਦਾਲਤ ਨੇ ਦੋਸ਼ੀ ਕਰਾਰ ਦਿੰਦਿਆਂ ਮੌਤ ਦੀ ਸਜ਼ਾ ਸੁਣਾਈ ਸੀ ਅਤੇ ਫਿਲਹਾਲ ਉਸ ਤੱਕ ਪਹੁੰਚ ਨਾ ਦੇਣ ਦੇ ਆਧਾਰ 'ਤੇ ਇਹ ਕੇਸ ਹੁਣ ਅੰਤਰਰਾਸ਼ਟਰੀ ਨਿਆਂ ਅਦਾਲਤ ਸਾਹਮਣੇ ਹੈ।

## ਸ਼ਿਮਲਾ ਮਿਊਂਸਪਲ ਕਾਰਪੋਰੇਸ਼ਨ ਚੋਣਾਂ ਵਿਚ ਭਾਜਪਾ ਦੀ ਝੰਡੀ

**ਸ਼ਿਮਲਾ:** ਪ੍ਰਦੇਸ਼ ਵਿਚ ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੋਈਆਂ ਸ਼ਿਮਲਾ ਮਿਊਂਸਪਲ ਕਾਰਪੋਰੇਸ਼ਨ ਚੋਣਾਂ ਵਿਚ ਵਿਰੋਧੀ ਪਾਰਟੀ ਭਾਜਪਾ ਨੇ ਪਿਛਲੇ ਤਿੰਨ ਦਹਾਕਿਆਂ ਵਿਚ ਪਹਿਲੀ ਵਾਰ ਸਭ ਤੋਂ ਵੱਧ ਸੀਟਾਂ ਜਿੱਤ ਕੇ ਰਿਕਾਰਡ ਬਣਾਇਆ ਹੈ ਪਰ ਫਿਰ ਵੀ ਇਹ 18 ਮੈਂਬਰਾਂ ਦਾ ਸਧਾਰਨ ਬਹੁਮਤ ਹਾਸਲ ਕਰਨ 'ਚ ਅਸਫਲ ਰਹੀ ਹੈ। ਇਸ ਵੱਲੋਂ ਸਮਰਥਨ ਹਾਸਲ ਉਮੀਦਵਾਰਾਂ ਨੇ 17 ਸੀਟਾਂ ਜਿੱਤੀਆਂ ਹਨ ਜਦਕਿ ਪਾਰਟੀ ਤੋਂ ਬਾਗੀ ਤੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਵਾਲੇ ਰਾਜੇਸ਼ ਕੁਮਾਰ ਵੱਲੋਂ ਪਾਰਟੀ ਨੂੰ ਸਮਰਥਨ ਦੇਣ ਦੀ ਸੰਭਾਵਨਾ ਹੈ।

BJP

ਪਿਛਲੇ 26 ਸਾਲਾਂ ਤੋਂ ਨਿਗਮ 'ਤੇ ਕਾਬਜ਼ ਰਹੀ ਕਾਂਗਰਸ ਦੇ 12 ਉਮੀਦਵਾਰ ਚੁਣੇ ਗਏ ਹਨ। ਚਾਰ ਆਜ਼ਾਦ ਉਮੀਦਵਾਰ ਅਤੇ ਇਕ ਸੀ.ਪੀ.ਆਈ.-ਐਮ ਉਮੀਦਵਾਰ ਨੇ ਚੋਣ ਜਿੱਤੀ ਹੈ। ਤਿੰਨ ਆਜ਼ਾਦ ਉਮੀਦਵਾਰਾਂ ਨੇ ਕਾਂਗਰਸ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਇੰਜ, ਕਾਂਗਰਸ ਕੋਲ 15 ਉਮੀਦਵਾਰਾਂ ਦਾ ਸਮਰਥਨ ਹੈ।

## ਅਠਾਰਾਂ ਸੌ ਪੌਂਡ ਵਿਚ ਵਿਕੀਆਂ ਡਾਇਨਾ ਦੀਆਂ ਜੁੱਤੀਆਂ

**ਲੰਡਨ:** ਬਰਤਾਨੀਆ ਵਿਚ ਇਕ ਨਿਲਾਮੀ ਦੌਰਾਨ ਰਾਜਕੁਮਾਰੀ ਡਾਇਨਾ ਦੇ ਸਫੇਦ ਰੰਗ ਦੇ ਜੁੱਤਿਆਂ ਦੀ ਇਕ ਜੋੜੀ 1800 ਪੌਂਡ ਵਿਚ ਵਿਕੀ ਹੈ। ਸਫੇਦ ਚਮੜੇ ਦੇ ਇਹ ਜੁੱਤੇ ਮਰਹੂਮ ਰਾਜਕੁਮਾਰੀ ਵੱਲੋਂ 19 ਸਾਲ ਦੀ ਉਮਰੇ ਉਦੋਂ ਪਾਏ ਗਏ ਸਨ, ਜਦੋਂ ਉਹ ਇਕ ਨਰਸਰੀ ਵਿਚ ਸਹਾਇਕ ਵਜੋਂ ਕੰਮ ਕਰਦੀ ਸੀ। ਡਾਇਨਾ ਨੇ ਇਹ ਜੁੱਤੇ ਸਾਲ 1977-78 ਵਿਚ ਆਪਣੇ ਇਕ ਗੁਮਨਾਮ ਦੋਸਤ ਦੇ ਘਰ ਛੱਡ ਦਿੱਤੇ ਸਨ। ਡੋਮੀਨਿਕ ਵਿੰਟਰਜ਼ ਨਿਲਾਮੀ ਘਰ ਨੇ ਕਿਹਾ ਕਿ ਅਜਿਹੀਆਂ ਕੁਝ ਤਸਵੀਰਾਂ ਹਨ ਜਿਸ ਵਿਚ ਡਾਇਨਾ 19 ਸਾਲ ਦੀ ਉਮਰ ਵਿਚ ਕਿੰਡਰਗਾਰਟਨ ਅਧਿਆਪਕ ਵਜੋਂ ਕੰਮ ਕਰਦਿਆਂ ਉਪਰੋਕਤ ਜੁੱਤਿਆਂ ਨਾਲ ਮਿਲਦੇ ਜੁਲਦੇ ਜੁੱਤੇ ਪਾਈ ਵਿਖਾਈ ਦਿੰਦੀ ਹੈ।

ਰਿਪੋਰਟ ਮੁਤਾਬਕ ਨਿਲਾਮੀ ਦੌਰਾਨ ਰਾਜਕੁਮਾਰੀ ਦੇ ਹੱਥ ਦਾ ਲਿਖਿਆ ਨੋਟ 1400 ਪੌਂਡ ਵਿਚ ਵਿਕਿਆ। ਕੈਂਨਸਿੰਗਟਨ ਪੈਲੇਸ ਦੇ ਨੋਟਪੇਪਰ 'ਤੇ ਲਿਖੇ ਇਸ ਨੋਟ ਵਿਚ ਡਾਇਨਾ ਨੇ ਮੈਡੀਟੇਸ਼ਨ ਤੇ ਫਰਾਂਸੀਸੀ ਫਲਸਫੇ 'ਤੇ ਚਰਚਾ ਕੀਤੀ ਹੈ। ਨਿਲਾਮੀ ਵਿਚ ਵਿਕੀਆਂ ਹੋਰਨਾਂ ਵਸਤਾਂ 'ਚ ਚਾਰਲਸ ਵੱਲੋਂ ਲਿਖਿਆ ਉਹ ਪੱਤਰ ਵੀ ਸ਼ਾਮਲ ਹੈ, ਜੋ ਉਨ੍ਹਾਂ ਰਾਜਕੁਮਾਰੀ ਡਾਇਨਾ ਤੋਂ ਵੱਖ ਹੋਣ ਤੋਂ ਦੋ ਦਿਨਾਂ ਮਗਰੋਂ ਲਿਖਿਆ ਸੀ।

## ਰਾਹੁਲ ਨੂੰ 'ਪੱਪੂ' ਕਹਿਣ ਵਾਲਾ ਆਗੂ ਮੁਅੱਤਲ

**ਲਖਨਊ:** ਰਾਹੁਲ ਗਾਂਧੀ ਦੇ ਮੰਦਸੌਰ ਪੁੱਜਣ 'ਤੇ ਸੋਸ਼ਲ ਮੀਡੀਆ ਮੰਚ ਵੱਟਸਐਪ 'ਤੇ ਉਨ੍ਹਾਂ ਨੂੰ 'ਪੱਪੂ' ਕਹਿਣ ਵਾਲੇ ਉਤਰ ਪ੍ਰਦੇਸ਼ ਦੇ ਇਕ ਸੀਨੀਅਰ ਆਗੂ ਨੂੰ ਪਾਰਟੀ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਮੁਅੱਤਲ ਕਰ ਦਿੱਤਾ ਹੈ। ਪਾਰਟੀ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਰਾਮਕ੍ਰਿਸ਼ਨ ਦਿਵੇਦੀ ਨੇ ਕਿਹਾ ਕਿ ਮੇਰਠ ਦੇ ਕਾਂਗਰਸ ਜ਼ਿਲ੍ਹਾ ਪ੍ਰਧਾਨ ਵਿਨੈ ਪ੍ਰਧਾਨ ਨੂੰ ਉਸ ਦੇ ਅਪਮਾਨਜਨਕ ਤੇ ਭੜਕਾਊ ਸੰਦੇਸ਼ ਕਾਰਨ ਪਾਰਟੀ ਦੇ ਸਭ ਅਹੁਦਿਆਂ ਤੋਂ ਹਟਾ ਕੇ ਪਾਰਟੀ 'ਚੋਂ ਮੁਅੱਤਲ ਕੀਤਾ ਜਾਂਦਾ ਹੈ।

DHOL RADIO
WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
ਹੁਣ ਸ਼ਿਕਾਗੋ ਤੋਂ
LISTEN ON PHONE
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

# ਦੋ ਕਨਾਲ ਜ਼ਮੀਨ ਬਦਲੇ 2 ਨੌਜਵਾਨਾਂ ਦਾ ਕਤਲ

**ਟੋਹਾਣਾ:** ਪਿੰਡ ਧਾਰਸੂਲ ਖੁਰਦ 'ਚ ਸਿਰਫ 2 ਕਨਾਲ 19 ਮਰਲੇ ਜ਼ਮੀਨ ਲਈ ਹੋਏ ਖੂਨੀ ਟਕਰਾਅ ਵਿਚ 2 ਨੌਜਵਾਨਾਂ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ ਤੇ 8 ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ।

ਜਾਣਕਾਰੀ ਮੁਤਾਬਕ ਪਿੰਡ ਧਾਰਸੂਲ ਖੁਰਦ ਦੇ ਸਰਪੰਚ ਅਤੇ ਨੰਬਰਦਾਰ ਰਹੇ ਬਜ਼ੁਰਗ ਭਰਾਵਾਂ ਦੇ ਅੱਗੇ 25 ਪੋਤਰੇ ਪਰਿਵਾਰਾਂ 'ਚ ਵਾਹੀਯੋਗ ਜ਼ਮੀਨ ਦੀ ਵੰਡ ਨੂੰ ਲੈ ਕੇ ਖੂਨੀ ਸੰਘਰਸ਼ ਹੋਇਆ, ਜਿਸ 'ਚ ਅੱਧੇ ਪਰਿਵਾਰ ਬਾਬੇ ਲੱਖਾ ਪੁਰੀ ਦੀ ਮਦਦ 'ਤੇ ਸਨ, ਜੋ ਕਿ ਸਭ ਤੋਂ ਵੱਡੇ ਖੂਨੀ ਸੰਘਰਸ਼ ਦਾ ਮੁੱਖ ਕਾਰਨ ਬਣਿਆ।

ਮਾਰੇ ਗਏ 26 ਸਾਲਾ ਵਰਿੰਦਰ ਅਤੇ 28 ਸਾਲਾ ਦੀਪਕ ਨੇ ਜ਼ਮੀਨ ਦੀ ਪੈਮਾਇਸ਼ ਕਰਾਉਣ 'ਤੇ 2 ਕਨਾਲ 19 ਮਰਲੇ ਜ਼ਮੀਨ ਪੰਚਾਇਤ ਅਤੇ ਕਾਨੂੰਨਗੋ ਦੀ ਮਦਦ ਨਾਲ ਵੰਡ ਪਾ ਕੇ ਆਪਣੇ ਕਬਜ਼ੇ 'ਚ ਲੈ ਲਈ ਸੀ। ਇਸ ਤੋਂ ਇਲਾਵਾ ਦੀਪਕ ਅਤੇ ਵਰਿੰਦਰ ਕੋਲ ਡੇਰੇ ਦੀ ਜ਼ਮੀਨ ਪਿਛਲੇ ਲੰਮੇ ਸਮੇਂ ਤੋਂ ਕਬਜ਼ੇ ਹੇਠ ਹੋਣ ਕਰ ਕੇ ਡੇਰਾ ਸੰਚਾਲਕ ਬਾਬਾ ਲੱਖਾ ਪੁਰੀ ਵੀ ਵਿਰੋਧੀ ਧਿਰ ਵਾਲੇ ਭਰਾਵਾਂ ਦੀ ਮਦਦ 'ਤੇ ਰਹਿੰਦਾ ਸੀ। ਮੁਨੀਸ਼ ਅਤੇ ਸੁਨੀਲ ਆਪਣੇ ਸਾਥੀਆਂ ਨੂੰ ਖੇਤ 'ਚ ਲੈ ਗਏ ਅਤੇ 2 ਕਨਾਲ 19 ਮਰਲੇ ਜ਼ਮੀਨ 'ਤੇ ਵੱਟ ਢਾਹ ਕੇ ਕਬਜ਼ਾ ਕਰ ਲਿਆ। ਜਦੋਂ ਵਰਿੰਦਰ ਅਤੇ ਦੀਪਕ ਆਪਣੇ ਪਰਿਵਾਰ ਦੇ ਮੈਂਬਰ ਨਾਲ ਖੇਤ ਤੋਂ ਘਰ ਜਾ ਰਹੇ ਸਨ, ਤਾਂ ਰਸਤੇ 'ਚ ਬਾਬਾ ਵਿਸ਼ਵਕਰਮਾ ਮੰਦਰ ਨੇੜੇ ਸੰਘਰਸ਼ ਹੋ ਗਿਆ।

# ਮੋਦੀ ਦਾ ਵਿਕਾਸ ਬਾਰੇ ਭਰਮਜਾਲ

ਜਿਹੜੇ ਲੋਕ ਸ਼ੇਅਰ ਬਾਜ਼ਾਰ ਵਿਚ ਆਏ ਉਛਾਲ ਤੋਂ ਖੁਸ਼ ਹੋਏ ਫਿਰਦੇ ਹਨ, ਉਨ੍ਹਾਂ ਦੀ ਯਾਦਦਾਸ਼ਤ ਕਮਜ਼ੋਰ ਮੰਨੀ ਜਾ ਸਕਦੀ ਹੈ। ਉਹ 90 ਦੇ ਦਹਾਕੇ ਵਿਚ ਜੋ ਹੋਇਆ ਸੀ, ਉਸ ਨੂੰ ਭੁੱਲ ਗਏ ਹਨ। ਭਾਰਤ ਵਿਚ ਉਦਾਰੀਕਰਨ ਅਤੇ ਵਿਸ਼ਵੀਕਰਨ ਦੀ ਸ਼ੁਰੂਆਤ ਕਰਨ ਵਾਲੇ ਇਸ ਦਹਾਕੇ ਵਿਚ ਬੰਬੇ ਸਟਾਕ ਐਕਸਚੇਂਜ ਵਿਚ ਸ਼ੇਅਰਾਂ ਦੇ ਮੁੱਲ ਨੂੰ ਪਹਿਲਾਂ ਵਧਾਇਆ ਗਿਆ ਅਤੇ ਫਿਰ

ਅਭੈ ਕੁਮਾਰ ਦੂਬੇ

ਰਾਤੋ-ਰਾਤ ਉਨ੍ਹਾਂ ਵਿਚ ਗਿਰਾਵਟ ਲਿਆਂਦੀ ਗਈ। ਇਸ ਸਾਜ਼ਿਸ਼ ਪਿੱਛੇ ਮੁੱਖ ਰੂਪ ਵਿਚ ਵੱਡੇ ਦਲਾਲ ਹਰਸ਼ਦ ਮਹਿਤਾ ਦਾ ਹੱਥ ਸੀ। ਇਨ੍ਹਾਂ ਦਲਾਲਾਂ, ਬੈਂਕਾਂ ਅਤੇ ਵੱਡੇ ਵਪਾਰੀਆਂ ਨੇ ਮਿਲ ਕੇ ਕੁਝ ਅਜਿਹੀ ਸਾਜ਼ਿਸ਼ ਕੀਤੀ ਸੀ, ਜਿਸ ਕਾਰਨ 20ਵੀਂ ਸਦੀ ਦਾ ਵੱਡਾ ਆਰਥਿਕ ਘੁਟਾਲਾ ਸਾਹਮਣੇ ਆਇਆ ਸੀ।

ਉਸ ਸਮੇਂ ਡਾ: ਮਨਮੋਹਨ ਸਿੰਘ ਦੇਸ਼ ਦੇ ਵਿੱਤ ਮੰਤਰੀ ਸਨ। ਏਨੇ ਵੱਡੇ ਅਰਥ-ਸ਼ਾਸਤਰੀ ਨੂੰ ਵੀ ਕਹਿਣਾ ਪਿਆ ਸੀ ਕਿ ਸ਼ੇਅਰ ਬਾਜ਼ਾਰ ਦੀਆਂ ਇਹ ਸਾਜ਼ਿਸ਼ਾਂ ਉਨ੍ਹਾਂ ਦੀ ਸਮਝ ਤੋਂ ਬਾਹਰ ਹਨ। ਜ਼ਾਹਰ ਹੈ ਕਿ ਸ਼ੇਅਰ ਬਾਜ਼ਾਰ ਵਿਚ ਜੋ ਹੁੰਦਾ ਹੈ, ਉਸ ਦੇ ਆਧਾਰ 'ਤੇ ਕੋਈ ਆਰਥਿਕ ਮਾਡਲ ਕੰਮ ਨਹੀਂ ਕਰਦਾ। ਨਾ ਹੀ ਦੁਨੀਆ ਦਾ ਕੋਈ ਅਰਥ-ਸ਼ਾਸਤਰੀ ਉਸ ਸਬੰਧੀ ਵਿਸ਼ਵਾਸ ਨਾਲ ਕੁਝ ਕਹਿ ਸਕਦਾ ਹੈ। ਕਿਉਂਕਿ ਸ਼ੇਅਰ ਬਾਜ਼ਾਰ ਆਰਥਿਕ ਤੱਤ ਦੇ ਆਧਾਰ 'ਤੇ ਨਹੀਂ ਚਲਦਾ, ਇਸ ਲਈ ਉਸ ਨੂੰ ਸੱਟਾ ਬਾਜ਼ਾਰ ਵੀ ਕਿਹਾ ਜਾਂਦਾ ਹੈ।

ਅੱਜਕਲ੍ਹ ਸਵੇਰੇ ਅਖ਼ਬਾਰ ਖੋਲ੍ਹਦੇ ਹੀ ਪਹਿਲੇ ਕਾਲਮ 'ਚ ਉੱਪਰ ਹੀ ਦਿਖਾਈ ਦਿੰਦਾ ਹੈ ਕਿ ਭਾਰਤੀ ਸ਼ੇਅਰ ਬਾਜ਼ਾਰ ਵਿਚ ਸੈਂਸੈਕਸ ਨੇ ਇਕ ਹੋਰ ਨਵੀਂ ਵੱਡੀ ਪੁਲਾਂਘ ਪੁੱਟ ਲਈ ਹੈ। ਪਿਛਲੇ 5 ਜੂਨ ਤੱਕ ਬੰਬੇ ਸਟਾਕ ਐਕਸਚੇਂਜ ਦੀ ਸੈਂਸੈਕਸ 31,273 ਤੱਕ ਪਹੁੰਚ ਚੁੱਕੀ ਸੀ। ਸੱਟਾ ਬਾਜ਼ਾਰ ਦੇ ਮਾਹਿਰਾਂ ਅਨੁਸਾਰ, ਉਹ ਦਿਨ ਦੂਰ ਨਹੀਂ ਜਦੋਂ ਸੈਂਸੈਕਸ 50 ਹਜ਼ਾਰ ਤੱਕ ਪਹੁੰਚ ਸਕਦੀ ਹੈ। ਯਾਦ ਕਰੀਏ 2009 ਵਿਚ ਜਦੋਂ ਕਾਂਗਰਸ ਦੀ ਅਗਵਾਈ ਵਾਲਾ ਸਾਂਝਾ ਪ੍ਰਗਤੀਸ਼ੀਲ ਗਠਜੋੜ ਚੋਣਾਂ ਜਿੱਤ ਗਿਆ ਸੀ ਤਾਂ ਸੈਂਸੈਕਸ ਨੇ ਇਕ ਹੀ ਦਿਨ ਵਿਚ ਢਾਈ ਹਜ਼ਾਰ ਅੰਕਾਂ ਦੀ ਛਾਲ ਮਾਰੀ ਸੀ ਅਤੇ ਸੈਂਸੈਕਸ 20 ਹਜ਼ਾਰ ਤੋਂ ਉੱਪਰ ਚਲਾ ਗਿਆ ਸੀ। ਉਸ ਨੂੰ ਅਦਭੁਤ ਅਤੇ ਵਿਲੱਖਣ ਦਿਨ ਮੰਨਿਆ ਗਿਆ ਸੀ। ਉਸ ਸਮੇਂ ਲਗਦਾ ਸੀ ਕਿ ਭਾਰਤੀ ਅਰਥਚਾਰਾ 8-9 ਫ਼ੀਸਦੀ ਦੀ ਰਫ਼ਤਾਰ ਨਾਲ ਵਧ ਰਿਹਾ ਹੈ ਅਤੇ ਸਟਾਕ ਐਕਸਚੇਂਜ ਨੂੰ ਲੱਗ ਰਿਹਾ ਹੈ ਕਿ ਰਾਜਨੀਤੀ ਵਿਚ ਸਥਿਰਤਾ ਹੋਣ ਨਾਲ ਵਾਧਾ ਦਰ ਵਿਚ ਹੋਰ ਇਜ਼ਾਫ਼ਾ ਹੋਵੇਗਾ, ਇਸ ਲਈ ਸੈਂਸੈਕਸ ਦਾ ਇਸ ਤਰ੍ਹਾਂ ਵਧਣਾ ਵਾਜਿਬ ਹੈ। ਸਵਾਲ ਇਹ ਹੈ ਕਿ, ਕੀ ਅੱਜ ਵੀ ਉਹੀ ਸਥਿਤੀ ਹੈ? ਕੀ ਅੱਜ ਵੀ ਅਰਥਚਾਰਾ 8 ਸਾਲ ਪਹਿਲਾਂ ਵਾਂਗ ਚਹੁੰਪੱਖੀ ਵਿਕਾਸ ਕਰ ਰਿਹਾ ਹੈ? ਇਸੇ ਸਵਾਲ ਨਾਲ ਇਹ ਵੀ ਪੁੱਛਿਆ ਜਾਣਾ ਜ਼ਰੂਰੀ ਹੈ ਕਿ 30 ਹਜ਼ਾਰ ਤੋਂ ਉੱਪਰ ਦਾ ਇਹ ਅੰਕੜਾ ਕਿੰਨਾ ਵੀ ਆਕਰਸ਼ਕ ਕਿਉਂ ਨਾ ਲੱਗ ਰਿਹਾ ਹੋਵੇ, ਕੀ ਇਹ ਅਸਲੀਅਤ ਵਿਚ ਬਾਜ਼ਾਰ ਦੀ ਸਹੀ ਸਥਿਤੀ ਬਾਰੇ ਦੱਸਦਾ ਹੈ?

ਮੌਜੂਦਾ ਸਥਿਤੀ ਇਹ ਹੈ ਕਿ ਜਿਸ ਸਮੇਂ ਬੰਬੇ ਸਟਾਕ ਐਕਸਚੇਂਜ ਦੀ ਸੈਂਸੈਕਸ ਅਸਮਾਨ ਛੂਹ ਰਹੀ ਹੈ, ਠੀਕ ਉਸੇ ਸਮੇਂ ਇਸ ਐਕਸਚੇਂਜ ਵਿਚ ਵਪਾਰ ਕਰਨ ਵਾਲੇ ਤਿੰਨ-ਚੌਥਾਈ ਸ਼ੇਅਰਾਂ ਦੇ ਮੁੱਲਾਂ ਵਿਚ ਗਿਰਾਵਟ ਆ ਰਹੀ ਹੈ। ਦਰਅਸਲ ਸੈਂਸੈਕਸ ਵਿਚ ਜਿਹੜੀ ਇਕ-ਚੌਥਾਈ ਸ਼ੇਅਰਾਂ ਨੂੰ ਨੁਮਾਇੰਦਗੀ ਮਿਲਦੀ ਹੈ, ਉਨ੍ਹਾਂ ਦੇ ਸ਼ੇਅਰਾਂ ਵਿਚ ਆਏ ਉਛਾਲ ਨੂੰ ਦੇਖਣ ਦਾ ਸਹੀ ਤਰੀਕਾ ਇਹ ਹੈ ਕਿ ਜਿਹੜੇ ਸ਼ੇਅਰਾਂ ਦਾ ਮੁੱਲ ਇਕ ਖਰਬ ਰੁਪਏ ਹੈ (ਇਨ੍ਹਾਂ ਨੂੰ ਅਲਟਰਾ ਲਾਰਜ ਕੈਪ ਕਿਹਾ ਜਾਂਦਾ ਹੈ) ਉਹੀ ਉੱਪਰ ਉੱਠ ਰਹੇ ਹਨ। ਬਾਕੀ ਸਾਰੇ ਸ਼ੇਅਰਾਂ ਦੀ ਕੀਮਤ ਘਟ ਰਹੀ ਹੈ। ਭਾਵ ਬਾਜ਼ਾਰ ਅਸਲੀਅਤ ਵਿਚ ਖ਼ੁਦ ਨੂੰ ਸੋਧ ਰਿਹਾ ਹੈ। ਧਿਆਨ ਰਹੇ ਕਿ ਜਦੋਂ ਬਾਜ਼ਾਰ ਖ਼ੁਦ ਨੂੰ ਦਰੁਸਤ ਕਰਦਾ ਹੈ ਤਾਂ ਛੋਟੇ ਅਤੇ ਮੱਧ ਸ਼ੇਅਰ (ਇਨ੍ਹਾਂ ਨੂੰ ਮਿਡ ਕੈਪ ਕਿਹਾ ਜਾਂਦਾ ਹੈ) ਸਭ ਤੋਂ ਜ਼ਿਆਦਾ ਤੇਜ਼ੀ ਨਾਲ ਗਿਰਦੇ ਹਨ। ਇਹੀ ਹੋ ਵੀ ਰਿਹਾ ਹੈ ਤਾਂ ਵੱਡੇ ਸ਼ੇਅਰ ਕਿਉਂ ਵਧ ਰਹੇ ਹਨ, ਕਿਉਂਕਿ ਇਨ੍ਹਾਂ ਨੂੰ ਵਧਾਉਣ ਵਾਲੇ ਹਨ ਵਿਦੇਸ਼ੀ ਸੰਸਥਾਗਤ ਨਿਵੇਸ਼ਕ ਜਿਹੜੇ ਬਾਜ਼ਾਰ ਵਿਚ ਸੱਟੇਬਾਜ਼ੀ ਦੀ ਮੁੱਖ ਤਾਕਤ ਹਨ, ਕਿਉਂਕਿ ਇਨ੍ਹਾਂ ਨੇ ਅਜੇ ਭਾਰਤੀ ਵੱਡੇ ਸ਼ੇਅਰਾਂ ਨੂੰ ਵਧਾਉਣਾ ਹੈ, ਇਸ ਲਈ ਅਜਿਹਾ ਕਰ ਰਹੇ ਹਨ। ਉਨ੍ਹਾਂ ਨੇ 15 ਦਿਨਾਂ ਵਿਚ ਸ਼ੇਅਰ ਬਾਜ਼ਾਰ ਵਿਚ 85 ਕਰੋੜ ਡਾਲਰ ਦੀ ਰਕਮ ਲਗਾਈ ਹੈ। ਜਿਸ ਦਿਨ ਉਹ ਤੈਅ ਕਰਨਗੇ ਕਿ ਸ਼ੇਅਰ ਹੇਠਾਂ ਲਿਆਉਣੇ ਹਨ, ਉਸ ਦਿਨ ਸ਼ੇਅਰ ਬਾਜ਼ਾਰ ਦੇ ਇਸ ਬੁਲਬੁਲੇ ਦੀ ਹਵਾ ਕੱਢ ਦਿੱਤੀ ਜਾਵੇਗੀ, ਕਿਉਂਕਿ ਇਹ ਵਿਦੇਸ਼ੀ ਨਿਵੇਸ਼ਕ ਆਪਣੇ ਸ਼ੇਅਰ ਵੇਚ ਕੇ ਮੁਨਾਫ਼ਾ ਕਮਾਉਣ ਦੀ ਖੇਡ ਖੇਡਣਗੇ। ਅੱਜ ਉਹ ਮੁਨਾਫ਼ਾ ਕਮਾਉਣ ਵਾਲੇ ਹਨ, ਕੱਲ੍ਹ ਨੂੰ ਉਹ ਮੰਦੀ ਦਾ ਸ਼ਿਕਾਰ ਹੋ ਜਾਣਗੇ।

ਆਓ, ਹੁਣ ਇਹ ਦੇਖੀਏ ਕਿ ਅੰਕੜਿਆਂ ਤੋਂ ਪਰ੍ਹੇ ਭਾਰਤੀ ਅਰਥ-ਵਿਵਸਥਾ ਦੀ ਜ਼ਮੀਨੀ



ਸਥਿਤੀ ਕੀ ਹੈ? ਇਸ ਲਈ ਜਾਣਕਾਰੀ ਦਾ ਸਭ ਤੋਂ ਵਧੀਆ ਸਰੋਤ ਸੈਂਟਰਲ ਸੈਟੇਟਿਸਕਲ ਆਰਗੇਨਾਈਜ਼ੇਸ਼ਨ (ਸੀ.ਐਸ.ਓ.) ਹੋ ਸਕਦਾ ਹੈ। ਇਸ ਸੰਗਠਨ ਅਨੁਸਾਰ, 2015-16 ਵਿਚ ਅਰਥ-ਵਿਵਸਥਾ ਵਿਚ ਕੁੱਲ ਮੁੱਲ ਵਾਧਾ (ਗ੍ਰਾਸ ਵੈਲਿਊ ਐਡੀਸ਼ਨ) 7.9 ਸੀ, ਜੋ 2016-17 ਵਿਚ ਘਟ ਕੇ 6.6 'ਤੇ ਆ ਗਿਆ ਹੈ। ਉਦਯੋਗਿਕ ਖੇਤਰ ਦੀ ਵਾਧਾ ਦਰ ਚੌਥੀ ਤਿਮਾਹੀ ਵਿਚ 10.7 ਤੋਂ ਘਟ ਕੇ ਸਿਰਫ਼ 3.8 ਫ਼ੀਸਦੀ ਰਹਿ ਗਈ ਹੈ। ਇਸੇ ਤਰ੍ਹਾਂ ਖਾਣਾਂ, ਮੈਨੂਫੈਕਚਰਿੰਗ, ਇਮਾਰਤੀ ਕੰਮ, ਹੋਟਲ ਵਪਾਰ, ਸੰਚਾਰ, ਆਵਾਜਾਈ, ਜ਼ਮੀਨ-ਜਾਇਦਾਦ ਦਾ ਧੰਦਾ ਅਤੇ ਪੇਸ਼ੇਵਰ ਸੇਵਾਵਾਂ ਦਾ ਖੇਤਰ ਵੀ ਕਾਫ਼ੀ ਘਟਿਆ ਹੈ। ਸਭ ਤੋਂ ਜ਼ਿਆਦਾ ਰੁਜ਼ਗਾਰ ਇਮਾਰਤੀ ਕੰਮ ਵਿਚ ਪੈਦਾ ਹੁੰਦੇ ਹਨ। ਇਹ ਤਾਂ ਡਿਗਦਾ ਹੋਇਆ 3.7 ਫ਼ੀਸਦੀ ਤੱਕ ਪਹੁੰਚ ਗਿਆ ਹੈ। ਮਤਲਬ ਇਸ ਵਿਚ ਜ਼ੀਰੋ ਫ਼ੀਸਦੀ ਰੁਜ਼ਗਾਰ ਪੈਦਾ ਹੋ ਰਹੇ ਹਨ। ਜੀ.ਐਫ.ਸੀ.ਐਫ. ਭਾਵ ਸਥਿਰ ਮੁੱਲਾਂ 'ਤੇ ਕੁੱਲ ਘਰੇਲੂ ਉਤਪਾਦ ਦੇ ਅਨੁਪਾਤ ਵਿਚ ਕੁੱਲ ਪੂੰਜੀਗਤ ਰਚਨਾ (ਇਹ ਅਰਥ-ਵਿਵਸਥਾ ਦੀ ਤੰਦਰੁਸਤੀ ਦਾ ਸਭ ਤੋਂ ਮਹੱਤਵਪੂਰਨ ਅੰਕੜਾ ਹੈ) ਘਟ ਕੇ 29.5 'ਤੇ ਆ ਗਈ ਹੈ, ਜਦ ਕਿ ਪਿਛਲੇ 2 ਸਾਲਾਂ ਵਿਚ ਇਹੀ ਅੰਕੜਾ 30.9 ਅਤੇ 31.3 ਸੀ। ਦਰਅਸਲ ਜੀ.ਐਫ.ਸੀ.ਐਫ. ਤੋਂ ਪਤਾ ਲਗਦਾ ਹੈ ਕਿ ਅਰਥ-ਵਿਵਸਥਾ ਵਿਚ ਕਿੰਨਾ ਨਿਵੇਸ਼ ਹੋ ਰਿਹਾ ਹੈ। ਜੇਕਰ ਨਿਵੇਸ਼ ਡਿਗਦਾ ਹੈ ਤਾਂ ਆਰਥਿਕ ਸਰਗਰਮੀਆਂ ਵਿਚ ਚਹੁੰਪੱਖੀ ਗਿਰਾਵਟ ਆਉਂਦੀ ਹੈ। ਭਾਰਤੀ ਅਰਥ-ਵਿਵਸਥਾ ਇਸੇ ਦੌਰ ਵਿਚੋਂ ਲੰਘ ਰਹੀ ਹੈ।

ਸਮਝਣ ਵਾਲੀ ਗੱਲ ਇਹ ਹੈ ਕਿ ਜੇਕਰ ਕੁੱਲ ਘਰੇਲੂ ਉਤਪਾਦ ਵਿਚ ਇਕ ਫ਼ੀਸਦੀ ਦੀ ਗਿਰਾਵਟ ਆਉਂਦੀ ਹੈ ਤਾਂ ਸਮਝਣਾ ਚਾਹੀਦਾ ਹੈ ਕਿ ਅਸੀਂ 90 ਹਜ਼ਾਰ ਕਰੋੜ ਰੁਪਏ ਗੁਆ ਦਿੱਤੇ ਹਨ। ਮੈਂ ਇਥੇ ਇਸ ਗੱਲ 'ਤੇ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ ਕਿ ਆਰਥਿਕ ਵਾਧੇ ਵਿਚ ਆਈ ਕਮੀ ਦਾ ਠੀਕਰਾ ਨੋਟਬੰਦੀ ਦੇ ਦਰਵਾਜ਼ੇ 'ਤੇ ਭੰਨਿਆ ਜਾਏ ਜਾਂ ਨਹੀਂ। ਇਹ ਬਹਿਸ ਆਰਥਿਕ ਤੋਂ ਜ਼ਿਆਦਾ ਰਾਜਨੀਤਕ ਹੋ ਗਈ ਹੈ, ਹਾਲਾਂ ਕਿ ਹਰ ਵਿਅਕਤੀ ਜੋ ਆਰਥਿਕ ਦ੍ਰਿਸ਼ਟੀਕੋਣ ਨਾਲ ਸੋਚਦਾ ਹੈ, ਉਹ ਇਹੀ ਕਹੇਗਾ ਕਿ ਨੋਟਬੰਦੀ ਨੇ ਹੀ ਅਜਿਹੀ ਸਥਿਤੀ ਪੈਦਾ ਕੀਤੀ ਹੈ। ਮੇਰਾ ਕਹਿਣਾ ਤਾਂ ਇਹ ਹੈ ਕਿ ਨੋਟਬੰਦੀ ਦੇ ਬਹੁਤ ਪਹਿਲਾਂ ਤੋਂ ਅਰਥ-ਵਿਵਸਥਾ ਨਿਵੇਸ਼ ਦੀ ਕਮੀ ਦਾ ਸ਼ਿਕਾਰ ਹੈ। ਇਥੋਂ ਤੱਕ ਕਿ ਇਹ ਸਮੱਸਿਆ ਸ੍ਰੀ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਦੀ ਹੈ। ਸ੍ਰੀ ਮੋਦੀ ਦੀ ਜ਼ਿੰਮੇਵਾਰੀ ਏਨੀ ਕੁ ਜ਼ਰੂਰ ਹੈ ਕਿ ਉਹ ਇਸ ਰੁਝਾਨ ਦੇ ਉਲਟ ਨਹੀਂ ਚੱਲ ਸਕੇ ਅਤੇ ਉਨ੍ਹਾਂ ਨੇ ਵੀ ਡਾ: ਮਨਮੋਹਨ ਸਿੰਘ ਦੇ ਕਾਰਜਕਾਲ ਦੇ ਆਖ਼ਰੀ ਦਿਨਾਂ ਦੀ ਤਰ੍ਹਾਂ ਵੱਡੇ-ਵੱਡੇ ਅੰਕੜਿਆਂ ਪਿੱਛੇ ਲੁਕ ਕੇ ਖ਼ੁਦ ਨੂੰ ਅਤੇ ਪੂਰੇ ਦੇਸ਼ ਨੂੰ ਭੰਬਲਭੂਸੇ ਵਿਚ ਰੱਖਣਾ ਪਸੰਦ ਕੀਤਾ ਹੈ।

ਪੂਰੇ ਦੇਸ਼ ਨੂੰ ਭੰਬਲਭੂਸੇ ਵਿਚ ਰੱਖਣ ਦਾ ਹੀ ਕੰਮ ਸੈਂਸੈਕਸ ਦਾ ਉਛਾਲ ਕਰ ਰਿਹਾ ਹੈ। ਅਖ਼ਬਾਰਾਂ ਦੀਆਂ ਸੁਰਖ਼ੀਆਂ ਜੋ ਦੱਸਦੀਆਂ ਹਨ, ਅਸਲੀਅਤ ਉਸ ਦੇ ਉਲਟ ਹੈ। ਅਰਥ-ਵਿਵਸਥਾ ਵਿਚ ਮੁੱਖ ਤੌਰ 'ਤੇ ਨਿਰਾਸ਼ਾ ਦਾ ਮਾਹੌਲ ਹੈ। ਸਿਰਫ਼ ਹੈਡਲਾਈਨ ਮੈਨੇਜਮੈਂਟ ਰਾਹੀਂ ਆਰਥਿਕ ਸੁਰੱਖਿਆ ਅਤੇ ਉਮੀਦ ਦਾ ਫ਼ਰਜ਼ੀ ਮਾਹੌਲ ਬਣਾਇਆ ਜਾ ਰਿਹਾ ਹੈ। ਇਹ ਸਹੀ ਹੈ ਕਿ ਸਾਰੀ ਦੁਨੀਆ ਵਿਚ ਮੰਦੀ ਹੈ ਅਤੇ ਉਸ ਦੇ ਮੁਕਾਬਲੇ ਭਾਰਤ ਦੀ ਸਥਿਤੀ ਕੁਝ ਬਿਹਤਰ ਹੈ ਪਰ ਉਹ ਦਿਨ ਦੂਰ ਨਹੀਂ ਜਦੋਂ ਭਾਰਤ ਦੀ ਇਹ ਬਿਹਤਰ ਸਥਿਤੀ ਭੰਬਲਭੂਸੇ ਵਿਚ ਰੱਖਣ ਦੇ ਵੀ ਯੋਗ ਨਹੀਂ ਰਹਿ ਜਾਏਗੀ।

ਸਰਕਾਰ ਅਤੇ ਉਸ ਦੇ ਕਾਰਕੁੰਨਾਂ ਵੱਲੋਂ ਫੈਲਾਏ ਜਾ ਰਹੇ ਭਰਮ ਨੂੰ ਦੂਰ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਅਸੀਂ ਇਸ ਸਮੇਂ ਦੇਸ਼ ਵਿਚ ਚੱਲ ਰਹੇ ਕਿਸਾਨ ਅੰਦੋਲਨਾਂ 'ਤੇ ਇਕ ਨਜ਼ਰ ਮਾਰੀਏ। ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਬਾਰੇ ਸੋਚੀਏ। ਬੇਰੁਜ਼ਗਾਰੀ ਹੋਣ ਕਾਰਨ ਵੱਖ-ਵੱਖ ਹਿੱਸਿਆਂ ਵਿਚ ਉੱਭਰ ਰਹੇ ਰੋਸ ਦੇ ਰਾਜਨੀਤਕ ਪ੍ਰਗਟਾਵੇ ਦੇ ਕਾਰਨਾਂ ਨੂੰ ਸਮਝੀਏ। ਮਹਾਰਾਸ਼ਟਰ ਵਿਚ ਮਰਾਠਿਆਂ ਦਾ ਮੌਨ ਜਲੂਸ, ਗੁਜਰਾਤ ਵਿਚ ਪੱਟੀਦਾਰਾਂ ਦਾ ਲੰਮੇ ਸਮੇਂ ਤੋਂ ਚੱਲ ਰਿਹਾ ਅੰਦੋਲਨ, ਜਾਟਾਂ ਅਤੇ ਗੁੱਜਰਾਂ ਦੇ ਅੰਦੋਲਨ ਮਿਲ-ਜੁਲ ਕੇ ਇਕ ਹੀ ਗੱਲ ਕਰ ਰਹੇ ਹਨ ਕਿ 'ਸਬ ਕਾ ਸਾਥ, ਸਬ ਕਾ ਵਿਕਾਸ' ਦਾ ਨਾਅਰਾ ਸਿਰਫ਼ ਇਕ ਭਰਮ ਹੈ। ਇਸ ਦੇ ਸਹਾਰੇ ਸਮਾਜਿਕ ਅਤੇ ਆਰਥਿਕ ਵਿਕਾਸ ਦੇ ਵਿਗੜ ਚੁੱਕੇ ਸਬੰਧਾਂ ਨੂੰ ਲੁਕਾਇਆ ਜਾ ਰਿਹਾ ਹੈ।

# ਕਿਸਾਨਾਂ ਦਾ ਕਰਜ਼ ਉਤਾਰੇ ਮੋਦੀ ਸਰਕਾਰ

'ਅਜੋਕੇ ਦੌਰ ਦਾ ਕਿਸਾਨ ਤਿੰਨ ਤਰ੍ਹਾਂ ਦੇ ਸੰਕਟਾਂ ਨਾਲ ਜੂਝ ਰਿਹਾ ਹੈ। ਆਰਥਿਕ ਸੰਕਟ, ਵਾਤਾਵਰਨ ਸੰਕਟ ਅਤੇ ਆਪਣੀ ਹੋਂਦ ਨੂੰ ਬਚਾਈ ਰੱਖਣ ਦਾ ਸੰਕਟ। ਇਨ੍ਹਾਂ ਸੰਕਟਾਂ ਕਾਰਨ ਕਿਸਾਨ ਦੇ ਅੰਦਰ ਦੱਬਿਆ ਹੋਇਆ ਜਵਾਲਾਮੁਖੀ ਫੁੱਟਿਆ ਹੈ। ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਹ ਲਾਵਾ ਉਸ ਮੱਧ ਪ੍ਰਦੇਸ਼ 'ਚ ਫੁੱਟਿਆ ਜਿਸ ਨੂੰ ਪਿਛਲੇ ਕੁਝ ਸਾਲਾਂ ਤੋਂ ਖੇਤੀ ਦੇ ਮਾਡਲ ਵਜੋਂ ਪੇਸ਼

ਉਪਮਾ ਡਾਗਾ ਪਾਰਥ

ਕੀਤਾ ਜਾ ਰਿਹਾ ਸੀ।' ਇਹ ਵਿਚਾਰ ਸਵਰਾਜ ਅਭਿਆਨ ਦੇ ਪ੍ਰਧਾਨ ਯੋਗੇਂਦਰ ਯਾਦਵ ਜੋ ਹਾਲ ਹੀ ਵਿਚ ਮੱਧ ਪ੍ਰਦੇਸ਼ ਮੰਦਸੌਰ ਇਲਾਕੇ (ਜਿੱਥੇ ਕਿਸਾਨਾਂ ਦੇ ਅੰਦੋਲਨ ਨੂੰ ਕਾਬੂ ਕਰਨ ਲਈ ਪੁਲਿਸ ਵੱਲੋਂ ਕੀਤੀ ਗੋਲੀਬਾਰੀ 'ਚ 5 ਕਿਸਾਨਾਂ ਦੀ ਮੌਤ ਹੋ ਗਈ) ਦਾ ਦੌਰਾ ਕਰਕੇ ਆਏ ਹਨ, ਨੇ 'ਅਜੀਤ' ਨਾਲ ਇਕ ਵਿਸ਼ੇਸ਼ ਮੁਲਾਕਾਤ ਵਿਚ ਪ੍ਰਗਟ ਕੀਤੇ ਹਨ। ਯਾਦਵ ਨੇ ਇਸ ਮੁਲਾਕਾਤ ਦੌਰਾਨ ਨਾ ਸਿਰਫ਼ ਦੇਸ਼ ਭਰ 'ਚ ਰੋਹ 'ਚ ਆਏ ਕਿਸਾਨਾਂ ਦੀ ਹਾਲਤ ਦਾ ਜ਼ਿਕਰ ਕੀਤਾ, ਸਗੋਂ ਸਰਕਾਰ ਵੱਲੋਂ ਚੁੱਕੇ ਜਾ ਸਕਣ ਵਾਲੇ ਕਦਮਾਂ ਬਾਰੇ ਵੀ ਆਪਣੀ ਰਾਇ ਦਿੱਤੀ।

### ਕਿਸਾਨ ਵਿਦਰੋਹ

ਮੱਧ ਪ੍ਰਦੇਸ਼ ਦੇ ਆਰਥਿਕ ਪੱਖੋਂ ਮਜ਼ਬੂਤ ਮਾਲਵਾ ਖਿਤੇ 'ਚ ਉਸ ਸਾਲ ਅੰਦੋਲਨ ਹੋਣ, ਜਿਸ ਸਾਲ ਬਾਰਿਸ਼ ਵੀ ਚੰਗੀ ਹੋਈ ਹੋਵੇ, 'ਤੇ ਪ੍ਰਤੀਕਰਮ ਕਰਦਿਆਂ ਯਾਦਵ ਨੇ ਕਿਹਾ ਕਿ ਵਿਦਰੋਹ ਉਹ ਹੀ ਕਰਦਾ ਹੈ, ਜਿਸ ਨੇ ਚੰਗੇ ਦਿਨ ਵੇਖੇ ਹੋਏ ਹੋਣ। ਸਿਰਫ਼ ਗ਼ਰੀਬੀ 'ਚ ਰਹਿਣ ਵਾਲਾ ਵਿਅਕਤੀ ਵਿਦਰੋਹ ਨਹੀਂ ਕਰ ਸਕਦਾ। ਸਵਰਾਜ ਅਭਿਆਨ ਦੇ ਪ੍ਰਧਾਨ ਨੇ ਕਿਹਾ ਕਿ ਇਸ ਲਈ ਅੱਜ ਵਿਦਰੋਹ ਪੰਜਾਬ ਦੇ, ਪੱਛਮੀ ਮਹਾਰਾਸ਼ਟਰ ਦੇ ਅਤੇ ਮੱਧ ਪ੍ਰਦੇਸ਼ ਦੇ ਮਾਲਵੇ ਖੇਤਰ ਵਰਗੇ ਇਲਾਕਿਆਂ ਦੇ ਕਿਸਾਨ ਕਰ ਰਹੇ ਹਨ। ਪਿਛਲੇ ਦੋ ਸਾਲ ਕੁਦਰਤੀ ਕਹਿਰ ਦਾ ਸ਼ਿਕਾਰ ਹੋਏ ਕਿਸਾਨਾਂ ਨੂੰ ਜਦ ਇਸ ਵਾਰ ਵੀ ਕੋਈ ਉਮੀਦ ਨਜ਼ਰ ਨਾ ਆਈ ਤਾਂ ਉਹ ਵਿਦਰੋਹ 'ਤੇ ਉਤਾਰੂ ਹੋ ਗਏ।

### ਕਰਜ਼ਾ ਅਦਾ ਕਰਨ ਦਾ ਸਮਾਂ

ਅਰਥ-ਸ਼ਾਸਤਰੀਆਂ ਵੱਲੋਂ ਕਰਜ਼ਾ ਮੁਆਫ਼ੀ ਨੂੰ ਅਰਥਚਾਰੇ 'ਤੇ ਵਾਧੂ ਭਾਰ ਕਰਾਰ ਦੇਣ ਦੇ ਤਰਕ 'ਤੇ ਸਵਾਲ ਕਰਦਿਆਂ ਯਾਦਵ ਨੇ ਕਿਹਾ ਕਿ ਅਰਥ-ਸ਼ਾਸਤਰੀਆਂ ਦੇ ਸਾਰੇ ਤਰਕ ਕਿਸਾਨਾਂ 'ਤੇ ਆ ਕੇ ਹੀ ਕਿਉਂ ਖ਼ਤਮ ਹੁੰਦੇ ਹਨ? ਯਾਦਵ ਨੇ ਅਖ਼ਬਾਰਾਂ ਦੀਆਂ ਉਨ੍ਹਾਂ ਸੁਰਖ਼ੀਆਂ ਦਾ ਹਵਾਲਾ ਦਿੱਤਾ, ਜਿਸ 'ਚ ਦੂਰ ਸੰਚਾਰ ਮੰਤਰੀ ਰਵੀ ਸ਼ੰਕਰ ਪ੍ਰਸਾਦ ਟੈਲੀਕਾਮ ਕੰਪਨੀਆਂ ਦਾ ਕਰਜ਼ਾ ਮੁਆਫ਼ ਕਰਨ ਬਾਰੇ ਵਿਚਾਰ ਕਰ ਰਹੇ ਹਨ ਅਤੇ ਊਰਜਾ ਮੰਤਰੀ ਵੀ ਘੱਟ ਊਰਜਾ ਵਾਲੇ ਖੇਤਰਾਂ 'ਚ ਰਿਆਇਤੀ ਦਰਾਂ 'ਤੇ ਉਨ੍ਹਾਂ ਨੂੰ ਊਰਜਾ ਦੇਣ ਦੀ ਗੱਲ ਕਰਦੇ ਹਨ।

ਯੋਗੇਂਦਰ ਯਾਦਵ ਨੇ ਪਿਛਲੀਆਂ ਅਤੇ ਮੌਜੂਦਾ ਸਰਕਾਰਾਂ ਵੱਲੋਂ ਫ਼ਸਲਾਂ ਦੀਆਂ ਕੀਮਤਾਂ ਨੂੰ ਘੱਟ ਕਰਕੇ ਰੱਖਣ ਦੀ ਨੀਤੀ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਇਹ ਕਰਜ਼ਾ ਮੁਆਫ਼ੀ ਨਹੀਂ ਸਗੋਂ ਕਿਸਾਨਾਂ ਦਾ 50 ਸਾਲਾਂ ਦਾ ਕਰਜ਼ ਅਦਾ ਕਰਨ ਵਾਲੀ ਗੱਲ ਹੋਏਗੀ। ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਨੂੰ ਸਰਕਾਰ ਵੱਲੋਂ ਸਮਰੱਥਾ ਨਾ ਹੋਣ ਦਾ ਸਵਾਲ ਬਣਾਉਣ 'ਤੇ ਯਾਦਵ ਨੇ ਟਿੱਪਣੀ ਕਰਦਿਆਂ ਕਿਹਾ ਕਿ ਜਿਸ ਦੇਸ਼ 'ਚ ਪੈਸੈਂਜਰ ਟ੍ਰੇਨ ਸਹੀ ਤਰ੍ਹਾਂ ਨਾ ਚੱਲ ਰਹੀ ਹੋਵੇ, ਉਥੇ ਬੁਲੇਟ ਟ੍ਰੇਨ ਦੀ ਗੱਲ ਕਰਨਾ ਤਰਜੀਹ ਹੋ ਸਕਦਾ ਹੈ ਤਾਂ ਕਰਜ਼ ਅਦਾਇਗੀ 'ਚ ਸਮਰੱਥਾ ਦਾ ਸਵਾਲ ਕਿੱਥੇ ਆਉਂਦਾ ਹੈ।

### ਸਥਾਈ ਹੱਲ

ਹਾਲਾਂ ਕਿ ਯਾਦਵ ਨੇ ਇਹ ਵੀ ਸਵੀਕਾਰ ਕੀਤਾ ਕਿ ਕਰਜ਼ਾ ਮੁਆਫ਼ੀ ਸਮੱਸਿਆ ਦਾ ਸਥਾਈ ਹੱਲ ਨਹੀਂ ਹੈ। ਕਿਸਾਨ ਦੀ ਆਮਦਨ 'ਚ ਵਾਧਾ ਹੀ ਕਿਸਾਨ ਨੂੰ ਗ਼ਰੀਬੀ ਦੀ ਦਲਦਲ 'ਚੋਂ ਮੁਕਤ




ਕਰਵਾ ਸਕਦਾ ਹੈ ਪਰ ਕੋਈ ਵੀ ਭਲਾਈ ਸਕੀਮ ਤਦ ਤੱਕ ਕਾਰਗਰ ਸਾਬਤ ਨਹੀਂ ਹੋ ਸਕਦੀ ਜਦ ਤੱਕ ਪਿਛਲੇ ਕਰਜ਼ਿਆਂ ਨੂੰ ਮਨਫ਼ੀ ਨਹੀਂ ਕੀਤਾ ਜਾਂਦਾ।

### ਘੱਟੋ-ਘੱਟ ਮੁੱਲ

ਕਿਸਾਨ ਦੀਆਂ ਫ਼ਸਲਾਂ ਦੀ ਕੀਮਤ ਅਜਿਹੀ ਨਿਸਚਿਤ ਕੀਤੀ ਜਾਏ ਕਿ ਜੇਕਰ ਕੋਈ ਵੀ ਕਿਸਾਨ ਉਸ ਤੋਂ ਘੱਟ ਕੀਮਤ 'ਤੇ ਫ਼ਸਲ ਵੇਚਣ ਨੂੰ ਮਜਬੂਰ ਹੁੰਦਾ ਹੈ ਤਾਂ ਉਸ ਦਾ ਘਾਟਾ ਸਰਕਾਰ ਦੇਵੇ ਜੋ ਕਿ ਕਿਸਾਨ ਨੂੰ ਹਰ ਫ਼ਸਲ ਲਈ ਦਿੱਤਾ ਜਾਏ। ਸਿਰਫ਼ ਆਰਜ਼ੀ ਕਦਮ ਚੁੱਕਣ ਨਾਲ ਹਾਲਤ 'ਚ ਫ਼ਰਕ ਨਹੀਂ ਪਏਗਾ।

ਇਸ ਦੇ ਨਾਲ ਹੀ ਯੋਗੇਂਦਰ ਯਾਦਵ ਨੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ, ਫ਼ਸਲਾਂ ਦੇ ਨੁਕਸਾਨ ਬਾਰੇ ਮੁਆਵਜ਼ਾ ਅਤੇ ਪ੍ਰਧਾਨ ਮੰਤਰੀ ਬੀਮਾ ਯੋਜਨਾ ਦੇ ਏਕੀਕਰਨ ਦਾ ਮਸ਼ਵਰਾ ਦਿੰਦਿਆਂ ਕਿਹਾ ਕਿ ਬੀਮਾ ਯੋਜਨਾ ਨੂੰ ਤਿੰਨ-ਪੱਖੀ ਕਰਨ ਦੀ ਲੋੜ ਹੈ। ਜਿਸ ਦੇ ਪਹਿਲੇ ਪੜਾਅ 'ਚ ਸਿਰਫ਼ ਓਨਾ ਮੁਆਵਜ਼ਾ ਹੋਵੇ, ਜਿਸ ਨਾਲ ਕਿਸਾਨ ਫ਼ੌਰੀ ਨੁਕਸਾਨ ਦੇ ਬੋਝ ਤੋਂ ਬਚ ਸਕੇ। ਇਹ ਬੀਮਾ ਗਿਰਦਾਵਰੀ ਦੇ ਸਮੇਂ ਹੀ ਪਟਵਾਰੀ ਤੋਂ ਹਾਸਲ ਕੀਤਾ ਜਾ ਸਕੇ, ਜਿਸ ਦਾ 100 ਫ਼ੀਸਦੀ ਪ੍ਰੀਮੀਅਮ ਸਰਕਾਰ ਵੱਲੋਂ ਅਦਾ ਕੀਤਾ ਜਾਏ। ਦੂਜੇ ਪੜਾਅ 'ਚ ਸਰਕਾਰ ਅਤੇ ਕਿਸਾਨ 'ਚ 80 ਅਤੇ 20 ਫ਼ੀਸਦੀ ਦਾ ਪ੍ਰੀਮੀਅਮ ਵੰਡਿਆ ਜਾਏ ਅਤੇ ਉਹ ਉਸ ਨੁਕਸਾਨ ਦੀ ਭਰਪਾਈ ਕਰੇ, ਜਿੰਨਾ ਉਸ ਨੂੰ ਮੰਡੀ ਤੋਂ ਫ਼ਸਲ ਮੁੱਲ ਮਿਲਨਾ ਸੀ, ਜਦ ਕਿ ਤੀਜੇ ਪੜਾਅ ਦਾ ਬੀਮਾ ਨਕਦ ਫ਼ਸਲ ਲਈ ਹੋਵੇ।

### ਸਰਕਾਰ ਨੂੰ ਸਮੇਂ ਅਨੁਸਾਰ ਢਲਣ ਦੀ ਲੋੜ

ਯਾਦਵ ਨੇ ਕਿਹਾ ਕਿ 1966 'ਚ ਅਨਾਜ ਦੀ ਕਿੱਲਤ ਦਾ ਸਾਹਮਣਾ ਕਰਨ ਦੇ ਸਮੇਂ ਤੋਂ ਚਲੀ ਆ ਰਹੀ ਸਰਕਾਰ ਦੀ ਨੀਤੀ ਹੁਣ ਬਦਲਾਅ ਮੰਗ ਰਹੀ ਹੈ। ਹੁਣ ਸਰਕਾਰ ਨੂੰ ਖਪਤਕਾਰ ਦੀ ਥਾਂ 'ਤੇ ਕਿਸਾਨ ਦੇ ਹਿਤਾਂ ਨੂੰ ਵਧੇਰੇ ਧਿਆਨ ਦੇਣ ਦੀ ਲੋੜ ਹੈ, ਕਿਉਂਕਿ ਅੱਜ ਸਮੱਸਿਆਵਾਂ ਨੇ ਵੀ ਆਪਣਾ ਰੂਪ ਬਦਲ ਲਿਆ ਹੈ।

### ਕਿਸਾਨਾਂ ਦੀ ਮਹਾਂਪੰਚਾਇਤ

ਕਿਸਾਨੀ ਮੁੱਦਿਆਂ ਨਾਲ ਪਿਛਲੇ 2 ਸਾਲਾਂ ਤੋਂ ਜੁੜੇ ਰਹੇ ਯੋਗੇਂਦਰ ਯਾਦਵ ਨੇ 6 ਜੁਲਾਈ ਨੂੰ ਮੱਧ ਪ੍ਰਦੇਸ਼ 'ਚ ਕਿਸਾਨਾਂ ਦੀ ਮਹਾਂਪੰਚਾਇਤ ਬੁਲਾਉਣ ਦਾ ਸੱਦਾ ਦਿੱਤਾ ਹੈ। 6 ਜੂਨ ਨੂੰ ਮੰਦਸੌਰ ਦੇ ਹਾਦਸੇ ਦੇ ਇਕ ਮਹੀਨੇ ਬਾਅਦ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਇਕੱਠੀਆਂ ਹੋਈਆਂ ਕਿਸਾਨ ਜਥੇਬੰਦੀਆਂ ਉਸ ਦਿਨ ਸਿਰਫ਼ ਸ਼ਹੀਦ ਹੋਏ ਕਿਸਾਨਾਂ ਨੂੰ ਸ਼ਰਧਾਂਜਲੀਆਂ ਦੇਣਗੀਆਂ, ਸਗੋਂ ਇਸ ਅੰਦੋਲਨ ਨੂੰ ਅੱਗੇ ਲੈ ਕੇ ਜਾਣ ਦੀ ਦਿਸ਼ਾ ਵੀ ਨਿਸਚਿਤ ਕਰਨਗੀਆਂ। ਪੰਜਾਬ ਵਿਚ ਕਿਸਾਨ ਜਥੇਬੰਦੀਆਂ ਵੱਲੋਂ ਵੀ ਕਰਜ਼ੇ ਦੀ ਮੁਆਫ਼ੀ ਅਤੇ ਹੋਰ ਮੰਗਾਂ ਸਬੰਧੀ ਅੰਦੋਲਨ ਆਰੰਭ ਕਰਨ ਦੀਆਂ ਤਿਆਰੀਆਂ ਬਾਰੇ ਜਦੋਂ ਸ੍ਰੀ ਯੋਗੇਂਦਰ ਯਾਦਵ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਜਿਥੇ ਵੀ ਕਿਸਾਨੀ ਮੰਗਾਂ ਲਈ ਕਿਸਾਨ ਸੰਘਰਸ਼ ਕਰਨਗੇ, ਉਨ੍ਹਾਂ ਦੀ ਜਥੇਬੰਦੀ ਸਵਰਾਜ ਅਭਿਆਨ ਵੱਲੋਂ ਉਨ੍ਹਾਂ ਦਾ ਸਮਰਥਨ ਕੀਤਾ ਜਾਏਗਾ।

#

*ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਦੇ ਦੇਹਾਂਤ ਤੋਂ ਬਾਅਦ ਮੀਡੀਆ ਅਤੇ ਆਵਾਮ ਵਿਚ ਉਸ ਬਾਰੇ ਬੜੀ ਤਿੱਖੀ ਬਹਿਸ ਚੱਲੀ। ਵਿਰੋਧੀਆਂ ਨੇ ਉਸ ਵੱਲੋਂ ਕੀਤੇ ਜ਼ੁਲਮਾਂ ਬਾਰੇ ਗੱਲ ਕੀਤੀ ਅਤੇ ਉਸ ਦੇ ਹੱਕ ਵਿਚ ਬੋਲਣ ਵਾਲਿਆਂ ਨੇ ਆਪਣੇ ਢੰਗ ਨਾਲ ਉਸ ਦਾ ਪੱਖ ਪੂਰਨ ਦਾ ਯਤਨ ਕੀਤਾ। ਗਿੱਲ ਦਾ ਕੰਮ ਕਰਨ ਦਾ ਢੰਗ-ਤਰੀਕਾ ਕੀ ਸੀ, ਇਸ ਬਾਰੇ ਸਮਝਣ-ਸਮਝਾਉਣ ਲਈ ਰਾਹੁਲ ਚੰਦਨ ਦੀ ਕਿਤਾਬ 'ਕੇ.ਪੀ.ਐਸ. ਗਿੱਲ: ਦਿ ਪੈਰਾਮਾਊਂਟ ਕੌਪ' ਦਾ ਕੁਝ ਹਿੱਸਾ ਛਾਪਿਆ ਜਾ ਰਿਹਾ ਹੈ। -ਸੰਪਾਦਕ*

# ਨੌਕਰੀ, ਸੱਤਾ ਤੇ ਸਿਧਾਂਤ

## ਸਾਥੀਆਂ ਦੀਆਂ ਨਜ਼ਰਾਂ ਵਿਚ ਕੇ.ਪੀ.ਐਸ. ਗਿੱਲ

ਅਕਤੂਬਰ 1974 ਵਿਚ ਕੇ.ਪੀ.ਐਸ. ਗਿੱਲ ਦੀ ਤਰੱਕੀ ਬਤੌਰ ਡਿਪਟੀ ਡਾਇਰੈਕਟਰ ਜਨਰਲ ਹੋ ਗਈ ਅਤੇ ਉਸ ਨੂੰ ਸਿਲਚਰ ਦਾ ਚਾਰਜ ਦਿੱਤਾ ਗਿਆ ਅਤੇ ਆਸਾਮ-ਨਾਗਾਲੈਂਡ, ਆਸਾਮ-ਮਿਜ਼ੋਰਮ ਅਤੇ ਆਸਾਮ-ਤ੍ਰਿਪੁਰਾ ਹੱਦਾਂ ਦਾ ਵਾਧੂ ਚਾਰਜ ਵੀ ਦਿੱਤਾ ਗਿਆ। ਅਕਤੂਬਰ 1975 ਵਿਚ ਉਸ ਨੂੰ ਪੱਛਮੀ ਰੇਂਜ ਗੁਹਾਟੀ ਦਾ ਡੀ.ਆਈ.ਜੀ. ਨਿਯੁਕਤ ਕੀਤਾ ਗਿਆ। ਡੀ.ਆਈ.ਜੀ. ਦਾ ਕੰਮ ਆਪਣੇ ਅਧੀਨ ਐਸ.ਪੀਜ਼ ਦੇ ਕੰਮ ਦੀ ਦੇਖ-ਰੇਖ ਕਰਨੀ ਹੁੰਦੀ ਸੀ। ਉਹ ਆਪਣੇ ਅਫ਼ਸਰਾਂ ਨੂੰ ਕਾਰਵਾਈ ਕਰਨ ਦੀ ਆਜ਼ਾਦੀ ਦਿੰਦਾ।

1977 ਵਿਚ ਇੰਦਰਾ ਗਾਂਧੀ ਐਮਰਜੈਂਸੀ ਹਟਾਉਣ ਪਿਛੋਂ ਚੋਣਾਂ ਵਿਚ ਹਾਰ ਗਈ ਸੀ। ਹੁਣ ਉਹ ਪ੍ਰਧਾਨ ਮੰਤਰੀ ਨਹੀਂ ਸੀ, ਪਰ ਵੀ ਉਹ ਆਸਾਮ ਦਾ ਦੌਰਾ ਕਰਨਾ ਚਾਹੁੰਦੀ ਸੀ। ਉਸ ਨੂੰ ਸਲਾਹ ਦਿੱਤੀ ਗਈ ਸੀ ਕਿ ਉਹ ਆਸਾਮ ਨਾ ਜਾਵੇ, ਕਿਉਂਕਿ ਉਥੇ ਹਾਲਾਤ ਸਾਜ਼ਗਾਰ ਨਹੀਂ ਸਨ। ਸੀਨੀਅਰ ਪੁਲਿਸ ਅਧਿਕਾਰੀਆਂ ਅਤੇ ਨੌਕਰਸ਼ਾਹਾਂ ਨੇ ਵੀ ਆਸਾਮ ਦੌਰਾ ਕਰਨ ਲਈ ਉਸ ਦਾ ਹੌਸਲਾ ਤੋੜਿਆ। ਲੰਮੇ ਚੌੜੇ ਵਿਚਾਰ ਵਟਾਂਦਰੇ ਜੋ ਗਿੱਲ ਦੀ ਹਾਜ਼ਰੀ 'ਚ ਹੋਏ ਸਨ, ਹਰ ਕੋਈ ਆਸਾਮ ਦੌਰੇ ਬਾਰੇ ਨਾਂਹ ਕਹਿ ਰਿਹਾ ਸੀ। ਗਿੱਲ ਨੇ ਕਿਹਾ, "ਮੁਸ਼ਕਲ ਕਿਹੜੀ ਹੈ? ਮੈਂ ਸਾਰੇ ਪ੍ਰਬੰਧ ਘੋਖ ਲੈਂਦਾ ਹਾਂ, ਜੇ ਕੋਈ ਚੀਜ਼ ਗ਼ਲਤ ਹੋਵੇਗੀ, ਦੇਖ ਲਵਾਂਗਾ।"

ਇਹ ਦੌਰਾ ਆਮ ਵਾਂਗ ਹੋਇਆ। ਇਹ ਭਾਵੇਂ ਠੀਕ ਸੀ ਜਾਂ ਗ਼ਲਤ, ਪਰ ਗਿੱਲ ਨੇ ਨਹਿਰੂ ਪਰਿਵਾਰ ਅਤੇ ਗਾਂਧੀ (ਇੰਦਰਾ) ਨਾਲ ਨਰਮ ਰਵੱਈਆ ਰੱਖਿਆ। ਗਿੱਲ ਅੰਦਰ ਵੱਡੇ ਦਬਾਅ ਝੱਲਣ ਦੀ ਸਮਰੱਥਾ ਸੀ। ਉਸ ਨੂੰ ਹਾਲਾਤ ਆਪਣੇ ਮੁਤਾਬਿਕ ਤਬਦੀਲ ਕਰਨੀ ਆਉਂਦੇ ਸਨ। ਐਮ.ਪੀ.ਹੀਰਾ ਲਾਲ ਪਟਵਾਰੀ ਦੀ 1978 ਵਿਚ ਅਚਾਨਕ ਮੌਤ ਪਿਛੋਂ ਮੰਗਲਦੋਈ ਲੋਕ ਸਭਾ ਚੋਣ ਹਲਕੇ ਤੋਂ ਜ਼ਿਮਨੀ ਚੋਣਾਂ ਦਾ ਐਲਾਨ ਹੋ ਚੁੱਕਾ ਸੀ। ਇਸ ਚੋਣ ਦੌਰਾਨ ਰਜਿਸਟਰਡ ਵੋਟਰਾਂ ਦੀ ਗਿਣਤੀ 'ਚ ਨਾਟਕੀ ਤਰੀਕੇ ਨਾਲ ਵਾਧਾ ਹੋਇਆ। ਆਲ ਆਸਾਮ ਸਟੂਡੈਂਟਸ ਯੂਨੀਅਨ ਉਦੋਂ ਤਕ ਚੋਣਾਂ ਮੁਲਤਵੀ ਕਰਨ ਦੀ ਮੰਗ ਕਰ ਰਹੀ ਸੀ, ਜਦੋਂ ਤਕ ਚੋਣ ਸੂਚੀਆਂ ਵਿਚੋਂ ਵਿਦੇਸ਼ੀ ਨਾਗਰਿਕਾਂ ਦੇ ਨਾਂ ਕੱਢੇ ਨਹੀਂ ਜਾਂਦੇ। ਚੋਣ ਕਮਿਸ਼ਨ ਦੀ ਅਜਿਹਾ ਕਰਨ ਵਿਚ ਕੋਈ ਰੁਚੀ ਨਹੀਂ ਸੀ। ਸਿੱਟੇ ਵਜੋਂ ਆਸਾਮ ਅੰਦਰ ਅੰਦੋਲਨ ਫੈਲ ਗਏ। ਇਹ ਅੰਦੋਲਨ ਹੋਰ ਵੀ ਪ੍ਰਚੰਡ ਹੋ ਗਿਆ, ਖ਼ਾਸ ਤੌਰ 'ਤੇ ਉਦੋਂ ਜਦੋਂ ਵਿਧਾਨ ਸਭਾ ਚੋਣਾਂ ਦੀ ਮਿਤੀ ਦਾ ਐਲਾਨ ਹੋਇਆ। ਅਫ਼ਵਾਹ ਫੈਲੀ ਕਿ ਇਹ ਚੋਣ ਆਸਾਮ ਭਾਈਚਾਰੇ ਲਈ ਆਫ਼ਤ ਹੋਵੇਗੀ। ਇਹ ਵੀ ਡਰ ਸੀ ਕਿ ਸ਼ਰਨਾਰਥੀ ਮੁਸਲਮਾਨ ਜੋ ਆਸਾਮ 'ਚ ਵਸੇ ਹੋਏ ਸਨ, ਆਪਣੀ ਮਾਤ-ਭਾਸ਼ਾ ਬੰਗਾਲੀ ਦਾ ਐਲਾਨ ਨਾ ਕਰ ਦੇਣ। ਇਸ ਦਾ ਸਿੱਧਾ ਅਰਥ ਸੀ ਕਿ ਆਸਾਮ ਖੇਤਰੀ ਭਾਸ਼ਾਈ ਵਿਸ਼ੇਸ਼ਤਾ ਵਾਲੇ ਪ੍ਰਾਂਤ ਦੀ ਖ਼ਾਸੀਅਤ ਗੁਆ ਲਵੇਗਾ। ਇਹ ਸੰਵੇਦਨਸ਼ੀਲ ਮੁੱਦਾ ਸੀ।


27 ਨਵੰਬਰ 1979 ਨੂੰ ਆਲ ਇੰਡੀਆ ਗਣ ਸੰਗਰਾਮ ਪ੍ਰੀਸ਼ਦ ਨੇ ਸਾਰੇ ਵਿਦਿਅਕ ਅਦਾਰੇ ਬੰਦ ਰੱਖਣ ਅਤੇ ਪ੍ਰਾਂਤ ਤੇ ਕੇਂਦਰ ਸਰਕਾਰ ਦੇ ਦਫ਼ਤਰਾਂ ਅੱਗੇ ਧਰਨੇ ਦੇਣ ਦਾ ਸੱਦਾ ਦਿੱਤਾ ਜਦੋਂ ਦਸੰਬਰ 1979 ਦੇ ਪਹਿਲੇ ਹਫ਼ਤੇ ਉਮੀਦਵਾਰਾਂ ਦੀ ਨਾਮਜ਼ਦਗੀਆਂ ਦਾਖ਼ਲ ਦਫ਼ਤਰ ਹੋਣੀਆਂ ਸਨ। ਕਾਂਗਰਸ ਨੇ ਸਾਬਕਾ ਰਾਸ਼ਟਰਪਤੀ ਫ਼ਖ਼ਰਦੀਨ ਅਲੀ ਅਹਿਮਦ ਦੀ ਪਤਨੀ ਬੇਗ਼ਮ ਆਬਿਦਾ ਅਹਿਮਦ ਨੂੰ ਉਸ ਚੋਣ ਹਲਕੇ ਤੋਂ ਮੈਦਾਨ ਵਿਚ ਲਿਆਂਦਾ। ਅੰਦੋਲਨ ਸਿਖ਼ਰ 'ਤੇ ਸੀ, ਉਸ ਨੂੰ ਸਲਾਹ ਵੀ ਦਿੱਤੀ ਗਈ ਅਤੇ ਉਸ ਨੂੰ ਵਰਜਿਆ ਵੀ ਗਿਆ ਕਿ ਉਹ ਆਪਣੀ ਨਾਮਜ਼ਦਗੀ ਦਾਖ਼ਲ ਦਫ਼ਤਰ ਨਾ ਕਰੇ, ਪਰ ਉਹ ਢਿੱਲੀ ਨਾ ਪਈ ਅਤੇ ਉਚ ਕਮਾਨ ਦੇ ਹੁਕਮਾਂ ਨੂੰ ਨਾਜ਼ੁਕ ਸਿਹਤ ਹੋਣ ਦੇ ਬਾਵਜੂਦ ਮੰਨਣ ਦਾ ਫ਼ੈਸਲਾ ਕੀਤਾ।

ਕਿਸੇ ਵੀ ਉਮੀਦਵਾਰ ਨੂੰ ਨਾਮਜ਼ਦਗੀ ਕਾਗ਼ਜ਼ ਭਰਨ ਦੀ ਆਗਿਆ ਨਹੀਂ ਸੀ। ਕਾਗ਼ਜ਼ ਦੇਣ ਦੀ ਦਸੰਬਰ 10 ਆਖ਼ਰੀ ਤਾਰੀਕ ਸੀ ਅਤੇ ਇਸ ਦਿਨ ਪ੍ਰਾਂਤਕ ਪੱਧਰ 'ਤੇ ਨੇ ਗਣ ਸੰਗਰਾਮ ਪ੍ਰੀਸ਼ਦ ਬੰਦ ਦਾ ਐਲਾਨ ਕੀਤਾ ਹੋਇਆ ਸੀ। ਸਰਕਾਰ ਨੇ ਸੂਬੇ ਦੇ ਵੱਖ ਵੱਖ ਭਾਗਾਂ ਵਿਚ ਕਰਫਿਊ ਲਗਾ ਦਿਤਾ, ਗੁਹਾਟੀ ਵਿਚ ਵੀ। ਹਾਲਾਤ ਦਾ ਮੁਲੰਕਣ ਕਰ ਕੇ ਬੇਗ਼ਮ ਆਬਿਦਾ ਨੇ ਆਪਣੀ ਨਾਮਜ਼ਦਗੀ ਦੇ ਕਾਗ਼ਜ਼ ਇਕ ਅਧਿਕਾਰਤ ਬੰਦੇ ਰਾਹੀਂ ਭੇਜਣ ਦਾ ਫ਼ੈਸਲਾ ਕੀਤਾ। ਜ਼ਿਲ੍ਹਾ ਮੈਜਿਸਟਰੇਟ ਅਤੇ ਐਸ.ਪੀ. ਨੇ ਕਿਹਾ ਕਿ ਉਨ੍ਹਾਂ ਨੂੰ 100 ਕੰਪਨੀਆਂ ਪੁਲਿਸ ਬਲ ਲੋੜੀਂਦੇ ਸਨ, ਪਰ ਬਾਅਦ ਵਿਚ ਡੀ.ਸੀ. ਦੀ ਪਤਨੀ ਨੇ ਮੁੱਖ ਸਕੱਤਰ ਨੂੰ ਫ਼ੋਨ ਕੀਤਾ ਤੇ ਕਿਹਾ ਕਿ ਅੰਦੋਲਨਕਾਰੀ ਉਸ ਦੇ ਪਤੀ ਨੂੰ ਮਾਰਨ ਦੇ ਮਨਸੂਬੇ ਬਣਾ ਰਹੇ ਸਨ। ਡੀ.ਸੀ. ਤਾਂ ਛੁੱਟੀ 'ਤੇ ਚਲਾ ਗਿਆ ਅਤੇ ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਜ਼ਿਲ੍ਹਾ ਮੈਜਿਸਟਰੇਟ ਦੇ ਫ਼ਰਜ਼ ਨਿਭਾਏ। ਲੰਮੀ ਵਿਚਾਰ ਚਰਚਾ ਮਗਰੋਂ ਫ਼ੈਸਲਾ ਹੋਇਆ ਕਿ ਪ੍ਰਸਤਾਵ ਰੱਖਣ ਵਾਲੇ ਦੀ ਸਹੀ ਤਰੀਕੇ ਨਾਲ ਸੁਰੱਖਿਆ ਕੀਤੀ ਜਾਵੇ। ਉਹ ਥਾਂ ਜਿਥੇ ਨਾਮਜ਼ਦਗੀਆਂ ਦੇ ਕਾਗ਼ਜ਼ ਦਾਖਲ ਹੋਣੇ ਸਨ, ਗੁਹਾਟੀ ਤੋਂ 75 ਮੀਲ ਦੂਰ ਸੀ। ਹਾਲਾਤ ਦਾ ਜਾਇਜ਼ਾ ਲੈ ਕੇ ਗਿੱਲ ਨੇ ਕਿਹਾ- ਇਕ ਕੰਪਨੀ ਨਾਲ ਕੰਮ ਚੱਲ ਸਕਦਾ ਸੀ ਅਤੇ ਪੇਸ਼ਕਸ਼ ਕੀਤੀ ਕਿ ਉਹ ਉਨ੍ਹਾਂ ਦੇ ਨਾਲ ਹੀ ਚੱਲੇਗਾ। ਕਾਰਜਕਾਰੀ ਜ਼ਿਲ੍ਹਾ ਮੈਜਿਸਟਰੇਟ ਸੀ, ਐਸ.ਪੀ. ਕਮਿਸ਼ਨਰ ਅਤੇ ਗਿੱਲ ਇਕੱਠੇ ਹੀ ਉਸ ਆਦਮੀ ਦੀ ਸੁਰੱਖਿਆ ਲਈ ਨਾਲ ਗਏ ਜਿਸ ਨੇ ਬੇਗ਼ਮ ਆਬਿਦਾ ਦੇ ਨਾਮਜ਼ਦਗੀ ਕਾਗ਼ਜ਼ ਦਾਖ਼ਲ ਕਰਨੇ ਸਨ ਤੇ ਨਾਮਜ਼ਦਗੀ ਦਾਖ਼ਲ ਹੋ ਗਈ ਸੀ।

ਇਸ ਦੌਰਾਨ ਰੋਸ ਕਰਨ ਵਾਲਿਆਂ 'ਚੋਂ ਇਕ ਮੁੰਡਾ ਜੋ ਪੁਲਿਸ ਤੋਂ ਪਰ੍ਹੇ ਭੱਜ ਰਿਹਾ ਸੀ, ਹੋਰਨਾਂ ਨਾਲ ਪਾਣੀ ਦੇ ਤਲਾਅ ਵਿਚ ਡਿੱਗ ਪਿਆ ਅਤੇ ਉਸ ਦੀ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਗਿੱਲ ਖਿਲਾਫ ਕੇਸ ਦਰਜ ਕੀਤਾ ਗਿਆ ਜਿਸ ਵਿਚ ਕਿਹਾ ਗਿਆ ਸੀ ਕਿ ਗਿੱਲ ਨਿਰਦਈ ਕਾਤਲ ਸੀ। ਅੰਦੋਲਨਕਾਰੀ ਵਿਦਿਆਰਥੀਆਂ ਨੇ ਗਿੱਲ ਦੇ ਘਰ ਦੇ ਸਾਹਮਣੇ ਜਲੂਸ ਕੱਢਿਆ, ਉਹ ਨਾਹਰੇ ਲਾ ਰਹੇ ਸਨ- ਗਿੱਲ ਕਾਤਲ ਹੈ, ਗਿੱਲ ਕਾਤਲ ਹੈ। ਗਿੱਲ ਨੂੰ ਇਸ ਕੇਸ ਵਿਚ ਕੁਝ ਦਿਨ ਪਿਛੋਂ ਵਿਸ਼ਰਾਮ 'ਤੇ ਜਾਣਾ ਪੈਣਾ ਸੀ, ਇੰਨੇ ਨੂੰ ਗਣ ਸੰਗਰਾਮ ਪ੍ਰੀਸ਼ਦ ਦੇ ਅੰਦੋਲਨ ਨੇ ਨਾਊਗੌਂਗ 'ਚ ਫਿਰਕੂ ਘਟਨਾਵਾਂ ਦੀ ਅਗਵਾਈ ਕੀਤੀ। ਸਰਕਾਰ ਨੇ ਗਿੱਲ ਨੂੰ ਉਥੇ ਤਾਇਨਾਤ ਕਰ ਦਿੱਤਾ। ਨਾਊਗੌਂਗ ਵਿਚ ਗਿੱਲ ਨੂੰ ਪਤਾ ਲੱਗਾ ਕਿ ਫਿਰਕੂ ਘਟਨਾਵਾਂ ਪਿੱਛੇ ਤਿੰਨ ਆਗੂ ਸਨ। ਉਸ ਨੇ ਗੈਸਟ ਹਾਊਸ ਦੇ ਕਮਰੇ ਵਿਚ ਤਿੰਨੇ ਆਗੂਆਂ ਨਾਲ ਮੀਟਿੰਗ ਕੀਤੀ, ਗਿੱਲ ਨੇ ਦਰਵਾਜ਼ਾ ਅੰਦਰੋਂ ਬੰਦ ਕਰ ਦਿੱਤਾ ਅਤੇ ਆਪ ਮੇਜ਼ ਦੇ ਇਕ ਪਾਸੇ ਸੀਟ 'ਤੇ ਬੈਠ ਗਿਆ। ਸ਼ਾਂਤ ਢੰਗ ਨਾਲ ਗਿੱਲ ਨੇ ਆਪਣਾ ਪਿਸਤੌਲ ਕੱਢਿਆ ਅਤੇ ਮੇਜ਼ ਉਤੇ ਰੱਖ ਦਿੱਤਾ, ਤੇ ਸਖ਼ਤ ਆਵਾਜ਼ ਵਿਚ ਕਿਹਾ, "ਤੁਹਾਨੂੰ ਪਤਾ ਕਿ ਮੇਰੇ ਖ਼ਿਲਾਫ਼ ਕਤਲ ਦਾ ਕੇਸ ਹੈ, ਜੇ ਮੈਂ ਇਕ ਨੂੰ ਮਾਰ ਸਕਦਾ ਹਾਂ ਤਾਂ ਹੋਰਾਂ ਨੂੰ ਵੀ ਮਾਰ ਸਕਦਾ ਹਾਂ। ਜੇ ਇਹ ਹਿੰਸਾ ਤਿੰਨ ਘੰਟਿਆਂ ਵਿਚ ਨਾ ਰੁਕੀ ਤਾਂ ਤੁਹਾਡੇ ਵਿਚੋਂ ਕੋਈ ਵੀ ਇਸ ਕਮਰੇ 'ਚੋਂ ਜਿਉਂਦਾ ਵਾਪਸ ਨਹੀਂ ਮੁੜੇਗਾ।"

ਆਗੂ ਭੈਅਭੀਤ ਹੋ ਗਏ ਅਤੇ ਗਿੱਲ ਨੂੰ ਕੁਝ ਫ਼ੋਨ ਕਰਨ ਲਈ ਬੇਨਤੀ ਕਰਨ ਲੱਗੇ। ਉਨ੍ਹਾਂ ਸਭ ਨੇ ਕੁਝ ਫ਼ੋਨ ਕੀਤੇ ਤੇ ਕੁਝ ਘੰਟਿਆਂ ਵਿਚ ਹੀ ਸਭ ਫਿਰਕੂ ਸਰਗਰਮੀਆਂ ਦਾ ਖ਼ਾਤਮਾ ਹੋ ਗਿਆ। ਗਿੱਲ ਉਥੇ ਕੁਝ ਦਿਨ ਰੁਕਿਆ, ਜਦ ਤਕ ਹਿੰਸਾ ਖ਼ਤਮ ਨਾ ਹੋ ਗਈ, ਉਸ ਪਿਛੋਂ ਗੁਹਾਟੀ ਆ ਗਿਆ।

ਗਿੱਲ ਨੇ ਕਤਲ ਕੇਸ ਵਿਚ ਦਿੱਲੀ ਅਦਾਲਤ ਤੋਂ ਮੋਹਲਤ ਲਈ ਸੀ ਕਿਉਂਕਿ ਕੇਸ ਦਿੱਲੀ



ਤਬਦੀਲ ਹੋ ਗਿਆ ਸੀ। ਦਲੀਲਾਂ ਸੁਣੀਆਂ ਗਈਆਂ ਤੇ ਕੇਸ ਦਾ ਫ਼ੈਸਲਾ ਹੋ ਗਿਆ, ਗਿੱਲ ਨੂੰ ਬੇਕਸੂਰ ਐਲਾਨਿਆ ਗਿਆ।

---

ਗਿੱਲ ਦੇ ਆਸਾਮ ਵਿਚ ਰਹਿੰਦਿਆਂ ਸਮੁੱਚੇ ਕਾਰਜਕਾਲ ਦਾ ਮੁਲੰਕਣ ਕਰਦਿਆਂ 1970 ਬੈਚ ਦੇ ਆਈ.ਪੀ.ਐਸ. ਅਫਸਰ ਐਸ.ਆਰ. ਮਹਿਰਾ ਦੱਸਦੇ ਹਨ- "ਮੇਰੇ 40 ਸਾਲਾਂ ਦੀ ਨੌਕਰੀ ਦੌਰਾਨ ਅਤੇ ਸਾਰੀ ਜ਼ਿੰਦਗੀ 'ਚ, ਮੈਂ ਕਦੀ ਅਜਿਹੇ ਅਫ਼ਸਰ ਨੂੰ ਨਹੀਂ ਮਿਲਿਆ ਜਿਸ ਦੀ ਸਰੀਰਕ ਦਿੱਖ, ਮਾਨਸਿਕ ਕਾਬਲੀਅਤ ਅਤੇ ਸਮਰੱਥਾ ਗਿੱਲ ਨਾਲ ਮੇਲ ਖਾਂਦੀ ਹੋਵੇ। ਮੇਰੇ ਲਈ ਉਹ ਸਭ ਮਾਣਮੱਤੇ ਅਤੇ ਤਿਆਗ ਵਾਲੇ ਲੋਕ ਹਨ, ਪਰ ਗਿੱਲ ਦੇ ਸਾਹਮਣੇ ਤੁੱਛ ਹਨ। ਹੋਰ ਜਿਨ੍ਹਾਂ ਨਾਲ ਮੈਂ ਨੌਕਰੀ ਕੀਤੀ, ਉਨ੍ਹਾਂ ਵਿਚ ਫ਼ੈਸਲਾ ਕਰਨ ਦੀ ਸਮਰੱਥਾ ਹੀ ਨਹੀਂ ਸੀ, ਉਹ ਕਿਸੇ ਸਿਧਾਂਤ 'ਤੇ ਨਹੀਂ ਸਨ ਖਲੋਂਦੇ। ਚੁਣੌਤੀਆਂ ਤੋਂ ਡਰ ਜਾਂਦੇ ਸਨ। ਉਹ ਹਾਲਾਤ ਨੂੰ ਜਿਉਂ ਦਾ ਤਿਉਂ ਬਣਾਈ ਰੱਖਣ ਵਿਚ ਯਕੀਨ ਰੱਖਦੇ ਸਨ। ਗਿੱਲ ਬੁੱਧੀਵਾਲਾ, ਜੁਗਤੀ, ਸ਼ਾਨਦਾਰ ਯੋਜਨਾਕਾਰ, ਪ੍ਰੇਰਕ ਅਤੇ ਵਿਲੱਖਣ ਸ਼ਖ਼ਸੀਅਤ ਸੀ। ਸ਼ਾਇਦ ਉਸ ਦੀ ਇਕੋ ਕਮਜ਼ੋਰੀ ਸੀ- ਉਹ ਤੁਹਾਡੀ ਹਮਾਇਤ ਕਰਦਾ, ਭਾਵੇਂ ਤੁਹਾਡਾ ਦੋਸ਼ ਵੀ ਕਿਉਂ ਨਾ ਹੋਵੇ; ਪਰ ਇਹ ਉਦੋਂ ਕਰਦਾ ਜਦੋਂ ਤੁਸੀਂ ਉਸ ਦੇ ਅਸੂਲਾਂ ਪ੍ਰਤੀ ਵਫ਼ਾਦਾਰ ਹੁੰਦੇ ਸੀ। ਇਹ ਗੁਣ ਕਮਜ਼ੋਰੀ ਵੀ ਬਣ ਜਾਂਦਾ ਸੀ, ਕਿਉਂਕਿ ਕੁਝ ਲੋਕ ਉਸ ਦੇ ਵਰਤ ਵਰਤਾਓ ਦੇ ਤਰੀਕੇ ਵਿਚ ਵਿਸ਼ਵਾਸ ਨਹੀਂ ਸਨ ਰੱਖਦੇ। ਇਸੇ ਕਰ ਕੇ ਉਸੇ ਅਨੁਪਾਤ ਵਿਚ ਉਨ੍ਹਾਂ ਨੂੰ ਮਦਦ ਮਿਲਦੀ ਸੀ। ਕਿਸੇ ਵੇਲੇ ਲੋਕ ਉਸ ਦੀ ਇਸ ਕਮਜ਼ੋਰੀ ਦਾ ਨਜਾਇਜ਼ ਲਾਹਾ ਵੀ ਉਠਾ ਲੈਂਦੇ ਸਨ। ਉਹ ਮਦਦ ਕਰਨ ਵੇਲੇ ਉਨ੍ਹਾਂ ਦੀ ਪਿੱਠ ਪਿੱਛੇ ਤਾਕਤ ਦੇ ਥੰਮ੍ਹ ਵਾਂਗ ਖਲੋ ਜਾਂਦਾ ਸੀ।"

ਜਿਵੇਂ ਪਹਿਲਾਂ ਜ਼ਿਕਰ ਕਰ ਆਏ ਹਾਂ, ਇਕ ਪੜਤਾਲ ਕਮਿਸ਼ਨ ਆਸਾਮ ਸਰਕਾਰ ਨੇ ਬਿਠਾਇਆ ਸੀ। ਕਮਿਸ਼ਨ ਨੇ ਵੱਖ ਵੱਖ ਪੁਲਿਸ ਅਤੇ ਸਿਵਲ ਅਫ਼ਸਰਾਂ ਨੇ ਸਿਵਲ ਸੁਸਾਇਟੀ, ਮਨੁੱਖੀ ਅਧਿਕਾਰਾਂ ਦੇ ਕਾਰਕੁਨ ਆਦਿ ਨੂੰ ਸੱਦਣਾ ਸ਼ੁਰੂ ਕਰ ਦਿੱਤਾ। ਗਿੱਲ ਨੂੰ ਵੀ ਜੰਮੂ ਤੋਂ ਆ ਕੇ ਆਪਣਾ ਬਿਆਨ ਦਰਜ ਕਰਾਉਣ ਲਈ ਕਿਹਾ ਗਿਆ। ਗਿੱਲ ਨੇ ਆ ਕੇ ਕੀ ਕਿਹਾ, ਉਹ ਇਹ ਦਰਸਾਉਂਦਾ ਸੀ ਕਿ ਲੋਕ ਕਥਾਵਾਂ ਕਿੰਝ ਬਣਦੀਆਂ ਹਨ! ਇਸ ਸਾਰੀ ਗੱਲਬਾਤ ਨੂੰ ਸਜੀਵਤਾ ਨਾਲ ਮੇਘਾਲਿਆ ਦੇ ਸਾਬਕਾ ਡੀ.ਜੀ.ਪੀ. ਸ੍ਰੀ ਰਾਮਾਚੰਦਰਨ ਨੇ ਬਿਆਨ ਕੀਤਾ ਹੈ। ਸਾਰਾਂਸ਼ ਇਉਂ ਹੈ: "ਆਗੂ ਹੋਣ ਦੇ ਨਾਤੇ ਗਿੱਲ ਦੀ ਸ਼ਖ਼ਸੀਅਤ ਦੀ ਸਭ ਨਾਲੋਂ ਵੱਡੀ ਤਾਕਤ ਇਹ ਹੈ ਕਿ ਉਹ ਆਪਣੇ ਅਧੀਨ ਕੰਮ ਕਰਨ ਵਾਲਿਆਂ ਦੇ ਕੀਤੇ ਕੰਮ ਦੀ ਖ਼ੁਦ ਪੂਰੀ ਜ਼ਿੰਮੇਵਾਰੀ ਚੁੱਕ ਲੈਂਦਾ ਸੀ। ਇਕ ਵਾਰ ਉਹ ਹੁਕਮ ਦੇ ਦਿੰਦਾ ਹੈ, ਤੇ ਜੇ ਕੋਈ ਅਫ਼ਸਰ ਉਸ ਵਲੋਂ ਦਿੱਤੇ ਆਦੇਸ਼ ਨੂੰ ਭਰੋਸੇ ਨਾਲ ਮੰਨਦਾ ਹੈ, ਉਸ ਪਿਛੋਂ ਜੋ ਵੀ ਸਿੱਟੇ ਨਿਕਲਣ, ਇਸ ਦੀ ਜ਼ਿੰਮੇਵਾਰੀ ਗਿੱਲ ਆਪਣੇ ਉਤੇ ਲੈਂਦਾ ਹੈ। ਉਹ ਕਿਸੇ ਨੂੰ ਵੀ ਆਪਣੇ ਮਾਤਹਿਤਾਂ ਦਾ ਪਿੱਛਾ ਨਹੀਂ ਕਰਨ ਦਿੰਦਾ। ਉਹ ਉਨ੍ਹਾਂ ਨੂੰ ਬਚਾਉਂਦਾ ਸੀ ਅਤੇ ਕਹਿੰਦਾ ਸੀ- ਮੈਂ ਇਹ ਨਿਰਦੇਸ਼ ਦਿੱਤੇ ਸਨ ਤਾਂ ਤੁਸੀਂ ਮੇਰੇ ਨਾਲ ਗੱਲ ਕਰ ਸਕਦੇ ਹੋ। 1983 ਵਿਚ ਆਸਾਮ ਚੋਣਾਂ ਵਿਚ ਵੱਡੀ ਪੱਧਰ 'ਤੇ ਹਿੰਸਾ ਹੋਈ, ਪਰ ਸਾਰਾ ਕੁਝ ਅਸਾਧਾਰਨ ਹੋਣ ਦੇ ਬਾਵਜੂਦ, ਚੋਣਾਂ ਫਿਰ ਵੀ ਸਿਰੇ ਚੜ੍ਹ ਗਈਆਂ, ਕਿਉਂਕਿ ਇਸ ਦਾ ਫਰਮਾਨ ਪੁਲਿਸ ਪ੍ਰਸ਼ਾਸਨ ਨੂੰ ਦਿੱਤਾ ਗਿਆ ਸੀ।...

ਨਵੀਂ ਚੁਣੀ ਸਰਕਾਰ ਦਾ ਨੇਤਾ ਹਿਤੇਸ਼ਵਰ ਸੈਕੀਆ ਮੁੱਖ ਮੰਤਰੀ ਸੀ। ਨਵੀਂ ਸਰਕਾਰ ਨੇ ਪੜਤਾਲ ਕਮਿਸ਼ਨ ਕਾਇਮ ਕੀਤਾ ਸੀ ਤਾਂ ਜੋ ਹਿੰਸਾ ਦੀਆਂ ਘਟਨਾਵਾਂ ਦੀ ਜਾਂਚ ਹੋ ਸਕੇ। ਜਦੋਂ ਪੜਤਾਲ ਕਮਿਸ਼ਨ ਆਪਣੀ ਕਾਰਵਾਈ ਅੱਗੇ ਵਧਾ ਰਿਹਾ ਸੀ, ਗਿੱਲ ਡੈਪੂਟੇਸ਼ਨ 'ਤੇ ਜੰਮੂ 'ਚ ਆਈ.ਜੀ., ਬੀ.ਐਸ.ਐਫ਼. ਸੀ। ਮੈਂ ਐਸ.ਪੀ. ਕਾਮਰੂਪ ਸਾਂ ਅਤੇ ਮੇਰੀ ਡਿਊਟੀ ਸੀਨੀਅਰ ਅਫ਼ਸਰਾਂ ਦੀ ਸੁਰੱਖਿਆ 'ਤੇ ਸੀ, ਉਨ੍ਹਾਂ ਨੂੰ ਉਸ ਥਾਂ 'ਤੇ ਲੈ ਕੇ ਜਾਣਾ ਜਿਥੇ ਉਨ੍ਹਾਂ ਪੜਤਾਲ ਕਮਿਸ਼ਨ ਦੇ ਅੱਗੇ ਹਲਫੀਆ ਬਿਆਨ ਦੇਣਾ ਹੁੰਦਾ ਸੀ।... ਮੈਂ ਇਹ ਦੇਖ ਕੇ ਭੈਅਭੀਤ ਹੋ ਗਿਆ ਕਿ ਬਹੁਤੇ ਸੀਨੀਅਰ ਅਫ਼ਸਰ ਆਉਂਦੇ ਕਮਿਸ਼ਨ ਅੱਗੇ ਬਿਆਨ ਇਸ ਤਰ੍ਹਾਂ ਦਿੰਦੇ ਜਿਵੇਂ ਉਨ੍ਹਾਂ ਕੋਈ ਅਨੋਖਾ ਕਾਰਜ ਕੀਤਾ ਸੀ, ਪਰ ਦੂਜਿਆਂ ਦੀਆਂ ਗ਼ਲਤੀਆਂ ਜਾਂ ਘਾਟਾਂ ਕਰ ਕੇ, ਉਨ੍ਹਾਂ ਨੂੰ ਵਧੀਆ ਨਤੀਜੇ ਨਹੀਂ ਮਿਲ ਸਕੇ। ਬਹੁਤਿਆਂ ਦੇ ਬਿਆਨ ਦੀ ਮੂਲ ਸਮੱਸਿਆ ਇਹੋ ਸੀ। ਸੀਨੀਅਰ ਅਫ਼ਸਰਾਂ ਵਲੋਂ ਕਹਾਣੀਆਂ ਪਾ ਕੇ ਰੋਂਦੇ ਸਨ- 'ਮੈਂ ਤਾਂ ਆਪਣੇ ਸੁਪਰਡੈਂਟਾਂ ਨੂੰ ਹੁਕਮ ਦਿੱਤਾ ਸੀ, ਪਰ ਉਹ ਚੰਗੀ ਕਾਰਗੁਜ਼ਾਰੀ ਨਹੀਂ ਦਿਖਾ ਸਕੇ, ਜਾਂ ਫਲਾਣੇ ਐਸ.ਪੀ. ਨੇ ਸਹੀ ਕੰਮ ਨਹੀਂ ਸੀ ਕੀਤਾ।...

ਤਦ ਗਿੱਲ ਦੀ ਵਾਰੀ ਆਈ। ਉਹ ਜੰਮੂ ਤੋਂ ਆਇਆ ਸੀ। ਮੈਂ ਉਸ ਨੂੰ ਹਵਾਈ ਅੱਡੇ 'ਤੇ ਲੈਣ ਗਿਆ। ਜਿਸ ਦਿਨ ਉਹ ਆਇਆ, ਕਾਫ਼ੀ ਵੱਡੀ ਗਿਣਤੀ ਵਿਚ ਮੀਡੀਆ ਦੇ ਬੰਦੇ ਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਕਰਿੰਦੇ ਇਕੱਠੇ ਹੋਏ ਹੋਏ ਸਨ। ਲੋਕ ਉਨ੍ਹਾਂ ਸੜਕਾਂ ਦੇ ਦੋਹੀਂ ਪਾਸੀਂ ਖਲੋਤੇ ਸਨ, ਜਿਥੋਂ ਮੈਂ ਗਿੱਲ ਨੂੰ ਲੈ ਕੇ ਲੰਘਣਾ ਸੀ। ਲੋਕ ਆਪਣੇ ਬੱਚਿਆਂ ਨੂੰ, ਪੋਤੇ ਪੋਤੀਆਂ ਨੂੰ ਗਿੱਲ ਦੀ ਝਲਕ ਦਿਖਾਉਣ ਖ਼ਾਤਰ ਲੈ ਕੇ ਆਏ ਹੋਏ ਸਨ। ਉਹ ਦੰਦ ਕਥਾ ਜਿਸ ਦੀ ਬਹਾਦਰੀ ਦੇ ਕਿੱਸੇ ਲੋਕ ਆਪਣੇ ਬੱਚਿਆਂ ਨੂੰ ਲੰਮੇ ਸਮੇਂ ਤੋਂ ਸੁਣਾਉਂਦੇ ਆਏ ਸਨ। ਜਦ ਲੋਕਾਂ ਨੂੰ ਗਿੱਲ ਥੋੜ੍ਹਾ ਕੁ ਦਿਸ ਜਾਂਦਾ, ਸਾਰੇ ਰਾਹ ਲੋਕ ਤਾੜੀਆਂ ਮਾਰਦੇ। ਜਿਉਂ ਹੀ ਉਹ ਹਾਲ ਅੰਦਰ ਵੜਿਆ, ਮੈਂ ਕਮਿਸ਼ਨ ਦੇ ਮੈਂਬਰਾਂ ਦੇ ਸਰੀਰਕ ਹਾਵ-ਭਾਵ ਅਤੇ ਨਜ਼ਰਾਂ ਤੋਂ ਅੰਦਾਜ਼ਾ ਲਗਾ ਸਕਦਾ ਸੀ। ਲੋਕ ਜੋ ਹਾਲ ਵਿਚ ਜੁੜੇ ਸਨ, ਉਹ ਗਿੱਲ ਨੂੰ ਮੁੜ ਉਨ੍ਹਾਂ ਵਿਚਕਾਰ ਦੇਖ ਕੇ ਬੇਹੱਦ ਪ੍ਰਭਾਵਤ ਹੋਏ।

ਕਮਿਸ਼ਨ ਦੇ ਇਕ ਮੈਂਬਰ ਜੋ ਸਾਬਕਾ ਜੱਜ ਸੀ ਨੇ ਹਮਲਾਵਰ ਲਹਿਜ਼ੇ 'ਚ ਸਵਾਲ ਪੁੱਛਣੇ ਸ਼ੁਰੂ ਕੀਤੇ, ਖ਼ਾਸ ਕਰ ਕੇ ਪੁਲਿਸ ਸੁਪਰਡੈਂਟਾਂ ਖਿਲਾਫ; ਉਪਲਬਧੀਆਂ ਦਾ ਵਿਸਥਾਰ ਸੁਣ ਕੇ ਗਿੱਲ ਨੇ ਆਪਣਾ ਹੱਥ ਖੜ੍ਹਾ ਕੀਤਾ, ਇਹ ਦੱਸਣ ਲਈ ਕਿ ਉਹ ਆਪਣਾ ਬਿਆਨ ਦੇਣਾ ਚਾਹੁੰਦਾ ਸੀ। ਉਸ ਨੇ ਕਿਹਾ, 'ਮੀ ਲਾਰਡ, ਹਿੰਸਾ ਦੇ ਦਿਨਾਂ ਵਿਚ ਮੇਰੇ ਐਸ.ਪੀ., ਮੇਰੇ ਸਿਪਾਹੀਆਂ, ਮੇਰੇ ਹੋਰ ਮੁੰਡਿਆਂ ਨੇ ਉਹ ਕੁਝ ਕੀਤਾ, ਜੋ ਹਾਲਾਤ ਨੂੰ ਬਚਾਉਣ ਲਈ ਕਰਨਾ ਬਣਦਾ ਸੀ। ਕਈ ਕੇਸਾਂ ਵਿਚ ਉਹ ਜ਼ਿੰਦਗੀਆਂ ਬਚਾਉਣ 'ਚ ਸਫ਼ਲ ਰਹੇ, ਲੋਕਾਂ ਦੀਆਂ ਸੰਪਤੀਆਂ ਬਚਾ ਸਕੇ, ਪਰ ਕੁਝ ਹਾਲਾਤ ਵਿਚ ਅਤਿ ਦੀ ਹਿੰਸਾ ਹੋਈ ਅਤੇ ਮੇਰੇ ਮੁੰਡਿਆਂ ਦੇ ਯਤਨਾਂ ਨੂੰ ਕਾਮਯਾਬੀ ਨਾ ਮਿਲ ਸਕੀ। ਮੈਂ ਜਿਹੜਾ ਨੁਕਤਾ ਦੱਸਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਭਾਵੇਂ ਇਹ ਸਫ਼ਲਤਾ ਮਿਲੀ ਜਾਂ ਹਾਰ, ਹਰ ਫ਼ੈਸਲਾ, ਹਰ ਕਾਰਵਾਈ ਜੋ ਮੇਰੇ ਪੁਲਿਸ ਸੁਪਰਡੈਂਟਾਂ ਨੇ ਕੀਤੀ, ਮੇਰੇ ਨਿੱਜੀ ਹੁਕਮਾਂ ਦੇ ਆਧਾਰ 'ਤੇ ਕੀਤੀ ਸੀ। ਮੈਂ ਆਪਣੇ ਸੁਪਰਡੈਂਟ ਦੀ, ਫੀਲਡ ਅਫ਼ਸਰ ਦੀ ਕੀਤੀ ਹਰ ਕਾਰਵਾਈ ਦੀ ਪੂਰੀ ਜ਼ਿੰਮੇਵਾਰੀ ਆਪਣੇ ਸਿਰ ਲੈਂਦਾ ਹਾਂ। ਜਿਹੜੀ ਵੀ ਸਜ਼ਾ ਬਣਦੀ ਹੋਵੇ, ਮੈਨੂੰ ਦਿੱਤੀ ਜਾਵੇ'।

ਬਿਆਨ ਦੇਣ ਤੋਂ ਬਾਅਦ ਗਿੱਲ ਰੁਕ ਗਏ। ਗਿੱਲ ਦੇ ਬਿਆਨ ਪਿਛੋਂ ਸਾਰੇ ਪਾਸੇ ਚੁੱਪ ਵਰਤ ਗਈ। ਉਸ ਦਿਨ ਲਈ ਅਦਾਲਤ ਉਠ ਗਈ। ਉਸ ਜਾਂਚ ਪੜਤਾਲ ਦਾ ਸਿੱਟਾ ਇਹ ਨਿਕਲਿਆ ਕਿ ਕਿਸੇ ਨੂੰ ਵੀ ਕੋਈ ਸਜ਼ਾ ਨਹੀਂ ਸੀ ਹੋਈ, ਗਿੱਲ ਨੇ ਆਪਣੇ ਮਾਤਹਿਤਾਂ ਨੂੰ ਸਜ਼ਾ ਤੋਂ ਬਚਾ ਲਿਆ ਸੀ।"

ਆਸਾਮ ਦਾ ਮੁੱਖ ਸਕੱਤਰ ਵੀ.ਐਸ. ਜਾਫ਼ਾ ਕਹਿੰਦਾ ਹੈ, "ਗਿੱਲ ਸਾਊ ਆਤਮਾ ਹੈ, ਪਰ ਨਿਯਮ ਤੇ ਕਾਨੂੰਨ ਨੂੰ ਮੰਨਣ ਦੇ ਪ੍ਰਸੰਗ ਵਿਚ ਜੇ ਨਿਯਮ ਤੋਂ ਭੋਰਾ ਇਧਰ-ਉਧਰ ਹੁੰਦਾ ਫੜਿਆ ਗਿਆ ਤਾਂ ਉਹ ਆਪਣੇ ਪੁੱਤਰ ਨੂੰ ਵੀ ਨਹੀਂ ਬਖ਼ਸ਼ੇਗਾ।"

ਮੇਘਾਲਿਆ ਦੇ ਪੁਲਿਸ ਮੁਖੀ ਰਹੇ ਪੀਟਰ ਹਨਾਮੈਨ ਕਹਿੰਦੇ ਨੇ, "ਗਿੱਲ ਅਸਲ ਜੀਵਨ ਵਿਚ ਵੱਡਾ ਨਾਇਕ ਹੈ। ਅਸੀਂ ਤਾਂ ਉਸ ਦੇ ਚੇਲੇ ਹਾਂ। ਉਸ ਕੋਲੋਂ ਅਸੀਂ ਮਹਾਨ ਸਬਕ ਸਿੱਖੇ ਹਨ।"

ਪੜਤਾਲ ਕਮਿਸ਼ਨ ਨੂੰ ਬਿਆਨ ਦੇ ਕੇ ਗਿੱਲ ਮੁੜ ਜੰਮੂ ਚਲਾ ਗਿਆ। ਆਸਾਮ 'ਚ ਗਿੱਲ ਦਾ ਸਮੁੱਚਾ ਲੇਖਾ-ਜੋਖਾ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਉਹ ਜ਼ਿੰਦਗੀ ਦੇ ਬਨਿਸਬਤ ਵੱਡਾ ਬੰਦਾ ਸੀ ਜਿਸ ਨੂੰ ਮੀਡੀਆ ਨੇ ਨਹੀਂ ਬਣਾਇਆ, ਕਿਉਂਕਿ ਹੁਣ ਦੀ ਕਿਸਮ ਦਾ ਮੀਡੀਆ ਉਸ ਵੇਲੇ ਨਹੀਂ ਹੁੰਦਾ ਸੀ। ਉਸ ਦਾ ਅਕਸ ਉਸ ਦੇ ਕੀਤੇ ਕੰਮਾਂ ਕਰ ਕੇ ਬਣਿਆ ਸੀ। ਉਹ ਅਜਿਹਾ ਬੰਦਾ ਹੈ ਜਿਸ ਨੂੰ ਜਿਨ੍ਹਾਂ ਹਾਲਾਤ ਵਿਚ ਵੀ ਰੱਖਿਆ ਗਿਆ, ਉਸ ਨੇ ਉਨ੍ਹਾਂ ਦੀਆਂ ਹੱਦਬੰਦੀਆਂ ਵਿਚ ਕੰਮ ਕਰਦਿਆਂ, ਉਨ੍ਹਾਂ ਹਾਲਾਤ ਨੂੰ ਨਵੀਂ ਦਿਸ਼ਾ ਦਿੱਤੀ ਅਤੇ ਹਾਲਾਤ ਬਦਲਣ ਦੇ ਯੋਗ ਬਣਿਆ। ਇਸੇ ਤਰ੍ਹਾਂ ਦਾ ਵਤੀਰਾ ਆਪਣੇ ਨਾਲ ਲੈ ਕੇ ਉਹ ਪੰਜਾਬ ਆਇਆ ਸੀ।




*ਤਦ ਕੇ.ਪੀ.ਐਸ. ਗਿੱਲ ਦੀ ਵਾਰੀ ਆਈ। ਉਹ ਜੰਮੂ ਤੋਂ ਆਇਆ ਸੀ। ਉਸ ਨੇ ਕਿਹਾ, 'ਮੀ ਲਾਰਡ, ਹਿੰਸਾ ਦੇ ਦਿਨਾਂ ਵਿਚ ਮੇਰੇ ਐਸ.ਪੀ., ਮੇਰੇ ਸਿਪਾਹੀਆਂ, ਮੇਰੇ ਹੋਰ ਮੁੰਡਿਆਂ ਨੇ ਉਹ ਕੁਝ ਕੀਤਾ, ਜੋ ਹਾਲਾਤ ਨੂੰ ਬਚਾਉਣ ਲਈ ਕਰਨਾ ਬਣਦਾ ਸੀ। ਕਈ ਕੇਸਾਂ ਵਿਚ ਉਹ ਜ਼ਿੰਦਗੀਆਂ ਬਚਾਉਣ 'ਚ ਸਫ਼ਲ ਰਹੇ, ਲੋਕਾਂ ਦੀਆਂ ਸੰਪਤੀਆਂ ਬਚਾ ਸਕੇ, ਪਰ ਕੁਝ ਹਾਲਾਤ ਵਿਚ ਅਤਿ ਦੀ ਹਿੰਸਾ ਹੋਈ ਅਤੇ ਮੇਰੇ ਮੁੰਡਿਆਂ ਦੇ ਯਤਨਾਂ ਨੂੰ ਕਾਮਯਾਬੀ ਨਾ ਮਿਲ ਸਕੀ। ਮੈਂ ਜਿਹੜਾ ਨੁਕਤਾ ਦੱਸਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਭਾਵੇਂ ਇਹ ਸਫ਼ਲਤਾ ਮਿਲੀ ਜਾਂ ਹਾਰ, ਹਰ ਫ਼ੈਸਲਾ, ਹਰ ਕਾਰਵਾਈ ਜੋ ਮੇਰੇ ਪੁਲਿਸ ਸੁਪਰਡੈਂਟਾਂ ਨੇ ਕੀਤੀ, ਮੇਰੇ ਨਿੱਜੀ ਹੁਕਮਾਂ ਦੇ ਆਧਾਰ 'ਤੇ ਕੀਤੀ ਸੀ। ਮੈਂ ਆਪਣੇ ਸੁਪਰਡੈਂਟ ਦੀ, ਫੀਲਡ ਅਫ਼ਸਰ ਦੀ ਕੀਤੀ ਹਰ ਕਾਰਵਾਈ ਦੀ ਪੂਰੀ ਜ਼ਿੰਮੇਵਾਰੀ ਆਪਣੇ ਸਿਰ ਲੈਂਦਾ ਹਾਂ। ਜਿਹੜੀ ਵੀ ਸਜ਼ਾ ਬਣਦੀ ਹੋਵੇ, ਮੈਨੂੰ ਦਿੱਤੀ ਜਾਵੇ'।*

*ਬਿਆਨ ਦੇਣ ਤੋਂ ਬਾਅਦ ਗਿੱਲ ਰੁਕ ਗਏ। ਸਾਰੇ ਪਾਸੇ ਚੁੱਪ ਵਰਤ ਗਈ। ਉਸ ਦਿਨ ਲਈ ਅਦਾਲਤ ਉਠ ਗਈ। ਉਸ ਜਾਂਚ ਪੜਤਾਲ ਦਾ ਸਿੱਟਾ ਇਹ ਨਿਕਲਿਆ ਕਿ ਕਿਸੇ ਨੂੰ ਵੀ ਕੋਈ ਸਜ਼ਾ ਨਹੀਂ ਸੀ ਹੋਈ*


# ਕੋਠੀ ਲੱਗਿਆਂ 'ਤੇ ਇੱਕ ਪਾਰਕੀ ਸੱਥ ਚਰਚਾ

## ਦੁੱਖ ਪਰਦੇਸਾਂ ਦੇ

***ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਹੋ ਜੀਵਨ ਹੈ ਜਿਸ ਨੂੰ ਪ੍ਰਿੰ. ਬਲਕਾਰ ਸਿੰਘ ਬਾਜਵਾ ਨੇ 'ਕੋਠੀ ਲੱਗਣਾ' ਕਿਹਾ ਹੈ। ਇਸ ਲੇਖ ਲੜੀ ਵਿਚ ਉਨ੍ਹਾਂ ਕੋਠੀ ਲੱਗੇ ਬਜ਼ੁਰਗਾਂ ਦੀ ਪੀੜਾ ਦੀ ਸਾਰ ਲਈ ਹੈ। ਇਹ 'ਕੋਠੀ ਲੱਗੇ' ਬਜ਼ੁਰਗ ਜਦੋਂ ਕਿਸੇ ਪਾਰਕ ਵਿਚ 'ਕੱਠੇ ਹੁੰਦੇ ਹਨ ਤਾਂ ਆਪੋ ਵਿਚ ਦੁਖੜੇ ਫੋਲਦੇ ਹਨ। ਹਥਲੇ ਲੇਖ ਵਿਚ ਬਜ਼ੁਰਗਾਂ ਦੀ ਅਜਿਹੀ ਹੀ ਇਕ ਢਾਣੀ ਆਪਣੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਦੇ ਬਹਾਨੇ ਆਪਣੇ ਦੁੱਖੜੇ ਸਾਂਝੇ ਕਰਦੀ ਹੈ। ਕਿਸੇ ਦੀ ਜ਼ਮੀਨ ਕਿਸੇ ਨੇ ਦੱਬ ਲਈ, ਕਿਸੇ ਦੀ ਘਰ ਵਾਲੀ ਤੁਰ ਗਈ ਤੇ 'ਕੱਲਾ ਰਹਿ ਗਿਆ, ਕਿਸੇ ਨੇ ਕਿੱਲਿਆਂ ਨਾਲੋਂ ਮਸੀਂ ਕਿੱਲਾ ਤੁੜਾਇਆ...। -ਸੰਪਾਦਕ***

ਸਿਆਲ 'ਚ ਚੱਲਦੇ ਵੇਲਣੇ ਜਿਨ੍ਹਾਂ ਵੇਖੇ ਹਨ, ਉਨ੍ਹਾਂ ਨੂੰ ਧੂੜ, ਕੜਾਹੇ, ਚੁੰਬੀ, ਗੰਡ ਆਦਿ ਸ਼ਬਦਾਵਲੀ ਦਾ ਪਤਾ ਹੈ। ਕੜਾਹੇ 'ਚ ਪਾਏ ਗੰਨੇ ਦੇ ਰਸ ਦਾ ਕੜ ਜਦੋਂ ਪਾਟਣ 'ਤੇ ਆ ਜਾਂਦਾ, ਪਰਾਲੀ ਜਾਂ ਚੂਰਾ ਝੋਕਾ ਲਾਉਂਦਾ ਜਾਂ ਕੋਲ ਖੜ੍ਹਾ ਕੋਈ ਬੋਲ ਉਠਦਾ, "ਓਏ ਫੜੋ ਪੋਣੀਆਂ ਤੇ ਲਾਹੋ ਸੂਕਦੀ ਰੌਹ ਦੇ ਉਪਰਲੇ ਕੜ ਤੋਂ ਮੈਲ।" ਇਹਨੂੰ ਜੁੱਲੀ ਪਾਟਣਾ ਕਹਿੰਦੇ ਸਨ।

ਇਸ ਵਾਰ ਅੱਧਾ ਮਈ ਟੱਪ ਗਿਆ ਸੀ। ਇਥੇ (ਟੋਰਾਂਟੋ, ਕੈਨੇਡਾ) ਠੰਡ ਦੀ ਜੁੱਲੀ ਕੁਝ ਦੇਰ ਨਾਲ ਪਾਟੀ। ਠੰਡ ਹਟਦਿਆਂ ਹੀ ਪਾਰਕਾਂ 'ਚ ਰੌਣਕਾਂ ਲੱਗ ਗਈਆਂ। ਪਾਰਕ 'ਚ ਲੱਗੀ ਰੌਣਕ 'ਚ ਬੈਠਣ ਦਾ ਇੱਕ ਦਿਨ ਰੌਅ ਬਣ ਗਿਆ। ਦੂਰੋਂ



ਪ੍ਰਿੰ. ਬਲਕਾਰ ਸਿੰਘ ਬਾਜਵਾ
balkarbajwa1935@gmail.com
ਫੋਨ: 647-402-2170

ਆਵਾਜ਼ ਆਈ, "ਪ੍ਰਿੰਸੀਪਲਾ, ਸੁਣਾ ਕਿਸੇ 'ਕੋਠੀ ਲੱਗੇ' ਹੋਰ ਪਰਵਾਸੀ ਬੇਲੀ ਦੀ ਕਹਾਣੀ।"

"ਕਾਹਦੀਆਂ ਕਹਾਣੀਆਂ ਨੇ ਵੀਰਨੋ! ਤੁਹਾਡੀਆਂ ਤੇ ਮੇਰੀਆਂ ਕਹਾਣੀਆਂ ਨੇ। ਸਾਡੀਆਂ ਆਪਣੀਆਂ। ਤਕਰੀਬਨ ਹਰ ਘਰ ਦੇ ਬਾਪੂ ਦੀ ਕਹਾਣੀ ਏ, ਥੋੜ੍ਹੇ ਬਹੁਤੇ ਅੰਤਰ ਨਾਲ।"

ਇੱਕ ਕਾਹਲੇ ਨੇ ਗੱਲ ਵਿਚੋਂ ਹੀ ਫੜ੍ਹ ਲਈ। ਸਾਡੇ ਪਿੰਡ ਇੱਕ ਲੰਬੜ ਹੁੰਦਾ ਸੀ। ਕੁੜੀਆਂ ਵਿਆਹੁੰਦਿਆਂ ਘਰ ਦਾ ਮੂੰਹ ਦੂਜੇ ਪਾਸੇ ਲੱਗ ਗਿਆ। ਛੋਟਾ ਚੌਦਾਂ ਕਰ ਗਿਆ ਸੀ। ਉਹ ਘਰ ਦੀ ਬਦਹਾਲੀ ਦੂਰ ਕਰਨ ਵਾਸਤੇ ਸੱਤਰਵਿਆਂ 'ਚ ਅਮਰੀਕਾ ਨਿਕਲ ਆਇਆ। ਏਧਰਲੀ ਡਾਲਰੀ ਕਮਾਈ ਨੇ ਮੂਧਾ ਪਿਆ ਗੁਜ਼ਾਰਾ ਸਿੱਧਾ ਕਰ ਦਿੱਤਾ। ਵੱਡਾ ਭਰਾ ਬੇਔਲਾਦ ਤੁਰ ਗਿਆ। ਵਿਚਕਾਰਲਾ ਪਿੰਡ ਰਹਿ ਗਿਆ। ਤੱਤਿਆਂ ਸਮਿਆਂ 'ਚ ਬਾਬਿਆਂ ਤੇ ਪੁਲਿਸ ਦੇ ਡਰੋਂ ਮੁੱਛ ਫੁੱਟ ਮੁੰਡੇ ਨੂੰ ਚਾਚੇ ਕੋਲ ਵਿੰਗੇ ਟੇਢੇ ਜੁਗਾੜ ਰਾਹੀਂ ਕੱਢ ਦਿੱਤਾ। ਚਾਚੇ-ਭਤੀਜੇ ਦੀ ਦੋਹਰੀ ਕਮਾਈ ਨਾਲ ਜ਼ਮੀਨ ਵੀ ਹੋਰ ਲੈ ਲਈ ਤੇ ਤਿੰਨ ਮੰਜ਼ਿਲੀ ਕੋਠੀ ਵੀ ਖੜ੍ਹੀ ਕਰ ਲਈ। ਗੱਲ ਛੋਟੀ ਕਰਦਾਂ, ਐਸ ਵੇਲੇ ਪੱਚੀ ਕਿੱਲੇ ਜ਼ਮੀਨ ਤੇ ਦੂਰੋਂ ਦਿੱਸਦੀ ਕੋਠੀ ਖੜ੍ਹੀ ਹੈ। ਉਥੇ ਵਾਲਾ ਭਰਾ ਪੰਜਵੇਂ ਛੇਵੇਂ ਮਹੀਨੇ ਅਮਰੀਕਾ ਗੇੜਾ ਕੱਢਦਾ ਰਹਿੰਦਾ। ਖੇਤੀ ਸਾਂਝੀ ਕਰਦੈ ਤੇ ਕੋਠੀ ਭਾਂ ਭਾਂ ਪਈ ਕਰਦੀ ਐ। ਦੂਜੀ ਤੇ ਤੀਜੀ ਮੰਜ਼ਿਲ ਵਿਚ ਭੂੰਡਾਂ ਦੀਆਂ ਖੱਖਰਾਂ, ਕਬੂਤਰਾਂ ਦੇ ਰੈਣ ਬਸੇਰੇ ਤੇ ਵਿੱਠਾਂ ਦੇ ਢੇਰ ਲੱਗੇ ਹੋਏ ਨੇ। ਜਟਕੇ ਭਰਮ ਜ਼ਮੀਨ ਵੇਚਣ ਨਹੀਂ ਦਿੰਦੇ। ਚਾਚਾ-ਭਤੀਜਾ ਕਹਿੰਦੇ, ਮੁਕਾ ਪਰੇ। ਤੇਰੇ ਭਤੀਜੇ ਤੇ ਪੋਤੇ ਤਾਂ ਪਿੰਡ ਵੱਲ ਮੂੰਹ ਨਹੀਂ ਕਰਦੇ। ਸਾਡੇ ਕੋਲੋਂ ਏਥੇ ਸਟੋਰਾਂ ਤੇ ਪੰਪਾਂ ਦੇ ਕੰਮਾਂ 'ਚੋਂ ਸਿਰ ਖੁਰਕਣ ਦੀ ਵਿਹਲ ਨਹੀਂ। ਲਓ ਬਈ, ਹੁਣ ਇਸ ਲੰਬੜ ਦੇ ਘਰ 'ਤੇ ਇੱਕ ਸੰਕਟ ਮੰਡਰਾ ਰਿਹੈ। ਭਰਾ ਅੜਿਆ ਕਾਹਦਾ, 'ਕੋਠੀ ਹੀ ਲੱਗਾ ਹੋਇਐ।' ਕਹਿੰਦਾ, "ਲੈ ਜ਼ਮੀਨ ਬਿਨਾ ਜੱਟ ਕਾਹਦਾ। ਮੇਰੇ ਜਿਉਂਦੇ ਜੀ ਇਹ ਨਈਂ ਹੋਵੇਗਾ।"

ਅੱਗੋਂ ਡਰੈਵਰ ਭਾਊ ਨੇ ਵਾਰੀ ਚੁੱਕ ਲਈ। ਅਜਨਾਲੇ ਲਾਗਲੇ ਛੀਨੇ ਚਾਰ ਭਰਾ ਵੀ ਸੱਤਰਵਿਆਂ 'ਚ ਕੈਨੇਡਾ ਆ ਗਏ। ਵੱਡਾ ਭਰਾ 'ਕੱਲਾ ਪਿੰਡ ਰਹਿ ਗਿਆ। ਕੈਨੇਡੀਅਨ ਡਾਲਰਾਂ ਨਾਲ ਜੱਟ ਦੇ ਪੁੱਤਾਂ ਨੇ ਕਿੱਲਿਆਂ ਨੂੰ ਵਲਣ ਦੀ ਕੀਤੀ। ਚਾਰਾਂ ਦੀ ਕਮਾਈ ਇਕੱਠੀ। ਟਰੱਕ, ਟੈਕਸੀਆਂ ਦਾ ਕਾਰੋਬਾਰ ਉਦੋਂ ਚੰਗਾ ਕਮਾਊ ਸੀ। ਆਪਣੇ 'ਚੋਂ ਹੁਸ਼ਿਆਰ ਭਾਊ ਦੇ ਲੱਕ ਦੁਆਲੇ ਡਾਲਰ ਬੰਨ੍ਹ ਇੰਡੀਆ ਭੇਜ ਦਿੱਤਾ। ਸਸਤੀਆਂ ਜ਼ਮੀਨਾਂ ਤੇ ਜਰਬ ਖਾ ਬਣੇ ਰੁਪਏ ਨਾਲ ਉਨ੍ਹਾਂ ਕੋਈ ਚਾਰ ਮੁਰੱਬੇ ਖਰੀਦ ਲਏ। ਬਾਹਰੇ 'ਚ ਧੁੰਮਾਂ ਪੈ ਗਈਆਂ। 'ਛੀਨਿਆਂ ਦਾ ਡੇਰਾ ਦੂਰੋਂ ਚਮਕਦਾ' ਦੀਆਂ ਬਾਤਾਂ ਪੈਂਦੀਆਂ। ਨਾਲ ਹੀ ਜੱਟ ਵਹਿਬਤ ਵੀ ਜ਼ੋਰ ਫੜ੍ਹਦੀ ਗਈ। ਦਾਰੂ ਏਦਾਂ ਚੱਲਦੀ ਜਿਵੇਂ 'ਭੁੱਖੇ ਜੱਟ ਕਟੋਰਾ ਲੱਭਾ ਪਾਣੀ ਪੀ ਪੀ ਆਫਰਿਆ।' ਟੈਕਸੀ-ਟਰੱਕ ਦੀ ਵਾਰੀ ਵਾਹ, ਜੱਗ ਖੁੱਲ੍ਹ ਜਾਂਦੇ। ਕਈ ਵਾਰੀ ਤਾਂ ਸਵੇਰੇ ਚਾਹ ਦੀ ਥਾਂ ਲੰਡੂ ਹਾੜੇ ਨਾਲ ਸਰੀਰ ਬੱਝਦੇ। ਅਗਲੀ ਪੀੜ੍ਹੀ ਦੇ ਵਿਆਹ ਸ਼ਾਦੀਆਂ ਸਮੇਂ ਇੰਡੀਆ 'ਚ ਦਾਰੂ ਦੀ ਛਬੀਲ ਲਾ ਦਿੰਦੇ। ਸਮਾਂ ਪਾ ਕੇ ਅਗਲੀ ਪੀੜ੍ਹੀ ਗੱਭਰੂ ਤੇ ਵਰ ਪ੍ਰਾਪਤ ਹੋ ਗਈ। ਅੱਗੋਂ ਉਨ੍ਹਾਂ ਦੇ ਬੱਚੇ ਵੀ ਗੱਭਰੂ ਹੋ ਗਏ। ਸਾਂਝੀ ਜ਼ਮੀਨ ਵੰਡੀ ਗਈ। ਪਰ ਪਿੰਡ ਵਾਲੀ ਜੱਦੀ ਦੇ ਪੁਆੜੇ ਪੈ ਗਏ। ਕਿੱਥੇ ਪੰਜ ਭਰਾਵਾਂ ਦੀ ਸਲਾਹ ਤੇ ਭਰੱਪਣ, ਕਿੱਥੇ ਹੁਣ ਦੋ ਦਰਜਨ ਜਟਕਾ ਖੂਨ ਵੰਡ ਨਾ ਹੋਣ ਦੇਵੇ। ਇੱਕ ਨੇ ਚੋਟੀ ਦਾ ਦਿੱਸਣ ਲਈ ਪਿੰਡ ਨੇੜੇ ਹੀ ਕਿੱਲੇ ਕੁ ਦਾ ਵਾਗਲਾ ਮਾਰ ਵੱਡੀ ਕੋਠੀ ਬਣਾ ਲਈ। ਦੂਜਿਆਂ ਨੇ ਵੀ ਅੰਮ੍ਰਿਤਸਰ ਦੀਆਂ ਅਰਬਨ ਕਾਲੋਨੀਆਂ ਵਿਚ ਕੋਠੀਆਂ ਲੈ ਲਈਆਂ। ਬਈ! ਹੁਣ ਪੈਨਸ਼ਨਾਂ ਵੀ ਲੱਗ ਗਈਆਂ ਨੇ ਤੇ ਵਿਹਲੇ ਹਾਂ। ਜਾਇਆ ਕਰਾਂਗੇ, ਮੌਜਾਂ ਕਰਿਆ ਕਰਾਂਗੇ।

ਪਰ ਏਧਰੋਂ ਦਾਰੂ ਵੀ ਸਰੀਰ 'ਤੇ ਆਪਣੇ ਰੰਗ ਵਿਖਾਉਣ ਲੱਗ ਪਈ। ਸ਼ੱਕਰ ਰੋਗ ਤਾਂ ਸਭ ਨੂੰ ਹੀ ਸੀ, ਪਰ ਕੁਝ ਨੂੰ ਹੱਦੋਂ ਵੱਧ। ਕਿਡਨੀ ਫੇਲ੍ਹ ਹੋਣ ਕੰਢੇ। ਇੰਡੀਆ ਦੇ ਇਲਾਜ ਤੋਂ ਅਸੰਤੁਸ਼ਟ ਕੈਨੇਡਾ ਭੱਜ ਆਉਂਦੇ। ਮੁੰਡਿਆਂ ਕੋਲ ਵਿਹਲ ਕਿੱਥੇ। ਕੋਠੀਆਂ ਰੱਬ ਆਸਰੇ। ਚਮਗਿੱਦੜਾਂ ਦੇ ਵਾਸੇ। ਇਹ ਕਹਾਣੀ ਸਮੇਟਣੀ ਔਖੀ ਹੈ। ਜਟਕੀ ਹਉਮੈ ਕਰਕੇ ਨਾ ਭੋਇੰ ਵਿਕੇ, ਨਾ ਕੋਠੀ। ਸਭ ਤੋਰੀਆਂ ਵਾਂਗ ਕੋਠੀ ਲੱਗੇ ਹੋਏ ਨੇ।

ਮਾਸਟਰ ਕਹਿੰਦਾ, ਮੈਂ ਬਾਈ ਜ਼ਮੀਨ ਨੂੰ ਜੱਟ ਜੱਫਾ ਨਹੀਂ ਮਾਰਿਆ। ਆਪਣਾ ਹਿੱਸਾ ਸੰਨ ਦੋ ਹਜ਼ਾਰ 'ਚ ਹੀ ਬਿਲੇ ਲਾ ਦਿੱਤਾ ਸੀ। ਬਾਪੂ ਵੇਲੇ ਪਹਿਲਾਂ ਉਹਦੇ ਭਤੀਜੇ ਵਾਹੁੰਦੇ ਸੀ। ਫਿਰ ਮੇਰੇ ਭਤੀਜੇ ਵਾਹੁਣ ਲੱਗ ਪਏ। ਕੋਈ ਅੱਧੀ ਸਦੀ ਤੋਂ ਵਾਹ ਰਹੇ ਸੀ। ਮੈਂ ਸ਼ਹਿਰ ਰਹਿੰਦਾ ਸੀ ਜਿੱਥੇ ਨੌਕਰੀ ਸੀ। ਉਨ੍ਹਾਂ ਸਾਲਾਂ 'ਚ ਆੜ੍ਹਤੀਏ ਤੇ ਕਾਰੋਬਾਰੀ ਟੈਕਸ ਚੋਰੀ ਲਈ ਜ਼ਮੀਨਾਂ ਵੱਲ ਮੁਹਾਰਾਂ ਮੋੜ ਤੁਰੇ ਸਨ। ਅਣਚਾਹੇ ਜਿਹੇ ਰੇਟ ਦੀਆਂ ਪੇਸ਼ਕਸ਼ਾਂ ਆ ਰਹੀਆਂ ਸਨ। ਮੁੰਡੇ ਬਾਹਰ ਸਨ। ਸੋਚਿਆ ਕਿ ਮੁੰਡੇ ਮੌਰਗੇਜਾਂ ਹੇਠ ਦੱਬੇ ਮੌਰ ਤੁੜਾ ਰਹੇ ਨੇ। ਉਨ੍ਹਾਂ ਦੇ ਦਾਦੇ ਦੀ ਜ਼ਮੀਨ ਹੈ, ਜੱਦੀ ਜਾਇਦਾਦ ਦੇ ਹੁਣ ਅਸਲ ਵਾਰਸ ਹਨ। ਇੱਕਦਮ ਪੈਸੇ ਵੱਟੇ ਤੇ ਸਿੱਧੇ ਉਨ੍ਹਾਂ ਨੂੰ ਭੇਜ ਦਿੱਤੇ। ਜਦੋਂ ਖਰੀਦਦਾਰ ਨੂੰ ਕਬਜ਼ਾ ਦੇਣ ਪੈਲੀ ਬੰਨ੍ਹੇ ਖੜ੍ਹਾ ਹੋਇਆ, ਇੱਕ ਵਾਰੀ ਹੌਲ ਜ਼ਰੂਰ ਪਿਆ। ਚੱਲਦੀ ਮੋਟਰ ਤੋਂ ਪਾਣੀ ਪੀਤਾ, ਚਰਨਾਮਤੀ ਸਿਰ ਤੋਂ ਦੀ ਸੁੱਟੀ। ਪਿੰਡ 'ਚ ਤਾਂ ਪਹਿਲਾਂ ਹੀ ਗੱਲ ਪਹੁੰਚ ਗਈ ਹੋਈ ਸੀ ਕਿ ਸੂਬੇਦਾਰ ਦੇ ਮਾਸਟਰ ਨੇ ਪੈਲੀ ਵੇਚ ਦਿੱਤੀ ਹੈ। ਪੈਲੀ ਹੈ ਵੀ ਐਨ ਪਿੰਡ ਮੁੱਢ, ਨਿਆਈਂ। ਏਨੇ ਨੂੰ ਵਾਹਵਾ 'ਕੱਠ ਹੋ ਗਿਆ। ਝੋਨੇ ਦੀ ਨਿੱਸਰੀ ਫਸਲ ਝੂਮ ਰਹੀ ਸੀ। ਮੋਟਰ ਨੇੜਿਓਂ ਇੱਕ ਮੁੱਠ ਚੁੱਕੀ ਤੇ ਰੁਮਾਲ 'ਚ ਲਵੇਟ ਜੇਬ 'ਚ ਪਾ ਲਈ। ਭਤੀਜਿਆਂ ਨੂੰ ਕਿਹਾ, 'ਲਓ ਪੁੱਤੋ, ਅਸੀਂ ਪੈਲੀ ਇਨ੍ਹਾਂ ਬਾਊਆਂ ਨੂੰ ਰਹਿਣ ਕਰ ਦਿੱਤੀ ਹੈ। ਹੁਣ ਇਹ ਮਾਲਕ ਜੇ। ਐਤਕੀਂ ਦੀ ਫਸਲ ਇਹ ਵੰਡਾਉਣਗੇ।' ਮੁੜਦਿਆਂ ਹੀ ਕਨਸੋਆਂ ਮਿਲਣ ਲੱਗ ਪਈਆਂ, 'ਐਵੇਂ ਛੱਡ'ਤੀ, ਸਾਨੂੰ ਕਬਜ਼ਾ ਛੱਡਣਾ ਨਹੀਂ ਸੀ ਚਾਹੀਦਾ, ਸਾਡਾ ਕੀ ਵਿਗਾੜ ਲੈਂਦਾ ਮਾਹਟਰ।'

'ਚਿੜੀਆਂ ਉਡੀਆਂ ਤੇ ਕੁੜੀਆਂ ਗਈਆਂ ਸਹੁਰੀਂ, ਮੁੜ ਕਿਸਮਤ ਨਾਲ ਪੇਕੀਂ ਆਵਣ' ਕਹਾਵਤ ਨਾਲ ਬਾਬੂ ਸਿੰਘ ਨੇ ਆਪਣੇ ਇੱਕ ਫੌਜੀ ਕਰਨਲ ਆੜੀ ਦੇ ਵੇਦਨਾ ਭਰੇ ਘਟਨਾਕ੍ਰਮ ਦੀ ਗੱਲ ਸੁਣਾਉਣੀ ਅਰੰਭ ਦਿੱਤੀ। ਕਹਾਵਤ ਭਾਵੇਂ ਪੁਰਾਣੀ ਹੈ, ਪਰ ਅੱਜ ਇਹ ਸਾਡੇ ਪਰਵਾਸੀ ਪਰਿਵਾਰਾਂ 'ਤੇ ਵੀ ਪੂਰੀ ਢੁਕਦੀ ਐ। ਕਰਨਲ ਦੀ ਖੰਨੇ ਲਾਗੇ 15 ਕਿੱਲੇ ਜ਼ਮੀਨ ਏ। ਵੱਡੇ ਮੁੰਡੇ ਦਾ ਵਿਆਹ ਏਧਰ ਇੱਕ ਚੰਗੇ ਪਰਿਵਾਰ ਦੀ ਕੁੜੀ ਨਾਲ ਹੋ ਗਿਆ। ਕਰਨਲ ਸਾਹਿਬ ਆਪਣੀ ਪਤਨੀ ਤੇ ਛੋਟੇ ਮੁੰਡੇ ਨਾਲ ਏਧਰ ਆ ਗਿਆ। ਪਿੱਛੋਂ ਛੋਟੇ ਦਾ ਵੀ ਵਿਆਹ ਹੋ ਗਿਆ ਤੇ ਸਾਰਾ ਪਰਿਵਾਰ ਏਧਰ ਆ ਸੈਟ ਹੋਇਆ। ਪਰ ਇੱਕ ਅਨਹੋਣੀ ਦੁਰਘਟਨਾ ਵਿਚ ਕਰਨਲ ਦੀ ਪਤਨੀ ਚੱਲ ਵਸੀ। ਪਰਿਵਾਰ 'ਚ ਲੋਹੜੇ ਦਾ ਸੋਗ ਛਾ ਗਿਆ। ਕਰਨਲ 'ਕੱਲਾ ਰਹਿ ਗਿਆ। ਸੁਭਾਅ ਪੱਖੋਂ ਕੁਝ ਗੁਸੈਲ ਤੇ ਹਰਖੀ ਸੀ, ਜਿਸ 'ਤੇ ਫੌਜੀ ਪਾਨ ਚੜ੍ਹੀ ਹੋਈ ਸੀ, 'ਇੱਕ ਕੌੜਤੁੰਮਾ, ਦੂਜਾ ਨਿੰਮ ਚੜ੍ਹਿਆ।' ਮੂੰਹੋਂ ਨਿਕਲੀਆਂ ਕੌੜੀਆਂ ਕੁਸੈਲੀਆਂ ਗੱਲਾਂ ਧੀਆਂ ਪੁੱਤ ਤਾਂ ਜਰ ਲੈਂਦੇ ਪਰ ਨੂੰਹਾਂ ਨਹੀਂ ਜਰਦੀਆਂ। ਵੈਸੇ ਮੁੰਡੇ ਪੂਰਾ ਧਿਆਨ ਰੱਖਦੇ। ਪਰ ਦੋਸਤੋ, ਵਡੇਰੀ ਉਮਰੇ ਬੰਦੇ ਲਈ ਸਾਥ ਹੋਰ ਵੀ ਜ਼ਰੂਰੀ ਹੋ ਜਾਂਦੈ। ਬੀਵੀ ਤਾਂ ਉਮਰ ਭਰ ਦੀ ਸਾਥਣ, ਸਲਾਹਕਾਰ, ਕੁੰਜੀਬਰਦਾਰ, ਕੁੱਕ, ਸਹਾਇਕ, ਲੀੜੇ-ਲੱਤੇ ਦੀ ਸੰਭਾਲ ਕਰਦੀ ਇੱਕ ਭਰੋਸੇਯੋਗ ਨਰਸ ਹੋ ਨਿਬੜਦੀ ਹੈ। ਉਹ ਬੰਦੇ ਦੇ ਉਚੇ ਨੀਵੇਂ ਚੁੱਭਵੇਂ ਬੋਲਾਂ 'ਤੇ ਵੀ ਪਰਦਾ ਪਾ ਲੈਂਦੀ। ਹੁਣ ਸਾਰੀ ਪੰਡ 'ਕੱਲੇ ਦੇ ਮੋਢਿਆਂ 'ਤੇ ਆ ਪਈ। ਪਿੱਛੇ ਦਾ ਵੀ ਫਿਕਰ। ਕੋਠੀ 'ਚ ਬਿਠਾਏ ਭੱਈਆ ਭੱਈਅਣ ਨੇ ਆਪਣੇ ਦੇਸ਼ ਜਾਣਾ ਹੁੰਦੈ। ਮੁਸੀਬਤਾਂ ਹੀ ਮੁਸੀਬਤਾਂ।

ਬਾਬੂ ਸਿੰਘ ਨੇ ਗੱਲ ਜਾਰੀ ਰੱਖੀ, ਸਾਹਿਬ 'ਕੱਲਾ! ਪਹਿਲਾਂ ਤਾਂ ਉਹ ਗੱਲ ਕਰਦਿਆਂ ਹੀ ਡੁੱਲ੍ਹ ਪੈਂਦਾ। ਹੌਲੀ ਹੌਲੀ ਸੰਭਲ ਗਿਆ। ਕੀ ਕੀ ਦੱਸਾਂ ਕਰਨਲ ਦੇ ਦੁੱਖਾਂ ਬਾਰੇ। ਹੁਣ ਉਹਦੀ ਉਮਰ ਵੀ ਸੱਤਰਾਂ ਨੂੰ ਟੱਪ ਚੱਲੀ ਹੈ। ਜਦੋਂ ਕਿਤੇ ਲੋਰ 'ਚ ਹੁੰਦੈ, ਕਹਿੰਦਾ, 'ਯਾਰੋ ਨੂੰਹਾਂ ਨੂੰਹਾਂ ਹੀ ਹੁੰਦੀਆਂ ਹਨ, ਧੀਆਂ ਧੀਆਂ। ਪਤਾ ਨਹੀਂ ਕਿਉਂ ਸਹੁਰੇ ਨੂੰ ਬਾਪ ਨਹੀਂ ਸਮਝਦੀਆਂ, ਤੂੰ ਹੀ ਸਹੁਰੀਏ ਮਰਨਾ ਸੀ, ਕੁਝ ਚਿਰ ਪਹਿਲਾਂ ਮਰ ਜਾਂਦੀਓਂ, ਵਿਆਹ ਤਾਂ ਕਰ ਲੈਂਦਾ!' ਬਹੁਤੇ ਹੀ ਵਿਰਾਗੇ ਹੋਏ ਹਨ। ਇਸ ਦਾ ਅੰਦਾਜ਼ਾ ਉਹ ਹੀ ਲਾ ਸਕਦੈ ਜਿਸ ਨਾਲ ਇਹੋ ਜਿਹਾ ਭਾਣਾ ਵਰਤ ਗਿਆ ਹੋਵੇ। ਹੁਣ ਮੁੰਡੇ ਤੇ ਨੂੰਹਾਂ ਕਹਿੰਦੇ, ਉਥੇ ਸੈਂਟਰ ਬੰਦ ਕਰ ਆਉ। ਪੈਸਾ ਏਧਰ ਲੈ ਆਓ। ਦੋਸਤੋ! ਇਹ ਕਹਿਣਾ ਸੌਖਾ, ਕਰਨਾ ਬੜਾ ਔਖੈ-ਜਿਸ ਤਨ ਲਾਗੇ ਸੋਈ ਜਾਣੇ ਕੌਣ ਜਾਣੇ ਪੀੜ ਪਰਾਈ। ਅੱਜਕੱਲ੍ਹ ਉਹ 'ਕੱਲਾ ਖੰਨੇ ਕੋਠੀ 'ਚ ਬੈਠਾ ਨਿਰਾਸ਼ਾ ਦੇ ਆਲਮ 'ਚ ਡੁੱਬਾ ਹੋਇਐ। ਪੈਸੇ ਦੀ ਕੋਈ ਘਾਟ ਨਹੀਂ। ਪੈਨਸ਼ਨ, ਜ਼ਮੀਨ ਦੀ ਹੀ ਬਥੇਰੀ ਹੈ।

ਹੈਡਮਾਸਟਰ ਗੁਰਦੇਵ ਸਿੰਘ ਆਪਣੇ ਤਜਰਬੇ ਨੂੰ ਸਾਂਝਾ ਕਰਨ ਲਈ ਉਤਾਵਲਾ ਸੀ। ਦੱਸਣ ਲੱਗਾ, ਪਿੱਛੇ ਜਿਹੇ ਮੈਂ ਕਾਫੀ ਦੇਰ ਬਾਅਦ ਇੱਕ ਭੋਗ 'ਤੇ ਪਿੰਡ ਗਿਆ ਹੋਇਆ ਸਾਂ। ਸਾਡੇ ਪਿੰਡ ਕਿਸੇ ਢਿੱਲੋਂ ਸਰਦਾਰ ਨੇ ਬਾਹਰੋਂ ਆ ਕੇ ਚੋਖੀ ਪੈਲੀ ਖਰੀਦ ਕੇ ਐਨ ਵਿਚਕਾਰ ਕੋਠੀ ਖੜ੍ਹੀ ਕਰ ਲਈ ਹੋਈ ਸੀ। ਫਿਰਨੀ ਤੋਂ ਹੀ ਦਿੱਸਦੀ ਸੀ। ਭੋਗ ਪਿੱਛੋਂ ਕੁਰਸੀਆਂ 'ਤੇ ਬੈਠੇ ਸੀ। ਤਾਏ ਦੇ ਪੁੱਤ ਭਰਾ ਦੇ ਮੁੰਡੇ ਨੇ ਢਿੱਲੋਂ ਸਾਹਿਬ ਨੂੰ ਦੱਸਿਆ, 'ਇਹ ਮੇਰੇ ਚਾਚਾ ਜੀ ਨੇ। ਜਿੱਥੇ ਬੈਠੇ ਹਾਂ ਇਸ ਕੋਠੀ ਵਾਲਾ ਪਲਾਟ ਹੈਡਮਾਸਟਰ ਹੋਰਾਂ ਦਾ ਹੁੰਦਾ ਸੀ। ਇਨ੍ਹਾਂ ਨੇ ਪਲਾਟ ਤੇ ਜ਼ਮੀਨ ਵੇਚ ਦਿੱਤੀ।'

ਢਿੱਲੋਂ ਮੇਰੇ ਵੱਲ ਇਉਂ ਝਾਕਿਆ, ਜਿਵੇਂ ਮੈਂ ਕੋਈ ਵੱਡਾ ਮੂਰਖ ਹੋਵਾਂ। ਗੱਲਾਂ 'ਚ ਗੱਲ ਪਾ, ਮੈਥੋਂ ਕਹਿਣੋਂ ਰਹਿ ਨਾ ਹੋਇਆ, "ਦਰਸ਼ਨਾ, ਮੈਂ ਕਿਹੜਾ ਪੈਲੀ ਵੇਚ ਜੂਆ ਖੇਡਿਆ ਜਾਂ ਨਸ਼ਾ ਪੱਤਾ ਕੀਤਾ। ਪੈਸੇ ਤੇਰੇ ਭਾਈਆਂ ਨੂੰ ਅੱਗੇ ਦੇ ਦਿੱਤੇ। ਉਨ੍ਹਾਂ ਅੱਗੇ ਕੈਨੇਡਾ ਵਿਚ ਵਧੀਆ ਮਕਾਨ ਲਏ ਹੋਏ ਨੇ। ਆਪਣੇ ਕੰਮ-ਕਾਰ ਚੰਗੇ ਚਲਾ ਰਹੇ ਨੇ। ਉਹ ਕੈਨੇਡਾ ਵਿਚ ਲਹਿਰਾਂ-ਬਹਿਰਾਂ 'ਚ ਨੇ। ਬੱਚੇ ਉਨ੍ਹਾਂ ਦੇ ਯੂਨੀਵਰਸਟੀਆਂ ਵਿਚ ਪੜ੍ਹਦੇ ਈ। ਇਹ ਹੁਣ ਸਮੇਂ ਦਾ ਨਵਾਂ ਦੌਰ ਈ। ਅੱਗੇ ਵਧਣ ਲੱਗਿਆਂ, ਪਿੱਛਾ ਤਾਂ ਛੱਡਣਾ ਹੀ ਪੈਂਦਾ। ਜੇ ਇਸ ਨਾਲ ਚੁੰਬੜਿਆ ਰਹਿੰਦਾ ਅੱਜ, ਹੋ ਸਕਦਾ ਹੈ ਇਥੇ ਵੱਟ-ਬੰਨੇ ਦੇ ਝਗੜਿਆਂ 'ਚ ਅਦਾਲਤੀ ਗਧੀਗੇੜਾਂ ਵਿਚ ਤਰੀਕਾਂ ਭੁਗਤਦਾ ਫਿਰਦਾ। ਇਹ ਮੇਰਾ ਇੱਕ ਦੂਰਅੰਦੇਸ਼ੀ ਵਾਲਾ ਫੈਸਲਾ ਸੀ। ਜਿਸ ਦੇ ਹੱਕ ਵਿਚ ਤੂੰ ਵੀ ਨਹੀਂ ਸੀ ਤੇ ਨਾ ਤੇਰੀ ਚਾਚੀ ਅਤੇ ਨਾ ਉਹਦੇ ਭਰਾ। ਕਚਹਿਰੀਆਂ 'ਚ ਅੱਜ ਦੇ ਲੀਡਰਾਂ, ਦਲਾਲਾਂ ਤੇ ਲੰਬੜਾਂ ਦੀ ਆਪਸ ਵਿਚ 'ਕੁਕੜ ਦੀ ਟੰਗ ਸਾਂਝੀ' ਈ। ਸਾਨੂੰ ਪਰਵਾਸੀਆਂ ਨੂੰ ਕੀਹਨੇ ਪੁੱਛਣਾ ਸੀ।

ਛੱਡ ਗੱਲਾਂ ਪੁਰਾਣੀਆਂ। ਗੱਲਾਂ ਕਰ ਸਮੇਂ ਦੇ ਹਾਣ ਦੀਆਂ। ਉਹ ਦਿਨ ਗਏ ਜਦੋਂ ਪੈਲੀ ਜੱਟ ਨੂੰ ਆਖਦੀ ਹੁੰਦੀ ਸੀ, 'ਜੱਟਾ! ਮੈਂ ਤੈਨੂੰ ਬੱਧੇ ਨੂੰ ਛੁਡਾ ਲਊਂ, ਤੈਥੋਂ ਮੈਨੂੰ ਨਈਂ ਛੁਡਾਇਆ ਜਾਣਾ।' ਨਵੇਂ ਸਮਿਆਂ ਦਾ ਦੌਰ ਈ। ਸਿੱਖਿਆ ਬੰਦੀ ਛੋੜ ਸਿੱਧ ਹੋ ਰਹੀ ਆ ਬੰਦੇ ਦੀ। ਝਾਤੀ ਮਾਰ ਜ਼ਰਾ ਆਪਣੇ ਵੱਡੇ ਚਾਚੇ ਦੇ ਮੁੰਡਿਆਂ ਵੱਲ, ਦਿਹਾੜੀ ਦੱਪੇ, ਤੇ ਕੱਟੀਆਂ-ਵੱਛੀਆਂ ਮਗਰ ਭੱਜੇ ਫਿਰਦੇ ਨੇ, ਜੋ ਨਾ ਡਿੱਠਾ ਸੋਈਓ ਮਿੱਠਾ।" ਕੋਲ ਬੈਠਿਆਂ ਦੇ ਚਿਹਰਿਆਂ 'ਤੇ ਸਹਿਮਤੀ ਝਲਕ ਰਹੀ ਸੀ।

ਦਸਵਾਂ ਦਹਾਕਾ ਹੰਢਾ ਰਹੇ ਬੁਧੀਮਾਨ ਮਾਸਟਰ ਨੇ ਇੱਕ ਫਾਰਸੀ ਦੇ ਸ਼ੇਅਰ 'ਕਸੇ ਨਾ ਦੀਦਮ ਅਜ਼ ਰਾਹੇ ਰਾਸਤ ਗੁੰਮਸ਼ੁਦਾ ਅਸਤ' ਨਾਲ ਗੱਲ ਤੋਰੀ। ਭਾਵ 'ਸਿੱਧੇ ਰਾਹ ਤੁਰਦਾ ਕਦੀ ਕੋਈ ਗੁਆਚਾ ਨਹੀਂ ਦੇਖਿਆ।' ਸਮੇਂ ਦੇ ਹਾਣ ਦੇ ਫੈਸਲੇ ਸਹੀ ਸਿੱਧ ਹੁੰਦੇ ਹਨ।

ਪ੍ਰੋ. ਕੁਲਵਿੰਦਰ ਨੇ ਆਪਣੇ ਬਜ਼ੁਰਗ ਵੀਰਾਂ ਦੀ ਅਜੋਕੀ ਸਥਿਤੀ ਨੂੰ ਸਮੇਟਣ ਲਈ 'ਫਰਾਗ ਸਿੰਡਰੋਮ' ਦੇ ਅਸੂਲ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ। ਕਹਿੰਦਾ, ਡੱਡੂ ਠੰਡੇ, ਨੀਮ ਠੰਡੇ, ਨੀਮ ਤੱਤੇ, ਤੱਤੇ ਪਾਣੀਆਂ ਵਿਚ ਪੈ ਜਾਣ ਪਿੱਛੋਂ ਉਨ੍ਹਾਂ ਤਾਪਮਾਨਾਂ ਨੂੰ ਆਪਣੇ ਸਰੀਰਕ ਤਾਪਮਾਨ ਦੇ ਅਨੁਕੂਲ ਕਰ ਜਿਉਣਾ ਜਾਰੀ ਰੱਖਦੈ। ਪਰ ਜੇ ਕਿਤੇ ਉਹ ਬਹੁਤੇ ਹੀ ਠੰਡੇ-ਤੱਤੇ ਪਾਣੀਆਂ ਨੂੰ ਆਪਣੇ ਅਨੁਕੂਲ ਬਣਾਉਣ ਲਈ ਲਗਾਤਾਰ ਆਪਣੇ ਰਿਸਣ ਪਦਾਰਥਾਂ ਦੀ ਆਪਣੀ ਸਮਰੱਥਾ ਤੋਂ ਵੱਧ ਵਰਤੋਂ ਕਰ ਬਹਿੰਦਾ ਹੈ, ਫਿਰ ਮਰ ਜਾਂਦਾ ਹੈ। ਇਹ ਹਾਲ ਆਦਮੀ ਦਾ ਹੁੰਦੈ। ਸਾਨੂੰ ਆਪਣੇ ਆਪ ਨੂੰ ਸਮਿਆਂ, ਉਮਰਾਂ ਤੇ ਸਥਿਤੀਆਂ ਨਾਲ ਢਾਲ ਲੈਣਾ ਚਾਹੀਦੈ। ਅਸਲ ਦਾਨਸ਼ਵਰ ਉਹ ਬੰਦਾ ਹੁੰਦੈ ਜੋ ਜਾਂ ਹਾਲਤਾਂ ਨੂੰ ਆਪਣੇ ਮੁਤਾਬਕ ਢਾਲ ਲਏ, ਨਹੀਂ ਤਾਂ ਆਪ ਢਲ ਜਾਵੇ।

"ਡਾਕਟਰ, ਫਿਰ ਇਹਦਾ ਮਤਲਬ ਹੋਇਆ, ਸਭ ਕੁਝ ਛੱਡ-ਛਡਾ ਦਈਏ ਤੇ ਰਾਮ ਆਸਰੇ ਆਖਰੀ ਸਾਹਾਂ ਦਾ ਇੰਤਜ਼ਾਰ ਕਰਨ ਲੱਗ ਜਾਈਏ।" ਕਿਸੇ ਨੇ ਗੱਲ ਕੱਟੀ।

"ਨਹੀਂ ਬਾਈ। ਕਦੀ ਨਾ ਭੁਲੀਏ ਕਿ ਜਦੋਂ ਪੰਛੀ ਜਾਂ ਜਹਾਜ਼ ਗਗਨਾਂ 'ਚ ਉਡਦਾ ਉਡਦਾ ਧਰਤੀ 'ਤੇ ਉਤਰਨ ਲੱਗਦੈ, ਉਹ ਆਪਣੇ ਖੰਭ ਇਕੱਠੇ ਕਰਦਾ ਹੌਲੀ ਹੌਲੀ ਧਰਤੀ 'ਤੇ ਆ ਲੱਗਦੈ। ਸਾਨੂੰ ਵਡੇਰੀ ਉਮਰੇ ਬਹੁਤੇ ਖੰਭ ਨਹੀਂ ਖਿਲਾਰਨੇ ਚਾਹੀਦੇ।"

"ਇਹ ਨਾ ਸਹੀ। ਸਗੋਂ ਆਪਣੇ ਵਡਾਰੂਆਂ, ਆਪਣੇ ਗੁਰੂਆਂ, ਪੀਰਾਂ ਪੈਗੰਬਰਾਂ ਤੋਂ ਵੀ ਕੋਈ ਸਬਕ ਲਈਏ, ਰੱਜ ਨਾ ਕੋਈ ਜੀਵਿਆ ਸਭ ਝੂਠੇ ਧਰਵਾਸੇ।" ਗਿਆਨੀ ਬੋਲਿਆ, "ਮੈਂ ਤੁਹਾਨੂੰ ਇੱਕ ਬਹੁਤਾ ਹੀ ਸੌਖਾ ਪਰ ਸਰਲ ਜਿਹਾ ਤਰੀਕਾ ਦਸਦਾਂ: ਮਾਫ ਕਰ ਦਿਓ ਜਾਂ ਮਾਫੀ ਮੰਗ ਲਵੋ, ਫੋਕੀ ਹੈਂਕੜ 'ਚ ਨਾ ਰਹੋ, ਨਾਨਕ ਨੀਵਾਂ ਜੋ ਚਲੇ ਲੱਗੇ ਨਾ ਤੱਤੀ ਵਾਓ ਵੀ ਯਾਦ ਰੱਖੀਏ, ਦੂਰ ਪਿੱਛੇ ਗਗਨਾਂ ਵਿਚ ਲਾਲੀ ਛੱਡ ਜਾਵਾਂਗੇ, ਸੂਰਜ ਵਾਂਗੂ ਲਹਿੰਦੇ ਲਹਿੰਦੇ ਲਹਿ ਜਾਵਾਂਗੇ।" ਨੇ ਚਰਚੇ ਨੂੰ ਵਧੀਆ ਮੋੜ ਦਿੱਤਾ।

ਪ੍ਰਿੰਸੀਪਲ ਬੋਲਿਆ, "ਵੈਸੇ ਤਾਂ ਗੱਲਾਂ ਦਾ ਪੀਹਣ ਕਦੀ ਮੁੱਕਿਆ ਨਹੀਂ। ਨਾ ਮੁੱਕ ਸਕਦੈ। ਦੋਸਤੋ, ਮੈਂ ਗਿਆਨੀ ਦੀ ਗੱਲ 'ਘਰ ਸੀ ਪੇਕੜਾ ਸਹੁਰੀਂ ਜਾਣਾ ਅੰਤ' ਯਾਦ ਕਰਦਾ ਰਹਿੰਦਾਂ, ਹੋਰ ਵੀ ਸੁਣਿਆ ਹੋਇਐ, 'ਗੱਲ ਸੁਣ ਆਥਣੇ ਨੀ ਮੇਰੀਏ ਸਾਥਣੇ ਨੀ, ਵਰਕੇ ਜ਼ਿੰਦਗੀ ਦੇ ਚਿੱਟੇ, ਪਾ ਜਾ ਕੋਈ ਰੰਗ ਦੇ ਛਿੱਟੇ।' ਕੋਈ ਮਿਸਾਲ ਪੈਦਾ ਕਰ ਜਾਈਏ, ਛੱਡੀਆਂ ਜਾਇਦਾਦ ਤੋਂ ਇਲਾਵਾ, ਜਿਸ ਨੂੰ ਪਰਿਵਾਰ ਕਿਹਾ ਕਰੇ, 'ਬਾਪੂ ਕਹਿੰਦਾ ਹੁੰਦਾ ਸੀ।' ਆਓ! ਆਲਮ ਲੋਹਾਰ ਦੇ ਬੋਲਾਂ 'ਇੱਕ ਦਿਨ ਅਸਾਂ ਪਰਦੇਸੀਆਂ ਵੇ ਆਲਮਾ ਛੱਡ ਜਾਣਾ, ਕੁੰਢਾ ਮਾਰ ਕੇ ਇਨ੍ਹਾਂ ਹਵੇਲੀਆਂ ਦਾ' ਨਾਲ ਅੱਜ ਦੀ ਸੱਥ ਚਰਚਾ ਮੁਕਾਈਏ, ਇਹ ਨਈਂ ਮੁਕਣੀਆਂ, ਬਾਕੀ ਫੇਰ, ਕੱਲ ਮਿਲਾਂਗੇ, ਸਭ ਨੂੰ ਫਤਿਹ ਪ੍ਰਵਾਨ ਹੋਵੇ!

**(ਚਲਦਾ)**

## ਮੇਰਾ ਪਿੰਡ, ਮੇਰੇ ਲੋਕ

"ਕਹਿੰਦੇ ਆ, ਕਾਲੇ ਸੱਪ 'ਚ ਬਾਹਲਾ ਜ਼ਹਿਰ ਹੁੰਦਾ।"

"ਜ਼ਹਿਰ ਤਾਂ ਮੋਰ 'ਚ ਵੀ ਬਹੁਤ ਹੁੰਦਾ, ਸੱਪ ਦੀ ਪੂਛ ਫੜ੍ਹ ਕੇ ਮਾਰ ਦਿੰਦਾ।"

"ਤੁਸੀਂ ਮੋਰ ਦੀ ਕੀ ਗੱਲ ਕਰਦੇ ਓਂ, ਨਿਉਲਾ ਇਨ੍ਹਾਂ ਦਾ ਵੀ ਪਿਉ ਆ, ਫੂੰਕਾਰਾ ਮਾਰ ਕੇ ਈ ਡੱਸ ਦਿੰਦਾ।"

"ਆਹ ਕੁੱਤੇ ਨੀਂ ਖੱਡਾਂ 'ਚ ਮੂੰਹ ਮਾਰਦੇ ਫਿਰਦੇ ਹੁੰਦੇ, ਨਿਉਲੇ ਦੇ ਫੂੰਕਾਰੇ ਨਾਲ ਈ ਹਲਕ ਜਾਂਦੇ ਆ।"

"ਹਲਕਿਆ ਕੁੱਤਾ ਮਾਰਨਾ ਪੈਂਦਾ, ਨਹੀਂ ਤਾਂ ਸਾਰੇ ਟੱਬਰ ਨੂੰ ਧੁੰਨੀ 'ਚ ਟੀਕੇ ਲਵਾਉਣੇ ਪੈਂਦੇ ਆ।"

"ਇੱਕ ਵਾਰ ਸਾਡਾ ਕੁੱਤਾ ਵੀ ਹਲਕ ਗਿਆ ਸੀ, ਮੈਂ ਉਹਨੂੰ ਗੁੜ 'ਚ ਕੁੱਟ ਕੇ ਸਲਫਾਸ ਦੀ ਗੋਲੀ ਦੇ'ਤੀ, ਗੱਡੀ ਨਾਲ ਲੈ ਕੇ ਹੱਡਾਰੋੜੀ 'ਚ ਕਿੱਕਰ ਨਾਲ ਬੰਨ੍ਹ ਆਇਆ। ਆਥਣੇ ਦੇਖਣ ਗਿਆ ਤਾਂ ਮੈਨੂੰ ਵੇਖ ਕੇ ਪੂਛ ਹਿਲਾਈ ਜਾਵੇ। ਮੈਂ ਆਖਿਆ, ਜੇ ਇਹੀ ਗੋਲੀ ਬੰਦੇ ਨੇ ਸੁੰਘੀ ਹੁੰਦੀ ਤਾਂ ਸਿਵਿਆਂ ਦੇ ਰਾਹ ਪਿਆ ਹੁੰਦਾ।"

"ਆਹ ਆਪਣੇ ਆਲੀਆਂ ਗੋਲੀਆਂ 'ਚ ਜ਼ਹਿਰ ਨੀਂ ਹੁੰਦਾ, ਐਵੇਂ ਬਾਣੀਏ ਆਪਾਂ ਨੂੰ ਖੇਡ ਲਾਈ ਰੱਖਦੇ ਆ, ਸਰਦਾਰ ਜੀ ਆਹ ਲੈ ਜੋ, ਜੇ ਆਹ ਨੀਂ ਸੁੱਸਰੀ ਮਾਰਦੀ ਤਾਂ ਹੋਰ ਮਹਿੰਗੀ ਹੈਗੀ।"

"ਜੇ ਬੰਦਾ ਖਾ ਲਏ ਤਾਂ ਦਿਲ ਪਾੜ ਦਿੰਦੀ ਐ, ਖੱਖੜੀਆਂ ਕਰੇਲੇ ਕਰ ਦਿੰਦੀ ਐ ਅੰਦਰ।"

"ਬੰਦੇ 'ਚ ਜ਼ਹਿਰ ਨੀਂ ਹੁੰਦਾ, ਮਿਰਚਾਂ ਜ਼ਹਿਰ ਖਤਮ ਕਰ ਦਿੰਦੀਆਂ। ਕਹਿੰਦੇ, ਜੇ ਬੰਦਾ ਮਿਰਚਾਂ ਨਾ ਖਾਵੇ, ਗੁੜ ਨਾਲ ਰੋਟੀ ਖਾਂਦਾ ਰਹੇ ਤਾਂ ਏਸ ਤੋਂ ਜ਼ਹਿਰੀ ਚੀਜ ਈ ਨੀਂ ਦੁਨੀਆਂ 'ਤੇ।"

"ਆਹ ਸਲਫਾਸ ਤਾਂ ਜਿਹੜੀ ਸਰਕਾਰੀ ਆਉਂਦੀ ਆ ਨਾ, ਉਹ ਫੱਟੇ ਚੱਕਦੀ ਆ।"

"ਆਹ ਆਪਣਾ ਮੁਖਤਿਆਰਾ ਫੌਜੀ ਰਖਦਾ ਦੋ-ਚਾਰ ਪੁੜੀਆਂ 'ਕੱਠੀਆਂ ਕਰਕੇ, ਗੁਦਾਮ ਆਲੇ ਲੱਸੀ-ਪਾਣੀ ਪੀਂਦੇ ਆ ਇਹਤੋਂ ਤੇ ਪੁੜੀਆਂ ਦੇ ਜਾਂਦੇ ਆ।"

"ਇੱਕ ਵਾਰ ਅਸੀਂ ਤਜਰਬਾ ਕੀਤਾ, ਕਣਕ ਦੀ ਬਖਾਰੀ 'ਚ ਗੋਲੀਆਂ ਪਾ ਕੇ ਬਿੱਲੀ ਵਾੜ'ਤੀ ਓਹਦੇ 'ਚ, ਅੱਗੋਂ ਗੋਹਾ ਲਾ ਕੇ ਬਾਰ ਬੰਦ ਕਰ'ਤਾ; ਅੱਠਵੇਂ ਦਿਨ ਬਾਰ ਖੋਲ੍ਹਿਆ ਤਾਂ ਬਿੱਲੀ ਆਕੜੀ ਪਈ ਸੁੱਕ ਕੇ।"

"ਬੜਾ ਚੰਗਾ ਕੰਮ ਕੀਤਾ, ਭਵਸਾਗਰ ਤਰਜੋਂਗੇ ਇਸ ਨਾਲ ਈ।"

---

"ਹੈਂ ਤਾਇਆ! ਮੇਰੇ ਤੇਜ਼ਾਬ ਬਣਨ ਲੱਗ ਪਿਆ ਕਈ ਦਿਨਾਂ ਦਾ।"

"ਦੇਸੀ ਦਾ ਪੈਗ ਲਾਇਆ ਕਰ ਆਥਣੇ।"

"ਜਾਂ ਪਾਣੀ ਵੱਧ ਪੀ ਲਿਆ ਕਰ, ਚਾਹ ਛੱਡ ਦੇਹ।"

"ਕਾਸੇ ਦੀ ਲੋੜ ਨੀਂ ਯਾਰ, ਸੱਪ ਦੀ ਕੁੰਜ ਖਾ ਲੈ, ਗੁੜ 'ਚ ਕੁੱਟ ਕੇ; ਆਹ ਫੋੜੇ ਫਿਨਸੀਆਂ ਵੀ ਹਟ ਜਾਣਗੀਆਂ।"

"ਕਿਤੇ ਮੇਰੇ ਆਲਾ ਈ ਘੋਗਾ ਨਾ ਚਿੱਤ ਹੋ'ਜੇ, ਤੜਕੇ ਨੂੰ ਚੱਕ ਲੋ-ਚੱਕ ਲੋ ਹੋ'ਜੇ ਕਿਤੇ।"

"ਫੇਰ ਕੀ ਜੱਗ ਸੁੰਨਾ ਹੋ'ਜੂ, ਤੇਜ਼ਾਬ ਜਿਹਾ ਵਿਚੇ ਜਾਊ।"

***-ਮੁਲਖ ਸਿੰਘ***
***ਫੋਨ: 91-94162-55877***

ਵਿਚਾਰ-ਚਰਚਾ

# ਹਿੰਦੂਤਵ ਅਤੇ ਭਾਰਤੀ ਸਮਾਜ

***ਅਜੋਕੇ ਹਾਲਾਤ ਵਿਚ ਹਿੰਦੂਤਵੀ ਤਾਕਤਾਂ ਭਾਰਤ ਨੂੰ ਇਕ ਹਿੰਦੂ ਰਾਸ਼ਟਰ ਬਣਾਉਣ ਲਈ ਤਰਲੋਮੱਛੀ ਹੋ ਰਹੀਆਂ ਹਨ। ਆਰ.ਐਸ.ਐਸ. ਇਨ੍ਹਾਂ ਵਿਚ ਮੋਹਰੀ ਹੈ ਅਤੇ ਭਾਰਤ ਦਾ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਹਿੰਦੂਤਵੀ ਵਿਚਾਰਧਾਰਾ ਦਾ ਬੋਲਬਾਲਾ ਕਰਨ ਲਈ ਯਤਨਸ਼ੀਲ ਹੈ। ਇਸ ਲੇਖ ਵਿਚ ਸ. ਹਾਕਮ ਸਿੰਘ ਨੇ ਹਿੰਦੂ ਧਰਮ, ਇਸ ਵਿਚ ਭਾਰੂ ਹੋਈ ਮਨੂੰਵਾਦੀ ਵਿਚਾਰਧਾਰਾ, ਭਾਰਤ ਵਿਚ ਕਾਬਜ ਹੋਏ ਮੁਸਲਿਮ ਹਮਲਾਵਰਾਂ ਦੇ ਹਾਂਦਰੂ ਤੇ ਮਨਫੀ ਪੱਖਾਂ, ਭਗਤੀ ਲਹਿਰ ਅਤੇ ਸਿੱਖ ਧਰਮ ਦੇ ਪਏ ਪ੍ਰਭਾਵ ਨੂੰ ਕਲਮਬੰਦ ਕੀਤਾ ਹੈ। -ਸੰਪਾਦਕ***

ਆਰ.ਐਸ.ਐਸ. ਭਾਰਤੀ ਸਭਿਆਚਾਰ ਨੂੰ ਹਿੰਦੂਤਵ ਅਨੁਸਾਰ ਢਾਲਣ ਲਈ ਯਤਨਸ਼ੀਲ ਹੈ। ਹਿੰਦੂ ਧਰਮ ਪੁਰਾਤਨ ਸਮੇਂ ਤੋਂ ਭਾਰਤੀ ਸਮਾਜ ਵਿਚ ਪ੍ਰਚਲਿਤ ਹੈ। ਹਿੰਦੂ ਅਧਿਆਤਮਕ ਵਿਚਾਰਧਾਰਾ ਅਤੇ ਫਿਲਾਸਫੀ ਦਾ ਵਿਸ਼ਵ ਦੀ ਧਾਰਮਿਕ ਤੇ ਬੌਧਿਕ ਵਿਚਾਰਧਾਰਾ ਵਿਚ ਵਿਸ਼ੇਸ਼ ਸਥਾਨ ਹੈ ਪਰ ਹਿੰਦੂਤਵ ਦੀ ਇਨ੍ਹਾਂ ਨਾਲ ਕੋਈ ਸਾਂਝ ਨਹੀਂ ਹੈ ਕਿਉਂਕਿ ਇਹ ਵਿਚਾਰਧਾਰਾ ਨਹੀਂ, ਸਮਾਜਿਕ ਪ੍ਰਣਾਲੀ ਹੈ। ਹਿੰਦੂਤਵ ਮੰਨੂ ਸਮ੍ਰਿਤੀ 'ਤੇ ਆਧਾਰਤ ਭਾਰਤੀ ਸਮਾਜ ਨੂੰ ਜਨਮ ਤੇ ਨਿਰਧਾਰਤ ਵਰਣਾਂ ਵਿਚ ਵੰਡ ਕੇ ਹਰ ਵਰਣ ਦੇ ਕਰਤੱਵ ਅਤੇ ਅਧਿਕਾਰ ਨਿਯਤ ਕਰਨ ਦੀ ਵਿਧੀ ਹੈ। ਇਸ ਵਿਚ ਬ੍ਰਾਹਮਣ ਵਰਗ ਨੂੰ ਉਤਮ ਮੰਨਿਆ ਅਤੇ ਸਮਾਜ ਵਿਚ ਵਿਸ਼ੇਸ਼ ਅਧਿਕਾਰਾਂ ਦਾ ਹੱਕਦਾਰ ਬਣਾਇਆ ਗਿਆ ਹੈ।

ਬ੍ਰਾਹਮਣ ਦੀ ਉਤਮਤਾ ਸਿੱਧ ਕਰਨ ਲਈ ਹਿੰਦੂ ਸਭਿਆਚਾਰ ਵਿਚ ਬ੍ਰਾਹਮਣਾਂ ਦੀਆਂ

ਹਾਕਮ ਸਿੰਘ
hak1270@yahoo.com

ਵਿਸ਼ੇਸ਼ਤਾਵਾਂ ਅਤੇ ਅਨੂਪ ਅਧਿਕਾਰਾਂ ਦਾ ਬਹੁਤ ਮਿਥਿਹਾਸ ਰਚਿਆ ਗਿਆ ਹੈ। ਹਿੰਦੂ ਸਭਿਆਚਾਰ ਵਿਚ ਸਮਾਜ ਦੀ ਸਥਿਤੀ ਅਤੇ ਪ੍ਰਾਪਤੀਆਂ ਦਾ ਇਤਿਹਾਸ ਲਿਖਣ ਦੀ ਪ੍ਰਥਾ ਨਹੀਂ ਸੀ। ਇਤਿਹਾਸ ਦੀ ਥਾਂਵੇਂ ਸਥਾਨ ਅਤੇ ਸਮੇਂ ਦੇ ਸਬੰਧਾਂ ਨੂੰ ਰਲਗੱਡ ਕਰਕੇ ਕਲਪਿਤ ਵਿਅਕਤੀਆਂ ਦੀਆਂ ਕਰਾਮਾਤਾਂ ਦੇ ਮਿਥਿਹਾਸ ਰਚਣ ਦੀ ਰੀਤ ਸੀ। ਰਾਮਾਇਣ ਅਤੇ ਮਹਾਂਭਾਰਤ ਐਸੇ ਹੀ ਮਿਥਿਹਾਸਾਂ ਦੇ ਉਦਾਹਰਣ ਹਨ।

ਹਿੰਦੂਤਵ ਦੇ ਸਮਾਜਕ ਯੋਗਦਾਨ ਦੀ ਜਾਣਕਾਰੀ ਤੇ ਭਾਰਤੀ ਇਤਿਹਾਸ ਦੇ ਅਧਿਐਨ ਤੋਂ ਹੀ ਮਿਲ ਸਕਦੀ ਹੈ ਪਰ ਭਾਰਤੀ ਇਤਿਹਾਸ ਦੇ ਕਈ ਉਚੇਚੇ ਦੌਰਾਂ ਵਿਚ ਵਾਪਰੀਆਂ ਘਟਨਾਵਾਂ ਵਿਚ ਹਿੰਦੂਤਵ ਦੇ ਰੋਲ ਤੋਂ ਉਸ ਦੇ ਯੋਗਦਾਨ ਦਾ ਸਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ, ਜਿਸ ਦਾ ਯਤਨ ਕਰਦੇ ਹਾਂ।

ਭਾਰਤ ਦੀ ਵੈਦਿਕ ਸੱਭਿਅਤਾ ਵਿਚੋਂ ਜੈਨ, ਹਿੰਦੂ ਅਤੇ ਬੁੱਧ ਧਰਮ ਵਿਕਸਿਤ ਹੋਏ ਸਨ। ਹਿੰਦੂ ਧਰਮ ਨੇ ਮਨੂੰ ਦੀ ਸਮਾਜਕ ਵਰਣ ਵੰਡ ਪ੍ਰਣਾਲੀ ਨੂੰ ਆਪਣੇ ਧਰਮ ਦਾ ਆਧਾਰ ਬਣਾ ਲਿਆ ਜਿਸ ਨਾਲ ਸਮਾਜ ਵਿਚ ਊਚ-ਨੀਚ ਦੀਆਂ ਭਾਵਨਾਵਾਂ ਪੈਦਾ ਹੋ ਗਈਆਂ ਅਤੇ ਬ੍ਰਾਹਮਣਾਂ ਨੇ ਨੀਵੀਆਂ ਜਾਤਾਂ ਨਾਲ ਪੱਖ ਪਾਤ ਤੇ ਸ਼ੂਦਰਾਂ ਨਾਲ ਅਣਮਨੁੱਖੀ ਵਿਹਾਰ ਕਰਨਾ ਸ਼ੁਰੂ ਕਰ ਦਿੱਤਾ। ਵਰਣ ਵੰਡ ਨੇ ਭਾਰਤੀ ਸਮਾਜ ਦੀ ਬੁਨਿਆਦੀ ਏਕਤਾ ਭੰਗ ਕਰ ਦਿੱਤੀ। ਬਿਖਰੇ ਹੋਏ ਹਿੰਦੂਤਵੀ ਸਮਾਜ ਦੇ ਬਹੁਤੇ ਲੋਕਾਂ ਨੂੰ ਬ੍ਰਾਹਮਣਾਂ ਨੇ ਵਹਿਮਾਂ ਭਰਮਾਂ ਵਿਚ ਪਾ ਕੇ ਆਪਣੇ ਮਾਨਸਿਕ ਗੁਲਾਮ ਬਣਾ ਲਿਆ ਅਤੇ ਉਨ੍ਹਾਂ ਨੂੰ ਸ਼ੂਦਰਾਂ ਨਾਲ ਘ੍ਰਿਣਾ ਕਰਨ ਲਈ ਸ਼ਹਿ ਦੇਣ ਲੱਗ ਪਏ।

ਬੁੱਧ ਅਤੇ ਜੈਨ ਧਰਮ ਦੇ ਉਪਾਸ਼ਕਾਂ ਨੇ ਹਿੰਦੂਤਵ ਵਲੋਂ ਸਮਾਜ ਵਿਚ ਪਾਈ ਫੁੱਟ ਅਤੇ ਅਨਿਆਂ ਨੂੰ ਦੂਰ ਕਰਨ ਦੇ ਯਤਨ ਕੀਤੇ। ਬੋਧੀ ਸ਼ਾਸਕਾਂ ਨੇ ਲੋਕਾਂ ਦੀ ਏਕਤਾ ਅਤੇ ਬਿਹਤਰੀ ਨੂੰ ਆਪਣੇ ਰਾਜ ਦਾ ਮਨੋਰਥ ਬਣਾਇਆ। ਅਸ਼ੋਕ ਨੇ ਕਾਲਿੰਗਾ ਦੇ ਦੁਖਾਂਤ ਤੋਂ ਪੀੜਤ ਹੋ ਕੇ ਲੋਕਾਂ ਨੂੰ ਖੁਸ਼ਹਾਲ ਕਰਨ ਦਾ ਉਪਰਾਲਾ ਕੀਤਾ ਅਤੇ ਕਨਿਸ਼ਕ ਨੇ ਲੋਕਾਂ ਵਿਚ ਗਿਆਨ ਦੀ ਸਿੱਖਿਆ ਤੇ ਪ੍ਰਸਾਰ ਦੇ ਪ੍ਰਬੰਧ ਦੀ ਸ਼ਲਾਘਾਯੋਗ ਵਿਵਸਥਾ ਕੀਤੀ। ਹਰਸ਼ਵਰਧਨ ਨੇ ਵੀ ਸਮਾਜ ਦੀ ਬਿਹਤਰੀ ਲਈ ਭਾਰੀ ਉਦਮ ਕੀਤਾ। ਜੈਨ ਅਤੇ ਬੋਧੀ ਮਹਾਰਾਜਿਆਂ ਨੇ ਸਮਾਜ ਦੀ ਖੁਸ਼ਹਾਲੀ ਨੂੰ ਮੁੱਖ ਰਖ ਕੇ ਨੀਤੀਆਂ ਬਣਾਈਆਂ ਪਰ ਸ਼ੰਕਰਾਚਾਰੀਆ ਦੇ ਸ਼ਰਧਾਲੂਆਂ ਨੇ ਬੁੱਧ ਅਤੇ ਜੈਨ ਧਰਮ ਦੇ ਸ਼ਾਸਕਾਂ 'ਤੇ ਹਿੰਸਕ ਵਾਰ ਕਰਕੇ ਉਨ੍ਹਾਂ ਦੇ ਰਾਜਾਂ ਦਾ ਖਾਤਮਾ ਕਰ ਦਿੱਤਾ।

ਬੋਧੀ ਤੇ ਜੈਨ ਰਾਜਾਂ ਦੇ ਖਾਤਮੇ 'ਤੇ ਹਿੰਦੂਤਵੀ ਰਾਜ ਕਾਇਮ ਹੋ ਗਿਆ ਅਤੇ ਨੀਵੀਆਂ ਜਾਤਾਂ ਨਾਲ ਪੱਖ ਪਾਤ ਤੇ ਅਨਿਆਂ ਅਤੇ ਬੋਧੀਆਂ ਨਾਲ ਵੈਰ ਹੋਣ ਲੱਗ ਪਿਆ। ਰਾਜਪੂਤ ਰਾਜੇ ਦੂਜੇ ਰਾਜਪੂਤ ਰਾਜਿਆਂ ਨਾਲ ਵੈਰ ਕਰਦੇ ਸਨ ਜਿਸ ਨਾਲ ਸਮਾਜਿਕ ਵਖਰੇਵਾਂ ਹੋਰ ਵਧ ਗਿਆ। ਭਾਰਤ ਦੀ ਸਮਾਜਿਕ ਫੁੱਟ ਅਤੇ ਰਾਜ ਪ੍ਰਬੰਧਾਂ ਦੀ ਕਮਜ਼ੋਰੀ ਦੀ ਜਾਣਕਾਰੀ ਮਿਲਣ 'ਤੇ ਭਾਰਤ ਦੀ ਪੱਛਮੀ ਸਰਹੱਦ ਨਾਲ ਲਗਦੀਆਂ ਸ਼ਕਤੀਆਂ ਉਸ 'ਤੇ ਹਮਲਾ ਕਰਨ ਲਈ ਉਤਸ਼ਾਹਿਤ ਹੋ ਗਈਆਂ।

ਪਹਿਲਾਂ, ਉਮੈਦ ਖਲੀਫੇ ਦੇ ਜਰਨੈਲ ਮੁਹੰਮਦ ਬਿਨ ਕਾਸਿਮ ਨੇ ਸਿੰਧ ਅਤੇ ਮੁਲਤਾਨ 'ਤੇ ਕਬਜ਼ਾ ਕਰ ਲਿਆ। ਫਿਰ ਮਹਿਮੂਦ ਗਜ਼ਨੀ ਨੇ ਭਾਰਤ 'ਤੇ 17 ਹਮਲੇ ਕੀਤੇ ਅਤੇ ਉਤਰੀ ਭਾਰਤ ਦੇ ਕਈ ਸ਼ਹਿਰਾਂ ਤੇ ਮੰਦਿਰਾਂ ਨੂੰ ਲੁਟਿਆ। ਅਖੀਰਲੇ ਹਮਲੇ ਵਿਚ ਉਸ ਨੇ ਕਾਠੀਆਵਾੜ ਦੇ ਪ੍ਰਸਿਧ ਸੋਮਨਾਥ ਮੰਦਿਰ ਨੂੰ ਲੁਟਿਆ। ਮਹਿਮੂਦ ਗਜ਼ਨੀ ਮਗਰੋਂ ਮੁਹੰਮਦ ਗੌਰੀ ਨੇ ਦਿੱਲੀ ਅਤੇ ਅਜਮੇਰ ਦੇ ਰਾਜੇ ਪ੍ਰਿਥਵੀ ਰਾਜ ਨੂੰ ਹਰਾ ਕੇ ਬਿਹਾਰ ਅਤੇ ਬੰਗਾਲ 'ਤੇ ਹਮਲੇ ਕਰ ਦਿੱਤੇ। ਉਸ ਨੇ ਆਪਣੇ ਗੁਲਾਮ ਕੁਤਬ-ਉਦ-ਦੀਨ ਐਬਕ ਨੂੰ ਫੌਜਾਂ ਦੀ ਕਮਾਨ ਸੰਭਾਲੀ ਹੋਈ ਸੀ ਜੋ ਉਸ ਦੀ ਮੌਤ ਪਿਛੋਂ ਦਿੱਲੀ ਦਾ ਗੁਲਾਮ ਸੁਲਤਾਨ ਬਣਿਆ। ਸੁਲਤਾਨ ਅਤੇ ਮੁਗਲ ਬਾਦਸ਼ਾਹ ਤਕਰੀਬਨ ਸੱਤ ਸਦੀਆਂ ਭਾਰਤ 'ਤੇ ਰਾਜ ਕਰਦੇ ਰਹੇ।

ਭਾਰਤ 'ਤੇ ਮੁਸਲਮਾਨੀ ਰਾਜ ਦੇ ਤਿੰਨ ਪਹਿਲੂ ਵਰਣਨਯੋਗ ਹਨ-ਪਹਿਲਾ, ਮੁਸਲਮਾਨ ਸ਼ਾਸਕ ਭਾਰਤ ਦੇ ਧਾਰਮਿਕ ਅਤੇ ਸਮਾਜਿਕ ਜੀਵਨ ਵਿਚ ਬੇਲੋੜੀ ਦਖਲਅੰਦਾਜ਼ੀ ਨਹੀਂ ਕਰਦੇ ਸਨ। ਭਾਰਤ ਪਿੰਡਾਂ ਦਾ ਦੇਸ਼ ਸੀ ਅਤੇ ਹਰ ਪਿੰਡ ਆਰਥਿਕ ਅਤੇ ਸਮਾਜਿਕ ਪੱਖੋਂ ਲਗਭਗ ਆਤਮ ਨਿਰਭਰ ਸੀ। ਮੁਸਲਮਾਨ ਸ਼ਾਸਕ ਪੇਂਡੂ ਜੀਵਨ ਵਿਚ ਦਖਲ ਨਹੀਂ ਦਿੰਦੇ ਸਨ ਅਤੇ ਪਿੰਡ ਵਾਸੀਆਂ ਦਾ ਵੀ ਸ਼ਾਸਕਾਂ ਦੇ ਸਿਆਸੀ ਤੇ ਦੂਜੇ ਝਗੜਿਆਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ ਸੀ। ਮੁਸਲਮਾਨ ਅਤੇ ਹਿੰਦੂ ਸ਼ਾਸਕਾਂ ਵਿਚ ਕਾਫੀ ਸਹਿਯੋਗ ਵੀ ਸੀ। ਮੁਸਲਮਾਨ ਸੁਲਤਾਨਾਂ ਅਤੇ ਬਾਦਸ਼ਾਹਾਂ ਦੇ ਕਈ ਦਰਬਾਰੀ ਤੇ ਦੀਵਾਨ ਹਿੰਦੂ ਸਨ ਅਤੇ ਫੌਜ ਵਿਚ ਕਈ ਜਰਨੈਲ ਤੇ ਸਿਪਾਹੀ ਵੀ।

ਦੂਜਾ, ਸੁਲਤਾਨਾਂ ਅਤੇ ਬਾਦਸ਼ਾਹਾਂ ਨੇ ਆਪਣੀਆਂ ਔਰਤਾਂ, ਗੁਲਾਮਾਂ, ਵਿਦੇਸ਼ੀਆਂ ਤੇ ਹਿੰਦੂਆਂ ਨੂੰ ਬਣਦੇ ਅਧਿਕਾਰ ਦਿੱਤੇ ਹੋਏ ਸਨ। ਇਸ ਪੱਖੋਂ ਉਨ੍ਹਾਂ ਦੇ ਰਾਜ ਬਹੁਤ ਹੱਦ ਤਕ ਧਰਮ ਨਿਰਪੱਖ ਅਤੇ ਨਿਆਂਪੂਰਨ ਸਨ। ਮਹਿਮੂਦ ਗਜ਼ਨੀ ਭਾਵੇਂ ਮੰਦਿਰ ਲੁਟਦਾ ਸੀ ਪਰ ਉਸ ਦਾ ਇੱਕ ਵਡਾ ਜਰਨੈਲ ਤਿਲਕ ਹਿੰਦੂ ਸੀ। ਉਹ ਭਾਰਤੀ ਫੌਜ ਨੂੰ ਆਪਣੇ ਮੁਸਲਮਾਨ ਵੈਰੀਆਂ ਵਿਰੁਧ ਵਰਤਦਾ ਸੀ। ਰਜ਼ੀਆ ਸੁਲਤਾਨਾ ਇਸਤਰੀ ਹੁੰਦਿਆਂ ਸੁਲਤਾਨ ਬਣ ਗਈ ਸੀ। ਇਹੋ ਨਹੀਂ, ਉਸ ਦਾ ਸਭ ਤੋਂ ਵਡਾ ਸਹਾਇਕ ਇਥੋਪੀਆ ਦਾ ਵਸਨੀਕ ਇੱਕ ਅਫਰੀਕਨ ਸੀ। ਸ਼ੇਰ ਸ਼ਾਹ ਸੂਰੀ ਨੇ ਉਤਰੀ ਭਾਰਤ ਵਿਚ ਲੋਕਾਂ ਦਾ ਜੀਵਨ ਸੁਖਾਵਾਂ ਕਰਨ ਲਈ ਕਾਫੀ ਆਰਥਿਕ ਸੁਧਾਰ ਕੀਤਾ। ਅਕਬਰ ਅਤੇ ਮੁਗਲ ਬਾਦਸ਼ਾਹਾਂ ਸਮੇਂ ਉਤਰੀ ਭਾਰਤ ਨੇ ਬਹੁਤ ਤਰੱਕੀ ਕੀਤੀ, ਹਿੰਦੂਆਂ ਤੇ ਮੁਸਲਮਾਨਾਂ 'ਚ ਮਿਲਵਰਤਣ ਸੀ, ਲੋਕ ਖੁਸ਼ਹਾਲ ਸਨ ਅਤੇ ਸਭਿਆਚਾਰ ਬਹੁਤ ਪ੍ਰਫੁਲਿਤ ਸੀ।

ਤੀਜਾ, ਮੁਸਲਮਾਨ ਬਾਦਸ਼ਾਹਾਂ ਦੇ ਰਾਜ ਸਮੇਂ ਆਮ ਲੋਕਾਂ ਦੀ ਬਹੁਗਿਣਤੀ ਭਗਤੀ ਅਤੇ ਸੂਫੀ ਲਹਿਰਾਂ ਦੇ ਪ੍ਰਭਾਵ ਅਧੀਨ ਹਿੰਦੂ ਧਰਮ ਦੀ ਮੰਨੂਵਾਦੀ ਜਾਤ-ਪਾਤ ਪ੍ਰਣਾਲੀ ਨੂੰ ਨਾਕਾਰਨ ਲੱਗ ਪਈ ਸੀ। ਭਗਤ ਜਾਤ-ਪਾਤ ਤੇ ਮੂਰਤੀ ਪੂਜਾ ਦਾ ਖੰਡਨ ਕਰਦੇ ਸਨ ਅਤੇ ਮਨੁੱਖੀ ਆਜ਼ਾਦੀ ਤੇ ਬਰਾਬਰੀ ਦਾ ਸਮਰਥਨ। ਭਗਤ ਕਬੀਰ ਨੇ ਤੇ ਇਥੋਂ ਤਕ ਆਖ ਦਿੱਤਾ ਸੀ, "ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥ ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ ਹਮ ਕਤ ਲੋਹੂ ਤੁਮ ਕਤ ਦੂਧ॥"

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਵੀ ਭਗਤਾਂ ਦੇ ਮਾਨਵਵਾਦੀ ਵਿਚਾਰਾਂ ਦਾ ਸਮਰਥਨ ਕੀਤਾ। ਗੋਕਲ ਚੰਦ ਨਾਰੰਗ ਦਾ ਵਿਚਾਰ ਹੈ ਕਿ ਭਗਤੀ ਲਹਿਰ ਹਿੰਦੂ ਸਮਾਜ ਦੇ ਸੁਧਾਰ ਲਈ ਹੋਂਦ ਵਿਚ ਆਈ ਸੀ। ਪਰ ਹਿੰਦੂ ਸਮਾਜ ਦਾ ਤਾਂ ਆਧਾਰ ਹੀ ਜਾਤ-ਪਾਤ ਅਤੇ ਮੂਰਤੀ ਪੂਜਾ ਸੀ। ਉਨ੍ਹਾਂ ਦਾ ਖੰਡਨ ਕਰਨ ਵਾਲੀ ਲਹਿਰ ਨੂੰ ਹਿੰਦੂ ਸਮਾਜ ਦੀ ਸੁਧਾਰਕ ਕਿਵੇਂ ਆਖਿਆ ਜਾ ਸਕਦਾ ਹੈ? ਇਹ ਵੱਖਰੀ ਗੱਲ ਹੈ ਕਿ ਬਿਪਰ ਨੇ ਰਾਜ ਸ਼ਕਤੀਆਂ ਦੀ ਸਹਾਇਤਾ ਨਾਲ ਭਗਤੀ ਵਿਚਾਰਧਾਰਾ ਨੂੰ ਵੀ ਆਪਣੇ ਕਰਮ ਕਾਂਡਾਂ ਵਿਚ ਉਲਝਾ ਲਿਆ।

ਸਤਾਰਵੀਂ ਅਤੇ ਅਠਾਰਵੀਂ ਸਦੀ ਦੇ ਭਾਰਤ ਦਾ ਇਤਿਹਾਸ ਉਸ ਦੇ ਭੁਗੋਲ ਨਾਲ ਵੀ ਸਬੰਧ ਰੱਖਦਾ ਹੈ। ਭੁਗੋਲ ਦੇ ਆਧਾਰ 'ਤੇ ਭਾਰਤ ਤਿੰਨ ਮੁੱਖ ਭਾਗਾਂ ਵਿਚ ਵੰਡਿਆ ਹੋਇਆ ਹੈ: ਉਤਰ, ਮੱਧ ਅਤੇ ਦੱਖਣ। ਉਤਰੀ ਅਤੇ ਦੱਖਣੀ ਭਾਰਤ ਦੇ ਇਤਿਹਾਸ ਅਤੇ ਸਭਿਆਚਾਰ ਵਿਚ ਬਹੁਤੀ ਸਾਂਝ ਨਹੀਂ ਹੈ। ਅਸਲ ਵਿਚ ਵਿੰਧਿਆ ਪਰਬਤ ਅਤੇ ਮੱਧ ਭਾਰਤ ਉਤਰ ਤੇ ਦੱਖਣੀ ਭਾਰਤ ਨੂੰ ਇੱਕ ਦੀਵਾਰ ਬਣ ਕੇ ਵੰਡਦੇ ਹਨ। ਇਸ ਵਖਰੇਵੇਂ ਕਾਰਨ ਉਤਰੀ ਭਾਰਤ ਨੂੰ ਹੀ ਅਸਲੀ ਹਿੰਦੋਸਤਾਨ ਸਮਝਿਆ ਜਾਂਦਾ ਰਿਹਾ ਹੈ। ਅੰਗਰੇਜ਼ ਤੇ ਯੂਰਪੀ ਸ਼ਕਤੀਆਂ ਭਾਰਤ ਵਿਚ ਦੱਖਣ ਤੇ ਮੱਧ ਭਾਰਤ ਰਾਹੀਂ ਦਾਖਲ ਹੋਈਆਂ ਸਨ। ਅੰਗਰੇਜ਼ ਸੌ ਸਾਲ ਤੋਂ ਵੱਧ ਫਰਾਂਸੀਸੀਆਂ, ਹੈਦਰ ਅਲੀ ਅਤੇ ਟੀਪੂ ਸੁਲਤਾਨ ਵਿਰੁਧ ਜੰਗਾਂ ਲੜਦੇ ਰਹੇ, ਫਿਰ ਵੀ ਉਹ ਖੁਦ ਨੂੰ ਭਾਰਤੀ ਸ਼ਕਤੀ ਨਾ ਬਣਾ ਸਕੇ। ਰੌਬਰਟ ਕਲਾਈਵ ਵਲੋਂ ਬੰਗਾਲ ਦੇ ਨਵਾਬ ਸਰਾਜ-ਉਦ-ਦੌਲਾ ਨੂੰ ਹਰਾਉਣ ਮਗਰੋਂ ਹੀ ਉਹ ਹਿੰਦੋਸਤਾਨ ਵਿਚ ਇੱਕ ਰਾਜਸੀ ਸ਼ਕਤੀ ਬਣ ਕੇ ਉਭਰ ਸਕੇ।

ਅੰਗਰੇਜ਼ਾਂ ਦੇ ਰਾਜ ਤੋਂ ਪਹਿਲੋਂ ਭਾਰਤ ਵਿਚ ਦੋ ਵੱਡੀਆਂ ਸ਼ਕਤੀਆਂ ਕ੍ਰਿਆਸ਼ੀਲ ਸਨ-ਮਰਾਠੇ ਅਤੇ ਸਿੱਖ। ਮਰਾਠਾ ਦੇਸ਼ ਮੱਧ ਭਾਰਤ ਦਾ ਭਾਗ ਹੈ ਅਤੇ ਮਰਾਠੇ ਮੱਧ ਭਾਰਤੀ ਸ਼ਕਤੀ ਸਨ। ਉਹ ਉਤਰੀ ਭਾਰਤ ਦੇ ਵਸਨੀਕਾਂ ਨੂੰ ਵਿਦੇਸ਼ੀ ਸਮਝਦੇ ਸਨ। ਮਰਾਠਿਆਂ ਨੇ ਪੇਸ਼ਵਾ ਬ੍ਰਾਹਮਣਾਂ ਦੀ



ਅਗਵਾਈ ਹੇਠ ਉਤਰੀ ਭਾਰਤ ਵਿਚ ਬਹੁਤ ਮਾਰ-ਧਾੜ ਕੀਤੀ ਸੀ। ਮਰਾਠੇ ਹਮਲਾਵਰ ਆਪਣੇ ਆਪ ਨੂੰ ਗੈਰ-ਮਰਾਠਿਆਂ ਨਾਲੋਂ ਮਹਾਨ ਅਤੇ ਬਹਾਦਰ ਸਮਝ ਕੇ ਉਨ੍ਹਾਂ ਨਾਲ ਬਦਸਲੂਕੀ ਕਰਦੇ ਸਨ। ਬੰਗਾਲ 'ਤੇ ਕਬਜ਼ਾ ਕਰਕੇ ਉਨ੍ਹਾਂ ਬੰਗਾਲੀਆਂ 'ਤੇ ਭਾਰੀ ਅਤਿਆਚਾਰ ਕੀਤੇ ਜਿਸ ਦੀ ਪੀੜਾ ਬੰਗਾਲੀ ਲੋਕਧਾਰਾ ਵਿਚ ਪ੍ਰਗਟ ਹੋਈ। ਉਤਰੀ ਭਾਰਤ ਦੇ ਹੋਰ ਕਈ ਇਲਾਕਿਆਂ ਵਿਚ ਮਰਾਠਿਆਂ ਨੇ ਬਹੁਤ ਜ਼ੁਲਮ ਢਾਹੇ। ਉਨ੍ਹਾਂ ਨੂੰ ਆਪਣੀ ਸ਼ਕਤੀ 'ਤੇ ਬਹੁਤ ਗੁਮਾਨ ਸੀ। ਉਹ ਦਿੱਲੀ ਜਿੱਤ ਕੇ ਭਾਰਤ 'ਤੇ ਮਰਾਠਾ ਰਾਜ ਕਾਇਮ ਕਰਨ ਦੇ ਚਾਹਵਾਨ ਸਨ। ਆਮ ਲੋਕ ਉਨ੍ਹਾਂ ਦੇ ਜ਼ੁਲਮਾਂ ਤੋਂ ਬਹੁਤ ਤੰਗ ਸਨ।

1761 ਵਿਚ ਪਾਣੀਪਤ ਦੀ ਤੀਜੀ ਜੰਗ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਮਰਾਠਿਆਂ ਨੂੰ ਕਰਾਰੀ ਹਾਰ ਦਿੱਤੀ ਜਿਸ ਨਾਲ ਉਨ੍ਹਾਂ ਦੀ ਘੁਮੰਡੀ ਮਾਨਸਿਕਤਾ ਬੁਰੀ ਤਰ੍ਹਾਂ ਵਲੂੰਧਰੀ ਗਈ। ਉਨ੍ਹਾਂ ਦਾ ਦਿੱਲੀ ਜਿੱਤ ਕੇ ਭਾਰਤ 'ਤੇ ਰਾਜ ਕਰਨ ਦਾ ਸੁਪਨਾ ਵੀ ਢਹਿ ਢੇਰੀ ਹੋ ਗਿਆ। ਉਹ ਆਪਣੀ ਵਿਕਰਿਤ ਮਾਨਸਿਕਤਾ ਨੂੰ ਦਿਲਾਸਾ ਦੇਣ ਲਈ ਦਿੱਲੀ 'ਤੇ ਹਮਲਾ ਕਰਨ ਦੀਆਂ ਯੋਜਨਾਵਾਂ ਬਣਾ ਰਹੇ ਸਨ ਕਿ ਅੰਗਰੇਜ਼ਾਂ ਨੇ ਤਿੰਨ ਜੰਗਾਂ ਵਿਚ ਮਰਾਠਾ ਰਾਜਸੀ ਸ਼ਕਤੀ ਦਾ ਭੋਗ ਪਾ ਦਿੱਤਾ। ਉਸ ਵਿਕਰਿਤ ਮਾਨਸਿਕ ਅਵਸਥਾ ਅਤੇ ਭਾਰਤ 'ਤੇ ਰਾਜ ਕਰਨ ਦੀ ਦਿਲ ਵਿਚ ਸੰਭਾਲੀ ਇੱਛਾ ਨੇ ਹੀ ਮਰਾਠਾ ਦੇਸ਼ ਦੇ ਬ੍ਰਾਹਮਣਾਂ ਨੂੰ ਆਰ.ਐਸ.ਐਸ. ਜੈਸੀ ਮੰਨੂਵਾਦੀ, ਹਿੰਸਕ ਅਤੇ ਫੁੱਟਪਾਊ ਅਰਧ-ਫੌਜੀ ਸੰਸਥਾ ਸਥਾਪਤ ਕਰਨ ਲਈ ਪ੍ਰੇਰਿਤ ਕੀਤਾ। ਸ਼ਾਇਦ ਉਸੇ ਸੋਚ ਨੇ ਉਨ੍ਹਾਂ ਨੂੰ ਆਪਣੇ ਖੇਤਰ ਨੂੰ ਮਹਾਨ ਰਾਸ਼ਟਰ ਆਖਣ ਲਈ ਉਤਸ਼ਾਹਿਤ ਵੀ ਕੀਤਾ ਹੋਵੇ।

ਸਿੱਖ ਮਿਸਲਦਾਰਾਂ ਦਾ ਵੀ ਅੰਗਰੇਜ਼ੀ ਰਾਜ ਦੀ ਸਥਾਪਨਾ ਤੋਂ ਪਹਿਲੋਂ ਪੰਜਾਬ ਵਿਚ ਇੱਕ ਵੱਡੀ ਸ਼ਕਤੀ ਵਜੋਂ ਉਗਮਨ ਹੋ ਗਿਆ ਸੀ। ਪੰਜਾਬੀ ਕੌਮ ਦੇ ਵਿਕਾਸ ਵਿਚ ਗੁਰੂ ਨਾਨਕ ਵਿਚਾਰਧਾਰਾ ਦਾ ਭਾਰੀ ਯੋਗਦਾਨ ਹੈ। ਉਸੇ ਵਿਚਾਰਧਾਰਾ ਦੇ ਡੂੰਘੇ ਪ੍ਰਭਾਵ ਕਾਰਨ ਸਿੱਖ ਮਿਸਲਦਾਰ ਹਲੀਮੀ ਤੇ ਲੋਕ ਭਲਾਈ ਨੂੰ ਸਮਰਪਿਤ ਅਤੇ ਅਨਿਆਂ ਦੇ ਵਿਰੋਧੀ ਸਨ। ਉਨ੍ਹਾਂ ਕਈ ਵਾਰ ਦਿੱਲੀ ਜਿੱਤੀ ਪਰ ਕਦੇ ਵੀ ਭਾਰਤ 'ਤੇ ਰਾਜ ਕਰਨ ਦੀ ਇੱਛਾ ਨਹੀਂ ਜਤਾਈ। ਅਸਲ ਵਿਚ ਸਿੱਖਾਂ ਦੀ ਦਿੱਲੀ ਅਤੇ ਭਾਰਤ 'ਤੇ ਰਾਜ ਕਰਨ ਦੀ ਕੋਈ ਮਨਸ਼ਾ ਨਹੀਂ ਸੀ, ਉਹ ਤਾਂ ਮੁਗਲ ਰਾਜ ਵਲੋਂ ਗੁਰੂ ਸਾਹਿਬਾਨ ਅਤੇ ਸਿੱਖਾਂ 'ਤੇ ਕੀਤੇ ਜ਼ੁਲਮਾਂ ਦਾ ਹਿਸਾਬ ਬਰਾਬਰ ਕਰਨ ਦੇ ਚਾਹਵਾਨ ਸਨ। ਉਹ ਭਾਰਤ ਨੂੰ ਵਿਦੇਸ਼ ਸਮਝਦੇ ਸਨ। ਉਨ੍ਹਾਂ ਦੀ ਇਸ ਸੋਚ ਦੀ ਪ੍ਰੋੜ੍ਹਤਾ ਸ਼ਾਹ ਮੁਹੰਮਦ ਨੇ ਵੀ ਕੀਤੀ ਹੈ। ਉਹ ਲਿਖਦਾ ਹੈ, "ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।" ਇਸੇ ਸੋਚ ਅਧੀਨ ਸਿੱਖਾਂ ਨੇ 1857 ਦੇ ਗਦਰ ਵਿਚ ਗਦਰੀਆਂ ਦੀ ਹਮਾਇਤ ਨਾ ਕੀਤੀ।

ਪੰਜਾਬੀ ਗੁਰਬਾਣੀ ਦੇ ਮਾਨਵਵਾਦੀ ਅਤੇ ਕਿੱਸਾ ਕਵੀਆਂ ਦੇ ਸੂਫੀਆਨਾ ਅਤੇ ਰੋਮਾਂਚਕ ਵਿਚਾਰਾਂ ਦੀ ਮਹਿਕ ਦਾ ਅਨੰਦ ਮਾਣ ਰਹੇ ਸਨ ਕਿ ਦਯਾਨੰਦ ਗੁਜਰਾਤੀ ਦੇ ਮੰਨੂਵਾਦੀ ਆਰੀਆ ਸਮਾਜ ਨੇ ਵੰਡੀਆਂ ਪਾ ਕੇ ਸੁਖੀ ਵਸਦੇ ਪੰਜਾਬ ਨੂੰ ਬਰਬਾਦ ਕਰ ਦਿੱਤਾ। ਆਰੀਆ ਸਮਾਜ ਨੇ ਪੰਜਾਬੀ ਹਿੰਦੂਆਂ ਨੂੰ ਵੈਦਿਕ ਕਾਲ ਦੇ ਨਾਗਰਿਕ ਹੋਣ ਦਾ ਭਰਮ ਪਾ ਕੇ ਆਪਣੀ ਮਾਂ-ਬੋਲੀ ਅਤੇ ਸਭਿਆਚਾਰ ਤੋਂ ਪਰਾਏ ਕਰ ਦਿੱਤਾ। ਉਹ ਪੰਜਾਬ ਦੇ ਜੰਮਪਲ ਹੋ ਕੇ ਵੀ ਪੰਜਾਬੀ ਨਾ ਰਹੇ ਅਤੇ ਭਾਰਤ ਦੇ ਹੋਰ ਕਿਸੇ ਸਭਿਆਚਾਰ ਨੇ ਉਨ੍ਹਾਂ ਨੂੰ ਸਵੀਕਾਰਿਆ ਨਾ। ਆਪਣੀ ਨਾਗਰਿਕਤਾ ਦੇ ਆਧਾਰ ਤੋਂ ਮੁਨਕਰ ਹੋ ਕੇ ਉਹ ਆਪਣੀ ਬੇਗਾਨਗੀ ਲਈ ਪੰਜਾਬ ਨੂੰ ਕੋਸਦੇ ਅਤੇ ਉਸ ਨਾਲ ਵੈਰ ਕਮਾਉਂਦੇ ਰਹੇ। ਕਾਂਗਰਸ ਵਿਚ ਉਹ ਇੱਕ ਪ੍ਰਭਾਵਸ਼ਾਲੀ ਪੰਜਾਬ ਵਿਰੋਧੀ ਧੜਾ ਬਣ ਕੇ ਉਭਰੇ ਅਤੇ ਪੰਜਾਬ ਦਾ ਵੱਧ ਤੋਂ ਵੱਧ ਨੁਕਸਾਨ ਕਰਨ ਲਈ ਵਿਆਕੁਲ ਰਹੇ। ਲਗਭਗ ਇੱਕ ਸਦੀ ਦਾ ਬਣਵਾਸ ਕੱਟ ਕੇ ਉਨ੍ਹਾਂ ਨੂੰ ਮੁੜ ਪੰਜਾਬ ਅਤੇ ਪੰਜਾਬੀ ਦੀ ਸ਼ਰਨ ਲੈਣੀ ਪਈ।

ਮਰਾਠਾ ਦੇਸ਼ ਦੇ ਬ੍ਰਾਹਮਣਾਂ ਦੀ ਆਰ.ਐਸ.ਐਸ. ਭਾਰਤ 'ਤੇ ਰਾਜ ਕਰਨ ਨੂੰ ਆਪਣਾ ਜਮਾਂਦਰੂ ਹੱਕ ਸਮਝਦੀ ਸੀ। ਉਹ ਹਿੰਦੂ ਮਹਾਂ ਸਭਾ ਨਾਲ ਮਿਲ ਕੇ ਭਾਰਤ 'ਤੇ ਹਿੰਦੂਤਵੀ ਰਾਜ ਸਥਾਪਤ ਕਰਨ ਦੀ ਚਾਹਵਾਨ ਸੀ ਅਤੇ ਮਹਾਤਮਾ ਗਾਂਧੀ ਤੋਂ ਸਹਿਯੋਗ ਦੀ ਆਸ ਕਰਦੀ ਸੀ। ਗਾਂਧੀ ਨੇ ਉਨ੍ਹਾਂ ਦਾ ਸਾਥ ਨਾ ਦਿੱਤਾ ਜਿਸ ਨਾਲ ਉਨ੍ਹਾਂ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਗਾਂਧੀ ਕਾਂਗਰਸ ਦੀਆਂ ਨੀਤੀਆਂ ਵਿਚ ਹਿੰਦੂ ਧਾਰਮਿਕ ਵਿਚਾਰਾਂ ਨੂੰ ਰਲਗੱਡ ਕਰਨ ਲੱਗ ਪਿਆ, ਜਿਸ ਨਾਲ ਬਹੁਤੇ ਮੁਸਲਮਾਨ ਕਾਂਗਰਸ ਛੱਡ ਗਏ ਅਤੇ ਉਸ ਵਲੋਂ ਹਿੰਦੂ ਵਿਚਾਰਧਾਰਾ ਦਾ ਸਮਰਥਨ ਭਾਰਤ ਦੀ ਵੰਡ ਦਾ ਕਾਰਨ ਬਣ ਗਿਆ।

ਆਰ.ਐਸ.ਐਸ. ਮਰਾਠਿਆਂ ਅਤੇ ਗੁਜਰਾਤੀਆਂ ਵਿਚ ਫਰਕ ਕਰਦੀ ਹੈ। ਉਸ ਵਿਚ ਸਿਰਕੱਢ ਮਰਾਠੇ ਆਗੂਆਂ ਦੀ ਘਾਟ ਰਹੀ ਹੈ। ਇਸ ਲਈ ਹੁਣ ਉਸ ਨੇ ਨਰਿੰਦਰ ਮੋਦੀ ਨੂੰ ਆਪਣਾ ਰਾਜਸੀ ਆਗੂ ਚੁਣਿਆ ਹੈ। ਉਹ ਗੁਜਰਾਤੀ ਅਤੇ ਮਾਰਵਾੜੀ ਉਦਯੋਗਪਤੀਆਂ ਤੇ ਵਪਾਰੀਆਂ ਦਾ ਨੁਮਾਇੰਦਾ ਅਤੇ ਹਿੰਦੂਤਵੀ ਵਿਚਾਰਧਾਰਾ ਦਾ ਸਮਰਥਕ ਹੈ। ਉਦਯੋਗਪਤੀਆਂ ਦੀਆਂ ਕਾਮਨਾਵਾਂ ਅਤੇ ਆਰ.ਐਸ.ਐਸ. ਦੇ ਹਿੰਦੂਤਵੀ ਏਜੰਡੇ ਵਿਚ ਕੋਈ ਸਾਂਝ ਨਹੀਂ ਹੈ। ਉਦਯੋਗਪਤੀ ਲਾਹੇਵੰਦ ਆਰਥਿਕ ਨੀਤੀਆਂ ਤੇ ਸਮਾਜ ਵਿਚ ਸ਼ਾਂਤੀ ਚਾਹੁੰਦੇ ਹਨ ਅਤੇ ਆਰ.ਐਸ.ਐਸ. ਸਮਾਜ ਨੂੰ ਮੰਨੂਵਾਦੀ ਜਾਤ-ਪਾਤ ਪ੍ਰਣਾਲੀ ਵਿਚ ਢਾਲਣ ਲਈ ਉਥਲ ਪੁਥਲ ਕਰਨਾ ਚਾਹੁੰਦੀ ਹੈ। ਇਹ ਦੋਵੇਂ ਉਦੇਸ਼ ਇੱਕ ਦੂਜੇ ਤੋਂ ਵੱਖਰੇ, ਅਸਬੰਧਤ ਅਤੇ ਉਲਟ ਹਨ। ਮੋਦੀ ਇਨ੍ਹਾਂ ਦੋ ਅਸਬੰਧਤ ਉਦੇਸ਼ਾਂ ਵਿਚ ਸੰਤੁਲਨ ਲਿਆਉਣ ਦਾ ਯਤਨ ਕਰ ਰਿਹਾ ਹੈ।

ਆਰ.ਐਸ.ਐਸ. ਦੇ ਬ੍ਰਾਹਮਣ ਆਗੂ ਭਾਰਤ ਨੂੰ ਇਕ ਹਿੰਦੂਤਵੀ ਬਸਤੀ ਬਣਾਉਣ ਅਤੇ ਮੱਧ ਭਾਰਤ ਨੂੰ ਉਤਰ ਭਾਰਤ ਵਾਲੀ ਮਹੱਤਤਾ ਦੇਣ ਦੇ ਚਾਹਵਾਨ ਹਨ। ਅਸਲ ਵਿਚ ਇਹ ਇੱਛਾਵਾਂ ਪੇਸ਼ਵਾਵਾਂ ਦੇ ਤਿੰਨ ਸੌ ਸਾਲ ਪੁਰਾਣੇ ਅਸਫਲ ਮਨੋਰਥਾਂ ਦਾ ਹੀ ਆਧੁਨਿਕ ਰੂਪ ਹਨ। ਇਨ੍ਹਾਂ ਦੀ ਸਫਲਤਾ ਲਈ ਆਰ.ਐਸ.ਐਸ. 1925 ਤੋਂ ਨਾਕਾਮ ਕੋਸ਼ਿਸ਼ਾਂ ਕਰਦੀ ਆ ਰਹੀ ਹੈ ਪਰ ਹੁਣ ਉਸ ਦੀ ਲੋਕਾਂ ਦੀ ਨੀਚ ਬਿਰਤੀ ਨੂੰ ਅਪੀਲ ਕਰਨ ਵਾਲੀ ਫਿਰਕੂ ਵਿਚਾਰਧਾਰਾ ਨੂੰ ਹੁੰਗਾਰਾ ਮਿਲਣ ਲੱਗ ਪਿਆ ਹੈ। ਆਮ ਲੋਕ ਹਾਲੇ ਵੀ ਭਾਰਤੀ ਸਭਿਆਚਾਰਾਂ ਵਿਚ ਹਿੰਦੂਤਵੀ ਇੱਕਸਾਰਤਾ ਲਿਆਉਣ ਦਾ ਬਹੁਤ ਵਿਰੋਧ ਕਰਦੇ ਹਨ ਕਿਉਂਕਿ ਭਾਰਤ ਬਹੁ-ਕੌਮੀ ਦੇਸ਼ ਹੈ ਅਤੇ ਇਸ ਦੀਆਂ ਕੌਮੀਅਤਾਂ ਆਪਣੀਆਂ ਭਾਸ਼ਾਵਾਂ, ਸਭਿਆਚਾਰ, ਇਤਿਹਾਸ ਤੇ ਕਾਮਨਾਵਾਂ 'ਤੇ ਫਖਰ ਕਰਦੀਆਂ ਹਨ। ਸੰਵਿਧਾਨ ਵਿਚ ਵੀ ਕੌਮੀ ਰਾਜਾਂ ਨੂੰ ਸਾਰਥਕ ਅਧਿਕਾਰ ਦਿੱਤੇ ਗਏ ਹਨ ਅਤੇ ਭਾਰਤ ਨੂੰ ਰਾਜਾਂ ਦਾ ਸੰਘ (Union of States) ਆਖਿਆ ਗਿਆ ਹੈ। ਆਰ.ਐਸ.ਐਸ. ਜ਼ਬਰਦਸਤੀ ਲੋਕਾਂ ਦੀ ਸੋਚ, ਪਹਿਰਾਵੇ, ਖਾਣੇ, ਭਾਸ਼ਾ, ਸਿੱਖਿਆ, ਪਾਠ ਪੂਜਾ ਦੀਆਂ ਵਿਧੀਆਂ ਅਤੇ ਇਸ਼ਟਾਂ ਵਿਚ ਇੱਕਸਾਰਤਾ ਲਿਆਉਣ ਦੇ ਯਤਨ ਕਰਦੀ ਹੈ ਜਿਸ ਨਾਲ ਸਮਾਜ ਵਿਚ ਬਦਅਮਨੀ ਫੈਲ ਰਹੀ ਹੈ।

ਹਜ਼ਾਰਾਂ ਸਾਲਾਂ ਤੋਂ ਉਤਰ ਭਾਰਤ ਨੂੰ ਹੀ ਭਾਰਤ ਸਮਝਿਆ ਜਾਂਦਾ ਰਿਹਾ ਹੈ। ਮੋਦੀ ਨੇ ਵਾਰਾਣਸੀ ਤੋਂ ਲੋਕ ਸਭਾ ਦੀ ਸੀਟ ਜਿੱਤ ਕੇ ਮੱਧ ਭਾਰਤ ਨੂੰ ਉਤਰ ਭਾਰਤ ਦੀ ਥਾਂ ਦੇਣ ਦਾ ਯਤਨ ਕੀਤਾ ਸੀ ਜੋ ਸਫਲ ਨਾ ਹੋਇਆ। ਹੁਣ ਯੋਗੀ ਅਦਿੱਤਿਯਾਨਾਥ ਨੂੰ ਨਵਾਂ ਰੂਪ ਦੇ ਕੇ ਮੱਧ ਭਾਰਤੀ ਬਣਾਉਣ ਦੀ ਕਵਾਇਦ ਹੋ ਰਹੀ ਹੈ।

ਹਿੰਦੂਤਵ ਲੋਕਤੰਤਰ ਦਾ ਵਿਰੋਧੀ ਹੈ ਅਤੇ ਆਰ.ਐਸ.ਐਸ. ਲੋਕਤੰਤਰ ਨੂੰ ਖਤਮ ਕਰਨਾ ਚਾਹੁੰਦੀ ਹੈ। ਪਰ ਆਜ਼ਾਦੀ ਦੀ ਲਹਿਰ ਨੇ ਭਾਰਤੀ ਸਮਾਜ ਦੀ ਨੀਂਹ ਧਰਮ ਨਿਰਪੱਖ ਲੋਕਤੰਤਰ 'ਤੇ ਰੱਖ ਦਿੱਤੀ ਸੀ ਜੋ ਪਿਛਲੇ ਸੌ ਸਾਲ ਤੋਂ ਸਮਾਜਿਕ ਜੀਵਨ ਦਾ ਉਦੇਸ਼ ਬਣੀ ਹੋਈ ਹੈ ਅਤੇ ਭਾਰਤੀ ਸੰਵਿਧਾਨ ਵਲੋਂ ਪ੍ਰਵਾਨਿਤ ਹੈ। ਲੋਕਾਂ ਦੀ ਮਾਨਸਿਕਤਾ ਵਿਚ ਵੀ ਆਜ਼ਾਦੀ ਦੀ ਜਦੋਜਹਿਦ ਦੀ ਵਿਸ਼ੇਸ਼ ਥਾਂ ਹੈ। ਆਜ਼ਾਦੀ ਦੇ ਸੰਘਰਸ਼ ਵਿਚ ਖੱਬੇਪੱਖੀ ਮਜ਼ਦੂਰ ਤੇ ਕਿਸਾਨ ਜਥੇਬੰਦੀਆਂ ਅਤੇ ਬੁਧੀਜੀਵੀਆਂ ਦਾ ਭਾਰੀ ਯੋਗਦਾਨ ਰਿਹਾ ਹੈ। ਬੰਗਾਲ, ਪੰਜਾਬ ਅਤੇ ਮਾਲਾਬਾਰ ਵਿਚ ਅੰਗਰੇਜ਼ਾਂ ਵਿਰੁਧ ਹਥਿਆਰਬੰਦ ਸੰਘਰਸ਼ ਵੀ ਹੋਏ ਹਨ। ਹੁਣ ਆਮ ਲੋਕਾਂ ਦੀਆਂ ਜਮਹੂਰੀ ਭਾਵਨਾਵਾਂ ਅਤੇ ਕਿਸਾਨਾਂ, ਮਜ਼ਦੂਰਾਂ ਤੇ ਵਿਦਿਆਰਥੀਆਂ ਦੇ ਸੰਗਠਨ ਲੋਕਤੰਤਰ ਵਿਰੋਧੀ ਆਰ.ਐਸ.ਐਸ. ਦੇ ਰਾਹ ਵਿਚ ਭਾਰੀ ਰੁਕਾਵਟ ਬਣੇ ਹੋਏ ਹਨ।

ਆਰ.ਐਸ.ਐਸ. ਮੋਦੀ ਤੋਂ ਆਪਣੀ ਹਮਾਇਤ ਬਦਲੇ ਪ੍ਰਸ਼ਾਸਨ ਤੋਂ ਸਮਾਜਿਕ ਪਰਿਵਰਤਨ ਲਿਆਉਣ ਵਿਚ ਸਹਾਇਤਾ ਦੀ ਆਸ ਕਰਦੀ ਹੈ ਪਰ ਪ੍ਰਸ਼ਾਸਨ ਦਾ ਫਰਜ਼ ਕਾਨੂੰਨ ਲਾਗੂ ਕਰਨਾ ਹੈ, ਸਮਾਜਿਕ ਪਰਿਵਰਤਨ ਲਿਆਉਣਾ ਨਹੀਂ। ਆਰ.ਐਸ.ਐਸ. ਵਲੋਂ ਸ਼ੁਰੂ ਕੀਤੀ ਸਮਾਜਿਕ ਉਥਲ ਪੁਥਲ ਵਿਤਕਰੇ ਦੇ ਸ਼ਿਕਾਰ ਮੁਸਲਮਾਨ, ਦਲਿਤ, ਆਦਿਵਾਸੀ ਅਤੇ ਬੇਰੋਜ਼ਗਾਰ ਲੋਕਾਂ ਨੂੰ ਸੰਜੀਦਾ ਸੰਘਰਸ਼ ਛੇੜਨ ਲਈ ਮਜਬੂਰ ਕਰਕੇ ਖਾੜਕੂਵਾਦ ਨੂੰ ਸੱਦਾ ਦੇ ਰਹੀ ਹੈ। ਵਿਸ਼ਵ ਸ਼ਕਤੀ ਹੋਣ ਦੇ ਭਰਮ ਵਿਚ ਭਾਰਤ ਨੇ ਗਵਾਂਢੀ ਦੇਸ਼ਾਂ-ਪਾਕਿਸਤਾਨ, ਚੀਨ, ਨੇਪਾਲ ਅਤੇ ਬੰਗਲਾਦੇਸ ਨਾਲ ਸਬੰਧ ਵਿਗਾੜ ਕੇ ਸਰਹੱਦ 'ਤੇ ਵੀ ਅਸਥਿਰਤਾ ਪੈਦਾ ਕਰ ਲਈ ਹੈ। ਭਾਰਤ ਇਤਿਹਾਸ ਦੇ ਇੱਕ ਐਸੇ ਦੌਰ ਵਲ ਨੂੰ ਵਧ ਰਿਹਾ ਹੈ ਜਿਸ ਵਿਚ ਲੋਕਤੰਤਰ ਲਹਿਰ ਅਤੇ ਹਥਿਆਰਬੰਦ ਸੰਘਰਸ਼ ਪ੍ਰਸੰਗਕ ਹੋ ਰਹੇ ਹਨ।

# ਸਿਮਰਤੀਆਂ ਦੇ ਦੇਸ਼ ਤੁਰ ਗਈ ਮਾਂ

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਮਾਂ ਦੀ ਮਮਤਾ ਅਤੇ ਉਸ ਦੇ ਤੁਰ ਜਾਣ ਉਪਰੰਤ ਪੈਦਾ ਹੋਏ ਖਲਾਅ ਦੀ ਗੱਲ ਕੀਤੀ ਹੈ। ਉਨ੍ਹਾਂ ਦੇ ਸ਼ਬਦਾਂ ਵਿਚੋਂ ਅਜਿਹਾ ਦਰਦ ਉਭਰਦਾ ਹੈ ਕਿ ਸ਼ਬਦ ਸਿੰਮਦੇ ਮਹਿਸੂਸ ਹੁੰਦੇ ਹਨ। ਮਾਂ ਦੇ ਤੁਰ ਜਾਣ ਪਿਛੋਂ ਮੁੜ ਮੁੜ ਕੰਨਾਂ ਵਿਚ ਬੋਲ ਗੂੰਜਦੇ ਹਨ, ਮਾਂ ਹੁੰਦੀ ਏ ਮਾਂ, ਓ ਦੁਨੀਆਂ ਵਾਲਿਓ। ਇਸ ਲੇਖ ਵਿਚ ਡਾ. ਭੰਡਾਲ ਨੇ ਮਾਂ ਦੇ ਤੁਰ ਜਾਣ ਦਾ ਦਰਦ ਬਹੁਤ ਹੀ ਤੀਬਰ ਰੂਪ ਵਿਚ ਉਭਾਰਿਆ ਹੈ। ਕਹਿੰਦੇ ਹਨ, ਮਾਂ ਚਲੇ ਗਈ ਏ ਤਾਂ ਉਸ ਦੇ ਨਾਲ ਹੀ ਮਰਨਹਾਰੀ ਹੋ ਗਈ ਏ ਉਸ ਦੀਆਂ ਅਸੀਸਾਂ ਦੀ ਝੜੀ, ਦੁਆਵਾਂ ਦਾ ਸ਼ੁਭ-ਕਰਮਨ, ਸ਼ੁਭ-ਇਛਾਵਾਂ ਦੀ ਕਿਣਮਿਣ, ਯੁੱਗਾਂ ਜੇਡੀ ਉਮਰ ਦੀ ਕਾਮਨਾ ਅਤੇ ਦਿਲੀ ਵਲਵਲਿਆਂ ਦਾ ਮੋਹਵੰਤਾ ਸ਼ਗੂਫਾ। -ਸੰਪਾਦਕ***

ਮਾਂ ਅਮੁੱਕ ਯਾਤਰਾ 'ਤੇ ਤੁਰ ਗਈ ਹੈ, ਜਿਥੋਂ ਕਦੇ ਕੋਈ ਨਹੀਂ ਪਰਤਦਾ, ਕੋਈ ਹੁੰਗਾਰਾ ਨਹੀਂ ਭਰਦਾ, ਕਦੇ ਕੋਈ ਸੁੱਖ-ਸੁਨੇਹਾ ਨਹੀਂ ਆਉਂਦਾ, ਕਦੇ ਕਿਸੇ ਪਰਤਣਾ ਤਾਂ ਕੀ ਪਰਤਣ ਦੀ ਕੋਈ ਆਸ ਵੀ ਨਹੀਂ ਏ। ਸਦਾ ਲਈ ਤੁਰ ਗਏ ਲੋਕ ਅਕਸਰ ਹੀ ਹੌਲੀ ਹੌਲੀ ਚੇਤਿਆਂ ਵਿਚੋਂ ਖੁਰਦੇ ਜਾਂਦੇ ਨੇ ਅਤੇ ਫਿਰ ਕਦੇ ਕਦਾਈਂ ਹੀ ਦੂਰ ਤੁਰ ਗਏ ਦੀ ਯਾਦ ਸਾਡੇ ਮਨ ਦੇ ਬਰੂਹੀਂ ਦਸਤਕ ਦਿੰਦੀ ਏ।

ਮਾਂ ਤੁਰ ਗਈ ਏ ਅਤੇ ਬਸ ਕੁਝ ਰਸਮਾਂ ਰਹਿ ਗਈਆਂ ਨੇ ਨਿਭਾਉਣ ਲਈ। ਇਹ ਰਸਮਾਂ ਕੁਝ ਧਾਰਮਿਕ, ਕੁਝ ਸਮਾਜਿਕ। ਕੁਝ ਮਨ ਦੀਆਂ ਸਮਝੌਤੀਆਂ, ਕੁਝ ਮਨ ਦੇ ਟਿਕਾਉ ਲਈ। ਕੁਝ ਮਾਂ ਦੀ ਅੰਤਿਮ ਯਾਤਰਾ ਨੂੰ ਮੁਖਾਤਬ, ਕੁਝ ਉਸ ਦੀ ਸਦੀਵੀ ਆਤਮਿਕ ਸ਼ਾਂਤੀ ਲਈ-ਕੁਝ ਮਨ ਦੀ ਤਹਿ 'ਚੋਂ ਨਿਭਾਉਣਾ ਚਾਹੁੰਦੇ ਹਾਂ ਅਤੇ ਕੁਝ ਸਮਾਜ ਵਿਚ ਰਹਿੰਦਿਆਂ ਸਮਾਜਿਕ ਰਹੁ-ਰੀਤਾਂ ਦੇ ਨਿਭਾ ਖਾਤਰ ਨਿਭਾਉਂਦੇ ਹਾਂ। ਕੁਝ ਨੂੰ ਚਿੱਤ ਨਾਲ ਨਿਭਾਉਂਦੇ ਹਾਂ, ਕੁਝ ਨੂੰ ਨਿਭਾਉਣ ਲਈ ਆਪਣੇ ਚਿੱਤ ਨੂੰ ਵੀ ਮਾਰਦੇ ਹਾਂ।

ਚਿਖਾ ਚਿਣੀ ਜਾ ਰਹੀ ਏ। ਫੁੱਲਾਂ ਤੋਂ ਵੀ ਹੌਲੀ ਮਾਂ ਦੇ ਸੋਹਲ ਸਰੀਰ 'ਤੇ ਰੱਖੀਆਂ ਭਾਰੀਆਂ ਲੱਕੜਾਂ ਦਾ ਮਨ 'ਤੇ ਬਹੁਤ ਭਾਰ ਏ। ਬੜਾ ਦਰਦੀਲਾ ਹੁੰਦਾ ਏ ਆਪਣੀ ਜਨਮਦਾਤੀ ਨੂੰ ਅਗਨ ਹਵਾਲੇ ਕਰਨਾ। ਆਪਣੀ ਔਲਾਦ ਦੀਆਂ ਬਲਾਵਾਂ ਆਪਣੇ ਉਪਰ ਲੈਣ ਵਾਲੀ ਮਾਂ, ਪਲ ਪਲ ਕਰਕੇ ਜਲ ਰਹੀ ਏ ਜਿਸ ਨਾਲ ਮੇਰਾ ਅੰਤਰੀਵ ਰਾਖ ਹੋ ਰਿਹਾ ਏ। ਅਜਿਹੀਆਂ ਰਸਮਾਂ ਬੜੇ ਭਰੇ ਮਨ ਨਾਲ ਨਿਭਾਉਂਦਿਆਂ ਅੰਦਰਲਾ ਤਾਂ ਤਿੜਕ ਹੀ ਜਾਂਦਾ ਏ।

***ਮਾਂ ਦੇ ਤੁਰ ਜਾਣ ਨਾਲ ਪੈਦਾ ਹੁੰਦਾ ਏ, ਇਕ ਖਲਾਅ ਜਿਸ ਨੂੰ ਕੋਈ ਵੀ, ਕਦੇ ਵੀ ਨਹੀਂ ਭਰ ਸਕਦਾ। ਇਸ ਨੂੰ ਸਿਰਫ ਮਾਂ ਹੀ ਭਰ ਸਕਦੀ ਏ। ਮਾਂ ਦਾ ਕੋਈ ਨਹੀਂ ਬਦਲ। ਇਕ ਖੱਪਾ ਸਾਰੀ ਉਮਰ ਰੜਕਦਾ ਰਹਿੰਦਾ ਏ ਅਤੇ ਇਸ ਦੇ ਖਾਲੀਪਣ 'ਚੋਂ ਹੀ ਅਸੀਂ ਬਹੁਤੀ ਵਾਰ ਜੀਵਨ ਦਾ ਸੱਚ ਅਤੇ ਅੰਦਰੂਨੀ ਪਰਤਾਂ ਨੂੰ ਫਰੋਲਦੇ। ਮਾਂ ਦੀ ਘਾਟ ਦਾ ਅਹਿਸਾਸ ਸਿਰਫ ਮਾਂ-ਮਛੋਰ ਹੀ ਜਾਣਦੇ ਹਨ ਜਾਂ ਇਸ ਦਾ ਤੀਬਰ ਅਹਿਸਾਸ ਸਿਰਫ ਉਦੋਂ ਹੀ ਹੁੰਦਾ ਏ ਜਦ ਉਹ ਤੁਰ ਜਾਂਦੀ ਏ।***

ਹਰ ਪਲ ਮੱਤਾਂ ਦੇਣ ਵਾਲੀ ਅਤੇ ਆਪਣੀ ਹੋਂਦ ਦਾ ਹਾਸਲ ਬਣਨ ਵਾਲੀ ਮਾਂ ਦੇ ਅਸਥ ਇਕ ਪੋਟਲੀ ਵਿਚ ਲੈ ਜਦ ਵਗਦੇ ਪਾਣੀਆਂ ਦੇ ਹਵਾਲੇ ਕਰਦੇ ਹਾਂ ਤਾਂ ਅੰਦਰ ਨੂੰ ਧੂਹ ਪੈਂਦੀ ਏ। ਭਰੇ ਮਨ ਨਾਲ ਮਾਂ ਨੂੰ ਸਦੀਵੀ ਅਲਵਿਦਾ ਆਖ ਬੋਝਲ ਕਦਮਾਂ ਨਾਲ ਸੁੰਨ-ਮਸੁੰਨ ਘਰ ਨੂੰ ਖਾਲੀ ਹੱਥ ਪਰਤਣਾ ਪੈਂਦਾ ਏ। ਘਰ ਵਿਚ ਪੈਂਦੇ ਭੁਲੇਖਿਆਂ 'ਚੋਂ ਮਾਂ ਨੂੰ ਕਿਆਸਦਿਆਂ ਚੁੱਪ ਦੀ ਮਾਤਮੀ ਖਾਮੋਸ਼ੀ ਵਿਚ ਉਤਰਨਾ ਬਹੁਤ ਔਖਾ ਹੁੰਦਾ ਏ।

ਮਾਂ ਦੇ ਸਦੀਵੀ ਯਾਤਰਾ 'ਤੇ ਤੁਰ ਜਾਣ ਨਾਲ ਖਾਮੋਸ਼ ਹੋ ਜਾਂਦੇ ਨੇ ਉਸ ਨਾਲ ਜੁੜੇ ਰੁਝੇਵੇਂ, ਘਰ ਵਿਚ ਪੈਦਾ ਹੋਣ ਵਾਲੀ ਸੁਖਨਮਈ ਹਲਚਲ ਅਤੇ ਵਿਹੜੇ ਵਿਚ ਸੰਗੀਤਕ ਸੁਰਾਂ ਛੇੜਨ ਵਾਲੀ ਉਸ ਦੀ ਡੰਗੋਰੀ ਦੀ ਠੱਕ ਠੱਕ।

ਮਾਂ ਦੇ ਤੁਰ ਜਾਣ ਨਾਲ ਉਦਾਸ ਹੋ ਗਈਆਂ ਨੇ ਓਟਿਆਂ 'ਤੇ ਸਦਾ ਬੈਠੀਆਂ ਰਹਿਣ ਵਾਲੀਆਂ ਘੁੱਗੀਆਂ। ਪਰਦੇਸੀ ਪਰਿੰਦਿਆਂ ਨੂੰ ਰਾਤ ਦੀ ਬੇਹੀ ਰੋਟੀ ਦੇ ਭੋਰੇ ਖਵਾਉਣ ਵਾਲੀ ਮਾਂ ਨੂੰ ਉਡੀਕਦੇ ਨੇ ਬਨੇਰੇ 'ਤੇ ਬੈਠੇ ਸਿਰ ਸੁੱਟੀ ਪੰਛੀ। ਉਨ੍ਹਾਂ ਨੂੰ ਅਜੇ ਵੀ ਆਸ ਏ ਕਿ ਮਾਂ ਸ਼ਾਇਦ ਸ਼ਹਿਰ ਤੋਂ ਪਰਤ ਆਵੇਗੀ ਅਤੇ ਫਿਰ ਆਪਣਾ ਨਿੱਤ ਦਾ ਕਰਮ ਦੁਹਰਾਏਗੀ। ਉਹ ਪਾਵੇਗੀ ਮਿੱਟੀ ਦੇ ਕਟੋਰੇ ਵਿਚ ਪਾਣੀ ਅਤੇ ਵਿਹੜੇ ਵਿਚ ਖਿਲਾਰੇਗੀ ਚਿੜੀਆਂ ਲਈ ਚੋਗ।

ਮਾਂ ਦੇ ਤੁਰ ਜਾਣ ਨਾਲ ਸੰਦੂਕ ਵਿਚ ਪਈਆਂ ਫੁਲਕਾਰੀਆਂ, ਚਾਦਰਾਂ, ਰਜਾਈਆਂ, ਖੇਸਾਂ, ਸਿਰਹਾਣਿਆਂ ਅਤੇ ਇਨ੍ਹਾਂ ਉਪਰ ਰੀਝਾਂ ਨਾਲ ਪਾਏ ਫੁੱਲ-ਬੂਟੇ, ਤੋਤੇ, ਚਿੜੀਆਂ ਅਤੇ ਮੋਰ ਬਹੁਤ ਉਦਾਸ ਨੇ। ਵਿਰਾਸਤੀ ਵਸਤਾਂ ਹੁਣ ਰਹਿੰਦੀ ਉਮਰ ਮਾਂ ਦੇ ਕੰਬਦੇ ਹੱਥਾਂ ਦੀ ਛੂਹ ਲਈ ਤਰਸਣਗੀਆਂ। ਕਦੇ ਨਹੀਂ ਪਰਤਣੀ ਇਨ੍ਹਾਂ ਨੂੰ ਗਾਹੇ-ਬਗਾਹੇ ਨਿਹਾਰਨ ਵਾਲੀ ਲੋਚਾ।

ਬੜਾ ਲਿੰਬ-ਪੋਚ ਕੇ ਰੱਖਦੀ ਸੀ ਮਾਂ ਆਪਣੇ ਚੁੱਲੇ ਚੌਂਕੇ ਨੂੰ। ਉਸ ਦੀ ਬੜੀ ਤਮੰਨਾ ਸੀ ਕਿ ਕੜ੍ਹਿਆ ਦੁੱਧ, ਮੱਕੀ ਦੀ ਰੋਟੀ ਅਤੇ ਸਾਗ ਖਾਣ ਵਾਲੇ ਉਸ ਦੇ ਲਾਡਲੇ ਜੀਵਨ ਦੀਆਂ ਸੁੱਚੀਆਂ ਪੈੜਾਂ ਸਿਰਜਣ। ਸਾਗ ਦੀ ਲੱਪ ਵਿਚ ਪਾਈ ਮੱਖਣ ਦੀ ਡਲੀ ਵਿਚੋਂ ਅਸੀਸ ਡੁੱਲ੍ਹਦੀ ਸੀ। ਪਰ ਹੁਣ ਖਾਮੋਸ਼ ਏ ਤੌੜੀ, ਕਾੜ੍ਹਨੀ ਤੇ ਇਨ੍ਹਾਂ ਵਿਚਲੇ ਦੁੱਧ ਅਤੇ ਸਾਗ ਦੀ ਸਾਰੇ ਘਰ ਵਿਚ ਫੈਲਦੀ ਖੁਸ਼ਬੂ। ਬਹੁਤ ਮਾਯੂਸ ਹੋ ਗਿਆ ਏ ਚੌਂਕਾ, ਇਸ 'ਚ ਪਈਆਂ ਤੌੜੀਆਂ, ਚਕਲੇ ਅਤੇ ਵੇਲਣੇ।

ਮਾਂ ਦੇ ਤੁਰ ਜਾਣ ਨਾਲ ਹੀ ਮਾਂ ਦੇ ਆਲੇ-ਦੁਆਲੇ ਸਿਰਜਿਆ ਰਿਸ਼ਤਿਆਂ ਦਾ ਤਲਿੱਸਮ ਤਿੜਕਣ ਲੱਗ ਪਿਆ ਏ। ਰਿਸ਼ਤਿਆਂ ਦਾ ਨਿੱਘ-ਮਾਣਨੀ ਅਤੇ ਰੋਅਬ-ਜਮਾਉਣੀ ਮਨ-ਬਿਰਤੀ ਵੀ ਤਿੜਕਣ ਦੀ ਪੀੜਾ ਹੰਢਾ ਰਹੀ ਏ। ਜਾਰੋ-ਜਾਰ ਰੋਂਦਾ ਏ ਸਾਂਝਾਂ, ਸ਼ਫਾਕਤਾਂ, ਸਿਆਣਪਾਂ ਅਤੇ ਸੋਚਾਂ ਦਾ ਵਿਯੋਗਿਆ ਕਾਫਲਾ। ਸਬੰਧਾਂ 'ਚ ਮੋਹ-ਮੁਹੱਬਤ ਦਾ ਨਿੱਘ ਭਰਨ ਵਾਲੀ ਮਾਂ ਦੀ ਅਣਹੋਂਦ ਨੇ ਚਾਅ-ਚਸ਼ਮਿਆਂ ਦੀ ਧਾਰਾ ਨੂੰ ਸੁੱਕਣੇ ਪਾ ਦਿਤਾ ਏ।

ਮਾਂ ਚਲੇ ਗਈ ਏ ਤਾਂ ਉਸ ਦੇ ਨਾਲ ਹੀ ਮਰਨਹਾਰੀ ਹੋ ਗਈ ਏ ਉਸ ਦੀਆਂ ਅਸੀਸਾਂ ਦੀ ਝੜੀ, ਦੁਆਵਾਂ ਦਾ ਸ਼ੁਭ-ਕਰਮਨ, ਸ਼ੁਭ-ਇਛਾਵਾਂ ਦੀ ਕਿਣਮਿਣ, ਯੁੱਗਾਂ ਜੇਡੀ ਉਮਰ ਦੀ ਕਾਮਨਾ ਅਤੇ ਦਿਲੀ ਵਲਵਲਿਆਂ ਦਾ ਮੋਹਵੰਤਾ ਸ਼ਗੂਫਾ।

ਮਾਂ ਤੁਰ ਗਈ ਏ ਤਾਂ ਹੁਣ ਕਿਸੇ ਨੇ ਨਹੀਂ ਘਰ ਤੋਂ ਦੂਰ ਜਾਂਦੀਆਂ ਪੈੜਾਂ ਨੂੰ ਨਿਹਾਰਨਾ, ਦਰਾਂ ਵਿਚ ਪਾਣੀ ਡੋਲ੍ਹਣਾ, ਬਲਾਵਾਂ ਉਤਾਰਨੀਆਂ ਅਤੇ ਜਲਦੀ ਤੇ ਵੇਲੇ ਸਿਰ ਵਾਪਸ ਪਰਤ ਆਉਣ ਦੀ ਤਾਕੀਦ ਕਰਨੀ। ਕਿਸੇ ਨੇ ਨਹੀਂ ਦਿਨ ਢਲਦੇ ਸਾਰ ਹੀ ਦਰਾਂ ਵਿਚ ਖੜਨਾ, ਦੂਰ ਤੀਕ ਘਰ ਨੂੰ ਮੁੜਦੀ ਪੈੜ-ਚਾਲ ਦੀ ਉਡੀਕ ਕਰਨੀ, ਬਰਾਂਡੇ ਵਿਚ ਮੰਜੇ 'ਤੇ ਬੈਠ ਕੇ ਅੱਖਾਂ 'ਤੇ ਹੱਥਾਂ ਦੀ ਓਟ ਬਣਾ ਕੇ ਰਾਹ ਤੱਕਣਾ ਅਤੇ ਕਮਜ਼ੋਰ ਹੋਣ ਦੇ ਬਾਵਜੂਦ ਘਰ ਪਰਤਿਆਂ ਲਈ ਪਾਣੀ/ਚਾਹ/ਦੁੱਧ ਦਾ ਗਲਾਸ ਲੈ ਕੇ ਉਨ੍ਹਾਂ ਦੀ ਭੁੱਖ ਨੂੰ ਆਪਣੇ ਵਿਚ ਸਮਾਉਣਾ।

ਮਾਂ ਦੇ ਤੁਰ ਜਾਣ ਨਾਲ ਹੀ ਤੁਰ ਗਏ ਨੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ, ਭਤੀਜੇ-ਭਤੀਜੀਆਂ ਨਾਲ ਲਡਾਏ ਲਾਡ, ਉਨ੍ਹਾਂ ਦੀਆਂ ਕੀਤੀਆਂ ਨਿੱਕੀਆਂ ਨਿੱਕੀਆਂ ਸ਼ਰਾਰਤਾਂ ਅਤੇ ਮਾਂ ਦੀਆਂ ਝਿੜਕਾਂ ਦਾ ਵਿਸਮਾਦ।

ਹੁਣ ਕਦੇ ਨਹੀਂ ਮਾਂ ਦੀ ਹਾਕ ਨੇ ਤੁਹਾਡੇ ਰੁਤਬਿਆਂ ਨੂੰ ਤੁਹਾਡੇ ਵਿਚੋਂ ਮਨਫੀ ਕਰਨਾ, ਦਬਕੇ ਨੇ ਤੁਹਾਡੀ ਅਫਸਰੀ ਦੀ ਫੂਕ ਕੱਢਣੀ, ਰੋਅਬ ਨੇ ਤੁਹਾਡੀ ਸ਼ਾਨੋ-ਸ਼ੌਕਤ ਨੂੰ ਅੰਬਰ ਤੋਂ ਧਰਤੀ 'ਤੇ ਉਤਾਰਨਾ ਅਤੇ ਘੁਰਕੀ ਨੇ ਤੁਹਾਡੀ ਅੜਬਾਈ ਨੂੰ ਆਪਣੀ ਔਕਾਤ ਦੇ ਸਨਮੁੱਖ ਕਰਨਾ। ਉਸ ਦੀ ਉਮਰ ਭਰ ਦੀ ਕਮਾਈ ਸਿਆਣਪ ਸਾਹਵੇਂ ਤੁਹਾਡੀਆਂ ਕਿਤਾਬੀ ਸਿਆਣਪਾਂ ਬੌਣੀਆਂ ਅਤੇ ਉਸ ਦੀ ਜੀਵਨ-ਜਾਚ ਸਨਮੁੱਖ ਤੁਹਾਡੀ ਜੀਵ-ਸ਼ੈਲੀ ਨਿਗੂਣੀ।

ਮਾਂ ਦੇ ਤੁਰ ਜਾਣ ਨਾਲ ਪੈਦਾ ਹੁੰਦਾ ਏ, ਇਕ ਖਲਾਅ ਜਿਸ ਨੂੰ ਕੋਈ ਵੀ, ਕਦੇ ਵੀ ਨਹੀਂ ਭਰ ਸਕਦਾ। ਇਸ ਨੂੰ ਸਿਰਫ ਮਾਂ ਹੀ ਭਰ ਸਕਦੀ ਏ। ਮਾਂ ਦਾ ਕੋਈ ਨਹੀਂ ਬਦਲ। ਇਕ ਖੱਪਾ ਸਾਰੀ ਉਮਰ ਰੜਕਦਾ ਰਹਿੰਦਾ ਏ ਅਤੇ ਇਸ ਦੇ ਖਾਲੀਪਣ 'ਚੋਂ ਹੀ ਅਸੀਂ ਬਹੁਤੀ ਵਾਰ ਜੀਵਨ ਦਾ ਸੱਚ ਅਤੇ ਅੰਦਰੂਨੀ ਪਰਤਾਂ ਨੂੰ ਫਰੋਲਦੇ। ਮਾਂ ਦੀ ਘਾਟ ਦਾ ਅਹਿਸਾਸ ਸਿਰਫ ਮਾਂ-ਮਛੋਰ ਹੀ ਜਾਣਦੇ ਹਨ ਜਾਂ ਇਸ ਦਾ ਤੀਬਰ ਅਹਿਸਾਸ ਸਿਰਫ ਉਦੋਂ ਹੀ ਹੁੰਦਾ ਏ ਜਦ ਉਹ ਤੁਰ ਜਾਂਦੀ ਏ।

ਮਾਂ ਦੇ ਤੁਰ ਜਾਣ ਨਾਲ ਅਲੋਪ ਹੋ ਗਿਆ ਏ ਇਕ ਮਿਲਣ ਬਿੰਦੂ, ਜਿਥੇ ਸਾਰੀਆਂ ਰਿਸ਼ਤੇਦਾਰੀਆਂ ਤੇ ਸਾਕ-ਸਕੀਰੀਆਂ ਮਿਲਦੀਆਂ ਸਨ ਅਤੇ ਮਾਂ ਹਰ ਇਕ ਨੂੰ ਬਣਦੀ ਥਾਂ ਦਿੰਦੀ ਸੀ। ਉਸ ਦੀ ਕਚਹਿਰੀ ਵਿਚ ਆਪਸੀ ਰੰਜਿਸ਼ਾਂ, ਗਲਤ-ਫਹਿਮੀਆਂ, ਅਫਵਾਹਾਂ ਅਤੇ ਭਰਮਾਂ ਦਾ ਨਿਪਟਾਰਾ ਹੁੰਦਾ। ਉਹ ਬਿਨਾ ਕਿਸੇ ਲਿਹਾਜ ਦੇ ਝਾੜ, ਦੁਲਾਰ ਅਤੇ ਉਦਾਸੇ ਚਿਹਰਿਆਂ 'ਤੇ ਖੁਸ਼ੀ ਦੀ ਪਰਤ ਖਿਲਾਰ ਵੀ ਸਕਦੀ ਸੀ। ਉਸ ਦੇ ਸਾਹਵੇਂ ਸਾਰੇ ਬਰਾਬਰ। ਅਣਲਿਖੇ ਅਸੂਲਾਂ ਅਤੇ ਸਚਿਆਰੇ ਕਾਨੂੰਨਾਂ ਦੀ ਪਾਲਣਾ, ਉਸ ਦਾ ਨਿਯਮ। ਹਰ ਇਕ ਨੂੰ ਉਸ ਦੀ ਔਕਾਤ ਵਿਚ ਰੱਖਣਾ, ਉਸ ਦਾ ਅਹਿਦ।

ਅੱਖਰਾਂ 'ਚੋਂ ਆਪਣੇ ਆਪ ਨੂੰ ਵਿਸਥਾਰਦਿਆਂ ਦੇਖ



ਮਾਂ ਬਹੁਤ ਖੁਸ਼ ਹੁੰਦੀ ਪਰ ਉਸ ਨੂੰ ਸਦਾ ਇਹ ਫਿਕਰ ਹੁੰਦਾ ਸੀ ਕਿ ਅੱਖਰਾਂ ਨਾਲ ਮੱਥਾ ਮਾਰਨ ਵਾਲਾ ਮੇਰਾ ਲਾਡਲਾ ਆਪਣੀ ਸਿਹਤ ਨਾ ਖਰਾਬ ਕਰ ਲਵੇ। ਅਕਸਰ ਹੀ ਕਹਿੰਦੀ ਕਿ ਪੁੱਤ ਬਹੁਤ ਰਾਤ ਹੋ ਗਈ ਏ ਸੌਂ ਜਾਹ। ਹੁਣ ਨਹੀਂ ਕਿਸੇ ਨੇ ਇੰਨੇ ਮੋਹ ਨਾਲ ਦਿਲ ਦੀ ਫਿਕਰਮੰਦੀ 'ਚੋਂ ਸੌਂ ਜਾਣ ਲਈ ਕਹਿਣਾ ਅਤੇ ਨਾ ਹੀ ਮਮਤਾਈ ਲੋਰ ਨੇ ਸੁਪਨਿਆਂ ਦੀ ਦੁਨੀਆਂ ਵਿਚ ਬਿਖਰਨਾ। ਬੜੀ ਵਾਰ ਮਾਂ ਨੂੰ ਸਮਝਾਉਂਦਾ ਸਾਂ ਕਿ ਇਨ੍ਹਾਂ ਹਰਫਾਂ ਨੇ ਮੈਨੂੰ ਬੜਾ ਕੁਝ ਦਿਤਾ ਏ। ਤੇਰੀ ਕਿਰਤ ਕਮਾਈ ਅਤੇ ਇਨ੍ਹਾਂ ਅੱਖਰਾਂ ਦਾ ਕਰਜ ਉਤਾਰਨ ਲਈ ਹੀ ਇਨ੍ਹਾਂ ਨਾਲ ਗੁਫਤਗੂ ਕਰਦਾ ਹਾਂ। ਪਰ ਭੋਲੀ ਮਾਂ ਨੂੰ ਇਸ ਨਾਲ ਕੀ ਸਰੋਕਾਰ। ਉਹਨੂੰ ਤਾਂ ਆਪਣੇ ਲਾਡਲੇ ਦੀ ਸਿਹਤ ਦਾ ਫਿਕਰ ਹੀ ਟਿਕਣ ਨਹੀਂ ਸੀ ਦਿੰਦਾ।

ਮਾਂ ਦੇ ਸਦੀਵੀ ਵਿਛੋੜੇ ਨਾਲ ਹੀ ਬੜਾ ਕੁਝ ਚੇਤਿਆਂ ਦੀ ਜੂਹ 'ਚ ਉਭਰਨ ਲੱਗਦਾ ਏ। ਮਾਂ ਦੱਸਦੀ ਹੁੰਦੀ ਸੀ ਕਿ ਕੁੱਛੜ ਚੁੱਕ ਕੇ ਵੀਹ ਵੀਹ ਕੋਹ ਤੁਰ ਕੇ ਥਕਾਵਟ ਨਹੀਂ ਸੀ ਹੁੰਦੀ! ਕਿਵੇਂ ਆੜ ਵਿਚ ਬੱਚਿਆਂ ਨੂੰ ਲਿਟਾ ਕੇ ਕਪਾਹ ਚੁਗਦਿਆਂ, ਮੁਸ਼ੱਕਤ ਨਾਲ ਜ਼ਿੰਦਗੀ ਜਿਉਣ ਦੇ ਰਾਹੇ ਤੋਰਿਆ ਅਤੇ ਕਿਵੇਂ ਕੱਚੀਆਂ ਕੰਧਾਂ ਨੂੰ ਘਰ ਦੇ ਅਰਥ ਦੇਣ ਲਈ ਰਾਤ-ਦਿਨ ਮਿਹਨਤ ਦੇ ਸੁੱਖਨਮਈ ਸਫਰ ਦਾ ਸਹਿਜ-ਅਨੰਦ ਮਾਣਿਆ।

ਮਾਂ ਦੇ ਤੁਰ ਜਾਣ ਨਾਲ ਹੀ ਉਦਾਸ ਹੋ ਗਈਆਂ ਨੇ ਉਹਦੀਆਂ ਮੱਝਾਂ ਤੇ ਗਾਂਵਾਂ, ਉਸ ਦੀਆਂ ਘੜੋਲੀਆਂ ਅਤੇ ਘੜਵੰਝੀਆਂ, ਭੜੋਲੇ ਅਤੇ ਭੜੋਲੀਆਂ। ਸਾਂਭ ਸਾਂਭ ਕੇ ਰੱਖੀਆਂ ਵਸਤਾਂ, ਪੋਟਲੀਆਂ ਅਤੇ ਪੇਟੀਆਂ। ਬਹੁਤ ਮਹਿਫੂਜ਼ ਸੀ ਉਸ ਦਾ ਅਜ਼ੀਮ ਖਜਾਨਾ, ਵਿਰਾਸਤ, ਅਮੁੱਲ-ਜਖੀਰਾ ਜੋ ਉਸ ਨੇ ਆਪਣੇ ਪੋਤੇ-ਪੋਤੀਆਂ ਦੇ ਵਿਆਹਾਂ ਲਈ ਆਪਣੇ ਬੱਚਿਆਂ ਤੋਂ ਲੁਕੋ ਕੇ ਰੱਖਿਆ ਸੀ। ਇਸੇ ਕਰਕੇ ਹੀ ਆਪਣੀ ਪੋਤੀ ਦੀ ਬੇਵਕਤੀ ਮੌਤ 'ਤੇ ਉਹ ਟੁੱਟ ਗਈ ਸੀ। ਇਸ ਸਦਮੇ 'ਚੋਂ ਉਭਰਨਾ ਉਸ ਦੀ ਬਜ਼ੁਰਗ ਅਵਸਥਾ ਲਈ ਅਸੰਭਵ ਸੀ ਅਤੇ ਹੌਲੀ ਹੌਲੀ ਉਹ ਆਪਣੀ ਪੋਤੀ ਦੇ ਦੇਸ਼ ਨੂੰ ਹੀ ਉਡਾਰੀ ਮਾਰ ਗਈ।

ਅਸੀਸਾਂ, ਦੁਆਵਾਂ ਅਤੇ ਸ਼ੁਭ-ਇੱਛਾਵਾਂ ਵੰਡਣ ਵਾਲੀ ਮਾਂ ਇਕ ਉਦਾਸ ਜਿਹੀ ਤਸਵੀਰ ਬਣ ਕੇ ਕੰਧ 'ਤੇ ਲਟਕ ਜਾਵੇਗੀ। ਉਸ ਦੀ ਬਹੁਤ ਯਾਦ ਆਵੇਗੀ ਜਦ ਕਿਸੇ ਬਜ਼ੁਰਗੀ ਨਸੀਹਤ ਦੀ ਤੋਟ ਆਵੇਗੀ, ਉਸ ਦੀਆਂ ਸਹਿਜ-ਸਿਆਣਪਾਂ ਦਾ ਘਾਟਾ ਮਨ-ਮਸਤਕ ਨੂੰ ਖੜਕਾਵੇਗਾ, ਉਸ ਦੀਆਂ ਸੱਚੀਆਂ ਤੇ ਕੋਰੀਆਂ ਗੱਲਾਂ ਦਾ ਵਰਕਾ ਮਨ ਦੇ ਚਿੱਤਰਪੱਟ 'ਤੇ ਉਭਰੇਗਾ, ਉਸ ਦੀ ਬੇਬਾਕੀ ਤੇ ਬੇ-ਲਿਹਾਜੀ ਦਾ ਗੱਲਾਂਬਾਤਾਂ ਵਿਚ ਜ਼ਿਕਰ ਆਵੇਗਾ, ਉਸ ਦੇ ਸਿਰੜ-ਸਾਧਨਾ ਦੀ ਸਾਖੀ, ਸਾਥੀਆਂ ਦੀ ਗੱਲਬਾਤ ਦਾ ਵਿਸ਼ਾ ਬਣੇਗੀ ਅਤੇ ਉਸ ਦੇ ਭਵਿੱਖਮੁਖੀ ਵਿਚਾਰਾਂ ਦਾ ਵਰਣਨ ਜੀਵਨ-ਸ਼ੈਲੀ ਨੂੰ ਪ੍ਰਭਾਵਿਤ ਕਰੇਗਾ।

ਘਰ ਦੇ ਕੇਂਦਰ ਬਿੰਦੂ ਤੋਂ ਕੰਧ 'ਤੇ ਲਟਕਦੀ ਤਸਵੀਰ ਤੀਕ ਦਾ ਸਫਰ, ਇਕ ਚੀਸ, ਡੂੰਘਾ ਦਰਦ, ਬੇਜ਼ੁਬਾਨ ਵੇਦਨਾ, ਖਾਰੇ ਅੱਥਰੂ ਦੀ ਤ੍ਰਾਸਦੀ, ਹਉਕੇ ਦਾ ਸਾਹਾਂ ਵਿਚ ਫੈਲਣਾ, ਅੱਖਰਾਂ ਦਾ ਗਮ ਬਣ ਕੇ ਵਕਤ ਦੇ ਵਰਕੇ 'ਤੇ ਪਸਰਨਾ ਅਤੇ ਬੋਲਾਂ ਵਿਚ ਪੀੜ ਦਾ ਸਮਾਉਣਾ। ਮਾਂ ਦੀ ਤਸਵੀਰ 'ਚੋਂ ਉਸ ਦੇ ਸੁਪਨਿਆਂ ਨੂੰ ਨਿਹਾਰਨਾ ਅਤੇ ਆਪਣੇ-ਆਪ ਨੂੰ ਉਸ ਦੇ ਸੁਪਨਿਆਂ ਤੱਕ ਵਿਸਥਾਰਨਾ-ਸਿਮਰਤੀਆਂ ਦੇ ਦੇਸ਼ ਤੁਰ ਗਈ ਮਾਂ ਨੂੰ ਸੱਚੀ-ਸੁੱਚੀ ਸ਼ਰਧਾਂਜਲੀ। ਉਸ ਦੇ ਸੰਘਰਸ਼ਸ਼ੀਲ ਜੀਵਨ ਨੂੰ ਪਾਕ ਅਕੀਦਤ, ਉਸ ਦੇ ਸਮੁੱਚੇ ਅਸਤਿਤਵ ਨੂੰ ਸ਼ਰਧਾ ਦੇ ਫੁੱਲ।

ਮਾਂ ਤੁਰ ਗਈ ਏ ਤਾਂ ਨਾਲ ਹੀ ਅਲਵਿਦਾ ਹੋ ਗਈ ਏ ਉਸ ਦੀ ਰਹਿਨੁਮਾਈ, ਸੁਯੋਗ ਅਗਵਾਈ, ਨਿੱਕੀਆਂ ਨਿੱਕੀਆਂ ਬਾਤਾਂ 'ਚੋਂ ਜੀਵਨ ਦੇ ਸੁੱਚੇ ਮੁੱਲਾਂ ਦਾ ਵਿਖਿਆਨ, ਕਰਮਯੋਗਤਾ ਅਤੇ ਕਰਮ-ਸਾਧਨਾ ਦੇ ਸੰਗਮ 'ਚੋਂ ਵਿਸਤ੍ਰਿਤ ਹੁੰਦਾ ਇਨਸਾਨ।

ਮਾਂ ਤਾਂ ਤੁਰ ਗਈ ਏ ਪਰ ਮਾਂ ਨੇ ਸਦਾ ਹੀ ਚੇਤਿਆ ਵਿਚ ਰਹਿਣਾ, ਉਸ ਦੀ ਸੁੱਚੀ-ਨਰੋਈ ਸੋਚ ਜੀਵਨ ਦਾ ਗਹਿਣਾ, ਘਰ ਦੀ ਹਰ ਵਸਤ ਵਿਚ ਉਸ ਦਾ ਅਕਸ ਚਾਰੇ ਪਾਸੇ ਪਸਰੀ ਉਸ ਦੀ ਹੋਂਦ, ਆਲੇ-ਦੁਆਲੇ ਵਿਚ ਪੈਂਦਾ ਝਉਲਾ। ਉਸ ਦੀ ਸ਼ਖਸੀਅਤ ਦੇ ਔਲਾਦ ਵਿਚੋਂ ਦੀਦਾਰੇ, ਉਸ ਦੇ ਸਰੋਕਾਰਾਂ ਦੀ ਉਸ ਦੇ ਬਾਗ-ਬਗੀਚੇ ਵਿਚੋਂ ਝਰਦੀ ਰੋਸ਼ਨੀ ਦੀ ਕਾਤਰ ਅਤੇ ਜੀਵਨ ਸੰਘਰਸ਼ ਦੀ ਤਪਸ਼।

ਮਾਂ ਨੂੰ ਸੱਚੀ ਸੁੱਚੀ ਅਕੀਦਤ ਏ ਉਸ ਦੀਆਂ ਨਸੀਹਤਾਂ 'ਤੇ ਅਮਲ, ਜੀਵਨ-ਜਾਚ ਨੂੰ ਸਜ਼ਦਾ, ਕਿਰਤ-ਸਾਧਨਾ ਨੂੰ ਸਲਾਮ, ਕਦਰਾਂ-ਕੀਮਤਾਂ ਨੂੰ ਜੀਵਨ 'ਚ ਪਾਲਣਾ, ਮੋਹ ਨੂੰ ਚੌਗਿਰਦੇ ਵਿਚ ਫੈਲਾਉਣਾ, ਮਮਤਾਈ ਸੋਚ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਨਾਮ ਲਾਉਣਾ ਅਤੇ ਸਮਾਜ ਨੂੰ ਕੁਝ ਸਾਰਥਕ, ਸਵੱਛ, ਸੁੱਚਾ ਤੇ ਸੁਯੋਗ ਦੇਣ ਦੇ ਕੇ ਇਸ ਜਹਾਨ ਤੋਂ ਰੁਖਸਤ ਹੋਣਾ।




ਮਾਂ ਹੁੰਦੀ ਏ ਮਾਂ, ਓ ਦੁਨੀਆਂ ਵਾਲਿਓ।
ਮਾਂ ਹੈ ਠੰਡੜੀ ਛਾਂ, ਓ ਦੁਨੀਆਂ ਵਾਲਿਓ।
ਮਾਂ ਬਿਨਾ ਕੋਈ ਨਾ ਲਾਡ ਲਡਾਉਂਦਾ।
ਰੋਂਦਿਆਂ ਨੂੰ ਨਾ ਚੁਪ ਕਰਾਉਂਦਾ
ਖੋ ਲੈਂਦੇ ਟੁੱਕ ਕਾਂ, ਓ ਦੁਨੀਆਂ ਵਾਲਿਓ।

ਬੱਚਿਆਂ ਦਾ ਦੁਖ ਮਾਂ ਹੈ ਸਹਿੰਦੀ,
ਗਿੱਲੀ ਥਾਂ 'ਤੇ ਆਪ ਹੈ ਪੈਂਦੀ।
ਸਾਨੂੰ ਪਾਉਂਦੀ ਸੁੱਕੀ ਥਾਂ, ਓ ਦੁਨੀਆਂ ਵਾਲਿਓ।

ਮਾਂ ਬਿਨਾ ਜਗ ਘੁਪ ਹਨੇਰਾ,
ਸੁੰਨਾ ਦਿਸਦਾ ਚਾਰ ਚੁਫੇਰਾ।
ਕੋਈ ਨਾ ਫੜਦਾ ਬਾਂਹ, ਓ ਦੁਨੀਆਂ ਵਾਲਿਓ।

ਮਾਂ ਦੀ ਪੂਜਾ ਰੱਬ ਦੀ ਪੂਜਾ,
ਮਾਂ ਤਾਂ ਰੱਬ ਦਾ ਰੂਪ ਹੈ ਦੂਜਾ।
ਮਾਂ ਹੈ ਰੱਬ ਦਾ ਨਾਮ, ਓ ਦੁਨੀਆਂ ਵਾਲਿਓ।
ਮਾਂ ਹੁੰਦੀ ਏ ਮਾਂ, ਓ ਦੁਨੀਆਂ ਵਾਲਿਓ।

## ਮਾਂ

ਮਾਂ ਵਰਗਾ ਘਣ-ਛਾਵਾਂ ਬੂਟਾ
ਮੈਨੂੰ ਨਜ਼ਰ ਨਾ ਆਏ।
ਲੈ ਕੇ ਜਿਸ ਤੋਂ ਛਾਂ ਉਧਾਰੀ
ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆਂ ਦੇ ਬੂਟੇ
ਜੜ੍ਹ ਸੁੱਕਿਆਂ ਮੁਰਝਾਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ,
ਇਹ ਬੂਟਾ ਸੁੱਕ ਜਾਏ।

*-ਪ੍ਰੋ. ਮੋਹਨ ਸਿੰਘ*

## ਗਜ਼ਲ

'ਕੱਲਿਆਂ ਛੱਡ ਕੇ ਮਾਂ ਤੁਰ ਗਈ ਏ।
ਏਦਾਂ ਲਗਦਾ ਛਾਂ ਤੁਰ ਗਈ ਏ।

ਸ਼ਾਇਦ ਹੀ ਹੁਣ ਨੀਂਦਰ ਆਵੇ
ਸਿਰ ਦੇ ਹੇਠੋਂ ਬਾਂਹ ਤੁਰ ਗਈ ਏ।

ਬਾਪੂ ਦੀ ਝਿੜਕੀ ਤੋਂ ਡਰ ਕੇ
ਲੁਕਣੇ ਵਾਲੀ ਥਾਂ ਤੁਰ ਗਈ ਏ।

ਹੋਰ ਕਿਸੇ ਜਾਮੇ ਵਿਚ ਆਊ
ਏਸੇ ਲਈ ਹੀ ਤਾਂ ਤੁਰ ਗਈ ਏ।

ਉਂਗਲੀ ਫੜ ਕੇ ਸਾਂਭਦਿਆਂ ਨੂੰ
ਝੱਟ ਹੀ ਕਰਕੇ ਨਾਂਹ ਤੁਰ ਗਈ ਏ।

ਸਾਰੀ ਉਮਰ ਲਕੋਈ ਰੱਖਿਆ
ਉਚਾ ਕਰ ਕੇ ਨਾਂ ਤੁਰ ਗਈ ਏ।

*-ਰਾਜਿੰਦਰ ਜਿੰਦ*

## ਆਲ੍ਹਣਾ

ਤੀਲਾ ਤੀਲਾ ਕਰ ਇਕੱਠਾ
ਬਣਦਾ ਏ ਆਲ੍ਹਣਾ।
ਐਡਾ ਸੌਖਾ ਨਹੀਂ ਹੁੰਦਾ
ਬੱਚਿਆਂ ਨੂੰ ਪਾਲਣਾ।
ਉਡਦੇ ਹਾਂ ਸੁਬ੍ਹਾ ਰੋਜ਼ ਭਾਲਣ ਚੋਗ ਨੂੰ
ਤੂਫਾਨ, ਮੀਂਹ ਕਣੀ 'ਚ
ਪੈਂਦਾ ਜਫਰ ਜਾਲਣਾ।

ਬੱਚੇ ਜੰਮ ਫਰਜ਼ਾਂ ਨੂੰ ਕਰਨਾ ਪੂਰਿਆਂ
ਹੋਸ਼ ਸੰਭਲੀ ਭਾਵੇਂ ਛੱਡ ਜਾਣਾ
ਬੱਚਿਆਂ ਆਲ੍ਹਣਾ।
ਖੁੱਲ੍ਹੇ ਅਸਮਾਨੀਂ ਪੰਛੀਂ ਲਾਉਂਦੇ ਉਡਾਰੀਆਂ
ਹੱਦਾਂ ਨਾ ਬੰਨੇ, ਨਾ ਰੋਕਾਂ
ਨਾ ਕਿਸੇ ਟਾਲਣਾ।
'ਸਾਹੀ' ਸਿੱਖੀਏ ਪੰਛੀਆਂ ਤੋਂ ਜੀਣ ਦਾ ਸਲੀਕਾ
ਨਾ ਚੁਗਲੀ ਈਰਖਾ, ਬਸ ਕਰਮ ਕਰਨੇ
ਬੋਟਾਂ ਨੂੰ ਪਾਲਣਾ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

# ਕਿਰਤੀਆਂ ਦੀ ਕਲਮ ਵਾਲਾ ਅਜਮੇਰ ਔਲਖ

**ਪ੍ਰੋ. ਅਜਮੇਰ ਸਿੰਘ ਔਲਖ (19 ਅਗਸਤ 1942-15 ਜੂਨ 2017) ਨੇ ਕਿਰਤੀ ਕਿਸਾਨੀ ਦਾ ਸੱਚ ਰੰਗਮੰਚ ਉਤੇ ਪੇਸ਼ ਕੀਤਾ ਅਤੇ ਆਪਣੇ ਨਾਟਕਾਂ ਵਿਚ ਇਨ੍ਹਾਂ ਜਿਊੜਿਆਂ ਦੇ ਦੁੱਖਾਂ-ਸੁੱਖਾਂ ਦੀ ਬਾਤ ਇਸ ਢੰਗ ਨਾਲ ਪਾਈ ਕਿ ਹਰ ਕੋਈ ਅਸ਼ ਅਸ਼ ਕਰ ਉਠਿਆ। ਰੰਗਮੰਚ ਦੀ ਇਸ ਨਿਆਰੀ ਸ਼ਖਸੀਅਤ ਬਾਰੇ ਅਸੀਂ ਆਪਣੇ ਪਾਠਕਾਂ ਲਈ ਪ੍ਰਿੰ. ਸਰਵਣ ਸਿੰਘ ਅਤੇ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੇ ਲੇਖ ਛਾਪ ਰਹੇ ਹਾਂ ਜਿਨ੍ਹਾਂ ਵਿਚ ਉਨ੍ਹਾਂ ਦੇ ਜੀਵਨ ਅਤੇ ਕਲਾ ਬਾਰੇ ਵਿਸਥਾਰ ਸਹਿਤ ਖੁਲਾਸਾ ਕੀਤਾ ਗਿਆ ਹੈ। -ਸੰਪਾਦਕ**



ਪ੍ਰੋ. ਅਜਮੇਰ ਸਿੰਘ ਔਲਖ ਨਿਮਨ ਕਿਸਾਨੀ ਦਾ ਜੋਧਾ ਨਾਟਕਕਾਰ ਸੀ। ਉਸ ਦੇ ਤਿੰਨ ਦਰਜਨ ਤੋਂ ਵੱਧ ਨਾਟਕਾਂ ਦੀਆਂ ਸੈਂਕੜੇ ਹਜ਼ਾਰਾਂ ਪੇਸ਼ਕਾਰੀਆਂ ਹੋਈਆਂ ਜਿਨ੍ਹਾਂ ਨੂੰ ਲੱਖਾਂ ਲੋਕਾਂ ਨੇ ਵੇਖਿਆ। ਅਜੇ ਪਿਛਲੇ ਸਾਲ ਹੀ ਹਜ਼ਾਰਾਂ ਲੋਕਾਂ ਦੇ ਇਕੱਠ ਨੇ ਉਹਦਾ ਸਨਮਾਨ ਕੀਤਾ ਸੀ। ਉਸ ਨੂੰ ਭਾਰਤੀ ਸਾਹਿਤ ਅਕੈਡਮੀ ਅਵਾਰਡ, ਭਾਰਤੀ ਸੰਗੀਤ ਤੇ ਨਾਟਕ ਅਕੈਡਮੀ ਅਵਾਰਡ, ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਨਾਟਕਕਾਰ ਅਵਾਰਡ, ਪੰਜਾਬੀ ਸਾਹਿਤ ਅਕਾਡਮੀ ਦਾ ਕਰਤਾਰ ਸਿੰਘ ਧਾਲੀਵਾਲ ਅਵਾਰਡ, ਇੰਟਰਨੈਸ਼ਨਲ ਪਾਸ਼ ਮੈਮੋਰੀਅਲ ਅਵਾਰਡ ਅਤੇ ਹੋਰ ਅਨੇਕਾਂ ਮਾਨ ਸਨਮਾਨ ਮਿਲੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉਸ ਨੂੰ ਡੀ.ਲਿਟ. ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਆ, ਪਰ ਉਹ ਮਾਨਾਂ ਸਨਮਾਨਾਂ ਤੋਂ ਉਤੇ ਸੀ। ਅਸਹਿਣਸ਼ੀਲਤਾ ਦੇ ਮੁੱਦੇ ਉਤੇ ਉਸ ਨੇ ਭਾਰਤੀ ਸਾਹਿਤ ਅਕਾਡਮੀ ਦਾ ਇਨਾਮ ਮੋੜ ਵੀ ਦਿੱਤਾ ਸੀ।



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਉਸ ਦੇ ਨਾਟਕ ਪੰਜਾਬ ਤੇ ਹਰਿਆਣੇ ਦੇ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਤੋਂ ਲੈ ਕੇ ਚੰਡੀਗੜ੍ਹ, ਦਿੱਲੀ, ਕੋਲਕਾਤਾ, ਮੁੰਬਈ ਅਤੇ ਅਮਰੀਕਾ/ਕੈਨੇਡਾ ਤਕ ਖੇਡੇ ਗਏ ਅਤੇ ਯੂਨੀਵਰਸਿਟੀਆਂ ਤੇ ਸਿੱਖਿਆ ਬੋਰਡਾਂ ਦੀਆਂ ਪਾਠ ਪੁਸਤਕਾਂ ਵਿਚ ਪੜ੍ਹਾਏ ਗਏ। ਉਹਦੇ ਬਾਰੇ ਅਨੇਕਾਂ ਖੋਜ ਲੇਖ ਤੇ ਖੋਜ ਪ੍ਰਬੰਧ ਲਿਖੇ ਗਏ। ਉਹ ਨਾਟਕ ਤੇ ਰੰਗਮੰਚ ਦਾ ਤੁਰਿਆ ਫਿਰਦਾ ਇਨਸਾਈਕਲੋਪੀਡੀਆ ਸੀ।

ਉਸ ਦੇ ਪੂਰੇ ਨਾਟਕਾਂ ਦੇ ਨਾਂ ਹਨ: ਸੱਤ ਬਗਾਨੇ, ਕਿਹਰ ਸਿੰਘ ਦੀ ਮੌਤ, ਇਕ ਸੀ ਦਰਿਆ, ਸਲਵਾਨ, ਝਨਾਂ ਦੇ ਪਾਣੀ, ਨਿੱਕੇ ਸੂਰਜਾਂ ਦੀ ਲੜਾਈ, ਭੱਜੀਆਂ ਬਾਹਾਂ ਤੇ ਨਿਉਂ ਜੜ੍ਹ। ਇਕਾਂਗੀ ਨਾਟਕ ਹਨ: ਬਾਲ ਨਾਥ ਦੇ ਟਿੱਲੇ 'ਤੇ, ਮਿਰਜ਼ੇ ਦੀ ਮੌਤ, ਤੂੜੀ ਵਾਲਾ ਕੋਠਾ, ਜਦੋਂ ਬੋਹਲ ਰੋਂਦੇ ਹਨ, ਅੰਨ੍ਹੇ ਨਿਸ਼ਾਨਚੀ, ਸਿੱਧਾ ਰਾਹ ਵਿੰਗਾ ਰਾਹ, ਢਾਂਡਾ, ਐਸੇ ਰਚਿਓ ਖਾਲਸਾ, ਆਪਣਾ-ਆਪਣਾ ਹਿੱਸਾ, ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ, ਹਰਿਉ ਬੂਟ, ਅੰਨ੍ਹੇਰ-ਕੋਠੜੀ ਤੇ ਹਾਏ ਨੀ ਮਨਮੀਤ ਕੁਰੇ। ਲਘੂ ਨਾਟਕ ਹਨ: ਅਰਬਦ ਨਰਬਦ ਧੁੰਦੂਕਾਰਾ, ਬਗਾਨੇ ਬੋਹੜ ਦੀ ਛਾਂ, ਸੁੱਕੀ ਕੁੱਖ, ਇਕ ਰਮਾਇਣ ਹੋਰ, ਭੱਠ ਖੇੜਿਆਂ ਦਾ ਰਹਿਣਾ, ਗਾਨੀ, ਤੇੜਾਂ, ਲੋਹੇ ਦਾ ਪੁੱਤ, ਐਇੰ ਨੀ ਹੁਣ ਸਰਨਾ, ਉਈ-ਮੁਈ ਦਾ ਕੁਸ ਨੀ ਹੁੰਦਾ, ਕਉਲ਼ੇ ਉਤੇ ਰੱਖਿਆ ਕੌਲਾ, ਚੱਲ ਵੀਰਨਾ ਵੇ ਉਥੇ ਚੱਲੀਏ, ਬੰਦ ਬੂਹਿਆਂ ਵਾਲੀ ਹਵੇਲੀ ਤੇ ਪੱਪੂ ਦੀ ਪੈਂਟ ਆਦਿ। ਉਸ ਨੇ ਲੇਖਕਾਂ ਦੀਆਂ ਕੁਝ ਕਹਾਣੀਆਂ ਤੇ ਨਾਵਲਾਂ ਨੂੰ ਵੀ ਨਾਟਕੀ ਰੂਪ ਦਿੱਤਾ।

ਅਜਮੇਰ ਦਾ ਜਨਮ 19 ਅਗਸਤ 1942 ਨੂੰ ਜ਼ਿਲ੍ਹਾ ਸੰਗਰੂਰ ਦੇ ਪਿੰਡ ਕੁੰਭੜਵਾਲ ਵਿਚ ਪਿਤਾ ਕੌਰ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਹੋਇਆ। ਕੁੰਭੜਵਾਲ ਉਦੋਂ ਰਿਆਸਤੀ ਪਿੰਡ ਸੀ ਤੇ ਹਿੰਦੁਸਤਾਨ ਅੰਗਰੇਜ਼ਾਂ ਦਾ ਗੁਲਾਮ ਸੀ। ਉਤੋਂ ਦੂਜੀ ਵਿਸ਼ਵ ਜੰਗ ਲੱਗੀ ਹੋਈ ਸੀ। ਕਿਸਾਨੀ ਦਾ ਬੁਰਾ ਹਾਲ ਸੀ। ਉਹਦਾ ਬਾਬਾ ਹਰਨਾਮ ਸਿੰਘ 1944-45 ਵਿਚ ਪਰਿਵਾਰ ਸਮੇਤ ਕੁੰਭੜਵਾਲ ਤੋਂ ਉਠ ਕੇ ਭੀਖੀ ਨੇੜੇ ਪਿੰਡ ਕਿਸ਼ਨਗੜ੍ਹ ਫਰਵਾਹੀ ਜਾ ਬੈਠਾ ਸੀ। ਅਜਮੇਰ ਸਿੰਘ ਕਿਸ਼ਨਗੜ੍ਹ ਫਰਵਾਹੀ ਤੋਂ ਚਾਰ, ਭੀਖੀ ਤੋਂ ਦਸ ਤੇ ਪੰਜਾਬੀ ਯੂਨੀਵਰਸਿਟੀ ਪਟਿਆਲੇ ਤੋਂ ਐਮ.ਏ. ਕਰ ਕੇ 1965 ਤੋਂ 2000 ਤਕ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਵਿਚ ਪੰਜਾਬੀ ਦਾ ਲੈਕਚਰਾਰ ਰਿਹਾ ਅਤੇ ਉਥੇ ਹੀ ਆਪਣਾ ਘਰ ਪਾ ਲਿਆ। ਉਥੇ ਹੀ ਉਹ ਨਾਟਕਕਾਰ, ਪ੍ਰੋਡਿਊਸਰ, ਡਾਇਰੈਕਟਰ ਤੇ ਅਦਾਕਾਰ ਬਣਿਆ ਅਤੇ ਆਪਣੀ ਪਤਨੀ ਮਨਜੀਤ ਕੌਰ ਤੇ ਤਿੰਨੇ ਧੀਆਂ ਨੂੰ ਅਦਾਕਾਰ ਬਣਾਇਆ। ਉਥੇ ਹੀ ਉਸ ਨੇ 1976 ਵਿਚ ਲੋਕ ਕਲਾ ਮੰਚ ਮਾਨਸਾ ਦੀ ਸਥਾਪਨਾ ਕੀਤੀ। ਘਰ ਤੋਂ ਬਿਨਾਂ ਉਹਦੀ ਕੋਈ ਜ਼ਮੀਨ ਜਾਇਦਾਦ ਨਹੀਂ ਸੀ। ਨਿਮਨ ਕਿਸਾਨੀ ਦਾ ਦੁਖ-ਦਰਦ ਉਸ ਨੇ ਆਪਣੇ ਹੱਡੀਂ ਹੰਢਾਇਆ ਸੀ।

ਉਹ 2008 ਤੋਂ ਨਾਮੁਰਾਦ ਬਿਮਾਰੀ ਕੈਂਸਰ ਖਿਲਾਫ ਜੂਝ ਰਿਹਾ ਸੀ। ਕਦੇ ਮਾਨਸਾ, ਕਦੇ ਦਿੱਲੀ, ਕਦੇ ਫਰੀਦਕੋਟ ਤੇ ਕਦੇ ਫੋਰਟਿਸ ਹਸਪਤਾਲ ਮੁਹਾਲੀ ਵਿਚ ਉਹਦਾ ਇਲਾਜ ਹੁੰਦਾ ਰਿਹਾ। ਮਹਿੰਗੇ ਇਲਾਜ 'ਤੇ ਲੱਖਾਂ ਰੁਪਏ ਲੱਗੇ ਜਿਸ ਵਿਚ ਸੰਗੀਆਂ ਸਾਥੀਆਂ ਤੇ ਸਰਕਾਰ ਨੇ ਪਰਿਵਾਰ ਦੀ ਬਣਦੀ ਸਰਦੀ ਮਾਇਕ ਮਦਦ ਕੀਤੀ। ਵਿਚ ਵਿਚਾਲੇ ਉਹ ਕੁਝ ਠੀਕ ਵੀ ਹੋ ਜਾਂਦਾ ਰਿਹਾ, ਪਰ ਆਖਰ 15 ਜੂਨ 2017 ਦੇ ਵੱਡੇ ਤੜਕੇ ਉਹਦਾ ਦੇਹਾਂਤ ਹੋ ਗਿਆ। ਤਿੰਨ ਵਜੇ ਉਸ ਨੂੰ ਪਾਸਾ ਦਿਵਾਇਆ ਗਿਆ ਸੀ ਤੇ ਚਾਰ ਵਜੇ ਦੂਜਾ ਪਾਸਾ ਦਿਵਾਉਣ ਤੋਂ ਪਹਿਲਾਂ ਹੀ ਉਹਦਾ ਭੌਰ ਉਡਾਰੀ ਮਾਰ ਚੁੱਕਾ ਸੀ।

ਕੈਂਸਰ ਫੇਫੜਿਆਂ ਵਿਚ ਪਹੁੰਚ ਜਾਣ ਅਤੇ ਆਸ ਮੁੱਕ ਜਾਣ 'ਤੇ 10 ਜੂਨ ਨੂੰ ਮੁਹਾਲੀ ਦੇ ਹਸਪਤਾਲ ਤੋਂ ਉਹਨੂੰ ਮਾਨਸਾ ਆਪਣੇ ਘਰ ਲੈ ਆਂਦਾ ਗਿਆ ਸੀ ਕਿ ਹੁਣ ਘਰ ਵਿਚ ਹੀ ਸੇਵਾ ਕਰੀਏ। ਜਿਹੜੇ ਹਾਲ ਚਾਲ ਪੁੱਛਣ ਆਉਂਦੇ, ਮੁਸਕਰਾ ਕੇ ਦੱਸਦਾ। ਜਾਂਦੀ ਵਾਰ ਦੀਆਂ ਤਿੰਨ ਇਛਾਵਾਂ ਦੱਸੀਆਂ। ਅਖੇ, ਧੀਆਂ ਚਿਤਾ ਨੂੰ ਅਗਨੀ ਲਾਉਣ, ਕਿਸੇ ਧਾਰਮਿਕ ਰਸਮ ਦੀ ਲੋੜ ਨਹੀਂ, ਕੇਵਲ ਸਾਦਾ ਸ਼ਰਧਾਂਜਲੀ ਸਮਾਗਮ ਹੋਵੇ ਜਿਸ ਵਿਚ ਕੁਝ ਸਾਥੀ ਤੇ ਲੇਖਕ ਹੀ ਬੋਲਣ ਅਤੇ ਸਮਾਗਮ ਬੇਲੋੜਾ ਲੰਮਾ ਨਾ ਕੀਤਾ ਜਾਵੇ। ਜੀਵਨ ਸਾਥਣ ਮਨਜੀਤ ਕੌਰ ਦੇ ਵਾਰੇ ਜਾਈਏ ਜਿਹੜੀ ਆਪਣੇ ਜੀਵਨ ਸਾਥੀ ਦਾ ਇਲਾਜ ਕਰਾਉਣ ਲਈ ਉਸ ਨੂੰ ਥਾਂ ਥਾਂ ਲਈ ਫਿਰੀ। ਔਲਖ ਆਪਣੀ ਬਿਮਾਰੀ ਵੱਲੋਂ ਬੇਪਰਵਾਹ ਸੀ, ਉਸ ਨੂੰ ਤਾਂ ਹਰ ਵੇਲੇ ਦੱਬੇ-ਕੁਚਲੇ ਲੋਕਾਂ ਦੇ ਚੰਗੇ ਭਵਿੱਖ ਦੀ ਹੀ ਪਰਵਾਹ ਸੀ। ਦਵਾਈਆਂ ਦੇਣ ਦੀ ਪਰਵਾਹ ਪਤਨੀ ਨੂੰ ਹੀ ਕਰਨੀ ਪੈਂਦੀ ਸੀ। ਉਹ ਅਕਸਰ ਕਹਿੰਦਾ ਸੀ, ਬਿਮਾਰੀ-ਬਮੂਰੀ ਦਾ ਮੈਨੂੰ ਆਪ ਨੀ ਪਤਾ, ਮਨਜੀਤ ਨੂੰ ਪੁੱਛ ਲਓ। ਕੈਂਸਰ ਦਾ ਪਤਾ 2008 ਵਿਚ ਲੱਗਾ ਸੀ, ਕੀ ਪਤਾ ਜੜ੍ਹ ਕਦੋਂ ਦੀ ਲੱਗੀ ਹੋਵੇ? ਉਹ ਤਾਂ ਨਿਉਂ ਜੜ੍ਹ ਵਰਗੇ ਨਾਟਕ ਖੇਡਣ ਵਿਚ ਹੀ ਮਗਨ ਸੀ। ਉਹ ਆਪਣੇ ਪਿਛੇ ਪਤਨੀ, ਧੀਆਂ, ਜੁਆਈਆਂ ਤੇ ਦੋਹਤੇ ਦੋਹਤੀਆਂ ਦਾ ਭਰਿਆ ਪਰਿਵਾਰ ਛੱਡ ਗਿਆ ਹੈ।

ਆਪਣੀ ਸਵੈ-ਜੀਵਨੀ ਦਾ ਨਾਂ ਉਸ ਨੇ 'ਨੰਗਾ ਢਿੱਡ' ਚਿਤਵਿਆ ਸੀ ਜਿਸ ਦੇ ਕੁਝ ਕੁ ਕਾਂਡ ਲਿਖੇ ਗਏ ਜੋ ਜੀਵਨ ਯਾਦਾਂ ਦੀ ਪੁਸਤਕ 'ਭੁੰਨੀ ਹੋਈ ਛੱਲੀ' ਵਿਚ ਛਪੇ ਹਨ। ਜਦੋਂ ਉਹਦਾ ਬਾਬਾ ਕਿਸ਼ਨਗੜ੍ਹ ਫਰਵਾਹੀ ਆਇਆ ਸੀ, ਉਦੋਂ ਉਹ ਜਾਗੀਰਦਾਰਾਂ ਦਾ ਮੁਜਾਰਾ ਪਿੰਡ ਸੀ। ਪਿੰਡ ਦੀ ਸਾਰੀ ਜ਼ਮੀਨ ਦੇ ਮਾਲਕ ਦੋ ਜਾਗੀਰਦਾਰ ਸਨ। ਮਾਰੂਸੀ ਤੇ ਗੈਰ-ਮਾਰੂਸੀ ਕਿਸਾਨ ਉਨ੍ਹਾਂ ਦੇ ਮੁਜਾਰੇ ਬਣ ਕੇ ਖੇਤੀ ਕਰਦੇ ਸਨ। ਹਰਨਾਮ ਸਿੰਘ ਦਾ ਪਰਿਵਾਰ ਇਕ ਜਾਗੀਰਦਾਰ ਦੀ ਅੱਠ ਕਿੱਲੇ ਜ਼ਮੀਨ ਵਾਹੁਣ ਲੱਗਾ ਸੀ ਜਿਸ ਵਿਚੋਂ ਜਾਗੀਰਦਾਰ ਦੀ ਵਟਾਈ ਦੇ ਕੇ ਪਰਿਵਾਰ ਦਾ ਗੁਜ਼ਾਰਾ ਮਸਾਂ ਚਲਦਾ। ਉਨ੍ਹਾਂ ਦਿਨਾਂ ਵਿਚ ਖੇਤਾਂ ਦੀ ਉਪਜ ਵੀ ਘੱਟ ਹੀ ਹੁੰਦੀ ਸੀ। ਕਿਸੇ ਖੇਤ ਨੂੰ ਪਾਣੀ ਲੱਗਦਾ, ਕਿਸੇ ਨੂੰ ਨਹੀਂ ਸੀ ਲੱਗਦਾ। ਹਰਨਾਮ ਸਿੰਘ ਦੇ ਪਰਿਵਾਰ ਵਿਚ ਦੋ ਪੁੱਤਰ ਤੇ ਅਗਾਂਹ ਉਨ੍ਹਾਂ ਦੀ ਔਲਾਦ ਸੀ। ਅੱਠ ਕਿੱਲਿਆਂ ਵਾਲਾ ਮੁਜਾਰਾ ਬੁੜ੍ਹਿਆ-ਟੁੱਟਿਆ ਕਿਸਾਨ ਹੀ ਵੱਜਦਾ ਸੀ।

ਕਿਸੇ ਵੀ ਲੇਖਕ ਨੂੰ ਸਮਝਣ ਲਈ ਉਹਦਾ ਪਰਿਵਾਰਕ ਪਿਛੋਕੜ ਜਾਣਨਾ ਜ਼ਰੂਰੀ ਹੁੰਦਾ ਹੈ। ਲੇਖਕ ਦਾ ਬਚਪਨ ਜਿਨ੍ਹਾਂ ਹਾਲਾਤ ਵਿਚੀਂ ਗੁਜ਼ਰਿਆ ਹੋਵੇ, ਉਨ੍ਹਾਂ ਦਾ ਅਸਰ ਉਹਦੀ ਸ਼ਖ਼ਸੀਅਤ ਅਤੇ ਉਹਦੀ ਸਾਹਿਤਕਾਰੀ 'ਤੇ ਵੀ ਪੈਂਦਾ ਹੈ। ਅਜਮੇਰ ਔਲਖ ਦਾ ਪਛੜੇ ਇਲਾਕੇ ਦੇ ਮੁਜਾਰਾ ਪਰਿਵਾਰ ਵਿਚ ਜੰਮ ਕੇ ਐਮ.ਏ. ਤਕ ਪੜ੍ਹ ਸਕਣਾ, ਲੈਕਚਰਾਰ ਲੱਗ ਸਕਣਾ ਅਤੇ ਸਫਲ ਨਾਟਕਕਾਰ ਬਣ ਸਕਣਾ, ਔਲਖ ਦੇ ਕਹਿਣ ਵਾਂਗ 'ਮਹਿਜ਼ ਇਤਫਾਕ' ਦੀ ਗੱਲ ਹੈ।

ਅਜਮੇਰ ਨੇ ਆਪਣੀ ਸਾਹਿਤਕ ਸਵੈਜੀਵਨੀ 'ਮੇਰੀ ਨਾਟ-ਯਾਤਰਾ' ਵਿਚ ਲਿਖਿਆ: ਜਦ ਮੈਂ ਬਚਪਨ ਤੋਂ ਲੈ ਕੇ ਆਪਣੇ ਨਾਟਕਕਾਰ ਬਣਨ ਤਕ ਦੇ ਸਾਹਿਤਕ ਸਫਰ ਉਤੇ ਝਾਤ ਮਾਰਦਾ ਹਾਂ ਤਾਂ ਨਾਟਕ ਲਿਖਣ ਵੱਲ ਰੁਚਿਤ ਹੋਣ ਦਾ ਵਰਤਾਰਾ ਮੈਨੂੰ 'ਮਹਿਜ਼ ਇਤਫਾਕ' ਤੋਂ ਬਿਨਾਂ ਹੋਰ ਕੁਝ ਨਜ਼ਰ ਨਹੀਂ ਆਉਂਦਾ। ਆਪਣੀ ਉਮਰ ਦੇ 27-28 ਵਰ੍ਹਿਆਂ ਤਕ ਮੈਨੂੰ ਆਪਣੇ ਆਪ ਨੂੰ ਵੀ ਨਹੀਂ ਸੀ ਪਤਾ ਕਿ ਮੈਂ ਕਦੇ ਨਾਟਕ ਵੀ ਲਿਖਾਂਗਾ ਤੇ ਪੰਜਾਬੀ ਸਾਹਿਤ ਜਗਤ ਵਿਚ ਮੇਰੀ ਪਛਾਣ 'ਨਾਟਕਕਾਰ' ਦੇ ਰੂਪ ਵਿਚ ਹੋਵੇਗੀ। ਮੈਂ ਪਹਿਲਾਂ ਕਵਿਤਾ/ਗੀਤ ਲਿਖਣੇ ਸ਼ੁਰੂ ਕੀਤੇ ਸਨ। ਜਦ ਮੈਂ ਗੁਰਮੁਖੀ ਅੱਖਰ ਜੋੜਨ ਦੇ ਯੋਗ ਹੋ ਗਿਆ ਤਾਂ ਸ਼ਬਦਾਂ ਨੂੰ ਗੁਣ-ਗੁਣਾਉਂਦਿਆਂ ਕਾਗਜ਼ਾਂ ਉਤੇ ਉਤਾਰਨ ਲੱਗ ਪਿਆ। ਮੈਂ ਆਪਣੀ ਪਹਿਲੀ ਸਾਹਿਤਕ ਰਚਨਾ ਕਦੋਂ ਤੇ ਕਿੰਨੀ ਉਮਰ ਵਿਚ ਕੀਤੀ, ਇਸ ਬਾਰੇ ਮੈਨੂੰ ਕੁਝ ਪੱਕਾ ਯਾਦ ਨਹੀਂ। ਜਿਥੋਂ ਤਕ ਮੈਨੂੰ ਯਾਦ ਹੈ, ਮੈਂ ਐਨੀ ਕੁ ਗੱਲ ਪੱਕੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਮੈਂ 8-10 ਸਾਲ ਦੀ ਉਮਰ ਵਿਚ ਕੁਝ ਨਾ ਕੁਝ ਤੁਕਬੰਦੀ ਕਰ ਕੇ ਉਸ ਨੂੰ ਗਾਉਣ ਲੱਗ ਪਿਆ ਸੀ।

1952 ਵਿਚ ਜਦ ਮੇਰੀ ਉਮਰ 10 ਸਾਲ ਦੀ ਸੀ ਤੇ ਜਿਸ ਸਾਲ ਮੈਂ ਆਪਣੀ ਪ੍ਰਾਇਮਰੀ ਦੀ ਚੌਥੀ ਜਮਾਤ ਪਾਸ ਕਰ ਕੇ ਲਾਗਲੇ ਕਸਬੇ ਭੀਖੀ ਦੇ ਸਰਕਾਰੀ ਮਿਡਲ ਸਕੂਲ ਵਿਚ ਪੰਜਵੀਂ ਜਮਾਤ ਵਿਚ ਦਾਖਲਾ ਲਿਆ ਸੀ, ਓਦੋਂ ਤਕ ਮੈਂ ਕਾਫੀ ਗੀਤ ਲਿਖ ਲਏ ਸਨ ਤੇ ਉਨ੍ਹਾਂ ਨੂੰ ਮੇਰੇ ਹੀ ਪਿੰਡ ਦੇ ਮੇਰੇ ਬਚਪਨ ਦੇ ਦੋਸਤ ਸੁਖਦੇਵ ਨਾਲ ਮਿਲ ਕੇ ਕਮਿਊਨਿਸਟ ਪਾਰਟੀ ਦੀਆਂ ਲੱਗਦੇ, ਜਿਹੋ ਜਿਹੇ ਕਾਨਫਰੰਸਾਂ ਵਿਚ ਸੁਣਦੇ। 'ਜਮੇਰ' ਨਾਹਰੇ ਲਾਉਣ ਵਾਲਿਆਂ ਵਿਚ ਅਕਸਰ ਆਗੂ ਰੋਲ ਅਦਾ ਕਰਦਾ। ਉਹਦੇ ਵਿਚ ਇਕ ਵਾਧਾ ਇਹ ਸੀ ਕਿ ਉਹ ਗੀਤ ਲਿਖ ਵੀ ਲੈਂਦਾ ਸੀ ਤੇ ਗਾ ਵੀ ਲੈਂਦਾ ਸੀ। ਪ੍ਰਾਇਮਰੀ ਸਕੂਲ ਵਿਚ ਉਹਦਾ ਸਭ ਤੋਂ ਨੇੜਲਾ ਆੜੀ ਸੁਖਦੇਵ ਸੀ ਤੇ ਹਾਈ ਸਕੂਲ ਵਿਚ ਹਾਕਮ ਸਿੰਘ ਸਮਾਓਂ ਸੀ ਜੋ ਬਾਅਦ ਵਿਚ ਨਕਸਲੀ ਆਗੂ ਬਣਿਆ।

ਨਿੱਕਾ ਹੁੰਦਾ ਉਹ ਨਿੱਕੇ ਨਾਂ ਵਾਲਾ 'ਜਮੇਰ' ਹੀ ਸੀ, ਸਕੂਲ ਦਾਖਲ ਹੋਣ ਵੇਲੇ ਅਜਮੇਰ ਸਿੰਘ ਹੋ ਗਿਆ; ਜਦੋਂ ਕਵਿਤਾ ਲਿਖਣ ਲੱਗ ਪਿਆ ਤਾਂ ਨਾਂ ਰੱਖ ਲਿਆ ਅਜਮੇਰ ਸਿੰਘ 'ਪਾਗਲ'! ਪਰ 'ਪਾਗਲ' ਉਹਦਾ ਪਹਿਲਾ ਤਖ਼ੱਲਸ ਨਹੀਂ ਸੀ। ਪਾਗਲ ਦੇ ਤਖ਼ੱਲਸ ਤਕ ਅਪੜਨ ਲਈ ਉਸ ਨੂੰ 'ਦਰਦੀ', 'ਦੁਖੀਆ' ਤੇ 'ਕੌਮੀ' ਤਖ਼ੱਲਸ ਲਾਉਣ ਦੀਆਂ ਮਸ਼ਕਾਂ ਕਰਨੀਆਂ ਪਈਆਂ ਸਨ। ਤਿੰਨ ਤਖ਼ੱਲਸਾਂ ਰੱਦ ਕਰ ਕੇ ਉਹ 'ਖ਼ਿਆਲੀ' ਹੋ ਗਿਆ ਸੀ। ਫਿਰ ਇਕ ਸੀਨੀਅਰ ਵਿਦਿਆਰਥੀ ਉਹਦੇ ਮਗਰ ਪੈ ਗਿਆ ਜੀਹਨੂੰ 'ਖ਼ਿਆਲੀ' ਦਾ ਖ਼ਿਤਾਬ ਸੌਂਪ ਕੇ ਆਪ 'ਪਾਗਲ' ਦੀ ਪਦਵੀ ਗ੍ਰਹਿਣ ਕਰ ਲਈ! ਉਹਦੇ ਬੀ.ਏ. ਤਕ ਦੇ ਸਰਟੀਫਿਕੇਟਾਂ ਉਤੇ ਉਹਦਾ ਨਾਂ 'ਅਜਮੇਰ ਸਿੰਘ ਪਾਗਲ' ਹੀ ਦਰਜ ਹੈ। 'ਔਲਖ' ਜਾਂ 'ਔਲਖ ਸਾਹਿਬ' ਤਾਂ ਉਸ ਨੂੰ ਉਦੋਂ ਕਿਹਾ ਜਾਣ ਲੱਗਾ ਜਦੋਂ ਉਹ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਦੀਆਂ ਸਭਿਆਚਾਰਕ ਸਰਗਰਮੀਆਂ ਦਾ ਇੰਚਾਰਜ ਬਣਿਆ ਅਤੇ ਵਿਦਿਆਰਥੀਆਂ ਨੂੰ ਨਾਟਕ ਖਿਡਾਉਣ ਲੱਗਾ।


ਆਪਣੀ 75 ਸਾਲ ਦੀ ਉਮਰ ਵਿਚੋਂ ਉਸ ਨੇ 50 ਸਾਲ ਪੰਜਾਬੀ ਨਾਟਕ ਤੇ ਰੰਗ ਮੰਚ ਦੇ ਲੇਖੇ ਲਾਏ। ਨਾ ਦਿਨ ਦੇਖਿਆ ਨਾ ਰਾਤ, ਨਾ ਮੀਂਹ ਨਾ ਨ੍ਹੇਰੀ, ਸਦਾ ਚੱਲ ਸੁ ਚੱਲ ਰਹੀ। ਮੈਂ ਉਸ ਨੂੰ ਅਨੇਕੀਂ ਥਾਈਂ ਮਿਲਿਆ; ਕਦੇ ਮਾਨਸਾ, ਕਦੇ ਪਟਿਆਲੇ, ਕਦੇ ਲੁਧਿਆਣੇ, ਕਦੇ ਅੰਮ੍ਰਿਤਸਰ, ਕਦੇ ਲਾਹੌਰ ਜਿਥੇ ਅਸੀਂ ਕਈ ਦਿਨ ਇਕੱਠੇ ਰਹੇ ਤੇ ਕਦੇ ਟੋਰਾਂਟੋ ਜਿਥੇ ਮੈਂ ਅੱਜ ਕੱਲ੍ਹ ਰਹਿ ਰਿਹਾਂ। ਜਦ ਉਹਦੇ ਅਕਾਲ ਚਲਾਣੇ ਦੀ ਖ਼ਬਰ ਸੁਣੀ ਤਾਂ ਕੁਝ ਪਲ ਮੇਰੇ ਆਉਸਾਨ ਮਾਰੇ ਗਏ ਤੇ ਮੈਂ ਸੁੰਨ ਹੋ ਗਿਆ। ਫਿਰ ਉਸ ਸੋਫੇ 'ਤੇ ਜਾ ਬੈਠਾ ਜਿਥੇ ਔਲਖ ਤੇ ਮਨਜੀਤ ਕੌਰ ਬਹਿ ਕੇ ਗਏ ਸਨ, ਡਾਇਨਿੰਗ ਟੇਬਲ ਦੀ ਉਸ ਕੁਰਸੀ 'ਤੇ ਬੈਠਾ ਜਿਥੇ ਉਹ ਖਾਣਾ ਖਾਂਦੇ ਰਹੇ ਤੇ ਉਸ ਬੈੱਡ 'ਤੇ ਪਿਆ ਸੋਚਦਾ ਰਿਹਾ ਜਿਥੇ ਉਨ੍ਹਾਂ ਵਿਸਰਾਮ ਕੀਤਾ ਸੀ। ਮੈਨੂੰ ਲਾਹੌਰ ਦੀਆਂ ਗੱਲਾਂ ਯਾਦ ਆਈਆਂ, ਨਨਕਾਣਾ ਸਾਹਿਬ ਦੇ ਕੀਤੇ ਦਰਸ਼ਨ ਯਾਦ ਆਏ, ਜੰਡਿਆਲੇ ਸ਼ੇਰ ਖਾਂ ਵਾਰਸ ਸ਼ਾਹ ਦੀ ਮਜ਼ਾਰ 'ਤੇ ਸਾਡਾ ਸਿਜਦਾ ਕਰਨਾ ਯਾਦ ਆਇਆ ਅਤੇ ਨੂਰ ਜਹਾਂ ਦਾ ਸਟੂਡੀਓ ਵੇਖਣਾ ਵੀ। ਬੜੀਆਂ ਯਾਦਾਂ ਹਨ ਅਜਮੇਰ ਔਲਖ ਦੀਆਂ। ਉਹ ਗੱਲਾਂ ਕਦੇ ਫੇਰ ਕਰਾਂਗੇ।

ਅਜਮੇਰ ਔਲਖ ਦੀ ਵਿਸ਼ੇਸ਼ਤਾ ਪੰਜਾਬ ਦੀ ਨਿਮਨ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਆਪਣੇ ਨਾਟਕਾਂ ਰਾਹੀਂ ਪੇਂਡੂ ਮੁਹਾਵਰੇ 'ਚ ਪੇਸ਼ ਕਰਨਾ ਹੈ। ਉਹਦੇ ਪੇਂਡੂ ਪਾਤਰਾਂ ਦੇ ਬੋਲ ਸਿੱਧੇ ਦਰਸ਼ਕਾਂ ਦੇ ਦਿਲਾਂ ਵਿਚ ਲਹਿੰਦੇ ਹਨ। ਇਸੇ ਕਰ ਕੇ ਪੇਂਡੂ ਲੋਕਾਂ ਦੇ ਵੱਡੇ ਇਕੱਠ ਉਹਦੇ ਨਾਟਕਾਂ ਨੂੰ ਹੁੰਮ-ਹੁਮਾ ਕੇ ਵੇਖਦੇ ਹਨ। ਕਿਰਤੀ ਕਿਸਾਨਾਂ ਦੀਆਂ ਸਮੱਸਿਆਵਾਂ ਬਾਰੇ ਨਾਟਕ ਤਾਂ ਪਹਿਲਾਂ ਵੀ ਲਿਖੇ ਤੇ ਖੇਡੇ ਜਾਂਦੇ ਸਨ, ਪਰ ਪੰਜਾਬੀ ਵਿਚ, ਖ਼ਾਸ ਕਰ ਕੇ ਮਾਨਸੇ ਵੱਲ ਦੀ ਮਲਵਈ ਉਪ ਭਾਸ਼ਾ ਵਿਚ ਪੇਂਡੂ ਸਮਾਜ ਦਾ ਨਾਟਕੀਕਰਨ ਜਿਵੇਂ ਅਜਮੇਰ ਔਲਖ ਨੇ ਕੀਤਾ, ਉਹਦਾ ਕੋਈ ਸਾਨੀ ਨਹੀਂ। ਅਜਿਹਾ ਉਹ ਇਸ ਲਈ ਕਰ ਸਕਿਆ, ਕਿਉਂਕਿ ਉਹ ਜੰਮਿਆ-ਪਲਿਆ ਹੀ ਬੁੜ੍ਹੇ-ਟੁੱਟੇ ਕਰਜਾਈ ਕਿਸਾਨ ਦੇ ਘਰ ਸੀ। ਉਹ ਕਹਿੰਦਾ ਹੁੰਦਾ ਸੀ- ਮੇਰੇ ਨਾਟਕਾਂ ਵਿਚ ਮੇਰੇ ਆਪਣੇ ਹੀ ਰੰਗਮੰਚ ਉਤੇ ਪੇਸ਼ ਹੁੰਦੇ ਦਿਸਦੇ ਹਨ। ਉਹ ਲੜਦੇ-ਝਗੜਦੇ ਹਨ, ਰੋਂਦੇ-ਕਰਲਾਉਂਦੇ ਹਨ, ਰੁਸਦੇ-ਮੰਨਦੇ ਹਨ ਤੇ ਲੁੱਟੇ-ਖੋਹੇ ਜਾਂਦੇ ਮਰਦੇ-ਖਪਦੇ ਹਨ। ਮੈਂ ਆਪਣੇ ਨਾਟਕਾਂ ਵਿਚ ਆਪਣਿਆਂ ਦਾ ਹੀ ਢਿੱਡ ਨੰਗਾ ਕੀਤਾ ਹੈ।

ਉਹਦੇ ਪਾਤਰ ਪੇਂਡੂ ਕਿਰਤੀ ਕਿਸਾਨ ਹਨ ਜੋ ਢਿੱਡੋਂ ਬੋਲ ਕੇ ਸੱਚਮੁੱਚ ਆਪਣਾ ਢਿੱਡ ਨੰਗਾ ਕਰਦੇ ਹਨ। ਕਿਹਾ ਜਾਂਦੈ, ਜੀਹਦਾ ਢਿੱਡ ਨੰਗਾ ਹੋ ਜਾਵੇ, ਉਹਨੂੰ ਫਿਰ ਗਾਲ੍ਹਾਂ-ਗੁਲ੍ਹਾਂ ਦੀ ਪਰਵਾਹ ਨਹੀਂ ਹੁੰਦੀ। ਗਾਲ੍ਹਾਂ ਆਪ-ਮੁਹਾਰੇ ਹੀ ਨਿਕਲੀ ਜਾਂਦੀਐਂ। ਅੰਦਰ ਦੀ ਭੜਾਸ ਜੁ ਹੋਈ। ਉਹ ਜਿਹੋ ਜਿਹੇ ਅੰਦਰੋਂ ਹੁੰਦੇ ਹਨ, ਉਹੋ ਜਿਹੇ ਹੀ ਬਾਹਰੋਂ ਦਿਸਦੇ ਹਨ। ਕੋਈ ਉਹਲਾ ਨਹੀਂ ਹੁੰਦਾ ਉਨ੍ਹਾਂ ਵਿਚ। ਔਲਖ ਆਪ ਵੀ ਢਿੱਡੋਂ ਬੋਲਦਾ ਸੀ। ਜਿਹੋ ਜਿਹਾ ਦੁੱਧਵ ਉਹਦਾ ਜੁੱਸਾ ਸੀ, ਉਹੋ ਜਿਹੀ ਗੱਦਰ ਉਹਦੀ ਆਵਾਜ਼ ਹੈ। ਉਹ ਸਿੱਧਾ ਸਪਸ਼ਟ ਲੇਖਕ ਸੀ ਤੇ ਸਿੱਧੀ ਪੱਧਰੀ ਗੱਲ ਕਰਦਾ ਸੀ। ਕੋਈ ਵਲ ਨਹੀਂ, ਕੋਈ ਛਲ ਨਹੀਂ।

ਉਹਦਾ ਕੱਦ-ਕਾਠ ਨਾ ਸਮੱਧਰ ਸੀ, ਨਾ ਸਿਰ-ਕੱਢਵਾਂ। ਸਰੀਰਕ ਭਾਰ ਅੱਸੀ ਕੁ ਕਿੱਲੋ ਰਿਹਾ ਤੇ ਕੱਦ ਸੀ ਪੰਜ ਫੁੱਟ ਸੱਤ ਅੱਠ ਇੰਚ। ਨੈਣ-ਨਕਸ਼ ਰਤਾ ਮੋਟੇ-ਠੁੱਲ੍ਹੇ ਸਨ। ਰੰਗ ਨਾ ਗੋਰਾ ਸੀ ਨਾ ਕਾਲਾ। ਵੇਖਣ ਨੂੰ ਉਹ ਵਿਚਕਾਰਲੇ ਮੇਲ ਦਾ ਬੰਦਾ ਲੱਗਦਾ ਸੀ। ਦਾੜ੍ਹੀ ਕੇਸ ਚੜ੍ਹਦੀ ਜੁਆਨੀ ਤੋਂ ਸੁਆਰਦਾ ਆ ਰਿਹਾ ਸੀ। ਚਿਣ ਕੇ ਬੱਧੀ ਪੱਗ ਮੁੰਨਿਆ ਸਿਰ ਨਹੀਂ ਸੀ ਦਿਸਣ ਦਿੰਦੀ। ਅੱਖਾਂ ਗੋਲ ਮੋਟੀਆਂ ਤੇ ਬੁੱਲ੍ਹ ਚੌੜੇ ਸਨ। ਕੱਢਵੀਂ ਜੁੱਤੀ ਪਾਈ ਤੋਂ ਲੱਗਦਾ ਸੀ ਕਿ ਸ਼ੁਕੀਨੀ ਵੀ ਲਾਉਂਦਾ ਰਿਹੈ, ਪਰ ਆਰਥਿਕ ਤੰਗੀ ਕਾਰਨ ਪੂਰੀ ਲੱਗਦੀ ਵੀ ਨਹੀਂ ਸੀ। ਇਕ ਹੱਥ ਉਤੇ ਚੰਦ ਖੁਣਿਆਂ ਸੀ ਤੇ ਦੂਜੇ ਉਤੇ ਮੋਰਨੀ। ਵੇਖਣ ਨੂੰ ਉਹ ਸਿੱਧਾ-ਸਾਦਾ ਅਨਪੜ੍ਹ ਜਾਂ ਅੱਧਪੜ੍ਹ ਹੀ ਜਾਪਦਾ ਸੀ। ਸਿਰ 'ਤੇ ਪਰਨਾ ਬੱਧਾ ਹੁੰਦਾ ਤਾਂ ਉਹ ਖ਼ੁਦ ਖੇਤਾਂ 'ਚ ਜੋਤਾ ਲਾ ਕੇ ਆਇਆ ਕਿਸਾਨ-ਮਜ਼ਦੂਰ ਹੀ ਲੱਗਦਾ। ਉਹ ਨਿੱਕੇ ਸੂਰਜਾਂ ਦੀ ਵੱਡਿਆਂ ਖ਼ਿਲਾਫ ਲੜਾਈ 'ਚ ਨਿੱਕੇ ਸੂਰਜਾਂ ਦਾ ਸਾਥੀ ਸੀ। ਇਸੇ ਲਈ ਉਸ ਨੂੰ ਦੱਬੇ ਕੁਚਲੇ ਲੋਕਾਂ ਦਾ 'ਲੋਕ ਨਾਟਕਕਾਰ' ਕਿਹਾ ਜਾਂਦਾ ਸੀ।

ਕੋਈ ਉਸ ਨੂੰ 'ਬਗਾਨੇ ਬੋਹੜ ਦੀ ਛਾਂ' ਵਾਲਾ ਅਜਮੇਰ ਔਲਖ ਆਖਦੈ ਤੇ ਕੋਈ ਨਾਟਕ 'ਸੱਤ-ਬਗਾਨੇ' ਵਾਲਾ ਔਲਖ। ਕੋਈ 'ਲੋਕ ਕਲਾ ਮੰਚ' ਮਾਨਸੇ ਵਾਲਾ ਪ੍ਰੋਫੈਸਰ ਅਜਮੇਰ ਸਿੰਘ ਔਲਖ ਆਖਦੈ। ਉਹ ਪੰਜਾਬੀ ਨਾਟਕ ਤੇ ਪੇਂਡੂ ਰੰਗਮੰਚ ਦਾ ਜੁਝਾਰੂ ਜੋਧਾ ਸੀ ਜੋ ਅੰਤਲੇ ਸਾਹ ਤਕ ਜੂਝਦਾ ਰਿਹਾ। ਉਹ ਮਰ ਕੇ ਵੀ ਜੀਂਦਾ ਰਹੇਗਾ। ਰੰਗ ਮੰਚ ਦੇ ਇਸ ਸੰਗਰਾਮੀਏ ਨੂੰ ਸਲਾਮ!



**'ਭੱਜੀਆਂ ਬਾਹਾਂ' ਨਾਟਕ ਖੇਡਦੇ ਹੋਏ ਪ੍ਰੋ. ਅਜਮੇਰ ਔਲਖ (ਐਨ ਵਿਚਕਾਰ) ਅਤੇ ਹੋਰ ਸਾਥੀ ਕਲਾਕਾਰ।**

ਸਟੇਜਾਂ ਤੇ ਹੋਰ ਕਈ ਇਕੱਠਾਂ ਵਿਚ ਗਾ ਵੀ ਚੁੱਕਾ ਸੀ। ਉਸ ਸਮੇਂ ਲਿਖੇ ਤੇ ਸਭ ਤੋਂ ਵੱਧ ਗਾਏ ਮੇਰੇ ਇਕ ਗੀਤ ਦੀਆਂ ਮੁਢਲੀਆਂ ਸਤਰਾਂ ਤਾਂ ਮੈਨੂੰ ਹੁਣ ਵੀ ਯਾਦ ਹਨ:

ਇਹ ਤਾਂ ਦੂਹਰੀਆਂ ਪੁਸ਼ਾਕਾਂ ਪਾਉਂਦੇ
ਤੈਨੂੰ ਫਿੱਡੇ ਛਿੱਤਰ ਨਾ ਥਿਆਉਂਦੇ
ਹੁਣ ਹੋ ਹੁਸ਼ਿਆਰ, ਕਰ ਜੱਟਾ ਮਾਰੋ-ਮਾਰ
ਜਾ ਕੇ ਵੈਰੀ ਦੇ ਬੂਹੇ 'ਤੇ ਅੜ ਜਾ
ਵੈਰੀ ਦੇ ਟਾਕਰੇ ਨੂੰ
ਤਿਆਰ ਹੋ ਕੇ ਤੂੰ ਖੜ੍ਹ ਜਾ!
ਵੈਰੀ ਦੇ ਟਾਕਰੇ ਨੂੰ...

ਅਜਮੇਰ ਜਦੋਂ ਅਜੇ ਬੱਚਾ ਹੀ ਸੀ ਤਾਂ ਕਿਸਾਨਾਂ ਦੀ ਜਾਗੀਰਦਾਰਾਂ ਖ਼ਿਲਾਫ ਮੁਜਾਰਾ ਲਹਿਰ ਨੇ ਜ਼ੋਰ ਫੜ ਲਿਆ ਸੀ। ਕਮਿਊਨਿਸਟਾਂ ਦੀ ਲਾਲ ਪਾਰਟੀ ਅਗਵਾਈ ਕਰ ਰਹੀ ਸੀ। ਪਿੰਡਾਂ ਵਿਚ ਕਮਿਊਨਿਸਟਾਂ ਦੀਆਂ ਕਾਨਫਰੰਸਾਂ ਹੁੰਦੀਆਂ ਜਿਥੇ ਜਾਗੀਰਦਾਰਾਂ ਦਾ ਟਾਕਰਾ ਕਰਨ ਲਈ ਜੋਸ਼ੀਲੇ ਗੀਤ ਗਾਏ ਜਾਂਦੇ। ਪਿੰਡ ਦੇ ਹੋਰ ਬੱਚਿਆਂ ਵਾਂਗ 'ਜਮੇਰ' ਉਤੇ ਵੀ ਇਸ ਲਹਿਰ ਦਾ ਬੜਾ ਅਸਰ ਹੋਇਆ। ਉਹ ਸ਼ਾਮੀਂ ਜਾਂ ਰਾਤ ਨੂੰ ਬੱਚਿਆਂ ਵਾਲੀਆਂ ਖੇਡਾਂ ਖੇਡਦੇ ਹੱਥਾਂ ਵਿਚ ਲਾਲ ਝੰਡੀਆਂ ਫੜ ਕੇ ਜਾਂ ਖਾਲੀ ਹੱਥ ਹੀ ਜਗੀਰਦਾਰੀ ਤੇ ਬਿਸਵੇਦਾਰੀ ਖ਼ਿਲਾਫ ਉਹੋ ਜਿਹੇ ਨਾਹਰੇ ਲਾਉਣ

# ਲੋਕ ਚੇਤਨਾ ਦਾ ਚਿਰਾਗ ਅਜਮੇਰ ਔਲਖ

ਸ਼ਰਧਾਂਜਲੀ

ਮਾਨਸਾ ਦੇ ਪੱਛੜੇ ਜਿਹੇ ਪਿੰਡ ਦੀਆਂ ਢੱਠੀਆਂ ਕੰਧਾਂ ਵਾਲੇ ਕੱਚੇ ਘਰ ਵਿਚ 1942 ਨੂੰ ਪੈਦਾ ਹੋਏ ਬੱਚੇ ਬਾਰੇ ਕਿਸੇ ਨੇ ਕਿਆਸ ਵੀ ਨਹੀਂ ਕੀਤਾ ਹੋਣਾ ਕਿ ਇਹ ਵੱਡਾ ਹੋ ਕੇ ਆਪਣੇ ਪਰਿਵਾਰ, ਪਿੰਡ ਅਤੇ ਇਲਾਕੇ ਦਾ ਨਾਮ ਰੌਸ਼ਨ ਕਰਨ ਦੇ ਨਾਲ ਨਾਲ ਸਮੁੱਚੇ ਪੰਜਾਬ ਵਿਚ ਲੋਕ ਚੇਤਨਾ ਅਜਿਹਾ ਚਾਨਣ ਵੰਡੇਗਾ ਕਿ ਆਪਣੇ ਹੱਕਾਂ ਲਈ ਸੰਘਰਸ਼ਸ਼ੀਲ ਲੋਕਾਂ ਲਈ ਆਸ ਦੀ ਕਿਰਨ ਬਣੇਗਾ ਅਤੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਪੜ੍ਹਦੇ ਵਿਦਿਆਰਥੀ, ਕਿਰਸਾਨ ਅਤੇ ਮਜ਼ਦੂਰ ਜਥੇਬੰਦੀਆਂ ਦੇ ਕਾਰਕੁਨ, ਉਸ ਦੀ ਚੰਗੇਰੀ ਸਿਹਤ ਦੀਆਂ ਦੁਆਵਾਂ ਮੰਗਦੇ ਮੌਤ ਕੋਲੋਂ ਉਸ ਨੂੰ ਮੋੜ ਲਿਆਉਣਗੇ। ਆਪਣੇ ਸਮਿਆਂ ਦਾ ਰੋਲ ਮਾਡਲ ਅਤੇ ਪੰਜਾਬੀ ਥੀਏਟਰ ਨੂੰ ਆਮ ਲੋਕਾਂ ਦੀ ਪਸੰਦ ਬਣਾਉਣ ਵਾਲੇ ਅਜਮੇਰ ਔਲਖ ਨੂੰ ਭਾਰਤ ਵਿਚ ਹੀ ਨਹੀਂ, ਵਿਦੇਸ਼ਾਂ ਵਿਚ ਵੀ ਬਹੁਤ ਮਾਣ-ਸਨਮਾਨ ਮਿਲਿਆ, ਪਰ ਸਭ ਤੋਂ ਵੱਡਾ ਸਨਮਾਨ, ਲੋਕਾਂ ਦੀ ਅਪਣੱਤ ਅਤੇ ਮੋਹ ਹੈ ਜੋ ਉਸ ਦੀ ਲੋਕ ਮਾਨਤਾ ਦੀ ਤਸਦੀਕ ਹਨ।

ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਕੁਝ ਲਿਖਦੇ ਰਹਿਣ ਦੀ ਕੁਦਰਤੀ ਦਾਤ ਨਾਲ ਵਰਸੋਏ ਔਲਖ ਸਾਹਿਬ ਨਿੱਕੇ ਹੁੰਦਿਆਂ ਹੀ ਗੀਤ-ਨੁਮਾ ਕਵਿਤਾਵਾਂ ਲਿਖਦੇ ਸਨ ਜਿਹਨਾਂ ਵਿਚ ਪਿਆਰ ਤੋਂ ਹਟ ਕੇ ਨਿਮਨ ਕਿਰਸਾਨੀ ਜ਼ਿੰਦਗੀ ਅਤੇ ਸੰਘਰਸ਼ ਦੀ ਗਵਾਹੀ ਭਰਦੀਆਂ ਸਨ। ਦਸਵੀਂ ਤੋਂ ਬਾਅਦ, ਕਿਰਤੀ ਕਿਰਸਾਨਾਂ ਵਾਲੀ ਮਾਨਸਿਕਤਾ ਨਾਲ ਲਬਰੇਜ਼ ਨਾਵਲ 'ਜਗੀਰਦਾਰ' ਵੀ ਲਿਖਿਆ। ਅੱਲੜ੍ਹ ਉਮਰ ਦੀਆਂ 95% ਲਿਖਤਾਂ ਪੇਂਡੂ ਜੀਵਨ ਦੀਆਂ ਮੁਸ਼ਕਲਾਂ ਨੂੰ ਦਰਸਾਉਂਦੀਆਂ ਸਨ। 1965 ਵਿਚ ਪੰਜਾਬੀ ਯੂਨੀਵਰਸਿਟੀ ਤੋਂ ਪੰਜਾਬੀ ਵਿਚ ਐਮ.ਏ. ਕਰਨ 'ਤੇ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਵਿਚ ਨੌਕਰੀ ਮਿਲ ਗਈ ਜਿਥੇ ਸਾਰੀ ਉਮਰ ਪੜ੍ਹਾਉਣ ਦੇ ਨਾਲ ਨਾਲ, ਕਾਲਜ ਦੇ ਵਿਦਿਆਰਥੀਆਂ ਵਿਚ ਨਾਟਕ ਪ੍ਰਤੀ ਅਜਿਹੀ ਖਿੱਚ ਪੈਦਾ ਕੀਤੀ ਕਿ ਉਨ੍ਹਾਂ ਦਾ ਨਾਟਕ ਯੂਨੀਵਰਸਿਟੀ ਫੈਸਟੀਵਲ ਵਿਚ ਹਰ ਵਾਰ ਅੱਵਲ ਆਉਂਦਾ ਸੀ, ਕਿਉਂਕਿ ਉਨ੍ਹਾਂ ਦੇ ਨਾਟਕ ਜ਼ਿੰਦਗੀ ਦੀ ਬਾਤ ਪਾਉਂਦੇ ਹਨ ਅਤੇ ਇਉਂ ਜਾਪਦਾ ਸੀ ਜਿਵੇਂ ਰੰਗਮੰਚ 'ਤੇ ਜ਼ਿੰਦਗੀ, ਜਿਉਂਦੀ-ਜਾਗਦੀ ਧੜਕ ਰਹੀ ਹੋਵੇ!

ਗੁਰਦਿਆਲ ਸਿੰਘ ਨਾਵਲਿਸਟ, ਪ੍ਰੋ. ਕਰਮਜੀਤ ਸਿੰਘ ਆਦਿ ਵਰਗੇ ਪੰਜਾਬੀ ਸਾਹਿਤਕਾਰਾਂ ਦੀ ਨੇਕ ਸਲਾਹ ਨਾਲ ਅਜਮੇਰ ਔਲਖ ਨੇ ਨਾਟਕ ਖੇਤਰ ਨੂੰ ਪੂਰਨ ਰੂਪ ਵਿਚ ਅਪਣਾ ਲਿਆ। ਉਨ੍ਹਾਂ ਦਾ ਨਾਟਕ 'ਅਰਬਦ ਨਰਬਦ ਧੁੰਧੂਕਾਰਾ' ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਨਾਟਕ ਮੁਕਾਬਲਿਆਂ ਵਿਚ ਚਰਚਿਤ ਰਿਹਾ ਜਿਸ ਦਾ ਵਿਸ਼ਾ ਸੀ- ਪਿਆਰ ਤੋਂ ਪਹਿਲਾਂ ਰੋਟੀ ਦਾ ਮਸਲਾ ਆਉਂਦਾ ਹੈ ਜੋ ਸਭ ਤੋਂ ਵੱਡਾ ਮਸਲਾ ਹੈ ਜਿਵੇਂ ਅੰਮ੍ਰਿਤਾ ਪ੍ਰੀਤਮ ਨੇ ਵੀ ਕਿਹਾ ਸੀ- 'ਹੁਸਨ ਇਸ਼ਕ ਦੀਆਂ ਗੱਲਾਂ, ਵੇ ਬੀਬਾ ਵਿਹਲੇ ਵੇਲੇ ਦੀਆਂ ਗੱਲਾਂ'।

ਆਪਣੇ ਨਾਟਕਾਂ ਨੂੰ ਪਿੰਡਾਂ ਵਿਚ ਲੈ ਕੇ ਜਾਣ ਦੀ ਪਿਰਤ ਅਜਿਹੀ ਪਾਈ ਕਿ ਪਿੰਡਾਂ ਦੇ ਲੋਕ ਉਨ੍ਹਾਂ ਦੇ ਨਾਟਕਾਂ ਨਾਲ ਜੁੜ ਜਾਂਦੇ ਸਨ, ਕਿਉਂਕਿ ਇਹ ਨਾਟਕ ਉਨ੍ਹਾਂ ਦੀਆਂ ਮੁਸੀਬਤਾਂ ਅਤੇ ਔਕੜਾਂ ਦੀ ਬਾਤ ਪਾਉਂਦੇ ਸਨ ਜੋ ਮਾਨਸਾ ਵਰਗੇ ਇਲਾਕੇ ਦੇ ਅਜਮੇਰ ਔਲਖ ਲਈ ਬਹੁਤ ਵੱਡੀ ਪ੍ਰਾਪਤੀ ਸੀ। ਲੋਕ ਹਿੱਤਾਂ ਨੂੰ ਅਰਪਤ 'ਲੋਕ ਕਲਾ ਮੰਚ ਮਾਨਸਾ' ਦੀ ਸਥਾਪਨਾ ਅਜਿਹੇ ਮਕਸਦ ਨੂੰ ਲੈ ਕੇ ਕੀਤੀ ਗਈ। ਔਲਖ ਦੇ ਪਾਤਰ ਪੇਂਡੂ ਹੋਣ ਕਾਰਨ, ਉਨ੍ਹਾਂ ਦੇ ਕਲਾਕਾਰ ਅਕਸਰ ਹੀ ਪੇਂਡੂ ਹੁੰਦੇ ਹਨ, ਕਿਉਂਕਿ ਪੇਂਡੂ ਰਹਿਤਲ ਨੂੰ ਬਿਹਤਰ ਤਰੀਕੇ ਨਾਲ ਉਹੀ ਸਮਝ ਸਕਦਾ ਹੈ ਜਿਸ ਨੇ ਉਨ੍ਹਾਂ ਮੁਸ਼ਕਲਾਂ ਨੂੰ ਹੰਢਾਇਆ ਹੋਵੇ।

ਜੀਵਨ ਦੀ ਸਭ ਤੋਂ ਖ਼ੂਬਸੂਰਤ ਯਾਦ ਜਿਸ ਨੇ ਅਜਮੇਰ ਔਲਖ ਨੂੰ ਨਾਟਕਕਾਰ ਵਜੋਂ ਸਥਾਪਤ ਕੀਤਾ, ਬਾਰੇ ਉਨ੍ਹਾਂ ਦਾ ਕਹਿਣਾ ਹੈ, "1979 ਵਿਚ ਐਚ.ਐਸ. ਭੱਟੀ ਦੀ ਸੰਸਥਾ ਵਲੋਂ ਤਿੰਨ ਦਿਨਾਂ ਨਾਟਕ ਮੇਲਾ ਟੈਗੋਰ ਥੀਏਟਰ ਚੰਡੀਗੜ੍ਹ ਵਿਚ ਕਰਵਾਇਆ ਗਿਆ। ਸਾਡੇ ਨਾਟਕ ਤੋਂ ਪਹਿਲਾਂ ਹਰਪਾਲ ਟਿਵਾਣਾ ਦਾ ਨਾਟਕ ਸੀ ਜਿਸ ਦਾ ਸੈੱਟ ਬਹੁਤ ਵੱਡਾ ਸੀ ਅਤੇ ਉਸ ਨਾਟਕ ਵਿਚ 40 ਅਦਾਕਾਰ ਸਨ ਜੋ ਬਹੁਤ ਹੰਢੇ ਵਰਤੇ ਸਨ। ਸਾਡੇ ਮਨ ਵਿਚ ਹੀਣ-ਭਾਵਨਾ ਅਤੇ ਡਰ ਪੈਦਾ ਹੋ ਗਿਆ ਕਿ ਸਾਡੇ ਕੋਲ ਤਾਂ ਵਾਣ ਦਾ ਮੰਜਾ ਅਤੇ ਖੂੰਢ ਹੈ ਜਿਸ ਨੂੰ ਨਾਟਕ ਲਈ ਸੈੱਟ ਵਜੋਂ ਵਰਤਣਾ ਸੀ। ਸਾਡੇ ਕਲਾਕਾਰ ਪਿੰਡਾਂ ਦੇ ਸਨ ਜੋ ਪਹਿਲੀ ਵਾਰ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਨਾਟਕ 'ਬਿਗਾਨੇ ਬੋਹੜ ਦੀ ਛਾਂ' ਖੇਡਣ ਆਏ ਸਨ। ਟਿਵਾਣਾ ਦੇ ਨਾਟਕ ਖਤਮ ਹੁੰਦਿਆਂ ਨੂੰ 10 ਵਜ ਗਏ ਅਤੇ ਸਾਡਾ ਨਾਟਕ ਇਸ ਤੋਂ ਬਾਅਦ ਸ਼ੁਰੂ ਹੋਇਆ। ਸਾਨੂੰ ਤੌਖਲਾ ਸੀ ਕਿ ਦਰਸ਼ਕ ਬਹੁਤ ਘੱਟ ਰਹਿ ਜਾਣਗੇ, ਪਰ ਸਾਡੇ ਨਾਟਕ ਪ੍ਰਤੀ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਅਤੇ ਉਨ੍ਹਾਂ ਵਲੋਂ ਮਾਨਸਾ ਦੇ ਇਲਾਕੇ ਦੇ ਕਲਾਕਾਰਾਂ ਨੂੰ ਇੰਨਾ ਜ਼ਿਆਦਾ ਮਾਣ ਦਿਤਾ ਗਿਆ ਕਿ ਦੂਸਰੇ ਦਿਨ ਦੀਆਂ ਸਾਰੀਆਂ ਅਖਬਾਰਾਂ ਨੇ ਮੈਨੂੰ ਨਾਟਕਕਾਰ ਵਜੋਂ ਸਥਾਪਤ ਕਰ ਦਿਤਾ। ਸਾਨੂੰ ਤਾਂ ਆਪਣੇ ਕਲਾਕਾਰਾਂ ਨੂੰ ਦਰਸ਼ਕਾਂ ਸਾਹਮਣੇ ਪੇਸ਼ ਕਰਨ ਦਾ ਵੀ ਪਤਾ ਨਹੀਂ ਸੀ, ਪਰ ਮੇਰੇ ਗੁਰੂ ਪ੍ਰੋ. ਅਤਰ ਸਿੰਘ ਨੇ ਮੈਨੂੰ ਕਿਹਾ ਕਿ ਆਪਣੇ ਕਲਾਕਾਰਾਂ ਨੂੰ ਦਰਸ਼ਕਾਂ ਸਾਹਮਣੇ ਪੇਸ਼ ਕਰੋ ਜਿਥੇ ਦਰਸ਼ਕਾਂ ਨੇ ਖ਼ੂਬ ਤਾੜੀਆਂ ਵਜਾ ਕੇ ਹੌਸਲਾ ਅਫਜ਼ਾਈ ਕੀਤੀ। ਅਗਲੇ ਦਿਨ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਵੱਲੋਂ ਮਿਲਣ 'ਤੇ ਇਹ ਕਹਿਣਾ- 'ਅਜਮੇਰ ਮੈਂ ਤੇਰਾ ਨਾਟਕ ਦੇਖ ਕੇ ਰੋਣ ਹੀ ਲੱਗ ਪਿਆ ਸੀ, ਕਿਉਂਕਿ ਮੇਰੇ ਮਾਂ-ਪਿਉ ਅਕਸਰ ਹੀ ਇਸ ਤਰ੍ਹਾਂ ਲੜਿਆ ਕਰਦੇ ਸਨ ਜਿਵੇਂ ਤੂੰ ਨਾਟਕ ਵਿਚ ਪੇਸ਼ ਕੀਤਾ ਸੀ। ਕਿਰਸਾਨ ਦੀ ਮੰਦਹਾਲੀ ਅਤੇ ਉਸ ਦੀ ਬੇਚੈਨ ਜ਼ਿੰਦਗੀ ਦੀ ਪੇਸ਼ਕਾਰੀ ਸਦਕਾ ਤੂੰ ਹੁਣ ਉਤਮ ਨਾਟਕਕਾਰ ਬਣ ਗਿਆਂ ਏਂ' ਸਭ ਤੋਂ ਵੱਡਾ ਸਨਮਾਨ ਸੀ।

ਥੀਏਟਰ ਨੂੰ 40 ਸਾਲ ਸਮਰਪਿਤ ਕਰਨ ਵਾਲੇ ਅਜਮੇਰ ਔਲਖ ਨੇ 16 ਨਾਟਕ ਲਿਖੇ ਅਤੇ



ਨਿਰਦੇਸ਼ ਕੀਤੇ ਹਨ। ਉਸ ਨੂੰ ਬਹੁਤ ਸਾਰੀਆਂ ਸੰਸਥਾਵਾਂ ਵਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ ਜਿਨ੍ਹਾਂ ਵਿਚ ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਨਾਟਕਕਾਰ ਦਾ ਇਨਾਮ, 2005 ਵਿਚ ਡਾ. ਏ.ਪੀ.ਜੇ. ਅਬਦੁੱਲ ਕਲਾਮ ਵਲੋਂ ਭਾਰਤੀ ਸੰਗੀਤ ਨਾਟਕ ਅਕੈਡਮੀ ਅਵਾਰਡ 2006 ਵਿਚ ਨਾਟਕ 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ' ਲਈ ਭਾਰਤੀ ਸਾਹਿਤ ਅਕਾਦਮੀ ਅਵਾਰਡ ਮਿਲਿਆ, ਪਰ ਅਜਮੇਰ ਔਲਖ ਦਾ ਕਹਿਣਾ ਹੈ ਕਿ ਉਸ ਦਾ ਸਭ ਤੋਂ ਵੱਡਾ ਸਨਮਾਨ ਦਰਸ਼ਕਾਂ ਵਲੋਂ ਦਿਖਾਇਆ ਮੋਹ, ਮਾਣ ਅਤੇ ਮੁਹੱਬਤ ਹੈ- ਜਦ ਮੈਂ 2008 ਵਿਚ ਕੈਂਸਰ ਵਰਗੀ ਨਾਮੁਰਦ ਬਿਮਾਰੀ ਨਾਲ ਜੂਝ ਰਿਹਾ ਸੀ, ਮੇਰੇ ਕੋਲ ਇਲਾਜ ਲਈ ਕੋਈ ਪੈਸਾ ਨਹੀਂ ਸੀ। ਉਸ ਸਮੇਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਅਤੇ ਕਿਰਸਾਨ ਤੇ ਮਜ਼ਦੂਰਾਂ ਦੀਆਂ ਜਥੇਬੰਦੀਆਂ ਨੇ ਆਪਣੇ ਸਾਰੇ ਆਰਥਿਕ ਵਸੀਲੇ ਵਰਤਦਿਆਂ, ਮੇਰਾ ਹੌਸਲਾ ਵਧਾਇਆ। ਇਸ ਨਾਲ ਮੇਰਾ ਇਹ ਵਿਸ਼ਵਾਸ ਹੋਰ ਪੱਕਾ ਹੋ ਗਿਆ ਕਿ ਲੋਕਾਂ ਨਾਲ ਜੁੜੀ ਕਲਾ ਨੂੰ ਲੋਕ ਸੱਚੇ ਮਨ ਨਾਲ ਪਿਆਰ ਕਰਦੇ ਹਨ।

ਅਜਮੇਰ ਔਲਖ ਨੇ ਆਪਣੀ ਜ਼ਿੰਦਗੀ ਨੂੰ ਆਪਣੇ ਰੰਗ-ਢੰਗ ਅਤੇ ਆਪਣੀ ਮਰਜ਼ੀ ਨਾਲ ਜੀਵਿਆ। ਆਪਣੇ ਵਿਆਹ ਬਾਰੇ ਉਨ੍ਹਾਂ ਬੜੀ ਦਿਲਚਸਪੀ ਨਾਲ ਦੱਸਿਆ, "ਮੈਂ ਪਟਿਆਲੇ ਪੜ੍ਹਦਾ ਸੀ ਤਾਂ ਮਾਂ ਦੀ ਚਿੱਠੀ ਆਈ ਕਿ ਤੇਰਾ ਤਾਇਆ ਰਿਸ਼ਤਾ ਕਰਵਾਉਂਦਾ ਹੈ, ਪਿੰਡ ਆ ਜਾ ਅਤੇ ਕੁੜੀ ਦੇਖ ਲੈ ਤਾਂ ਕਿ ਤੇਰੀ ਮੰਗਣੀ ਕਰ ਦੇਈਏ। ਮੈਂ ਮਾਂ ਨੂੰ ਚਿੱਠੀ ਲਿਖੀ ਅਤੇ ਕਿਹਾ ਕਿ ਇਹ ਚਿੱਠੀ ਮੇਰੇ ਹੋਣ ਵਾਲੇ ਸਹੁਰਾ ਸਾਹਿਬ ਨੂੰ ਪੜ੍ਹਾ ਦੇਵੇ। ਚਿੱਠੀ ਵਿਚ ਮੈਂ ਲਿਖਿਆ ਕਿ ਸਾਡਾ ਕੱਚਾ ਘਰ ਹੈ, ਕੰਧਾਂ ਢੱਠੀਆਂ ਹੋਈਆਂ ਹਨ। ਸਾਡੇ ਵਿਚ ਇੰਨੀ ਸਮਰੱਥਾ ਨਹੀਂ ਕਿ ਕਿ ਢੱਠੀ ਕੰਧ ਨੂੰ ਦੁਬਾਰਾ ਬਣਾ ਲਈਏ। ਸਾਡੇ ਸਿਰ 12 ਹਜ਼ਾਰ ਦਾ ਕਰਜ਼ਾ ਵੀ ਹੈ (1964-65 ਦੀ ਗੱਲ ਹੈ)। ਇਹ ਸਭ ਕੁਝ ਜਾਣਣ ਤੋਂ ਬਾਅਦ ਜੇ ਤੁਹਾਨੂੰ ਮਨਜ਼ੂਰ ਹੋਵੇ, ਤਾਂ ਮੈਂ ਦੱਸ ਦੇਵਾਂ ਕਿ ਮੈਂ ਵਿਆਹ, ਨੌਕਰੀ ਲੱਗਣ ਤੋਂ ਬਾਅਦ ਹੀ ਕਰਾਂਗਾ। ਇਹ ਪੱਤਰ ਮੇਰੀ ਮਾਂ ਨੇ ਮੇਰੇ ਹੋਣ ਵਾਲੇ ਸਹੁਰੇ ਨੂੰ ਪਹੁੰਚਾ ਦਿਤਾ ਅਤੇ ਉਨ੍ਹਾਂ ਦਾ ਚਿੱਠੀ ਪੜ੍ਹ ਕੇ ਕਹਿਣਾ ਸੀ ਕਿ ਮੈਂ ਆਪਣੀ ਧੀ ਦਾ ਵਿਆਹ ਇਸੇ ਹੀ ਕਰਾਂਗਾ। ਫਿਰ ਜਦ ਮੈਂ ਮਾਨਸਾ ਕਾਲਜ ਵਿਚ ਨੌਕਰੀ 'ਤੇ ਲੱਗ ਗਿਆ ਤਾਂ ਮੇਰਾ ਰਿਸ਼ਤਾ ਉਸ ਕੁੜੀ (ਮਨਜੀਤ ਕੌਰ) ਨਾਲ ਹੀ ਹੋਇਆ। ਵਿਆਹ ਤੋਂ ਪਹਿਲਾਂ ਮੈਂ ਆਪਣੇ ਸਹੁਰਿਆਂ ਨੂੰ ਦੱਸ ਦਿਤਾ ਕਿ ਪੰਜ ਬੰਦੇ ਬਰਾਤ ਵਿਚ ਆਉਣਗੇ ਅਤੇ 9 ਵਜੇ ਬਰਾਤ ਬਠਿੰਡੇ ਪਹੁੰਚ ਜਾਵੇਗੀ ਅਤੇ ਮੈਂ ਦਾਜ ਬਿਲਕੁਲ ਨਹੀਂ ਲੈਣਾ। ਮੈਂ ਆਪਣੇ ਰਿਸ਼ਤੇਦਾਰਾਂ ਨੂੰ ਵਿਆਹ ਦਾ ਸੱਦਾ, ਚਿੱਠੀ ਰਾਹੀਂ ਭੇਜ ਦਿਤਾ ਕਿ ਮੇਰੇ ਵਿਆਹ ਵਿਚ ਮੀਟ ਜਾਂ ਸ਼ਰਾਬ ਦੀ ਆਸ ਨਾ ਰੱਖਣ, ਮੱਕੀ ਦੀ ਰੋਟੀ ਅਤੇ ਸਾਗ ਮਿਲੇਗਾ। ਅਸੀਂ ਪੰਜ ਬਰਾਤੀ ਸਵੇਰੇ 8.30 ਵਜੇ ਹੀ ਬਠਿੰਡੇ ਪਹੁੰਚ ਗਏ। ਵਿਆਹ ਤੋਂ ਬਾਅਦ ਤੁਰਨ ਲੱਗੇ ਤਾਂ ਸਹੁਰੇ ਕਹਿਣ ਲੱਗੇ ਕਿ ਟਰੱਕ ਲਿਆਓ ਅਤੇ ਦਾਜ ਲੱਦ ਲਓ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਤਾਂ ਕੁਝ ਲੈ ਕੇ ਨਹੀਂ ਜਾਣਾ। ਮੈਂ ਆਪਣੀ ਜ਼ਿੱਦ 'ਤੇ ਅੜਿਆ ਰਿਹਾ ਤਾਂ ਮੇਰੀ ਪਤਨੀ ਮਨਜੀਤ ਕੌਰ ਦਾ ਸੁਨੇਹਾ ਆਇਆ ਕਿ ਮੈਨੂੰ ਮਿਲੋ। ਜਦ ਮੈਂ ਆਪਣੀ ਪਤਨੀ ਮਨਜੀਤ ਕੌਰ ਨਾਲ ਗੱਲ ਕੀਤੀ ਤਾਂ ਮੇਰੀ ਪਤਨੀ ਨੇ ਕਿਹਾ ਕਿ ਦਾਜ ਵਿਚ ਸਿਰਫ ਤਿੰਨ ਕੁ ਰਜਾਈਆਂ, ਦੋ ਕੁਰਸੀਆਂ ਅਤੇ ਇਕ ਟੇਬਲ ਹੈ ਜੋ ਮੈਂ ਆਪਣੀ ਤਨਖਾਹ ਵਿਚੋਂ ਬਣਾਇਆ ਹੈ। ਇਸ ਵਿਚ ਮਾਪਿਆਂ ਦਾ ਕੋਈ ਖਰਚਾ ਨਹੀਂ ਹੈ। ਜ਼ਿੱਦ ਨਾ ਕਰੋ ਅਤੇ ਇਸ ਨੂੰ ਲੈ ਜਾਓ ਤਾਂ ਮੈਂ ਮੰਨ ਗਿਆ। ਕੋਈ ਮੰਨ ਸਕਦਾ ਹੈ ਕਿ ਉਸ ਸਮੇਂ ਮੇਰੇ ਵਿਆਹ 'ਤੇ ਕੁਲ 750 ਰੁਪਏ ਖਰਚ ਆਏ ਸਨ। ਅੱਜ ਕੱਲ੍ਹ ਦੇ ਵਿਆਹਾਂ 'ਤੇ ਹੋ ਰਹੇ ਫਜ਼ੂਲ ਖਰਚੇ ਤੋਂ ਬਚਣ ਲਈ ਸਾਨੂੰ ਅੱਗੇ ਆ ਕੇ ਦ੍ਰਿੜਤਾ ਨਾਲ ਫੈਸਲੇ ਕਰਨੇ ਪੈਣਗੇ ਤਾਂ ਹੀ ਅਸੀਂ ਸਮਾਜਿਕ ਬੁਰਾਈਆਂ ਤੋਂ ਬਚ ਸਕਦੇ ਹਾਂ।"

ਅਜਮੇਰ ਔਲਖ ਦਾ ਸਾਰਾ ਪਰਿਵਾਰ ਹੀ ਨਾਟਕ/ਕਲਾ ਨਾਲ ਜੁੜਿਆ ਹੋਇਆ ਹੈ। ਉਸ ਦੀ ਪਤਨੀ ਮਨਜੀਤ ਕੌਰ, ਧੀਆਂ- ਸੁਪਨਦੀਪ ਕੌਰ ਜੋ ਮਾਨਸਾ ਕਾਲਜ ਵਿਚ ਪੰਜਾਬੀ ਦੀ ਪ੍ਰੋਫੈਸਰ ਹੈ, ਸੁਹਜਦੀਪ ਕੌਰ ਅਤੇ ਅਜ਼ਮੀਤ ਕੌਰ ਜੋ ਮਾਨਸਾ ਕਾਲਜ ਵਿਚ ਹਿਸਟਰੀ ਦੀ ਪ੍ਰੋਫੈਸਰ ਹੈ, ਥੀਏਟਰ ਨਾਲ ਜੁੜੀਆਂ ਹੋਈਆਂ ਹਨ। ਵੱਡੀ ਲੜਕੀ ਸੁਪਨਦੀਪ ਜਿਸ ਨੂੰ ਦਸ ਸਾਲ ਤੱਕ ਬੱਚਾ ਨਾ ਹੋਣ ਕਾਰਨ ਗੋਦ ਲਿਆ ਸੀ, ਥੀਏਟਰ ਨਾਲ ਜੁੜੇ ਮਨਜੀਤ ਚਾਹਲ ਨਾਲ ਵਿਆਹੀ ਹੋਈ ਹੈ। ਸੁਹਜਦੀਪ ਕੌਰ ਉਘੇ ਗਾਇਕ ਗੁਰਵਿੰਦਰ ਬਰਾੜ ਨਾਲ ਵਿਆਹੀ ਹੋਈ ਹੈ, ਸਭ ਤੋਂ ਛੋਟੀ ਅਜ਼ਮੀਤ ਥੀਏਟਰ ਨਾਲ ਜੁੜੇ ਸੁਭਾਸ਼ ਬਿੱਟੂ ਨਾਲ ਵਿਆਹੀ ਹੋਈ ਹੈ।

ਅਜਮੇਰ ਔਲਖ ਨੇ ਆਪਣੀ ਗੱਲਬਾਤ ਦੌਰਾਨ ਇਹ ਵੀ ਦੱਸਿਆ- ਮੈਂ ਸਾਰੀ ਉਮਰ ਸਮਾਜਿਕ ਸਰੋਕਾਰਾਂ ਨਾਲ ਜੁੜਿਆ ਰਿਹਾ ਹਾਂ ਅਤੇ ਮੇਰੇ ਥੀਏਟਰ ਦਾ ਧਰਾਤਲ ਪੇਂਡੂ ਹੈ। ਇਨ੍ਹਾਂ ਪਿੰਡਾਂ ਨੇ ਮੈਨੂੰ ਬਹੁਤ ਵੱਡੀ ਮਾਨਤਾ ਦਿਵਾਈ ਹੈ, ਭਾਵੇਂ ਮੈਂ ਮੁੰਬਈ, ਦਿੱਲੀ, ਹਰਿਆਣਾ ਆਦਿ ਵਿਚ ਬਹੁਤ ਸਾਰੇ ਨਾਟਕ ਖੇਡੇ ਹਨ। ਨਵੇਂ ਨਾਟਕਕਾਰਾਂ ਲਈ ਜ਼ਰੂਰੀ ਹੈ ਕਿ ਉਹ ਮੁੱਢ ਤੋਂ ਸ਼ੁਰੂ ਕਰਨ, ਵੱਡੇ-ਵੱਡੇ ਸੈੱਟ ਜਾਂ ਨਾਟਕ ਲਈ ਅਡੰਬਰ ਕਰਨ ਦੀ ਲੋੜ ਨਹੀਂ। ਲੋਕਾਂ ਨਾਲ ਜੁੜੇ ਵਿਸ਼ੇ ਲਓ। ਲੋਕ ਆਪ ਹੀ ਤੁਹਾਡੇ ਨਾਟਕਾਂ ਨਾਲ ਜੁੜਨਗੇ। ਲੋਕ ਹੀ ਤੁਹਾਡਾ ਮਾਣ-ਸਨਮਾਨ ਅਤੇ ਮਾਨਤਾ ਹੁੰਦੇ ਹਨ, ਕਿਉਂਕਿ ਕੋਈ ਵੀ ਕਲਾ ਲੋਕਾਂ ਲਈ ਹੋਵੇ ਤਾਂ ਲੋਕ ਉਸ ਕਲਾ ਲਈ ਅਰਪਤ ਹੋ ਜਾਂਦੇ ਹਨ।

ਅਜਮੇਰ ਔਲਖ ਪੰਜਾਬੀ ਧਰਾਤਲ 'ਤੇ ਨਿਮਨ ਕਿਰਸਾਨੀ ਦੀਆਂ ਸਮੱਸਿਆਵਾਂ, ਆਮ ਲੋਕਾਂ ਦੇ ਸਰੋਕਾਰਾਂ ਅਤੇ ਬੰਦੇ ਦੇ ਸੰਘਰਸ਼ ਦੀ ਗਾਥਾ, ਲੋਕਾਂ ਦੀ ਸੋਚ ਵਿਚ ਚੇਤਨਾ ਦਾ ਜਾਗ ਲਾਉਂਦੇ ਰਹਿਣਗੇ।

# ਰੋਮ ਵਿਚ ਗੋਆ ਦੀ ਸਰਦਾਰੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਕੀ ਤੁਸੀਂ ਜਾਣਦੇ ਹੋ ਕਿ ਵਰਤਮਾਨ ਪੋਪ ਫਰਾਂਸਿਸ ਦੀ ਡਾਕ ਦੇਖਣ ਵਾਲੀ ਦੱਖਣੀ ਗੋਆ ਦੀ ਜੰਮੀ ਜਾਈ ਸਿਸਟਰ ਲਿਉਸੀ ਬਰਿੱਟੋ 69 ਹੈ। ਉਹ ਹਿੰਦੀ, ਮਰਾਠੀ ਤੇ ਕੋਂਕਨ ਤੋਂ ਬਿਨਾ ਪੁਰਤਗੀਜ਼ ਪੋਲਿਸ਼, ਜਰਮਨ, ਫਰਾਂਸੀਸੀ, ਸਪੈਨਿਸ਼ ਤੇ ਅੰਗਰੇਜ਼ੀ ਭਾਸ਼ਾਵਾਂ ਜਾਣਦੀ ਹੈ। ਪੋਪ ਨੂੰ ਹਰ ਰੋਜ਼ ਦੁਨੀਆਂ ਭਰ ਤੋਂ ਡੇਢ ਦੋ ਸੌ ਚਿੱਠੀਆਂ ਆਉਂਦੀਆਂ ਹਨ। ਲਿਖਣ ਵਾਲੇ ਬੱਚੇ ਵੀ ਹਨ, ਬੁੱਢੇ ਤੇ ਲੋੜਵੰਦ ਵੀ। ਕੈਥੋਲਿਕ ਚਰਚ ਨੂੰ ਪ੍ਰਣਾਏ ਧਰਮੀ ਲੋਕ ਪੋਪ ਕੋਲੋਂ ਕੇਵਲ ਸ਼ੁਭ ਇੱਛਾਵਾਂ ਤੇ ਦੁਆਵਾਂ ਦੇ ਚਾਹਵਾਨ ਹਨ। ਘਰੇਲੂ ਝਗੜਿਆਂ ਦਾ ਹੱਲ ਪੁੱਛਣ ਵਾਲੇ ਵੀ। ਸਿਸਟਰ ਲਿਉਸੀ ਸਭ ਦੇ ਭੇਤ ਗੁਪਤ ਰੱਖਦੀ ਹੈ। ਉਹ ਇਸ ਤੋਂ ਪਹਿਲਾਂ ਪੋਪ ਬੈਨੇਡਿਕਟ ਤੇ ਪੋਪ ਜੌਹਨ ਪਾਲ ਦੀ ਡਾਕ ਵੀ ਦੇਖਦੀ ਰਹੀ। ਪੋਪ ਦੇ ਸਕੱਤਰੇਤ ਵਿਚ 300 ਅਧਿਕਾਰੀ ਤੇ ਕਰਮਚਾਰੀ ਹਨ। ਉਹ ਇਕੱਲੀ ਹੀ ਭਾਰਤੀ ਹੈ। ਉਹ ਹਰ ਤਿੰਨ ਸਾਲ ਪਿਛੋਂ ਗੋਆ ਵਿਚ ਆਪਣੀ ਜਨਮ ਭੂਮੀ ਵੇਖਣ ਆਉਂਦੀ ਹੈ।

ਕੀ ਤੁਸੀਂ ਇਹ ਵੀ ਜਾਣਦੇ ਹੋ ਕਿ ਪੋਪ ਦਾ ਮੁਖ ਦਫਤਰ ਦੁਨੀਆਂ ਦੇ ਸਭ ਤੋਂ ਨਿੱਕੇ ਦੇਸ਼ ਵੈਟੀਕਨ ਸਿਟੀ ਵਿਚ ਹੈ। ਇਸ ਦੇਸ਼ ਦਾ ਕੁਲ ਰਕਬਾ ਚੱਪਾ 1.4 ਮੁਰੱਬਾ ਮੀਲ ਹੈ। ਤੇ ਇਸ ਦੀ ਵੱਸੋਂ ਕਦੀ ਵੀ ਇਕ ਹਜ਼ਾਰ ਤੋਂ ਵਧ ਨਹੀਂ ਹੋਈ। ਤੇ ਇਥੋਂ ਦਾ ਕੋਈ ਵਸਨੀਕ ਅਨਪੜ੍ਹ ਨਹੀਂ।

ਹੋਰ ਪੁਛਦੇ ਹੋ ਤਾਂ ਵੈਟੀਕਨਸਿਟੀ ਸਾਰੇ ਪਾਸਿਉਂ ਰੋਮ ਵਿਚ ਘਿਰਿਆ ਹੋਇਆ ਹੈ ਤੇ ਰੋਮ ਇਟਲੀ ਦੀ ਰਾਜਧਾਨੀ ਹੈ। ਇਸ ਦੇਸ਼ ਦੀ ਸ਼ਕਤੀ ਵੀ ਕਮਾਲ ਹੈ। ਦੁਨੀਆਂ ਦੇ ਕੋਨੇ ਕੋਨੇ ਵਿਚ ਕੈਥੋਲਿਕ ਚਰਚ ਨੂੰ ਪ੍ਰਣਾਏ ਈਸਾਈ ਪੋਪ ਦੇ ਹੁਕਮਾਂ ਅਨੁਸਾਰ ਚਲਦੇ ਹਨ। ਵੈਟੀਕਨ ਸਿਟੀ ਦੀ ਰਾਜਧਾਨੀ ਆਪਣੀ ਹੈ। ਜਿਵੇਂ ਡਾਕਖਾਨਾ ਖਾਸ।

ਇਥੇ ਵੱਡੀ ਲਾਇਬਰੇਰੀ ਹੀ ਨਹੀਂ, ਨਕਸ਼ਾ



ਪੋਪ ਫਰਾਂਸਿਸ ਨਾਲ ਲਿਊਸੀ ਬਰਿੱਟੋ

ਗੈਲਰੀ ਵੀ ਹੈ। ਰਫੈਲ ਤੇ ਮਾਈਕੇਲੈਂਜਲੋ ਤੋਂ ਬਿਨਾ ਇਥੇ ਦਰਜਨਾਂ ਮੂਰਤੀਕਾਰਾਂ, ਚਿੱਤਰਕਾਰਾਂ ਨੇ ਭਾੜੇ ਉਤੇ ਅਤੇ ਭਾੜੇ ਤੋਂ ਬਿਨਾ ਖੁਸ਼ੀ ਖੁਸ਼ੀ ਕੰਮ ਕੀਤਾ ਹੈ।

ਮਾਈਕਲੈਂਜਲੋ ਦੀ ਮੌਤ ਸ਼ੇਕਸਪੀਅਰ ਦੇ ਜਨਮ ਵਰ੍ਹੇ ਵਿਚ ਹੋਈ। ਉਹ ਸ਼ੇਕਸਪੀਅਰ ਤੋਂ ਬਹੁਤ ਪਹਿਲਾਂ ਲੋਕਾਂ ਦੇ ਦਿਲਾਂ ਵਿਚ ਵੱਸ ਚੁਕਾ ਸੀ। ਕੀ ਇਹ ਹੈਰਾਨੀ ਦੀ ਗੱਲ ਨਹੀਂ ਕਿ ਸ਼ੇਕਸਪੀਅਰ ਦੇ ਜੀਵਨ ਤੇ ਕਾਰਜ ਬਾਰੇ ਤਾਂ ਹਾਲੀ ਵੀ ਭੁਲੇਖੇ ਤੇ ਭਰਮ ਹਨ। ਪਰ ਮਾਈਕਲੈਂਜਲੋ ਦਾ ਜੀਵਨ ਬਿਰਤਾਂਤ ਮਹੀਨਾਵਾਰ ਟਿੱਪਣੀਆਂ ਸਹਿਤ ਮਿਲਦਾ ਹੈ। ਇਸ ਕਾਰਨ ਉਸ ਵਲੋਂ ਆਪਣੇ ਭਰਾਵਾਂ ਤੇ ਭਤੀਜੇ ਨੂੰ ਲਿਖੀਆਂ 495 ਵੱਡ-ਆਕਾਰੀ ਚਿੱਠੀਆਂ ਹਨ। ਭਾਵੇਂ ਉਸ ਦੀ ਕਲਾ ਤੇ ਕਵਿਤਾ ਵੀ ਉਸ ਦੇ ਜੀਵਨ ਦੀ ਮੂੰਹ-ਬੋਲਦੀ ਤਸਵੀਰ ਹੈ।

1983 ਵਿਚ ਭਾਰਤ ਸਰਕਾਰ ਦੇ ਵਿਦਿਆ ਮੰਤਰਾਲੇ ਨੇ ਫਰਾਂਸ ਇੰਡੀਆ ਵਿਜ਼ਟਰਸ਼ਿਪ ਪ੍ਰੋਗਰਾਮ ਅਧੀਨ ਮੈਨੂੰ ਤੇ ਤਾਮਿਲ ਪੱਤਰਕਾਰ ਤੇ ਲੇਖਿਕਾ ਵਾਸੰਤੀ ਨੂੰ 15 ਦਿਨ ਲਈ ਫਰਾਂਸ ਭੇਜਿਆ ਸੀ। ਅਸੀਂ ਦਿੱਲੀ ਤੋਂ ਤੁਰਨ ਸਮੇਂ ਰਾਹ ਵਿਚ ਪੈਂਦੇ ਇਟਲੀ, ਆਸਟਰੀਆ ਤੇ ਸਵਿਜ਼ਰਲੈਂਡ ਦੇਸ਼ ਦੇਖਣ ਦਾ ਫੈਸਲਾ ਕੀਤਾ ਸੀ। ਵੈਟੀਕਨਸਿਟੀ ਵਿਖੇ ਮਾਈਕਲੈਂਜਲੋ ਦੀ ਚਿੱਤਰਕਾਰੀ ਦਾ ਅਨੰਦ ਮੈਂ 35 ਸਾਲ ਪਹਿਲਾਂ ਮਾਣ ਚੁਕਾ ਹਾਂ।

ਛੇ ਸਾਲ ਦੀ ਉਮਰ ਵਿਚ ਸਿਰ ਤੋਂ ਮਾਂ ਦਾ ਸਾਇਆ ਗੁਆ ਚੁੱਕਣ ਵਾਲਾ ਇਹ ਹੋਣਹਾਰ ਵਿਅਕਤੀ ਯੋਗ ਮਾਇਆ ਸਹਾਇਤਾ, ਬਾਦਸ਼ਾਹਾਂ ਵਲੋਂ ਦਿੱਤੇ ਗਏ ਠੇਕਿਆਂ ਦੀ ਮੁਕਰ-ਮੁਕਰਾਈ, ਤੇ ਉਗਰਾਹੀ ਲਈ ਕਚਹਿਰੀਆਂ ਵਿਚ ਧੱਕੇ ਖਾਂਦੇ ਬੁੱਤ-ਤਰਾਸ਼ੀ ਦਾ ਇਹ ਮਾਹਰ ਚਿੱਤਰਕਾਰੀ ਦੀ ਦੁਨੀਆਂ ਵਿਚ ਏਨਾ ਨਾਮਣਾ ਖੱਟ ਗਿਆ।

ਮਾਈਕਲੈਂਜਲੋ ਸੱਠ ਸਾਲ ਦਾ ਸੀ ਜਦੋਂ ਉਸ ਨੂੰ ਪੋਪ ਪਾਲ ਤੀਜੇ ਨੇ ਆਪਣਾ ਸਰਕਾਰੀ ਬੁੱਤਘਾੜਾ ਬਣਾਇਆ ਤੇ ਉਸ ਨੇ ਵੈਟੀਕਨ ਵਿਚ ਆਪਣੀ ਚਿੱਤਰਕਾਰੀ ਤੇ ਬੁੱਤ-ਤਰਾਸ਼ੀ ਦੇ ਜੌਹਰ ਵਿਖਾਏ। ਇਨ੍ਹਾਂ ਦਿਨਾਂ ਵਿਚ ਹੀ ਉਸ ਨੇ ਸੰਨ 1536 ਈਸਵੀ ਵਿਚ ਭਾਰਤ ਉਤੇ ਬਾਬਰ ਦੇ ਹਮਲੇ ਤੋਂ ਦਸ ਸਾਲ ਪਹਿਲਾਂ ਸਿਸਟਿਨ ਚੈਪਲ ਦੇ ਗਿਰਜਾਘਰ ਵਿਚ 'ਦੀ ਲਾਸਟ ਜਜਮੈਂਟ' ਦੀ ਸਿਰਜਣਾ ਕੀਤੀ। ਕਿਆਮਤ ਦੇ ਦਿਨ ਨਾਲ ਸਬੰਧਤ ਇਸ ਚਿੱਤਰਕਾਰੀ ਵਿਚ ਉਸ ਨੇ ਕਮਾਲ ਦੀਆਂ ਬੁਰਸ਼ ਛੂਹਾਂ ਵਰਤੀਆਂ ਹਨ। ਇਨ੍ਹਾਂ ਦਾ ਸਿੱਕਾ ਹਾਲੀ ਵੀ ਕਾਇਮ ਹੈ। ਇਥੇ ਮਾਈਕਲੈਂਜਲੋ ਨੇ ਕਰੋਪੀ ਦੇ ਮੂੰਹ ਆਏ ਮਨੁੱਖ ਦੇ ਬੰਦ ਬੰਦ ਕਟੀਂਦੇ ਹੋਣ ਦੀ ਦਸ਼ਾ ਸਿਰਜੀ ਹੈ।

ਜੇ ਵੈਟੀਕਨ ਸਿਟੀ ਦੀ ਅੰਦਰਲੀ ਸ਼ਕਤੀ ਦੀ ਗੱਲ ਦੁਹਰਾਉਣੀ ਹੋਵੇ ਤਾਂ ਇਕ ਚੌਥਾਈ ਮੁਰੱਬਾ ਮੀਲ ਦਾ ਪ੍ਰਭਾਵ ਇਟਲੀ ਦੇ ਸਾਰੇ ਦੇਸ਼ ਨਾਲੋਂ ਵੱਧ ਹੈ। ਖਾਣਾ-ਪੀਣਾ ਤੇ ਬਿਜਲੀ ਤਕ ਆਯਾਤ (ਇੰਪੋਰਟ) ਕਰਨ ਵਾਲੇ ਨਿੱਕੇ ਜਿਹੇ ਰਾਜ ਦੀ ਡਾਕ ਤਾਰ ਪ੍ਰਣਾਲੀ, ਰੇਡੀਓ ਸਟੇਸ਼ਨ, ਬੈਂਕਿੰਗ ਸਿਸਟਮ, ਟਕਸਾਲ, ਸਿੱਕਾ, ਮੁਹਰ ਤੇ ਅਖਬਾਰ ਆਦਿ ਆਪਣੇ ਹਨ।

**ਕੈਲਾਸ਼ ਪੁਰੀ ਦਾ ਚਲਾਣਾ:** 1965 ਤੋਂ ਬਰਤਾਨਵੀ ਨਾਗਰਿਕ ਬਣੀ ਕੈਲਾਸ਼ ਪੁਰੀ 90 ਸਾਲ ਦੀ ਲੰਮੀ ਤੇ ਸਫਲ ਉਮਰਾ ਭੋਗ ਕੇ ਰੱਬ ਨੂੰ ਪਿਆਰੀ ਹੋ ਗਈ ਹੈ। ਉਸ ਨੇ ਉਪਨਿਆਸਕਾਰੀ ਹੀ ਨਹੀਂ ਕੀਤੀ, ਕਵਿਤਾ ਵੀ ਲਿਖੀ। ਪਰ ਉਸ ਦਾ ਸਮੁੱਚਾ ਜੀਵਨ ਇਸਤਰੀ ਸ਼ਕਤੀਕਰਨ ਨੂੰ ਸਮਰਪਤ ਰਿਹਾ।

ਉਸ ਦੀਆਂ ਰਚਨਾਵਾਂ ਵਿਚੋਂ, ਮੈਂ ਇੱਕ ਔਰਤ, ਕਟਹਿਰੇ ਵਿਚ ਖੜੀ ਔਰਤ, ਦੋ ਤਜਵੀਜ਼ਾਂ, ਸੁਭਾਗਵਤੀ, ਕਾਲਾ ਮਣਕਾ, ਘਰੋਂ ਪਾਰ ਘਰ, ਔਰਤ ਦੀ ਔਕਾਤ ਤੇ ਪੈਗਮੇ-ਮੁਹੱਬਤ ਬਹੁਤ ਮਕਬੂਲ ਹੋਈਆਂ। ਉਸ ਦਾ ਕੱਢਿਆ 'ਰੂਪਵਤੀ' 1968 ਤੋਂ 1978 ਤੱਕ ਬਹੁਤ ਪੜ੍ਹਿਆ ਜਾਣ ਵਾਲਾ ਰਸਾਲਾ ਰਿਹਾ। ਉਹ ਤੇ ਉਸ ਦਾ ਪਤੀ ਗੋਪਾਲ ਸਿੰਘ ਪੁਰੀ ਬੜੇ ਮਿਲਨਸਾਰ ਤੇ ਮਹਿਮਾਨ ਨਿਵਾਜ਼ ਜੀਊੜੇ ਸਨ। 1980 ਵਾਲੀ ਬਰਤਾਨਵੀ ਵਿਸ਼ਵ ਪੰਜਾਬੀ ਕਾਨਫਰੰਸ ਸਮੇਂ ਮੈਂ ਤੇ ਸੰਤ ਸਿੰਘ ਸੇਖੋਂ ਦੋ ਦਿਨ ਉਨ੍ਹਾਂ ਦੇ ਲਿਵਰਪੂਲ ਵਾਲੇ ਘਰ ਰਹੇ ਸਾਂ। 1995 ਵਿਚ ਉਸ ਦੇ ਪਤੀ ਗੋਪਾਲ ਸਿੰਘ ਪੁਰੀ ਦੇ ਅਕਾਲ ਚਲਾਣੇ ਪਿਛੋਂ ਮੇਰੀ ਪਤਨੀ ਸੁਰਜੀਤ ਵੀ ਕੈਲਾਸ਼ ਪੁਰੀ ਨੂੰ ਮਿਲ ਕੇ ਆਈ ਸੀ।

ਸਾਡੇ ਕੋਲ ਉਸ ਜੋੜੀ ਵਲੋਂ ਦਿਤੇ ਤੁਹਫੇ ਹਾਲੀ ਵੀ ਹਨ, ਜਿਹੜੇ ਉਨ੍ਹਾਂ ਦੀ ਯਾਦ ਦਿਲਵਾਉਂਦੇ ਰਹਿੰਦੇ ਹਨ।

# ਲੀਜੈਂਡਜ਼ ਆਫ ਦਿ ਪੰਜਾਬ: ਕੁਝ ਨਵੇਂ ਵਿਚਾਰ

*ਪ੍ਰੋਫੈਸਰ ਮੁਹੰਮਦ ਸਈਦ ਭੁੱਟਾ (14 ਅਗਸਤ 1966) ਲਹਿੰਦੇ ਪੰਜਾਬ ਦਾ ਸਿਰ ਕੱਢਵਾਂ ਵਿਦਵਾਨ ਹੈ। ਅੱਜ ਕੱਲ੍ਹ ਉਹ ਲਾਹੌਰ ਵਿਚ ਪੰਜਾਬ ਯੂਨੀਵਰਸਿਟੀ ਦੇ ਓਰੀਐਂਟਲ ਕਾਲਜ ਵਿਚ ਪੜ੍ਹਾਉਂਦਾ ਹੈ। ਮੌਖਿਕ ਸਾਹਿਤ ਬਾਰੇ ਉਸ ਨੇ ਵਾਹਵਾ ਖੋਜ ਕੀਤੀ ਹੈ। ਇਸ ਲੇਖ ਵਿਚ ਉਸ ਨੇ ਅੰਗਰੇਜ਼ ਲਿਖਾਰੀ ਰਿਚਰਡ ਕਾਰਨੇਕ ਟੈਂਪਲ ਦੀ ਤਿੰਨ ਜਿਲਦਾਂ ਵਿਚ ਛਪੀ ਅਹਿਮ ਕਿਤਾਬ 'ਲੀਜੈਂਡਜ਼ ਆਫ ਦਿ ਪੰਜਾਬ' ਬਾਰੇ ਚਰਚਾ ਕੀਤੀ ਹੈ। ਉਸ ਨੇ ਟੈਂਪਲ ਦੇ ਇਸ ਕਾਰਜ ਨੂੰ ਤਾਂ ਵਡਮੁੱਲਾ ਆਖਿਆ ਹੈ, ਪਰ ਇਸ ਪਿਛੇ ਕੰਮ ਕਰਦੇ ਅੰਗਰੇਜ਼ਾਂ ਦੇ ਅਸਲ ਮਨਸੂਬੇ ਉਤੇ ਉਂਗਲ ਵੀ ਧਰੀ ਹੈ। ਇਸ ਨੁਕਤਾ-ਨਿਗ੍ਹਾ ਤੋਂ ਇਹ ਲਿਖਤ ਬਹੁਤ ਅਹਿਮ ਹੈ। -ਸੰਪਾਦਕ*

ਰਿਚਰਡ ਕਾਰਨੇਕ ਟੈਂਪਲ (1850) ਅਲਾਹਬਾਦ ਵਿਚ ਜੰਮਿਆ, ਜਿਥੇ ਉਹਦਾ ਪਿਉ ਸਰ ਰਿਚਰਡ ਟੈਂਪਲ, ਈਸਟ ਇੰਡੀਆ ਕੰਪਨੀ ਦਾ ਅਫਸਰ ਸੀ। ਉਹ ਕੈਂਬਰਿਜ ਵਿਚੋਂ ਤਾਲੀਮ ਹਾਸਲ ਕਰਨ ਮਗਰੋਂ ਇੰਡੀਅਨ ਆਰਮੀ ਵਿਚ ਨੌਕਰ ਹੋ ਗਿਆ। ਪਿਛੋਂ ਉਹਨੂੰ ਪੰਜਾਬ ਵਿਚ ਕੰਟੋਨਮੈਂਟ ਮੈਜਿਸਟਰੇਟ ਬਣਾ ਦਿੱਤਾ ਗਿਆ। ਉਹ ਕੁਝ ਚਿਰ ਰੰਗੂਨ ਵਿਚ ਵੀ ਰਿਹਾ ਅਤੇ ਬੰਗਾਲ ਆਰਮੀ ਵਿਚ ਵੀ। ਉਹਦੀ ਇਸ ਸੇਵਾ ਕਰ ਕੇ ਹੀ ਉਹਨੂੰ ਚੀਫ ਕਮਿਸ਼ਨਰ ਲਾਇਆ ਗਿਆ। ਉਹ 1904 ਵਿਚ ਰਿਟਾਇਰ ਹੋਇਆ ਅਤੇ 1931 ਵਿਚ ਇਸ ਜੱਗ ਤੋਂ ਚਲਾਣਾ ਕਰ ਗਿਆ।



ਟੈਂਪਲ ਭਾਵੇਂ ਫੌਜੀ ਅਤੇ ਪ੍ਰਸ਼ਾਸਕ ਸੀ, ਪਰ ਉਹਨੂੰ ਅਦਬ (ਸਾਹਿਤ), ਨਸਲਾਂ, ਤਾਰੀਖ, ਇਨਸਾਨੀਅਤ ਅਤੇ ਲੋਕ ਅਦਬ ਨਾਲ

**ਪ੍ਰੋ. ਸਈਦ ਭੁੱਟਾ**

ਦਿਲਚਸਪੀ ਰਹੀ। ਉਹਨੇ ਇਨ੍ਹਾਂ ਵਿਸ਼ਿਆਂ ਉਤੇ ਕਈ ਕਿਤਾਬਾਂ ਲਿਖੀਆਂ। ਉਹ 'ਪੰਜਾਬ ਨੋਟਸ ਐਂਡ ਕੋਇਅਰਜ਼ੀ' ਦਾ ਸੰਪਾਦਕ ਵੀ ਰਿਹਾ। ਉਹਨੇ 'ਲੀਜੈਂਡਜ਼ ਆਫ ਦਿ ਪੰਜਾਬ' ਤਿੰਨ ਜਿਲਦਾਂ ਵਿਚ ਤਿਆਰ ਕੀਤੀਆਂ। ਇਹਦੀ ਪਹਿਲੀ ਜਿਲਦ 1884, ਦੂਜੀ 1885 ਤੇ ਤੀਜੀ 1900 ਵਿਚ ਛਪੀ। 'ਲੀਜੈਂਡਜ਼ ਆਫ ਦਿ ਪੰਜਾਬ' ਦੇ ਹਵਾਲੇ ਨਾਲ ਲਿਖਿਆ ਗਿਆ ਹੈ:

"ਇਨ੍ਹਾਂ ਵਿਚੋਂ ਦੋ ਬੰਦੇ ਉਚੇਚੇ ਹਨ ਜਿਨ੍ਹਾਂ ਹਿੰਦੋਸਤਾਨ ਦੇ ਫੋਕਲੋਰ ਨੂੰ ਜਗਤ ਪਧਰ ਉਤੇ ਜਾਣੂ ਕਰਵਾਇਆ; ਇਕ ਵਿਲੀਅਮ ਕਰੋਕ ਹੈ, ਜਿਸ ਨੇ ਦੋ ਜਿਲਦਾਂ ਵਿਚ ਉਤਰੀ ਹਿੰਦੋਸਤਾਨ ਦੇ ਫੋਕਲੋਰ (1894) ਦਾ ਮੁਤਾਲਿਆ ਕੀਤਾ। ਅੱਜ ਵੀ ਇਹਦਾ ਕੋਈ ਤੋੜ ਨਹੀਂ। ਦੂਜਾ ਆਰ.ਸੀ. ਟੈਂਪਲ ਜਿਸ ਨੇ 'ਲੀਜੈਂਡਜ਼ ਆਫ ਦਿ ਪੰਜਾਬ' ਦੀਆਂ ਤਿੰਨ ਜਿਲਦਾਂ ਵਿਚ ਉਚਾ ਮਿਆਰ ਕਾਇਮ ਕੀਤਾ। ਉਹਨੇ ਜ਼ਬਾਨੀ ਮਵਾਦ ਨੂੰ ਇਕੱਠਿਆਂ ਕਰ ਕੇ ਇਹਦਾ ਤਰਜਮਾ, ਤਰਤੀਬ, ਖੁੱਲ੍ਹਾ ਰਵਾਂ ਕਰ ਕੇ ਛਪਵਾਇਆ।"

ਯੂਰਪੀ ਕੌਮਾਂ ਵਪਾਰ ਦੇ ਪੱਜ ਸੋਲ੍ਹਵੀਂ ਸਦੀ ਤੋਂ ਇਸ ਮਹਾਂਦੀਪ ਵੱਲ ਆਉਣੀਆਂ ਸ਼ੁਰੂ ਹੋ ਗਈਆਂ ਸਨ ਅਤੇ 1556 ਵਿਚ ਪਹਿਲਾ ਛਾਪਾਖਾਨਾ ਗੋਆ ਵਿਚ ਲਗਾ ਲਿਆ। ਸੋਲ੍ਹਵੀਂ ਤੋਂ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਤੀਕਰ ਦੇਸੀ ਬੋਲੀਆਂ ਦੀ ਸਿਖਲਾਈ, ਗਰਾਮਰਾਂ, ਕੋਸ਼, ਲੋਕ ਸਾਹਿਤ ਦੀ ਖੋਜ, ਸਫਰਨਾਮੇ, ਧਰਮਾਂ ਦਾ ਮੁਤਾਲਿਆ, ਸੰਸਕ੍ਰਿਤ ਤੇ ਫਾਰਸੀ, ਗਿਆਨੀ ਗੋਰਿਆਂ ਦੇ ਮੋਹਰੇ ਰਹੀਆਂ। ਜਿਥੋਂ ਤਕ ਲੋਕ ਕਹਾਣੀਆਂ ਦੀ ਖੋਜ ਦਾ ਸਬੰਧ ਹੈ ਤਾਂ ਡਾ. ਮਜ਼ਹਰ-ਉਲ-ਸਲਾਮ ਹੋਰਾਂ ਪੂਰਬੀ ਗਿਆਨ ਤੇ ਵਿਦਿਆ ਦੇ ਮਾਹਰ ਗੋਰੇ ਖੋਜੀਆਂ ਦੀ ਖੋਜ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਹੈ। ਪਹਿਲਾਂ ਦੌਰ 1838-1878 ਦਾ, ਦੂਜਾ 1878-1920 ਦਾ ਅਤੇ ਤੀਜਾ 1920-1947 ਦਾ ਹੈ। ਟੈਂਪਲ ਦੂਜੇ ਦੌਰ ਦਾ ਸਿਰ ਕੱਢਵਾਂ ਖੋਜੀ ਹੈ। ਇਸੇ ਸਮੇਂ ਲੰਡਨ ਵਿਚ ਫੋਕਲੋਰ ਸੁਸਾਇਟੀ ਬਣ ਚੁਕੀ ਸੀ ਅਤੇ ਫੋਕਲੋਰ ਜਰਨਲ ਵੀ ਛਪਣਾ ਸ਼ੁਰੂ ਹੋ ਗਿਆ ਸੀ। ਉਦੋਂ ਦੇ ਸਮੇਂ ਦੇ ਸਿਰ ਕੱਢਵੇਂ ਖੋਜੀ ਸੁਸਾਇਟੀ ਤੇ ਫੋਕਲੋਰ ਜਨਰਲ ਦੇ ਮੈਂਬਰ ਸਨ। ਡਾ. ਮਜ਼ਹਰ-ਉਲ-ਸਲਾਮ ਦੇ ਵਿਚਾਰ ਮੂਜਬ:

"ਇਨ੍ਹਾਂ ਆਲਮਾਂ ਦੀ ਅਗਵਾਈ ਵਿਚ ਜਿਨ੍ਹਾਂ ਵਿਚ ਪਿਛੋਂ ਸਿਡਨੀ ਹਾਰਟਲੈਂਡ, ਐਡਵਰਡ ਕਲਾਡ ਤੇ ਜੇਮਜ਼ ਜਾਰਜ ਫਰੇਜ਼ਰ ਰਲੇ, ਇਕ ਨਵੀਂ ਸਕਾਲਰਸ਼ਿਪ ਸਾਹਮਣੇ ਆਈ। ਇਹ ਧੜਾ ਪਿਛੋਂ ਹੋਰ ਵਾਧੇ ਪਿਆ ਜਦੋਂ ਰਿਚਰਡ ਕਾਰਨੇਕ ਟੈਂਪਲ, ਲਾਂਗਵਰਥ ਡੇਮਜ਼, ਵਿਲੀਅਮ ਕਰੋਕ ਤੇ ਜਾਨ ਸ਼ੇਕਸਪੀਅਰ ਵਰਗੇ ਆਹਰੀ ਆਣ ਰਲੇ। ਇਹ ਸਾਰੇ ਹਿੰਦੋਸਤਾਨ ਵਿਚ ਇੰਤਜ਼ਾਮੀ ਅਹੁਦਿਆਂ 'ਤੇ ਰਹੇ ਸਨ।"

1857 ਦੀ ਜੰਗ-ਇ-ਆਜ਼ਾਦੀ ਮਗਰੋਂ ਗੋਰੇ ਖੋਜੀਆਂ ਦੀ ਖੋਜ ਦਾ ਮੁਹਾਣ ਹੀ ਬਦਲ ਗਿਆ। ਹੁਣ ਰਈਅਤ (ਲੋਕਾਈ) ਦੀ ਧੌਣ 'ਤੇ ਗੋਡਾ ਰੱਖਣ ਦੇ ਗੁਰਾਂ ਨੂੰ ਮੁਖ ਰੱਖਿਆ ਗਿਆ। ਇਸ ਪ੍ਰਸੰਗ ਵਿਚ ਮਰਦਮ-ਸ਼ੁਮਾਰੀ ਦੀਆਂ ਰਿਪੋਰਟਾਂ ਅਤੇ ਲੋਕ ਸਾਹਿਤ ਦੀ ਖੋਜ ਦੇ ਨਵੇਂ ਪੱਖ ਉਚੇਚੇ ਤੌਰ 'ਤੇ ਗਹੁ-ਗੋਚਰੇ ਹਨ। ਮਰਦਮ-ਸ਼ੁਮਾਰੀ ਦੀਆਂ ਰਿਪੋਰਟਾਂ ਵਿਚ ਧਰਮ ਦਾ ਖਾਨਾ ਵੀ ਸ਼ਾਮਲ ਕੀਤਾ ਗਿਆ। ਬਹੁ-ਪੱਖੀ ਵਸੇਬਾਂ ਅਤੇ ਧਰਮਾਂ ਦੇ ਖਿੱਤੇ ਵਿਚ ਲੋਕਾਂ ਨੂੰ ਆਪਸ ਵਿਚ ਲੜਾਉਣ ਦਾ ਬੀਜ ਬੀਜਿਆ ਗਿਆ। ਕਬਾਇਲੀ ਸੂਝ ਨੂੰ ਜਾਤਾਂ ਦਾ ਤੜਕਾ ਲਾ ਕੇ ਇਹ ਸਿੱਟਾ ਕੱਢਿਆ ਗਿਆ ਕਿ ਹਿੰਦੋਸਤਾਨੀ ਕੋਈ ਕੌਮ ਨਹੀਂ। ਗੋਰੇ ਅਫਸਰਾਂ ਵਾਸਤੇ ਜ਼ਰੂਰੀ ਸੀ ਕਿ ਉਨ੍ਹਾਂ ਨੂੰ ਅਜਿਹੇ ਅਖਾਣ ਯਾਦ ਹੋਵਣ ਜਿਨ੍ਹਾਂ ਤੋਂ ਦੇਸੀ ਕਬੀਲਿਆਂ ਦੀ ਹੇਠੀ ਤੇ ਹੀਣਤਾ ਦਿਸੇ। ਇੰਜ ਉਨ੍ਹਾਂ ਦਾ ਇਹ ਅਹਿਸਾਸ ਵਧੇ ਕਿ ਉਨ੍ਹਾਂ ਦੀ ਆਪਣੀ ਸੂਝ ਵੀ ਉਨ੍ਹਾਂ ਨੂੰ ਨਹੀਂ ਵਡਿਆਉਂਦੀ। ਇੰਜ ਦੀਆਂ ਰਿਪੋਰਟਾਂ ਤਿਆਰ ਕਰਵਾਈਆਂ ਗਈਆਂ। ਪੰਜਾਬ ਵਿਚ ਇਹ ਕੰਮ ਡੇਂਜ਼ਿਲ ਇਬਟਸਨ ਨੇ ਕੀਤਾ।

ਪੰਜਾਬ ਵਿਚ 'ਕਲੋਨੀਅਲ ਨਾਲਿਜ' ਪੱਖੋਂ ਡੇਂਜ਼ਿਲ ਇਬਟਸਨ ਤੇ ਆਰ.ਸੀ. ਟੈਂਪਲ ਦਾ ਕੰਮ ਮੁਢਲੀ ਹੈਸੀਅਤ ਰੱਖਦਾ ਹੈ। ਟੈਂਪਲ ਦੇ ਕੰਮ ਦਾ ਮੂਲ ਮੁੱਦਾ ਵੀ ਇਹੋ ਹੈ ਕਿ ਦੇਸੀ ਬੰਦੇ ਦੇ ਸੁਭਾਅ, ਜੀਵਨ ਤੇ ਨਫਾਸਤ ਤੋਂ ਡੂੰਘਿਆਈ ਨਾਲ ਜਾਣੂ ਹੋਇਆ ਜਾ ਸਕੇ ਤਾਂ ਜੋ ਦੂਜੀ ਵਾਰੀ 1857 ਵਾਲੀ ਕਰਨੀ ਦਾ ਵਾਪਰੇ। ਗਲੋਰੀਆ ਗੁਡਵਿਨ ਰਹੇਜਾ ਨੇ ਆਰ.ਸੀ. ਟੈਂਪਲ ਦੇ ਹਵਾਲੇ ਨਾਲ ਲਿਖਿਆ ਹੈ:

'ਏਸ ਮੁਤਾਅਲੇ ਤੇ ਰਵਾਇਤਾਂ ਨੂੰ ਸਮਝਣ ਦਾ ਇਕ ਮਕਸਦ ਇਹ ਸੀ ਕਿ ਮਾਤਹਿਤਾਂ ਦੇ ਅਹਿਸਾਸ ਤੇ ਅਕੀਦਿਆਂ ਨੂੰ ਸਮਝਿਆ ਜਾ ਸਕੇ। ਅਸੀਂ ਬਦੇਸੀ ਇਨ੍ਹਾਂ ਦੇ ਅਹਿਸਾਸ ਨੂੰ ਨਹੀਂ ਸਮਝ ਸਕਦੇ। ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਦਾ ਡੂੰਘਿਆਈ ਨਾਲ ਮੁਤਾਲਿਆ ਕੀਤਾ ਜਾਵੇ। ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਸਾਨੂੰ ਇਨ੍ਹਾਂ ਦੇ ਨੇੜੇ ਆਉਣਾ ਪੈਂਦਾ ਹੈ ਤੇ ਇਨ੍ਹਾਂ ਦੀ ਹਮਦਰਦੀ ਵੀ ਹਾਸਲ ਕਰਨੀ ਪੈਂਦੀ ਹੈ ਜਿਸ ਤੋਂ ਇਨ੍ਹਾਂ ਉਤੇ ਹਕੂਮਤ ਸੌਖੀ ਹੋ ਜਾਂਦੀ ਹੈ।"

ਉਤਲੇ ਹਵਾਲੇ ਮਗਰੋਂ ਇਸ ਵਿਚਾਰਧਾਰਾ ਨੂੰ ਸਮਝਣ ਦੀ ਕੋਈ ਗੁੰਜ਼ਾਇਸ਼ ਨਹੀਂ ਰਹਿੰਦੀ। ਸਿਧੀ ਜਿਹੀ ਗੱਲ ਹੈ ਕਿ ਇਸ ਖੋਜ ਦੇ ਟੀਚੇ ਸਿਆਸੀ ਸਨ। ਇਹ ਲੋਕਾਈ ਦੇ ਅਹਿਸਾਸ ਤਕ ਪੁਜ ਕੇ ਉਨ੍ਹਾਂ ਨੂੰ ਡੰਡੇ ਹੇਠ ਕਿਵੇਂ ਲਿਆਉਣਾ ਹੈ, ਉਸ ਬਾਰੇ ਹੈ। ਜਿਸ ਨੂੰ ਸਿਆਣੇ ਇਲਮ ਨੂੰ ਤਾਕਤ ਨਾਲ ਜੋੜਨ ਦਾ ਕਾਲੋਨੀਅਲ ਪੈਰਾਡਾਈਮ ਵੀ ਆਖਦੇ ਹਨ!

ਆਰ.ਸੀ. ਟੈਂਪਲ ਅਫਸਰ ਤੇ ਲਾਕੜੀ (ਪ੍ਰਸ਼ਾਸਕ) ਸੀ। ਉਹਨੂੰ ਲੋਕ ਸਾਹਿਤ ਇਕੱਠਿਆਂ ਕਰਨ ਦੀਆਂ ਕਈ ਸੌਖਿਆਈਆਂ ਸਨ। ਉਸ ਪਹਿਲਾਂ ਪਹਿਲ ਖੋਜ ਖੇਤਰ ਤਕ ਅੱਪੜ ਕੇ ਖੁਦ ਕੰਮ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹਨੂੰ ਛੇਤੀ ਹੀ ਅੰਦਾਜ਼ਾ ਹੋ ਗਿਆ ਕਿ ਇਹ ਉਸ ਦੇ ਵਸੋਂ ਬਾਹਰ ਹੈ। ਫਿਰ ਉਹਨੇ ਵਗਾਰੀਆਂ ਤੋਂ ਆਪਣੀ ਨਿਗਰਾਨੀ ਹੇਠ ਕੰਮ ਕਰਵਾਇਆ। ਇਸ ਬਾਰੇ ਉਸ ਨੇ ਲਿਖਿਆ ਹੈ, "ਇਨ੍ਹਾਂ ਕਹਾਣੀਆਂ ਦੇ ਖਰੜੇ ਮੈਨੂੰ ਦੇਸੀ ਬੋਲੀਆਂ ਵਿਚ ਘੱਲੇ ਗਏ। ਇਨ੍ਹਾਂ ਨੂੰ ਦੇਸੀ ਬੰਦਿਆਂ ਹੀ ਲਿਖਿਆ। ਇਹ ਕਹਾਣੀਆਂ ਠੀਕ ਲਿਖੀਆਂ ਗਈਆਂ ਹਨ, ਇਹਦੇ ਕਾਰਨ ਮੇਰੇ ਕੋਲ ਮੌਜੂਦ ਹਨ।"


ਟੈਂਪਲ ਨੂੰ ਜਿਹੜੀਆਂ ਕਹਾਣੀਆਂ ਮਿਲੀਆਂ, ਉਨ੍ਹਾਂ ਬਾਰੇ ਉਹ ਪੱਕ ਕਰਦਾ ਹੈ ਕਿ ਇਹ 'ਠੀਕ' ਹਨ। ਇਹ ਕਿਉਂ ਠੀਕ ਹਨ, ਇਸ ਤੋਂ ਉਹ ਕੰਨੀ ਕਤਰਾ ਜਾਂਦਾ ਹੈ। ਟੈਂਪਲ ਦੂਜੀਆਂ ਕਹਾਣੀਆਂ ਬਾਰੇ ਆਪਣਾ ਖੋਜ ਢੰਗ ਇਉਂ ਦੱਸਦਾ ਹੈ:

"ਜ਼ਾਹਰ ਹੈ, ਉਤਲਾ ਢੰਗ ਬਹੁਤ ਔਖਾ ਹੈ ਤੇ ਵੇਲੇ ਦੀ ਮੰਗ ਕਰਦਾ ਹੈ ਤੇ ਮੇਰੇ ਜਿਹਾ ਸਰਕਾਰੀ ਨੌਕਰ ਇੰਨਾ ਵੇਲਾ ਨਹੀਂ ਕੱਢ ਸਕਦਾ। ਇਸੇ ਕਰ ਕੇ ਮੈਨੂੰ ਪਿਛੋਂ ਇਸ ਢੰਗ ਵਿਚ ਤਬਦੀਲੀ ਕਰਨੀ ਪਈ। ਮੈਂ ਆਪਣੇ ਮੁਣਸ਼ੀਆਂ ਨੂੰ ਵੱਡੀ ਇਹਤਿਆਤ ਨਾਲ ਸੁਧਾਰਿਆ।"

ਇਹ ਕਹਾਣੀਆਂ ਮੁਣਸ਼ੀ ਹੀ ਲਿਖਦੇ ਹਨ। ਮੁਣਸ਼ੀਆਂ ਤੋਂ ਮੁਰਾਦ ਹਿੰਦੁਸਤਾਨ ਦੇ ਬਾਊ ਹਨ, ਜਿਹੜੇ ਅੰਗਰੇਜ਼ੀ ਤਾਲੀਮ ਹਾਸਲ ਕਰ ਕੇ ਦਫਤਰਾਂ ਵਿਚ ਕਲਰਕ ਲੱਗ ਗਏ। 'ਅੰਗਰੇਜ਼ ਬਹਾਦਰ' ਮੂਹਰੇ ਕੁਰਸੀ ਉਤੇ ਬੈਠਣ ਮਗਰੋਂ ਜਿਹੜਾ ਸਰੀਆ ਉਨ੍ਹਾਂ ਦੀ ਧੌਣ ਵਿਚ ਆ ਜਾਂਦਾ ਸੀ, ਉਹ ਉਨ੍ਹਾਂ ਦੀ ਸ਼ਾਨ ਵਧਾ ਦਿੰਦਾ ਸੀ। ਵਿਚਲੀ ਗੱਲ ਇਹ ਹੈ ਕਿ ਟੈਂਪਲ ਨਾਲ ਖੋਜ ਕਰਨ ਵਾਲੇ ਦੇਸੀ ਲੋਕ ਪੰਜਾਬੀ ਹਨ। ਉਹ ਆਪਣੇ ਸੁਧਾਰੇ ਮੁਣਸ਼ੀਆਂ ਬਾਰੇ ਲਿਖਦਾ ਹੈ, "ਕੁਝ ਤਾਂ ਇਹ ਕੰਮ ਵੀ ਔਖਾ ਸੀ, ਨਾਲੇ ਇਥੋਂ ਦੇ ਪੜ੍ਹੇ ਲਿਖੇ, ਜਾਹਲਾਂ ਦੀ ਬੋਲੀ ਨੂੰ ਵੀ ਪਸੰਦ ਨਹੀਂ ਕਰਦੇ, ਤੇ ਜਿਥੋਂ ਤਕ ਹੋ ਸਕੇ, ਇਸ ਬੋਲੀ ਨੂੰ ਲਿਖਣ ਤੋਂ ਕੰਨੀ ਕਤਰਾਉਂਦੇ ਹਨ।"

ਇਥੋਂ ਦੇ ਪੜ੍ਹੇ ਲਿਖਿਆਂ ਤੋਂ ਮੁਰਾਦ ਉਹੀ ਹਜ਼ਰਾਤ ਹਨ, ਜਿਹੜੇ ਕੰਪਨੀ ਬਹਾਦਰ ਦੇ ਕਨਾੜਿਆਂ ਉਤੇ ਬਹਿ ਕੇ ਆਏ ਹਨ। 'ਸਾਹਬੀ' ਅੰਗਰੇਜ਼ ਬਹਾਦਰ ਕੋਲ ਤੇ ਕਲਰਕੀ ਦੇ ਵਾਰਿਸ ਇਹ ਬਣੇ। ਪੰਜਾਬ ਉਤੇ ਕਬਜ਼ਾ ਕਰਨ ਮਗਰੋਂ ਪੰਜਾਬੀਆਂ ਨਾਲ ਇਹ ਧਰੋਹ ਕੀਤਾ ਗਿਆ ਕਿ ਇਥੋਂ ਦੇ ਵਾਸੀਆਂ ਤੋਂ ਮਾਂ ਬੋਲੀ ਰਾਹੀਂ ਤਾਲੀਮ ਦਾ ਹੱਕ ਖੋਹ ਲਿਆ ਗਿਆ। ਅਜੇ ਪੰਜਾਬ ਵਿਚ ਨਵੇਂ ਸਕੂਲ ਕਾਲਜ ਵੀ ਨਹੀਂ ਸਨ ਖੁੱਲ੍ਹੇ ਕਿ ਇਥੋਂ ਦੇ ਵਾਸੀ ਰਾਜ ਬੋਲੀ ਸਿੱਖ ਕੇ ਸਰਕਾਰੀ ਨੌਕਰ ਹੋ ਜਾਂਦੇ। 'ਜਾਹਲਾਂ ਦੀ ਬੋਲੀ' ਦੀ ਹਤਕ ਕਰਨ ਵਾਲੇ ਇਸ ਵਸੇਬ ਅਤੇ ਬੋਲੀ ਨੂੰ ਕਿੰਨਾ ਕੁ ਜਾਣਦੇ ਹੋਣਗੇ! ਇਥੇ ਦੁਹਰਾਉਣ ਦੀ ਲੋੜ ਨਹੀਂ ਕਿ ਅਲਾਹਬਾਦ ਵਿਚ ਜੰਮਣ ਵਾਲੇ ਟੈਂਪਲ ਨੇ ਥਾਂ ਥਾਂ ਉਤੇ 'ਜਾਹਲਾਂ' ਦਾ ਸ਼ਬਦ ਵਰਤਿਆ ਹੈ। ਉਹਦੇ 'ਸੁਧਾਰੇ' ਮੁਣਸ਼ੀ ਉਸ ਤੋਂ ਵੀ ਇਕ ਪੈਰ ਅਗਾਂਹ ਹਨ। ਇਹ ਨੰਗਾ ਚਿੱਟਾ ਸੱਚ ਹੈ ਕਿ ਇਹ ਬੋਲੀ ਦੇ ਹੁਸਨ ਬਾਰੇ ਮਚਲੇ ਬਣ ਬਹਿੰਦੇ ਹਨ।

ਟੈਂਪਲ ਨੇ ਜਿਨ੍ਹਾਂ ਕੱਥੀਆਂ ਤੋਂ ਇਹ ਮਸੌਦਾ ਇਕੱਠਾ ਕੀਤਾ, ਉਨ੍ਹਾਂ ਬਾਰੇ ਵੀ ਉਹਦਾ ਰਵੱਈਆ ਘਟੀਆ ਹੈ। ਉਹ ਇਨ੍ਹਾਂ ਨੂੰ ਅਫੀਮੀ, ਤਮਾਕੂ ਪੀਣ ਵਾਲੇ ਅਤੇ ਲੋਭੀ ਦੇ ਫੁੰਮਣ ਲਾਉਂਦਾ ਹੈ। ਉਸ 'ਲੀਜੈਂਡਜ਼ ਆਫ ਦਿ ਪੰਜਾਬ' ਵਿਚ ਕੁਝ ਜ਼ਿਮੀਂਦਾਰਾਂ ਦੇ ਮੁਣਸ਼ੀਆਂ ਦਾ ਸ਼ੁਕਰੀਆ ਅਦਾ ਕੀਤਾ ਹੈ, ਪਰ ਇਹ ਕਹਾਣੀਆਂ ਜਿਨ੍ਹਾਂ ਕੱਥੀਆਂ ਤੋਂ ਸੁਣੀਆਂ, ਉਨ੍ਹਾਂ ਦਾ ਨਾਂ ਲੈਣਾ ਵੀ ਗਵਾਰਾ ਨਹੀਂ ਕਰਦਾ। ਅਸੀਂ ਵੀ ਪੰਜਾਬ ਦੀਆਂ ਲੋਕ ਕਹਾਣੀਆਂ ਬਾਰੇ ਮਾੜੀ ਚੰਗੀ ਖੋਜ ਕੀਤੀ ਹੈ। ਇਹ ਕੱਥੀ ਅਜ ਵੀ ਮੀਆਂ ਮੀਰ ਤੇ ਕੁਰੈਸ਼ੀ ਦੇ ਆਦਰਯੋਗ ਨਾਂਵਾਂ ਨਾਲ ਯਾਦ ਕੀਤੇ ਜਾਂਦੇ ਹਨ ਅਤੇ ਚੰਗੇ ਕੱਥੀਆਂ ਬਾਰੇ ਲੋਕਾਈ ਦਾ ਮੋਹ ਮਿਉਂਦਾ ਨਹੀਂ।




*ਜਿਹੜੇ ਦੋ ਬੰਦੇ ਉਚੇਚੇ ਹਨ ਜਿਨ੍ਹਾਂ ਹਿੰਦੋਸਤਾਨ ਦੇ ਫੋਕਲੋਰ ਨੂੰ ਜਗਤ ਪਧਰ 'ਤੇ ਜਾਣੂ ਕਰਵਾਇਆ; ਇਕ ਵਿਲੀਅਮ ਕਰੋਕ ਹੈ ਜਿਸ ਨੇ ਦੋ ਜਿਲਦਾਂ ਵਿਚ ਉਤਰੀ ਹਿੰਦੋਸਤਾਨ ਦੇ ਫੋਕਲੋਰ (1894) ਦਾ ਮੁਤਾਲਿਆ ਕੀਤਾ। ਦੂਜਾ ਆਰ.ਸੀ. ਟੈਂਪਲ ਜਿਸ ਨੇ 'ਲੀਜੈਂਡਜ਼ ਆਫ਼ ਦਿ ਪੰਜਾਬ' ਦੀਆਂ ਤਿੰਨ ਜਿਲਦਾਂ ਵਿਚ ਉਚਾ ਮਿਆਰ ਕਾਇਮ ਕੀਤਾ। ਉਹਨੇ ਜ਼ਬਾਨੀ ਮਵਾਦ ਨੂੰ ਇਕੱਠਿਆਂ ਕਰ ਕੇ ਇਹਦਾ ਤਰਜਮਾ, ਤਰਤੀਬ, ਖੁੱਲ੍ਹਾ ਰਵਾਂ ਕਰ ਕੇ ਛਪਵਾਇਆ।*

*ਰਿਚਰਡ ਟੈਂਪਲ (ਸੱਜੇ) ਅਤੇ ਉਸ ਦੀ ਕਿਤਾਬ 'ਲੀਜੈਂਡਜ਼ ਆਫ ਦਿ ਪੰਜਾਬ'*



ਟੈਂਪਲ ਨੂੰ ਆਪੂੰ ਵੀ ਇਸ ਗੱਲ ਦਾ ਅਹਿਸਾਸ ਸੀ ਕਿ ਕੱਥੀ ਅਤੇ ਭੱਟ ਮੁੱਕਦੇ ਜਾਂਦੇ ਹਨ, ਤੇ ਹੁਣ ਕੋਈ ਵਿਰਲਾ ਹੀ ਵਿਖਾਲੀ ਦਿੰਦਾ ਹੈ। ਉਹਦੇ ਆਪਣੇ ਸ਼ਬਦਾਂ ਵਿਚ, "ਦੂਜੇ ਪਾਸੇ ਭਾਵੇਂ ਅਜੇ ਲੋਕ ਮੁੱਕੇ ਨਹੀਂ, ਪਰ ਉਨ੍ਹਾਂ ਨੂੰ ਸੁਣਾਉਣ ਵਾਲੇ ਭੱਟ ਮੁੱਕਦੇ ਜਾਂਦੇ ਹਨ। ਉਹ ਹੁਣੇ ਤੋਂ ਹੀ ਸ਼ਹਿਰਾਂ ਤੋਂ ਪਿੰਡਾਂ ਨੂੰ ਨਿਕਲ ਗਏ ਹਨ। ਰਿਆਸਤ ਪਟਿਆਲਾ ਦੀ ਰਾਜਧਾਨੀ ਪਟਿਆਲਾ ਵਿਚ ਵੱਡੀ ਭਾਲ ਮਗਰੋਂ ਵੀ ਕੋਈ ਭੱਟ ਨਹੀਂ ਲੱਭਿਆ। ਇਸ ਤੋਂ ਪਹਿਲਾਂ ਨਵਾਬ ਅਤੇ ਸਰਦਾਰ ਉਨ੍ਹਾਂ ਨੂੰ ਸੱਦਦੇ ਰਹਿੰਦੇ ਸਨ, ਸਗੋਂ ਉਨ੍ਹਾਂ ਨੂੰ ਵਜ਼ੀਫੇ ਵੀ ਦਿੰਦੇ ਸਨ, ਪਰ ਹੁਣ ਉਨ੍ਹਾਂ ਨੂੰ ਇਨ੍ਹਾਂ ਨਾਲ ਤੁਅੱਲਕ ਰੱਖਣ ਤੇ ਝਾਕਾ ਆਉਂਦਾ ਹੈ।"

ਇਹ ਭੱਟ, ਢਾਡੀ ਤੇ ਮਰਾਸੀ ਦੇਸੀ ਕਬੀਲਿਆਂ ਦੀ ਤਾਰੀਖ (ਇਤਿਹਾਸ) ਤੇ ਉਨ੍ਹਾਂ ਦੇ ਗੁਣ ਚੇਤੇ ਰੱਖਦੇ ਹਨ। ਰਿਆਸਤਾਂ ਦੇ ਰਾਜੇ ਤੇ ਜ਼ਿਮੀਂਦਾਰ ਵੀ ਉਨ੍ਹਾਂ ਦੀ ਇੰਨੀ ਸੇਵਾ ਕਰ ਛੱਡਦੇ ਜਿਸ ਨਾਲ ਉਨ੍ਹਾਂ ਦਾ ਵੇਲਾ ਸੌਖਾ ਟਪ ਜਾਂਦਾ ਹੈ। ਇਹ ਪਛਾਣ ਹੁਣ ਰਾਜਿਆਂ ਮਹਾਰਾਜਿਆਂ ਨੂੰ ਵੀ ਵਾਰਾ ਨਹੀਂ ਖਾਂਦੀ।

ਸਾਧਨਾ ਨਾਇਥਾਨੀ ਮੁਤਾਬਕ "ਟੈਂਪਲ ਵੱਡੀ ਚਲਾਕੀ ਨਾਲ ਇਸ ਗੱਲ ਨੂੰ ਲੁਕਾਉਂਦਾ ਹੈ ਕਿ ਹਿੰਦੁਸਤਾਨ ਵਿਚ ਗੋਰੇ ਦੀ ਹੋਂਦ ਤੇ ਸਿਆਸਤ ਨੇ ਭੱਟਾਂ ਨੂੰ ਮੁਕਾਇਆ ਹੈ, ਜਿਹੜੇ ਅੰਗਰੇਜ਼ੀ ਰਾਜ ਤੋਂ ਪਹਿਲੇ ਮੌਜੂਦ ਸਨ। ਇਹ ਨਵਾਬ ਅਤੇ ਸਿਰਦਾਰ ਉਨ੍ਹਾਂ ਦੀ ਸਰਪ੍ਰਸਤੀ ਕਰਦੇ ਸਨ ਜਿਨ੍ਹਾਂ ਨੂੰ ਹਕੂਮਤ ਤੇ ਸੱਤਾ ਤੋਂ ਪਾਸੇ ਕਰ ਦਿੱਤਾ ਗਿਆ ਤੇ ਇਹ ਸਾਜ਼ਿਸ਼ ਕੀਤੀ ਗਈ ਕਿ ਇਨ੍ਹਾਂ ਨੂੰ ਲੋਕਾਈ ਤੋਂ ਦੂਰ ਰੱਖਿਆ ਜਾਵੇ। ਉਨ੍ਹੀਵੀਂ ਸਦੀ ਵਿਚ ਇਹ ਨਵਾਬ ਅਤੇ ਸਰਦਾਰ ਇਸ ਕਾਬਲ ਵੀ ਨਹੀਂ ਰਹੇ ਕਿ ਫਨ (ਕਲਾ) ਤੇ ਸਕਾਫਤ (ਸਭਿਆਚਾਰ) ਨੂੰ ਥਾਪੜ ਸਕਦੇ। ਇਕ ਕਾਰਨ ਇਹ ਵੀ ਹੈ ਕਿ ਸਾਹਿਤ ਅਤੇ ਫਨ ਦੀ ਰਵਾਇਤ ਕਮਜ਼ੋਰ ਹੋ ਗਈ ਤੇ ਓੜਕ ਮੁੱਕ ਹੀ ਗਈ।"

ਹੋਰ ਬਹੁਤ ਸਾਰੇ ਸੂਝਵਾਨਾਂ ਵਾਂਗ ਸਾਧਨਾ ਨਾਇਥਾਨੀ ਨੇ ਵੀ ਇਹ ਗੱਲ ਨਹੀਂ ਵਿਚਾਰੀ ਕਿ ਪੰਜਾਬੀ ਵਸੇਬ ਵਿਚ ਵਿਜੋਗ ਦਾ ਬੀਅ ਬੀਜਣ ਦਾ ਵੱਡਾ ਕਾਰਨ ਪੰਜਾਬੀ ਬੋਲੀ ਨੂੰ ਤਾਲੀਮੀ ਨਿਜ਼ਾਮ ਵਿਚੋਂ ਕੱਢਣਾ ਹੈ। ਅੰਗਰੇਜ਼ਾਂ ਪੰਜਾਬ ਤੋਂ ਅੱਡ ਦੂਜੇ ਸੂਬਿਆਂ ਨੂੰ ਤਾਂ ਮੁਢਲੀ ਪੱਧਰ ਉਤੇ ਲੋਕ ਬੋਲੀ ਪੜ੍ਹਾਵਣ ਦਾ ਹੱਕ ਦੇ ਦਿੱਤਾ, ਪਰ ਪੰਜਾਬ ਵਿਚ ਪੰਜਾਬੀ ਦੀ ਥਾਂਵੇਂ ਉਰਦੂ ਲਾਗੂ ਕਰ ਦਿੱਤੀ। ਸਿੱਟਾ ਇਹ ਨਿਕਲਿਆ ਕਿ ਪੰਜਾਬੀ ਬਸ਼ਰ ਦੋਹਰੀ ਗੁਲਾਮੀ ਵਿਚ ਆ ਗਿਆ। ਮੁਢਲੀ ਪੜ੍ਹਾਈ ਉਰਦੂ ਵਿਚ ਅਤੇ ਅੱਗੇ ਅੰਗਰੇਜ਼ੀ! ਨਵੀਆਂ ਨਸਲਾਂ ਜਿਵੇਂ ਜਿਵੇਂ ਇਹ ਕਾਇਦਾ ਪੜ੍ਹਦੀਆਂ ਗਈਆਂ, ਉਹ ਆਪਣੀ ਹੀ ਹੋਂਦ ਦੀਆਂ ਵੈਰੀ ਹੋ ਬੈਠੀਆਂ। ਦੂਜੇ, ਰਾਜੇ ਮਹਾਰਾਜੇ ਵੀ ਤਾਂ ਸਾਈਆਂ ਦੀ ਅੱਖ ਵੇਖ ਕੇ ਟੁਰਦੇ ਹਨ। ਅਜਿਹੀ 'ਤਰੱਕੀ' ਦੇ ਸਮੇਂ ਕੋਈ ਭੱਟ, ਢਾਡੀ ਉਨ੍ਹਾਂ ਦੀਆਂ ਪਿਛਲੀਆਂ ਹਿਲਾ ਬੈਠੇ, ਜ਼ਾਹਰ ਹੈ ਉਨ੍ਹਾਂ ਨੂੰ ਪਚਿਆਈ ਆਉਂਦੀ ਸੀ। ਟੈਂਪਲ ਪਟਿਆਲੇ ਵਿਚੋਂ ਭੱਟ ਨਾ ਲੱਭ ਸਕਣ ਦੀ ਵਜ੍ਹਾ ਤੋਂ ਚੰਗੀ ਤਰਾਂ ਜਾਣੂੰ ਹੈ ਤੇ ਉਤਲੀਆਂ ਸਤਰਾਂ ਤੋਂ ਉਹਦਾ ਮਕਰ ਸਾਫ ਦਿਸਦਾ ਹੈ।

ਟੈਂਪਲ ਆਪਣੇ ਖੋਜ ਸੋਮਿਆਂ ਨੂੰ ਭੰਡਣ ਦੀ ਕੋਈ ਗੁੰਜ਼ਾਇਸ਼ ਨਹੀਂ ਛੱਡਦਾ। ਉਹ ਭੱਟਾਂ ਬਾਰੇ ਆਂਹਦਾ ਹੈ, "ਜਦੋਂ ਉਹ ਸ਼ਿਅਰ ਸੁਣਾ ਲੈਂਦਾ ਤਾਂ ਮੈਂ ਉਹਨੂੰ ਆਪਣੇ ਖਰੜੇ ਤੋਂ ਪੜ੍ਹ ਕੇ ਸੁਣਾਉਂਦਾ ਤੇ ਉਨ੍ਹਾਂ ਤੋਂ ਔਖੇ ਸ਼ਬਦਾਂ ਜਾਂ ਸਤਰਾਂ ਦੇ ਮਾਅਨੇ ਪੁਛਦਾ ਤਾਂ ਉਹ ਦੱਸਣ ਜੋਗੇ ਨਾ ਹੁੰਦੇ ਕਿਉਂ ਜੋ ਇਹ ਜਾਹਲ ਤੇ ਕਮ-ਅਕਲ ਹੁੰਦੇ ਹਨ, ਜਿਨ੍ਹਾਂ ਗੀਤਾਂ ਨੂੰ ਰਟ ਲਿਆ ਹੁੰਦਾ ਹੈ। ਜ਼ਿਆਦਾ ਤੋਂ ਜ਼ਿਆਦਾ ਇਨ੍ਹਾਂ ਤੋਂ ਕੁਝ ਪੁਰਾਣੇ ਸ਼ਬਦਾਂ ਦਾ ਪਤਾ ਲੱਗ ਸਕਦਾ ਹੈ।"

ਉਨ੍ਹੀਵੀਂ ਸਦੀ ਦੇ ਦੂਏ ਵਿਚ ਜਦੋਂ ਟੈਂਪਲ ਲੋਕ ਸਾਹਿਤ ਬਾਰੇ ਖੋਜ ਕਰ ਰਿਹਾ ਸੀ ਤਾਂ ਉਹਨੂੰ ਕੱਥੀਆਂ ਕੋਲੋਂ ਪੂਰਵ ਈਸਵੀ ਦੇ ਪਾਤਰਾਂ ਬਾਰੇ ਵੀ ਕਈ ਗਾਉਣ ਲੱਭੇ। ਇਸ ਮਨਸੂਬੇ ਨੂੰ ਸਿਰੇ ਚਾੜ੍ਹਨ ਹਿਤ ਜਿਹੜਾ ਕੰਮ ਟੈਂਪਲ ਦਾ ਹੈ, ਉਹ ਵੀ ਕੱਥੀਆਂ ਦੇ ਸਿਰ ਮੜ੍ਹੀ ਆਉਂਦਾ ਹੈ। ਉਂਜ ਤਾਂ ਇਕ ਗੱਲੋਂ ਉਹ ਸੱਚਾ ਵੀ ਹੈ ਕਿ ਉਹਦੇ ਸੁਧਾਰੇ ਮੁਣਸ਼ੀਆਂ ਤੇ ਉਹਨੂੰ ਕਈ ਸ਼ਬਦਾਂ ਦੇ ਮਾਅਨੇ ਨਹੀਂ ਆਉਂਦੇ ਸਨ। ਆਪਣੇ ਉਤੇ ਇਹ ਗੱਲ ਲੈਣ ਦੀ ਥਾਂ ਉਹ ਕੱਥੀਆਂ ਨੂੰ ਦੋਸ਼ ਦਿੰਦਾ ਹੈ। ਟੈਂਪਲ ਅਜਿਹੀਆਂ ਗੱਲਾਂ ਵਿਚੋਂ ਇਹ ਸਿੱਟਾ ਕੱਢਦਾ ਹੈ ਕਿ ਉਨ੍ਹੀਵੀਂ ਸਦੀ ਦੇ ਦੂਏ ਅੱਧ ਤਕ ਇਹ 'ਓਰਲ ਸੁਸਾਇਟੀ' ਸੀ ਅਤੇ ਇਨ੍ਹਾਂ ਦੀਆਂ ਰੀਤਾਂ ਵਿਚੋਂ ਵੀ ਸਥਾਈਆਂ (ਸਥਾਨਕ ਵਸੋਂ) ਦਾ ਹੀਣਿਆ ਹੋਵਣ ਦਿਸਦਾ ਹੈ। ਉਹਦੀ ਇਸ ਗੱਲ ਵਿਚ ਵੀ ਦੁਫੇੜ ਹੈ, "ਜੇ ਉਹ ਪੜ੍ਹਿਆ ਲਿਖਿਆ ਜੀਅ ਹੁੰਦਾ ਤਾਂ ਜਿਸ ਨੇ ਸਾਂਗ ਕੀਤਾ, ਮੈਂ ਉਹਦੇ ਕੋਲੋਂ ਖਰੜਾ ਮੰਗ ਲੈਂਦਾ।"

ਇਹਦਾ ਮਤਲਬ ਹੈ ਕਿ ਇਹ ਲੋਕ ਪੜ੍ਹੇ ਲਿਖੇ ਵੀ ਹਨ। ਇਨ੍ਹਾਂ ਕੋਲ ਖਰੜੇ ਵੀ ਹਨ। ਅਸੀਂ ਪਹਿਲਾਂ ਇਹ ਵੇਰਵਾ ਦੇ ਚੁਕੇ ਹਾਂ ਕਿ ਉਹਨੂੰ ਬਹੁਤ ਸਾਰੀਆਂ ਕਹਾਣੀਆਂ ਦੇਸੀ ਲੋਕਾਂ ਲਿਖ ਕੇ ਦਿੱਤੀਆਂ ਜਿਨ੍ਹਾਂ ਦਾ ਉਹ ਧੰਨਵਾਦੀ ਹੈ। ਅਸਲ ਵਿਚ ਉਨ੍ਹੀਵੀਂ ਸਦੀ ਦੇ ਇਸ ਖਿੱਤੇ ਦੀ ਪੂਰੀ ਦੁਨੀਆਂ ਵਿਚ ਉਚੇਚਤਾ ਹੈ ਕਿ ਇਥੇ ਤਿੰਨਾਂ ਕਲਾਸਿਕੀ ਬੋਲੀਆਂ-ਅਰਬੀ, ਫਾਰਸੀ ਤੇ ਸੰਸਕ੍ਰਿਤ ਦੇ ਆਲਮ ਲੱਭ ਜਾਂਦੇ ਹਨ, ਜਿਹੜੇ ਖਰੜਿਆਂ ਦੀਆਂ ਨਕਲਾਂ ਤਿਆਰ ਕਰ ਕੇ ਇਕ ਦੂਏ ਤਾਈਂ ਅਪੜਾ ਦਿੰਦੇ। ਕਲਾਸਿਕੀ ਤੇ ਦੇਸੀ ਬੋਲੀਆਂ ਦੇ ਖਰੜਿਆਂ ਦੀ ਵੱਡੀ ਗਿਣਤੀ ਲੁੱਟ ਕੇ 'ਇੰਡੀਆ ਆਫਸ ਲਾਇਬ੍ਰੇਰੀ' ਦੀ 'ਬ੍ਰਿਟਿਸ਼ ਮਿਊਜ਼ੀਅਮ ਲਾਇਬ੍ਰੇਰੀ' ਵਿਚ ਸਜਾਈਆਂ ਗਈਆਂ। ਹੁਣ ਉਨ੍ਹਾਂ ਇਸ ਕੂੜ ਨੂੰ ਲੁਕਾਵਣ ਲਈ ਕਈ ਹੋਰ ਮੈਅਨੇ ਘੜ ਲਏ ਹਨ, ਜਿਵੇਂ ਇਥੇ ਪ੍ਰੈਸ ਕੋਈ ਨਹੀਂ ਸੀ। ਇੰਜ ਮੁਕਾਮੀ (ਸਥਾਨਕ) ਲੋਕ ਜਾਹਲ ਹੋ ਗਏ। ਸਾਡੇ ਕਈ ਦੇਸੀ ਸੂਝਵਾਨ ਵੀ ਆਪਣੀ ਰੀਤ ਤੋਂ ਅਣਜਾਣ ਹੋਣ ਪਾਰੋਂ ਇਹੀ ਰਾਗ ਅਲਾਪਣ ਲੱਗ ਜਾਂਦੇ ਹਨ।

ਟੈਂਪਲ ਵੱਡਾ ਦਿਲਚਸਪ ਸੂਝਵਾਨ ਹੈ। ਇਕ ਬੰਨੇ ਤਾਂ ਉਹ ਭੱਟਾਂ ਕੋਲੋਂ ਲਾਭ ਚੁਕ ਕੇ ਉਨ੍ਹਾਂ ਨੂੰ ਨਖਿਧੀ ਆਉਂਦਾ ਹੈ, ਦੂਜੇ ਪਾਸੇ ਪੰਜਾਬ ਦੀਆਂ ਨਾਨੀਆਂ ਦਾਦੀਆਂ ਦੀਆਂ ਸੁਣਾਈਆਂ ਹੋਈਆਂ ਕਹਾਣੀਆਂ ਦਾ ਸਿਹਰਾ ਵੀ ਭੱਟਾਂ ਦੇ ਗਲ ਘੱਤਦਾ ਹੈ। ਪੰਜਾਬ ਵਿਚ ਲੋਕ ਕਹਾਣੀਆਂ ਦਾ ਟੋਰਾ ਇੰਜ ਹੈ ਹੀ ਨਹੀਂ, ਜਿਵੇਂ ਟੈਂਪਲ ਮਿਥੀ ਬੈਠਾ ਹੈ। ਉਹਦੇ

**(ਬਾਕੀ ਅਗਲੇ ਸਫੇ 'ਤੇ)**

ਸ਼ਬਦਾਂ ਵਿਚ, "ਆਖਿਆ ਜਾਂਦਾ ਹੈ ਕਿ ਬੁੱਢੀਆਂ ਮਾਂਵਾਂ ਆਪਣੇ ਪੁੱਤਰਾਂ ਪੋਤਰਿਆਂ ਨੂੰ ਜਿਹੜੀਆਂ ਕਹਾਣੀਆਂ ਸਣਾਉਂਦੀਆਂ ਹਨ, ਇਹ ਭੱਟਾਂ ਦੀਆਂ ਹੀ ਹਨ। ਜਿਥੋਂ ਭੱਟਾਂ ਦਾ ਅਸਰ ਮੁੱਕ ਜਾਂਦਾ ਹੈ, ਉਥੇ ਇਹ ਬੇਤੁਕੇ ਤੇ ਬਿਆਨੀਆ ਢੰਗ ਵਿਚ ਮਿਲਦੀਆਂ ਹਨ, ਜਿਵੇਂ ਪੇਂਡੂਆਂ ਦਾ ਸੁਭਾਅ ਹੁੰਦਾ ਹੈ। ਜੇ ਇਹ ਗੱਲ ਠੀਕ ਹੈ ਤਾਂ ਮੈਂ ਇਹਨੂੰ ਠੀਕ ਹੀ ਸਮਝਦਾਂ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਜਿਥੇ ਲੋਕ ਕਹਾਣੀਆਂ ਤੇ ਭੱਟਾਂ ਦੇ ਗਾਉਣ ਮਿਲਦੇ ਹਨ, ਉਥੇ ਭੱਟਾਂ ਦੇ ਗਾਉਣ ਵੇਰ ਪੁਰਾਣੇ ਤੇ ਅਹਿਮ ਹਨ।"

ਇਸੇ ਭੂਮਿਕਾ ਵਿਚ ਉਹ ਅੱਗੇ ਜਾ ਕੇ ਇਹ ਗੱਲ ਜ਼ਿਆਦਾ 'ਸਪਸ਼ਟ' ਸ਼ਬਦਾਂ ਵਿਚ ਕਰਦਾ ਹੈ, "ਭੱਟਾਂ ਦੇ ਗਾਉਣ ਵੀ ਅਸਲ ਵਿਚ ਕਾਵਿ ਕਹਾਣੀਆਂ ਹੀ ਹਨ ਤੇ ਲੋਕ ਕਹਾਣੀਆਂ ਭੱਟਾਂ ਦੇ ਗੀਤਾਂ ਵਿਚੋਂ ਹੀ ਨਿਕਲਦੀਆਂ ਹਨ।"

ਕਹਾਣੀ ਇਨਸਾਨ ਦੀ ਫਿਤਰਤ ਵਿਚ ਸ਼ਾਮਲ ਹੈ ਤੇ ਲੋਕ ਕਹਾਣੀ ਦਾ ਸੋਮਾ ਲੋਕ ਹੁੰਦੇ ਹਨ। ਪੰਜਾਬ ਦੀਆਂ ਬੁੱਢੀਆਂ ਮਾਈਆਂ ਬਾਲਾਂ ਦਾ ਦਿਲ ਪਰਚਾਉਣ ਲਈ ਉਨ੍ਹਾਂ ਨੂੰ ਕਹਾਣੀ ਘੁੱਟੀ ਵਿਚ ਘੋਟਦੀਆਂ ਹਨ ਤੇ ਫਿਰ ਇਹੀ ਬਾਲ, ਸੁਆਣੀ, ਮਰਦ ਦੇ ਰੂਪ ਵਿਚ ਇਹਦੀਆਂ ਅੱਡੋ ਅੱਡ ਸਿਨਫਾਂ ਦਾ ਘੇਰਾ ਮੋਕਲਾ ਕਰਦੇ ਹਨ। ਪੰਜਾਬੀ ਲੋਕ ਕਹਾਣੀ ਦਾ ਹੀ ਨਹੀਂ, ਸਗੋਂ ਜਗਤ ਲੋਕ ਕਹਾਣੀ ਦਾ ਮੁਢਲਾ ਸੱਚ ਪਰੀ ਅਤੇ ਜਨੌਰ ਕਹਾਣੀ ਵਗੈਰਾ ਮੰਨਿਆ ਜਾਂਦਾ ਹੈ। ਇਨ੍ਹਾਂ ਦੇ ਮੁਕਾਬਲੇ ਤਾਂ ਨੀਮ-ਤਾਰੀਖੀ ਕਹਾਣੀਆਂ ਮਨੁੱਖੀ ਵਸੇਬ ਦੇ ਮਗਰਲੇ ਪੜਾਵਾਂ ਦੀ ਦੇਣ ਹਨ। ਭੱਟ ਤਾਂ ਅਜਿਹਾ ਕਸਬੀ ਹੈ ਜੋ ਰਾਠਾਂ ਤੇ ਸੂਰਮਿਆਂ, ਰੁਮਾਨੀ ਤੇ ਧਰਮੀ ਗੀਤਾਂ ਨੂੰ ਚੇਤੇ ਰੱਖਦਾ ਹੈ। ਉਹਦੇ ਬਦਲੇ ਲੋਕਾਈ ਉਹਦੀ ਸੇਵਾ ਕਰਦੀ ਹੈ।

ਟੈਂਪਲ ਨੀਮ-ਤਾਰੀਖੀ ਕਾਵਿ ਕਹਾਣੀਆਂ ਦੀ ਭਾਲ ਵਿਚ ਨਿਕਲਿਆ ਅਤੇ ਇਹੋ ਉਹਦਾ ਖੋਜ ਖੇਤਰ ਹੈ, ਪਰ ਉਹ ਕਹਾਣੀ ਦੇ ਦੂਜੇ ਰੂਪਾਂ ਨੂੰ ਮਧੋਲੀ ਜਾਂਦਾ ਹੈ। ਇਹ ਗੱਲ ਤਾਂ ਉਸ ਵੱਡੇ ਆਲਮਾਨਾ ਅੰਦਾਜ਼ ਵਿਚ ਆਖੀ ਹੈ ਕਿ ਨਸਰੀ ਕਹਾਣੀ ਨਾਲੋਂ ਗਾਉਣ ਵਿਚ ਇਨਸਾਨੀ ਸੂਝ ਦੀ ਪੁਰਾਣੀ ਬਣਤਰ ਬਹੁਤ ਦੇਰ ਤਾਈਂ ਮਹਿਫੂਜ਼ ਰਹਿੰਦੀ ਹੈ। ਇਹ ਅਦਬ ਦਾ ਵੀ ਮੰਨਿਆ ਹੋਇਆ ਸੱਚ ਹੈ ਕਿ ਸ਼ਿਅਰ ਵਿਚ ਵਾਧੇ ਘਾਟੇ ਹੋਣ ਦੇ ਬਾਵਜੂਦ ਕਾਫੀਏ ਰਦੀਫ ਦੀ ਪਕੜ ਅਸਲ ਸੋਚ ਤੋਂ ਬਾਹਲਾ ਦੂਰ ਨਹੀਂ ਜਾਣ ਦਿੰਦੀ। ਇਹੋ ਬਣਤਰ ਹੀ ਟੈਂਪਲ ਨੂੰ ਵਾਰਾ ਖਾਂਦੀ ਹੈ। ਉਹਦਾ ਟੀਚਾ ਵੀ ਇਹੋ ਹੈ ਕਿ ਚੜ੍ਹਦੇ (ਪੂਰਬ) ਦੀ ਲੋਕਾਈ ਦੇ ਜ਼ਿਹਨ, ਨਫਸੀਆਤ, ਅਹਿਸਾਸ ਤੇ ਕਲਪਨਾਵਾਂ ਤਕ ਅੱਪੜ ਕੇ ਅਜਿਹੇ ਸਿੱਟਿਆਂ ਤਾਈਂ ਪੁਜਿਆ ਜਾਵੇ ਤਾਂ ਜੋ ਰਾਜ ਕਰਨ ਲਈ ਇਥੋਂ ਦੇ ਵਾਸੀਆਂ ਦੀਆਂ ਨਾਸਮਝੀ ਵਾਲੀਆਂ ਖਾਹਿਸ਼ਾਂ ਤਕ ਪਹੁੰਚਿਆ ਜਾਵੇ ਤੇ ਫਿਰ ਕੰਟਰੋਲ ਵਿਚ ਲਿਆਂਦਾ ਜਾਵੇ। ਟੈਂਪਲ ਦੀ ਇਹ ਲੋੜ ਭੱਟਾਂ ਦੇ ਗਾਉਣਾਂ ਵਿਚੋਂ ਪੂਰੀ ਹੁੰਦੀ ਹੈ। ਇਸ ਗੱਲੋਂ ਉਹਨੂੰ ਪੰਜਾਬ ਦੀਆਂ ਲੋਕ ਕਹਾਣੀਆਂ ਦਾ ਸੋਮਾ ਵੀ ਭੱਟ ਲਗਦੇ ਹਨ।

*1857 ਦੀ ਜੰਗ-ਇ-ਆਜ਼ਾਦੀ ਮਗਰੋਂ ਪੂਰਬ ਦੀਆਂ ਭਾਸ਼ਾਵਾਂ ਤੇ ਵਿਦਿਆ ਦੇ ਮਾਹਿਰ ਗੋਰਿਆਂ ਦੀ ਖੋਜ ਦਾ ਮੁਹਾਣ ਹੀ ਬਦਲ ਗਿਆ। ਹੁਣ ਅਜਿਹੇ ਨੁਸਖੇ ਹੀ ਵਾਰਾ ਖਾਂਦੇ ਸਨ ਜਿਨ੍ਹਾਂ ਰਾਹੀਂ ਲੋਕਾਈ ਨੂੰ ਹਿੱਲਣ ਨਾ ਦਿਤਾ ਜਾਵੇ। ਜਦੋਂ ਟੈਂਪਲ ਖੋਜ ਕਰ ਰਿਹਾ ਸੀ ਤਾਂ ਉਦੋਂ ਸ਼ਾਹ ਮੁਹੰਮਦ ਦੀ 'ਸਿੱਖਾਂ ਦੀ ਵਾਰ' ਅਤੇ ਜੰਗ-ਇ-ਆਜ਼ਾਦੀ ਦੇ ਢੋਲੇ ਲੋਕਾਈ ਵਿਚ ਪ੍ਰਚਲਤ ਸਨ। ਕੀ ਕੋਈ ਮੁਨਸ਼ੀ ਟੈਂਪਲ ਅੱਗੇ ਇਹ ਢੋਲੇ ਰੱਖਦਾ? ਜੇ ਭੁੱਲ ਚੁਕ ਨਾਲ ਉਹਦੇ ਤਾਈਂ ਅਪੜ ਵੀ ਜਾਂਦੇ ਤਾਂ ਉਹ ਆਪਣੀ ਸੂਚੀ ਵਿਚ ਸ਼ਾਮਲ ਕਰ ਲੈਂਦਾ? ਉਸ ਤਾਂ ਦੂਜੇ ਧਾੜਵੀਆਂ ਬਾਰੇ ਲੋਕ ਸਾਹਿਤ ਇਕੱਠਾ ਕਰ ਕੇ ਨਹੀਂ ਛਾਪਿਆ, ਗੋਰੇ ਦੇ ਖਿਲਾਫ਼ ਦੂਰ ਦੀ ਗੱਲ ਹੈ। ਸਿੱਧੀ ਜਿਹੀ ਗੱਲ ਹੈ ਕਿ ਉਹਨੇ 'ਕੋਲੋਨੀਅਲ ਨਾਲਿਜ' ਲਈ ਅਜਿਹੇ ਵਿਸ਼ੇ ਚੁਣੇ ਹਨ, ਜਿਨ੍ਹਾਂ ਰਾਹੀਂ ਪੰਜਾਬੀਆਂ ਦੀ ਨਫ਼ਸੀਆਤ ਤਕ ਅਪੜਿਆ ਜਾ ਸਕੇ, ਪਰ ਇਨ੍ਹਾਂ ਦੀ ਵਡਿਆਈ ਦਾ ਕੋਈ ਪੱਖ ਮੂਹਰੇ ਨਾ ਆਵੇ।*



ਰਿਚਰਡ ਟੈਂਪਲ

'ਲੀਜੈਂਡਜ਼ ਆਫ ਦਾ ਪੰਜਾਬ' ਦੀਆਂ ਤਿੰਨਾਂ ਜਿਲਦਾਂ ਵਿਚ 59 ਕਹਾਣੀਆਂ ਸ਼ਾਮਲ ਹਨ। ਉਹਨੇ ਇਨ੍ਹਾਂ ਦੇ ਵਿਸ਼ਲੇਸ਼ਣ ਸਮੇਂ ਜਿੰਨਾਂ, ਭੂਤਾਂ, ਡਾਇਣਾਂ, ਮਕਾਰਨਾਂ, ਸੱਪਾਂ, ਜਲ ਪਰੀਆਂ, ਜਾਦੂ, ਟੂਣੇ ਟੋਟਕੇ, ਤਕਦੀਰ-ਪ੍ਰਸਤੀ ਵਗੈਰਾ ਦੇ ਵਿਸ਼ੇ ਉਭਾਰੇ ਹੈ। ਉਹ ਇਹ ਗੱਲ ਚੇਤੇ ਕਰਵਾਉਣਾ ਚਾਹੁੰਦਾ ਹੈ ਕਿ ਮਹਾਂਦੀਪ ਦਾ ਵਸੇਬ ਪਿਛਲ-ਪੈਰਾ ਹੈ, ਜਿਹੜਾ ਵੇਲੇ ਦਾ ਸਾਥ ਨਹੀਂ ਦੇ ਸਕਿਆ। ਇਸ ਵਿਚਾਰਧਾਰਾ ਪਿਛੇ ਮੈਕਸ ਮੂਲਰ ਤੇ ਐਡਵਰਡ ਬੀ. ਟਾਮਕਰ ਦੀ ਸੂਝ ਝਲਕਾਰੇ ਮਾਰਦੀ ਹੈ। ਮੂਲਰ ਆਰੀਆਈ ਵਿਚਾਰਧਾਰਾ ਦੇ ਪੈਰੋਕਾਰਾਂ ਵਿਚੋਂ ਹੈ। ਉਸ ਆਖਿਆ ਹੈ ਕਿ ਮਹਾਂਦੀਪ ਦਾ ਉਤਲਾ ਮੇਲ ਵੀ ਆਰੀਆਈ ਹੈ। ਇਥੇ ਦੀ ਵਸੇਬ ਤਾਂ ਉਸਰੇ, ਪਰ ਇਥੋਂ ਦਾ ਉਤਲਾ ਮੇਲ ਥਲਵੇਂ ਮੇਲ ਵਾਲਾ ਚਾਲਾ ਫੜ ਬੈਠਾ। ਹੁਣ ਇਹਦਾ ਸਿਹਰਾ ਗੋਰੇ ਦੇ ਸਿਰ ਹੀ ਬੱਝ ਸਕਦਾ ਏ ਕਿ ਇਸ ਵਸੇਬ ਨੂੰ ਸਾਊ ਬਣਾਏ। ਸੁਆਦਲੀ ਗੱਲ ਤਾਂ ਇਹ ਹੈ ਕਿ ਯੂਰਪੀ ਸੂਝਵਾਨਾਂ ਨੂੰ ਮੂਲਰ ਦੀ ਇਹ ਗੱਲ ਵੀ ਵਾਰਾ ਨਾ ਖਾਧੀ ਕਿ ਕਦੀ ਪੁਰਾਣੇ ਸਮਿਆਂ ਵਿਚ ਵੀ ਇਹ ਗੁਣੀ ਹੁੰਦੇ ਸਨ।

ਮੂਲਰ ਦੇ ਜ਼ਬਰਦਸਤ ਦਾਅਵਿਆਂ ਦੇ ਬਾਵਜੂਦ ਪੂਰਬੀ ਭਾਸ਼ਾਵਾਂ ਤੇ ਗਿਆਨ ਦੇ ਮਾਹਰ ਗੋਰਿਆਂ ਵਿਚ ਅਜਿਹੇ ਜੀਅ ਸਨ ਜਿਹੜੇ ਇਸ ਗੱਲ 'ਤੇ ਜ਼ੋਰ ਦਿੰਦੇ ਕਿ ਹਿੰਦੋਸਤਾਨੀ ਸਭਿਆਚਾਰ ਪਖੋਂ ਬਹੁਤ ਪਛੜੇ ਹੋਏ ਸਨ। ਮੂਲਰ ਦੀ ਬਹੁਤ ਸਖਤ ਮੁਖਾਲਫਤ ਦੋ ਪਾਸਿਉਂ ਹੋਈ ਜਿਸ ਨੂੰ ਟਰਾਟਮਾਨ ਨੇ ਨਸਲੀ ਸਾਇੰਸ ਦੇ ਹਵਾਲੇ ਨਾਲ ਬਿਆਨ ਕੀਤਾ ਹੈ। ਉਹਨੇ ਅੰਗਰੇਜ਼ਾਂ ਦੇ ਇਸ ਵਿਚਾਰ ਨੂੰ ਮੁੱਖ ਰੱਖਿਆ ਜਿਹਦੇ ਮੁਤਾਬਕ ਸੰਸਕ੍ਰਿਤ ਦੇ ਸਾਰੇ ਦਾਅਵਿਆਂ ਦੇ ਹੁੰਦਿਆਂ ਵੀ ਹਿੰਦੁਸਤਾਨੀ ਇਕ ਵੱਖਰੀ ਹੀਣੀ ਅਤੇ ਨਾ ਠੀਕ ਹੋ ਸਕਣ ਵਾਲੀ ਨਸਲ ਹਨ।

ਟੈਂਪਲ ਦਾ ਨਾਂ ਉਨ੍ਹਾਂ ਸਿਰ ਕੱਢਵੇਂ ਆਲਮਾਂ ਵਿਚੋਂ ਹੈ ਜਿਨ੍ਹਾਂ ਫੋਕਲੋਰ ਬਾਰੇ ਮੁਢਲੀਆਂ ਬਹਿਸਾਂ ਵਿਚ ਸੀਰ ਪਾਇਆ। ਉਦੋਂ ਤਕ ਫੋਕਲੋਰ ਨੂੰ ਮਾਨਵ-ਵੰਸ਼ ਵਿਗਿਆਨ, ਮਿਥਿਹਾਸ, ਭਾਸ਼ਾ ਵਿਗਿਆਨ, ਤਾਰੀਖ ਤੇ ਸਾਇੰਸੀ ਪੱਖੋਂ ਪਰਖਣ ਦੀ ਪਿਰਤ ਪੈ ਚੁਕੀ ਸੀ। ਟੈਂਪਲ ਪੰਜਾਬੀ ਲੋਕ ਸਾਹਿਤ ਉਤੇ ਬੋਲੀ/ਭਾਸ਼ਾ ਦੇ ਅਸੂਲ ਲਾਗੂ ਕਰ ਕੇ ਤਾਂ ਦਿਲ ਆਏ ਸਿੱਟੇ ਕੱਢ ਲੈਂਦਾ ਹੈ, ਪਰ ਤਾਰੀਖ ਤੋਂ ਕੰਨੀ ਕਤਰਾ ਜਾਂਦਾ ਹੈ। ਇਹ ਗੱਲ ਨਹੀਂ ਕਿ ਉਹਨੂੰ ਫੋਕਲੋਰ ਦੇ ਖੇਤਰ ਵਿਚ ਤਾਰੀਖੀ ਵਿਸ਼ਲੇਸ਼ਣ ਦਾ ਪਤਾ ਨਹੀਂ, ਸਗੋਂ ਉਹ ਖੁਦ ਲਾਰੰਸ ਗੋਮ ਦੀ ਸੋਭਾ ਕਰਦਾ ਹੈ ਜਿਸ ਨੇ ਫੋਕਲੋਰ ਨੂੰ ਤਾਰੀਖੀ ਸਾਇੰਸ ਆਖਿਆ ਹੈ,

"ਇਨ੍ਹਾਂ ਕਹਾਣੀਆਂ ਦੇ ਤਾਰੀਖੀ ਪੱਖਾਂ ਬਾਰੇ ਗੱਲ ਕਰਨ ਦਾ ਨਾ ਇਹ ਮੌਕਾ ਹੈ ਤੇ ਨਾ ਹੀ ਵੇਲਾ। ਹਿੰਦੋਸਤਾਨ ਵਿਚ ਮੁਨਾਸਬ ਲਾਇਬਰੇਰੀਆਂ ਵੀ ਤਾਂ ਨਹੀਂ ਤੇ ਇਹ ਵੇਲੇ ਦੀ ਅਹਿਮ ਲੋੜ ਹੈ। ਇਨ੍ਹਾਂ ਕਹਾਣੀਆਂ ਦੇ ਆਮ ਲੋਕ ਕਹਾਣੀਆਂ ਨਾਲ ਸਾਂਗੇ ਬਾਰੇ ਖੋਜ ਨੂੰ ਵੀ ਠੀਕ ਤਰ੍ਹਾਂ ਨਹੀਂ ਫੜਿਆ ਜਾ ਸਕਦਾ।"

ਜ਼ਾਹਰ ਹੈ ਕਿ ਰਾਜਾ ਰਸਾਲੂ ਤੇ ਗੋਰਖਨਾਥ ਦੀਆਂ ਤਾਰੀਖੀ ਕਹਾਣੀਆਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਤਾਂ ਅਰਬ ਧਾੜਵੀਆਂ ਅੱਗੇ ਬੰਨ੍ਹ ਬੰਨ੍ਹਣ ਦੀ ਸੂਝ ਦਿਸਣੀ ਹੈ, ਜਿਸ ਵੱਲ ਉਸ ਆਪ ਵੀ ਇਸ਼ਾਰਾ ਕੀਤਾ ਹੈ। ਗੋਰਖਨਾਥ ਦੇ ਕਈ ਸ਼ਿਅਰਾਂ ਤੋਂ ਸਹਿਜ ਸੁਭਾਅ ਦਿਸ ਪੈਂਦਾ ਹੈ ਕਿ ਉਹਨੂੰ ਸਿੰਧ ਵਾਦੀ ਉਤੇ ਧਾੜਵੀਆਂ ਦਾ ਕਬਜ਼ਾ ਵਾਰਾ ਨਹੀਂ ਖਾਂਦਾ। ਇਸ ਜ਼ਾਵੀਏ ਤੋਂ ਪੜ੍ਹਿਆਂ ਇਹ ਸਿੱਟਾ ਨਿਕਲ ਸਕਦਾ ਹੈ ਕਿ ਦੇਸੀ ਲੋਕਾਂ ਦੇ ਵਡੇਰੇ ਵੀ ਧਾੜਵੀਆਂ ਅੱਗੇ ਹਿੱਕਾਂ ਡਾਹ ਕੇ ਜਾਨਾਂ ਦੇ ਨਜ਼ਰਾਨੇ ਪੇਸ਼ ਕਰਦੇ ਹਨ।

ਤੀਜੀ ਜਿਲਦ ਵਿਚ ਅਜਿਹੀਆਂ ਕਹਾਣੀਆਂ ਦੀ ਸੂਚੀ ਦਿੱਤੀ ਹੈ ਜਿਨ੍ਹਾਂ ਨੂੰ ਉਹ ਕਿਤਾਬੀ ਰੂਪ ਨਹੀਂ ਦੇ ਸਕਿਆ। ਉਨ੍ਹਾਂ ਵਿਚ ਦੁੱਲਾ ਭੱਟੀ, ਜੈਮਲ ਫੱਤਾ, ਗੁਰੂ ਗੋਬਿੰਦ ਸਿੰਘ, ਰਣਜੀਤ ਸਿੰਘ ਤੇ ਹਰੀ ਸਿੰਘ ਨਲਵਾ ਦੀਆਂ ਕਹਾਣੀਆਂ ਵੀ ਹਨ। ਇਹ ਪਾਤਰ ਧਾੜਵੀਆਂ ਮੂਹਰੇ ਹਿੱਕਾਂ ਡਾਹੁਣ ਵਾਲੇ ਹਨ। ਜੇ ਇਹ ਕੌਮ ਪਹਿਲੇ ਧਾੜਵੀਆਂ ਅੱਗੇ ਖਲੋ ਸਕਦੀ ਹੈ ਤਾਂ ਅਜੋਕਿਆਂ ਅੱਗੇ ਕਿਉਂ ਨਹੀਂ?

1857 ਦੀ ਜੰਗ-ਇ-ਆਜ਼ਾਦੀ ਮਗਰੋਂ ਪੂਰਬ ਦੀਆਂ ਭਾਸ਼ਾਵਾਂ ਤੇ ਵਿਦਿਆ ਦੇ ਮਾਹਿਰ ਗੋਰਿਆਂ ਦੀ ਖੋਜ ਦਾ ਮੁਹਾਣ ਹੀ ਬਦਲ ਗਿਆ। ਹੁਣ ਅਜਿਹੇ ਨੁਸਖੇ ਹੀ ਵਾਰਾ ਖਾਂਦੇ ਸਨ ਜਿਨ੍ਹਾਂ ਰਾਹੀਂ ਲੋਕਾਈ ਨੂੰ ਹਿੱਲਣ ਨਾ ਦਿਤਾ ਜਾਵੇ। ਜਦੋਂ ਟੈਂਪਲ ਖੋਜ ਕਰ ਰਿਹਾ ਸੀ ਤਾਂ ਉਦੋਂ ਸ਼ਾਹ ਮੁਹੰਮਦ ਦੀ 'ਸਿੱਖਾਂ ਦੀ ਵਾਰ' ਅਤੇ ਜੰਗ-ਇ-ਆਜ਼ਾਦੀ ਦੇ ਢੋਲੇ ਲੋਕਾਈ ਵਿਚ ਪ੍ਰਚਲਿਤ ਸਨ। ਕੀ ਕੋਈ ਮੁਨਸ਼ੀ ਟੈਂਪਲ ਅੱਗੇ ਇਹ ਢੋਲੇ ਰੱਖਦਾ? ਜੇ ਭੁੱਲ ਚੁਕ ਨਾਲ ਉਹਦੇ ਤਾਈਂ ਅਪੜ ਵੀ ਜਾਂਦੇ ਤਾਂ ਉਹ ਆਪਣੀ ਸੂਚੀ ਵਿਚ ਸ਼ਾਮਲ ਕਰ ਲੈਂਦਾ? ਉਸ ਤਾਂ ਦੂਜੇ ਧਾੜਵੀਆਂ ਬਾਰੇ ਲੋਕ ਸਾਹਿਤ ਇਕੱਠਾ ਕਰ ਕੇ ਨਹੀਂ ਛਾਪਿਆ, ਗੋਰੇ ਦੇ ਖਿਲਾਫ ਤਾਂ ਦੂਰ ਦੀ ਗੱਲ ਹੈ। ਸਿੱਧੀ ਜਿਹੀ ਗੱਲ ਹੈ ਕਿ ਉਹਨੇ 'ਕੋਲੋਨੀਅਲ ਨਾਲਿਜ' ਲਈ ਅਜਿਹੇ ਵਿਸ਼ੇ ਚੁਣੇ, ਜਿਨ੍ਹਾਂ ਰਾਹੀਂ ਪੰਜਾਬੀਆਂ ਦੀ ਨਫਸੀਆਤ ਤਕ ਅਪੜਿਆ ਜਾ ਸਕੇ, ਪਰ ਇਨ੍ਹਾਂ ਦੀ ਵਡਿਆਈ ਦਾ ਕੋਈ ਪੱਖ ਮੂਹਰੇ ਨਾ ਆਵੇ। ਨਿਕੋਲਸ ਬੀ. ਡਿਰਕਸ ਨੇ ਇਨ੍ਹਾਂ ਟੀਚਿਆਂ ਵਲ ਹੀ ਧਿਆਨ ਦਿਵਾਇਆ ਹੈ, "ਇਸ ਤੋਂ ਇਹ ਗੱਲ ਵੀ ਨਿਤਰਦੀ ਹੈ ਕਿ ਬਸਤੀਵਾਦੀ ਰਿਆਸਤੀ ਲੋਕਾਈ ਨੂੰ ਆਧੁਨਿਕ ਕੌਮੀ ਲੋਕਾਈ ਤੋਂ ਅੱਡ ਨਾ ਸਮਝਿਆ ਜਾਵੇ। ਬਸਤੀਵਾਦੀ ਰਿਆਸਤ ਨੂੰ ਵਪਾਰਕ ਰਿਆਸਤ ਦੇ ਤੌਰ 'ਤੇ ਵੇਖਿਆ ਜਾ ਸਕੇ। ਸਾਰੀ ਇਤਿਹਾਸਕਾਰੀ, ਦਸਤਾਵੇਜ਼, ਤਸਦੀਕ ਤੇ ਇਨ੍ਹਾਂ ਦਾ ਬਿਆਨ ਇਹ ਰਿਆਸਤ ਦੇ ਤਰੀਕੇ ਸਨ, ਜਿਸ ਰਾਹੀਂ ਜਾਣਕਾਰ ਨੂੰ ਹਕੂਮਤ ਲਈ ਵਰਤਣਾ ਸੀ।"

ਹੁਣ ਅੰਗਰੇਜ਼ਾਂ ਦੇ ਟੀਚੇ ਕੋਈ ਏਡੇ ਵੀ ਗੁੱਝੇ ਨਹੀਂ ਲਗਦੇ। ਉਹ ਚੜ੍ਹਦੇ ਵਾਲੇ ਦੇਸ਼ਾਂ ਵਿਚ ਮੁਹਾਂਦਰਾ ਵਿਗਾੜ ਕੇ ਕੂੜ ਕਹਾਣੀ ਘੜਦੇ ਹਨ ਕਿ ਕਾਲੋਨੀਆਂ ਵਿਚੋਂ 'ਕੋਲੋਨੀਅਲ ਨਾਲਿਜ' ਰਾਹੀਂ ਇਨ੍ਹਾਂ ਉਤੇ ਪਕੜ ਪੱਕੀ ਕੀਤੀ ਜਾਵੇ ਤੇ ਇਨ੍ਹਾਂ ਦੇ ਵਸੀਲਿਆਂ ਨੂੰ ਲੁਟਿਆ ਜਾਵੇ। ਟੈਂਪਲ ਦੇ ਦੀਬਾਚੇ ਇਸੇ ਸੂਝ ਦਾ ਸਿੱਟਾ ਹਨ, ਪਰ ਇਥੇ ਇਕ ਗੱਲ ਨਾ ਨਿਤਾਰਨੀ ਅਨਿਆਂ ਹੋਵੇਗਾ ਕਿ ਸਾਹਿਤ ਤੇ ਸਮਾਜੀ ਇਲਮਾਂ ਦਾ ਘੇਰ ਅੱਡੋ ਅੱਡ ਹੁੰਦਾ ਹੈ। ਟੈਂਪਲ ਨੇ ਲੋਕ ਸਾਹਿਤ ਦੇ ਜੋ ਭੰਡਾਰ ਇਕੱਠੇ ਕਰ ਦਿੱਤੇ ਹਨ, ਜੇ ਉਹ ਨਾ ਕਰਦਾ ਤਾਂ ਅੱਜ ਖੌਰੇ ਅਸੀਂ ਇਨ੍ਹਾਂ ਵਿਚੋਂ ਚੋਖੇ ਤੋਂ ਜਾ ਜਾਣੂੰ ਹੀ ਨਾ ਹੁੰਦੇ। ਇਸ ਭੰਡਾਰ ਤੋਂ ਕੋਈ ਦੇਸੀ ਸੂਝਵਾਨ ਠੀਕ ਸਿੱਟੇ ਵੀ ਕੱਢ ਸਕਦਾ ਹੈ। ਇੰਜ 'ਲੀਜੈਂਡਜ਼' ਦੇ ਮਤਨ ਤੇ ਮਿਹਨਤ ਦੀ ਵਡਿਆਈ ਤੋਂ ਉਕਾ ਈ ਇਨਕਾਰੀ ਨਹੀਂ ਹੋ ਸਕੀਂਦਾ।

# ਕਾਵਿ ਜਗਤ

## ਰਾਜਨੀਤੀ

ਰਾਜਨੀਤੀ ਦਾ ਇਹੀਓ ਫੰਡਾ
ਜੀਹਦਾ ਡੰਡਾ ਓਹਦਾ ਈ ਭੰਡਾ।
ਜਦ ਵੀ ਭੰਡਾ ਅੱਖ ਦਿਖਾਵੇ
ਬੁਰਕੀ ਡੰਡਾ ਮੂੰਹ 'ਚ ਪਾਵੇ
ਮੰਨ ਜਾਵੇ ਤਾਂ ਬਚ ਜੇ ਭੰਡਾ
ਰਾਜਨੀਤੀ ਦਾ ਇਹੀਓ ਫੰਡਾ
ਜੀਹਦਾ ਡੰਡਾ ਓਹਦਾ ਈ ਭੰਡਾ।

ਨਾ ਮੰਨੇ ਤਾਂ ਰੁਲ ਜੇ ਭੰਡਾ
ਵਿਕ ਕੇ ਬਣ ਜੇ ਸੁੱਚਾ ਭੰਡਾ
ਭੰਡਾ ਦਿਸਦਾ ਦੁਨੀਆਂ ਤਾਈਂ
ਅਸਲੀ ਤਾਕਤ ਹੁੰਦਾ ਡੰਡਾ।
ਰਾਜਨੀਤੀ ਦਾ ਇਹੀਓ ਫੰਡਾ
ਜੀਹਦਾ ਡੰਡਾ ਓਹਦਾ ਈ ਭੰਡਾ।

ਜੇ ਨਾ ਆਵੇ ਕਾਬੂ ਭੰਡਾ
ਕੱਢ ਲੈਣ 'ਉਹ' ਬਾਹਰ ਡੰਡਾ
ਡੰਡੇ ਬਿਨ ਫਿਰ ਕਾਹਦਾ ਭੰਡਾ
ਡੰਡੇ ਥੱਲੇ ਫਿਰ ਪੈ ਜੇ ਭੰਡਾ।
ਰਾਜਨੀਤੀ ਦਾ ਇਹੀਓ ਫੰਡਾ
ਜੀਹਦਾ ਡੰਡਾ ਓਹਦਾ ਈ ਭੰਡਾ।
ਜਦ ਭੰਡਾ ਹੋ ਜਾਏ ਪੁਰਾਣਾ
ਤਦ ਭੰਡੇ ਨੂੰ ਪੈਂਦਾ ਜਾਣਾ
ਨਵਾਂ ਲਿਆਉਂਦੇ ਕੱਢ ਕੇ ਭੰਡਾ
ਪਰ ਬਦਲੇ ਨਾ ਲੋਕੋ ਡੰਡਾ।
ਰਾਜਨੀਤੀ ਦਾ ਇਹੀਓ ਫੰਡਾ
ਜੀਹਦਾ ਡੰਡਾ ਓਹਦਾ ਈ ਭੰਡਾ।

ਆਪਣਾ ਇੱਕ ਬਣਾਓ ਡੰਡਾ
ਓਹਦੇ 'ਤੇ ਆਪਣਾ ਹੀ ਝੰਡਾ
ਕੱਢ ਦਿਓ ਡੰਡੇ ਦਾ ਕੰਡਾ
ਡੰਡੇ ਦਾ ਹੀ ਹੁੰਦਾ ਝੰਡਾ।
ਰਾਜਨੀਤੀ ਦਾ ਇਹੀਓ ਫੰਡਾ
ਜੀਹਦਾ ਡੰਡਾ ਓਹਦਾ ਈ ਭੰਡਾ।

*-ਜਸਵਿੰਦਰ ਸਿੰਘ ਸ਼ੇਰਗਿੱਲ*

---

## ਨਕਾਬ

ਕੁਦਰਤ ਦੇ ਨਜ਼ਾਰੇ ਵੱਖਰੇ,
ਮੌਸਮ ਬੜੇ ਰੰਗੀਨ ਹੁੰਦੇ ਨੇ!
ਕੁਝ ਪੌਦੇ ਪਾਣੀ 'ਚ ਹੁੰਦੇ ਨੇ
ਤੇ ਕੁਝ ਜ਼ਮੀਨ 'ਚ ਹੁੰਦੇ ਨੇ!!
ਸੱਪ ਤਾਂ ਆਪਣੇ ਪੇਟ ਦੀ ਖਾਤਰ
ਨੱਚਣ ਲੱਗ ਪੈਂਦਾ!
ਲੋਕ ਸਮਝਦੇ ਨੇ ਜੰਤਰ-ਮੰਤਰ
ਸਭ ਬੀਨ 'ਚ ਹੁੰਦੇ ਨੇ!!

ਬੇਵਫਾ ਵਿਚ ਵੀ ਹਰ ਹਾਲ
ਵਫਾ ਨਜ਼ਰ ਆਉਂਦੀ ਏ!
ਰਿਸ਼ਤੇ ਟੁੱਟਣ ਨਹੀਂ ਦਿੰਦਾ,
ਕਿੰਨੇ ਫਾਇਦੇ ਯਕੀਨ 'ਚ ਹੁੰਦੇ ਨੇ!!
ਚਾਹ ਕੇ ਵੀ ਬੁਰਾ ਨਹੀਂ
ਮਨਾਉਣਾ ਚਾਹੀਦਾ ਕਦੇ!
ਸਬਕ ਕਿੰਨੇ ਹੀ ਮਾਹਿਆਂ ਵੱਲੋਂ
ਕੀਤੀ ਤੌਹੀਨ 'ਚ ਹੁੰਦੇ ਨੇ!!

ਜਿਹਾ ਬੀਜੋਂਗੇ ਤੇਹਾ ਹੀ
ਵੱਢਣਾ ਪਏਗਾ ਮੇਰੇ ਹਜ਼ੂਰ!
ਵੱਖੋ ਵੱਖਰੇ ਸਬਕ ਕੌੜੇ-ਮਿੱਠੇ
ਤੇ ਨਮਕੀਨ 'ਚ ਹੁੰਦੇ ਨੇ!!

ਅਣਹੋਣੀ ਖੁਦ ਨਾਲ ਵਾਪਰਦੀ
ਪਤਾ ਉਦੋਂ ਹੀ ਲੱਗਦੈ!
ਮਜ਼ੇ ਉਂਜ ਬਹੁਤ ਹੀ,
ਵਜੋਂ ਤਮਾਸ਼ਬੀਨ 'ਚ ਹੁੰਦੇ ਨੇ!!
ਧੋਖਾ ਖਾ ਨਾ ਬਹਿਣਾ
ਕਦੇ ਚਮਕਦੀਆਂ ਸੂਰਤਾਂ ਤੋਂ!
ਨਕਾਬ ਹੋਰ ਵੀ ਬੜੇ,
ਪਿੱਛੇ ਚਿਹਰੇ ਹਸੀਨ 'ਚ ਹੁੰਦੇ ਨੇ!!

*-ਸਵਿੰਦਰ ਸਿੰਘ ਭੱਟੀ*
*ਫੋਨ: 91-98729-89193*

## ਇੱਕ ਦਾ ਇੱਕ

ਗੁਰ ਨਾਨਕ ਨੂੰ ਜਿਸ ਨੇ ਦਿਲ ਤੋਂ ਚਾਹਿਆ ਹੈ।
ਲੋਕਾਂ ਕੋਲੋਂ ਕਾਫਰ ਹੀ ਸਦਵਾਇਆ ਹੈ।
ਬਾਬੇ ਦੇ ਚੱਲਣ ਲਈ ਦੱਸੇ ਰਾਸਤੇ ਨੂੰ,
ਦਾਅਵੇਦਾਰਾਂ ਹੀ ਇਥੇ ਝੁਠਲਾਇਆ ਹੈ।
ਹੁਣ ਤੇ ਬੰਦਾ ਓਹੋ ਕੁਝ ਹੀ ਕਰਦਾ ਹੈ,
ਜਿਸ ਤੋਂ ਸਾਡਾ ਖਹਿੜਾ ਗੁਰਾਂ ਛਡਾਇਆ ਹੈ।
ਉਸ ਦੇ ਦੱਸੇ 'ਇੱਕ' ਦੀ ਜੋ ਗੱਲ ਕਰੇ,
ਦੋਸ਼ ਉਸੇ 'ਤੇ ਦੁਬਿਧਾ ਵਾਲਾ ਲਾਇਆ ਹੈ।
ਸਿੱਖਾਂ ਦਾ ਤੇ ਇੱਕੋ ਰਾਹ ਦਸੇਰਾ ਹੈ,
ਜ਼ਿੰਦਗੀ ਦਾ ਹਰ ਪਹਿਲੂ ਜਿਸ ਸਮਝਾਇਆ ਹੈ।
ਬਾਪੂ ਤਾਂ ਬਸ ਇੱਕ ਬਾਪੂ ਹੀ ਹੁੰਦਾ ਹੈ,
ਲੱਖ ਕਹਾਵੇ ਕੋਈ ਚਾਚਾ-ਤਾਇਆ ਹੈ।
ਉਸ ਦਾ ਪੱਲਾ ਛੱਡ ਹੋਰ ਦਾ ਫੜਨਾ ਨਾ,
ਬਿਪਰਾਂ ਭਾਵੇਂ ਵੱਖ ਸ਼ਰੀਕ ਬਣਾਇਆ ਹੈ।
ਜੀਵਨ ਦੇ ਲਈ ਇਕ ਸੂਰਜ ਹੀ ਕਾਫੀ ਹੈ,
ਜਿਸ ਨੇ ਪੂਰੇ ਤਨ-ਮਨ ਨੂੰ ਰੁਸ਼ਨਾਇਆ ਹੈ।
ਓਹੀਓ ਜਥੇਦਾਰ ਅਤੇ ਹੁਕਮਨਾਮਾ ਹੈ,
ਉਸੇ ਦੇ ਹੀ ਹੁਕਮ ਨੂੰ ਸੀਸ ਨਿਵਾਇਆ ਹੈ।
ਜਿਸ ਨੂੰ ਸੂਰਜ ਦੇ ਚਾਨਣ ਵਿਚ ਦਿਖਦਾ ਨਾ,
ਉਸ ਨੇ ਜੱਗ 'ਤੇ ਉਲੂ ਹੀ ਸਦਵਾਇਆ ਹੈ।
ਜੱਗ ਰੁਸਦਾ ਤਾਂ ਰੁਸ ਜੇ ਨਾ ਪਰਵਾਹ ਮੰਨਦਾ,
ਜਿਸ ਝਲਕਾਰਾ ਇੱਕ ਦਾ 'ਇੱਕ' ਤੋਂ ਪਾਇਆ ਹੈ।

*-ਗੁਰਮੀਤ ਸਿੰਘ ਬਰਸਾਲ*

---

## ਜੁਗਨੂੰ

ਜਿਹੜਾ ਰਾਤ ਇਸ਼ਾਰੇ ਕਰਦਾ ਹੈ
ਦਿਨ ਵੇਲੇ ਉਹ ਕਿਥੇ ਲੁਕਦਾ ਮਰਦਾ ਹੈ।
ਸੂਰਜ ਚੰਨ ਸਿਤਾਰੇ ਆਸ਼ਕ ਧਰਤੀ ਦੇ
ਦੂਰੋਂ ਘੁੰਮਦਾ ਹਰ ਇਕ ਉਸ ਤੋਂ ਡਰਦਾ ਹੈ।
ਜੇ ਨਾ ਮਿਲੇ ਸੋਚ ਲਵੀਂ ਮਜਬੂਰੀ ਸੀ
ਮਿਲਿਆਂ ਬਾਝੋਂ ਵਰਨਾ ਕੀਹਦਾ ਸਰਦਾ ਹੈ।
ਬਣ ਜਾਂਦਾ ਏ ਅੰਮ੍ਰਿਤ ਰਾਤੀਂ ਜ਼ਹਿਰੀ ਜਾਮ
'ਚੰਨ' ਜਦੋਂ ਰਿਸ਼ਮਾਂ ਦੀ ਬਾਰਿਸ਼ ਕਰਦਾ ਹੈ।
ਤੇਰੇ ਬਾਝੋਂ ਜੀਵਨ ਮੁੱਕਦਾ ਜਾਂਦਾ ਜਿਉਂ
ਨਦੀ ਕਿਨਾਰਾ ਹੌਲੀ ਹੌਲੀ ਖਰਦਾ ਹੈ।
ਅੱਖਾਂ ਮੀਚ ਕੇ ਇਸ਼ਕ ਝਨਾਂ ਵਿਚ ਮਾਰੇ ਛਾਲ
ਓਹੀਓ ਆਸ਼ਕ ਇਸ਼ਕ ਸਮੁੰਦਰ ਤਰਦਾ ਹੈ।
ਹੋ ਜਾਵੇਗਾ ਅਮਰ ਉਹ ਪ੍ਰੇਮ ਦੀ ਦੁਨੀਆਂ 'ਚ
ਐ 'ਗਿੱਲ' ਜੋ ਉਸ ਕਾਫਰ ਬੁੱਤ 'ਤੇ ਮਰਦਾ ਹੈ।

*-ਜੁਗਰਾਜ ਗਿੱਲ, ਅਬੋਹਰਵੀ*
*ਫੋਨ: 704-257-6693*

---

## ਹੁਸ਼ਿਆਰ! ਖਬਰਦਾਰ

ਮੈਂ ਕਰ ਰਿਹਾ ਹਾਂ,
ਕਰਦਾ ਰਹਾਂਗਾ ਹੱਕੀ ਸੰਘਰਸ਼,
ਆਪਣਾ ਸੰਪੰਨਸ਼ੀਲ
ਅਸਤਿਤਵ ਬਚਾਉਣ ਖਾਤਰ।
ਇਹ ਨਾ ਸਮਝੋ ਕਿ ਮੈਂ ਡਰ ਰਿਹਾ ਹਾਂ।
ਲੱਜਾ ਤੋਂ ਡਰਦਾ ਮੌਨ-ਵਰਤ ਕਰੇ,
ਮੂਰਖ ਭਾਣੇ ਮੈਥੋਂ ਡਰੇ।
ਵੇਖ, ਪਰਖ ਲਏ ਚਿਹਰੇ,
ਮਹਿਸੂਸ ਲਏ ਮੈਂ ਸਾਰੇ ਪ੍ਰਯੋਜਨ,
ਖਾਣ ਤੇ ਵਿਖਾਉਣ ਵਾਲੇ ਵਿਭਿੰਨ
ਟਪਲਾਊ ਦੰਦਾਂ ਦੀ ਨੁਮਾਇਸ਼।
ਗੁਮਰਾਹਕੁਨ ਕੂੜ ਕਲੇਮ ਦੀ
ਹੁੰਦੀ ਹੈ, ਥੋੜ੍ਹਚਿਰੀ ਆਰਜ਼ੂ।
ਕੁਫਰ ਨਹੀਂ ਤੋਲ ਸਕਦੇ,
ਝੂਠ ਨਹੀਂ ਬੋਲ ਸਕਦੇ ਤੁਸੀਂ
ਸ਼ੀਸ਼ੇ ਦੇ ਸਾਹਮਣੇ ਖੜ੍ਹ ਕੇ।
ਵੇਖਣ ਪਛਾਨਣ ਦੇ ਸਮਰੱਥ ਹੈ ਇਹ
ਨਿਕਾਬਾ, ਮਖੌਟਿਆਂ,
ਪਰਦਿਆਂ ਅੰਦਰ ਛਿਪੇ,
ਧਵਾਂਖੇ ਕਰੂਪ ਬਹੁਤੰਤਰੀ,
ਬਹੁਰੰਗੀ ਅਸਲੀ ਨਕਲੀ ਚਿਹਰੇ।
ਸਮਰੱਥ ਤਾੜਦਾ ਪਾਰਦਰਸ਼ੀ
ਰਿਕਾਰਡ ਕਰਦਾ ਤੁਹਾਡੀ ਹਰ ਹਰਕਤ,
ਇਹ ਗੁਪਤ ਵੀਡੀਓ ਕੈਮਰਾ।
ਸੌ ਦਿਨ ਚੋਰ ਦਾ... ਇੱਕ ਦਿਨ ਸਾਧ ਦਾ।
ਮੌਕਾਪ੍ਰਸਤ, ਫਰੇਕੂਟਣ ਚਾਲਬਾਜ਼ੀਆਂ
ਤੇ ਚਾਪਲੂਸੀਆਂ ਤੋਂ ਸੁਚੇਤ
ਜਾਗ ਉਠਿਆ ਹੈ ਭੌਂ ਮੰਡਲ।
ਸੋਮਨ ਹੋ ਗਈ ਜਨਤਾ ਬਿਨ-ਸਿੰਗੇ
ਅਕ੍ਰਿਤਘਣਾਂ ਦੀ ਧੱਕੇਸ਼ਾਹੀ ਤੋਂ।
ਛੱਲ ਕਪਟ ਤੇ ਚੀਰਹਰਣ ਡਰਾਮਾ
ਨਹੀਂ ਖੇਡਿਆ ਜਾਣਾ ਹੁਣ।
ਲੋਕਾਈ ਨੇ ਮੰਗਣਾ ਹੈ ਲੇਖਾ-ਜੋਖਾ
ਤੇ ਹਥਿਆ ਲੈਣਾ ਆਪਣਾ ਭੁਗਤਾਨ।
ਹੋਰ ਨਾ ਅਜ਼ਮਾਓ,
ਬਹੁਤ ਸਬਰ ਹੈ ਪ੍ਰਿਥਵੀ ਦਾ।
ਤਿਆਗ ਦਿਓ ਕਾਗਜ਼ੀ ਬੰਦੂਕਾਂ,
ਤਲਵਾਰਾਂ, ਗੁਰਜ, ਕੂੜੇ ਲੋਭ ਲਾਲਚ
ਕਾਇਮ ਰੱਖੋ ਕਿਰਦਾਰ,
ਪੂਰੇ ਕਰੋ ਪਿਛਲੇ ਇਕਰਾਰ,
ਸੁੱਟ ਦਿਓ ਹੋਛੇ ਹਥਿਆਰ!
ਹੋ ਜਾਣੇ ਨੇ ਸਾਰੇ ਹੁਣ ਚਿੰਤਨ ਮੰਥਨ
ਤਰਕ ਦੇ ਸ਼ਿਕਾਰ।
ਹੁਸ਼ਿਆਰ! ਖਬਰਦਾਰ।

*-ਚਰਨਜੀਤ ਸਿੰਘ ਪੰਨੂ, ਸੈਨ ਹੋਜ਼ੇ*

---

## ਸਹਿਜ

ਜ਼ਿੰਦਗੀ! ਦੁੱਖਾਂ ਸੁੱਖਾਂ
ਤੇ ਬਰਸਾਤ ਜਿਹੀ।
ਵੁੜੀ ਕਲਮ, ਲਿਖਿਆ ਕਰਮ
ਰੱਬ ਦੀ ਏਹ ਸੌਗਾਤ ਜਿਹੀ।
ਅਜ਼ਲਾਂ ਦਾ ਭੇਦ, ਚਾਹੇ ਕਹਿ ਖੇਦ
ਖੇਡ ਸਾਰੀ ਉਸ ਦੀ ਏਹੀ।
ਇਨਸਾਨ ਚਾਹ, ਦੱਸੇ ਨਵੇਂ ਰਾਹ
ਗਰਦਸ਼ ਸਿਤਾਰੇ ਨਾ ਕਦੀ।
ਆਦਮੀ ਦੀ ਸੋਚ, ਛੋਟੀ ਸੰਕੋਚ
ਢਹਿੰਦੇ ਮੁਨਾਰੇ ਜਿਵੇਂ ਕਈ।
ਪਰਬਤਾਂ ਨੂੰ ਠੱਲ੍ਹ, ਜਾਣੇ ਉਹੀ ਹੱਲ
ਸਿਮਟੀ ਕਜ਼ਾ ਨਾ ਦਿਸ ਰਹੀ।
ਰਵਾਨੀਆਂ ਦਾ ਵੇਗ, ਸੂਰਜਾਂ ਏਹ ਤੇਜ
ਸਭ ਉਸ ਦਾ ਅਕਲਾਂ ਸਹੀ।
ਹੁਕਮੈ ਦੀ ਕਾਰ, ਹੋਰ ਸੋਚਣਾ ਬੇਕਾਰ
ਅਵਾਜ਼ਾਰੀਆਂ ਸਭ ਹੋਰ ਹੀ।
ਕਰਦਾ ਜੋ 'ਉਹ', ਰੱਖ ਉਸ ਦਾ ਮੋਹ
ਸਹਿਜਾਂ ਦਾ ਸਹਿਜ ਉਹ ਆਪ ਹੀ।

*-ਪ੍ਰੋ. ਮਨਜੀਤ ਸ਼ਿਕਾਗੋ*
*ਫੋਨ: 815-793-7168*

ਕਹਾਣੀ

# ਭਗੀਰਥੀ

***ਪੰਜਾਬੀ ਸਭਿਆਚਾਰ ਵਿਚ ਖੁਸਰਿਆਂ ਜਾਂ ਹੀਜੜਿਆਂ ਦਾ ਹਮੇਸ਼ਾ ਇਕ ਖਾਸ ਸਥਾਨ ਰਿਹਾ ਹੈ। ਉਹ ਹਰ ਖੁਸ਼ੀ ਦੇ ਮੌਕੇ-ਭਾਵੇਂ ਮੁੰਡਾ ਜੰਮਿਆ ਹੋਵੇ ਜਾਂ ਮੁੰਡੇ ਦਾ ਵਿਆਹ ਹੋਇਆ ਹੋਵੇ, ਵਧਾਈਆਂ ਲੈ ਕੇ ਹਾਜ਼ਰ ਹੁੰਦੇ ਹਨ। ਉਨ੍ਹਾਂ ਦੇ ਸਰੀਰ ਵਿਚ ਕਿਸੇ ਕਮੀ ਲਈ ਉਹ ਆਪ ਜ਼ਿੰਮੇਵਾਰ ਨਹੀਂ ਹਨ ਪਰ ਫਿਰ ਵੀ ਸਾਡੇ ਸਮਾਜ ਵਿਚ ਉਨ੍ਹਾਂ ਨੂੰ ਹਿਕਾਰਤ ਨਾਲ ਵੇਖਿਆ ਜਾਂਦਾ ਰਿਹਾ ਹੈ। ਇਥੋਂ ਤੱਕ ਕਿ ਉਨ੍ਹਾਂ ਨੂੰ ਸਾਂਝੇ ਸ਼ਮਸ਼ਾਨਘਾਟ ਵਿਚ ਆਪਣੇ ਮੁਰਦੇ ਦਫਨ ਕਰਨ ਦਾ ਵੀ ਹੱਕ ਨਹੀਂ ਸੀ। ਉਹ ਵੀ ਇਨਸਾਨ ਹਨ, ਬਲਕਿ ਕਈ ਵਾਰ ਆਮ ਇਨਸਾਨਾਂ ਨਾਲੋਂ ਵੀ ਬਿਹਤਰ ਸਾਬਤ ਹੁੰਦੇ ਹਨ, ਇਹੀ ਗਾਥਾ ਆਪਣੀ ਇਸ ਲਿਖਤ ਵਿਚ ਲੇਖਕ ਮਨਮੋਹਨ ਕੌਰ ਨੇ ਬਿਆਨੀ ਹੈ। -ਸੰਪਾਦਕ***

ਪੂਰਨਮਾਸ਼ੀ ਦੀ ਰਾਤ ਸੀ, ਮੇਰੀ ਸੁਹਾਗ ਰਾਤ। ਉਸ ਰਾਤ ਵਰਗਾ ਚੰਨ ਮੈਂ ਜ਼ਿੰਦਗੀ 'ਚ ਸ਼ਾਇਦ ਕਦੀ ਨਹੀਂ ਦੇਖਿਆ-ਚਮਕਦਾ, ਗੋਲ ਮਟੋਲ। ਪੈਰ ਕਾਰ 'ਚੋਂ ਬਾਹਰ ਰਖੇ ਤਾਂ ਸਾਹਮਣੇ ਖੜ੍ਹਾ ਚੰਨ ਮੁਸਕਰਾਵੇ, ਮੈਨੂੰ ਇੰਨਾ ਨੇੜੇ ਜਾਪਿਆ ਜਿਵੇਂ ਆਪਣੇ ਕਲਾਵੇ 'ਚ ਹੀ ਲੈ ਲਵੇਗਾ। ਮੈਂ ਉਸ ਨੂੰ ਵਿਸਮਾਦੀ ਨਜ਼ਰਾਂ ਨਾਲ ਦੇਖ ਰਹੀ ਸਾਂ ਤਾਂ ਬਹੁਤ ਹੀ ਹਸੀਨ ਹੱਥਾਂ ਨੇ ਮੇਰਾ ਹੱਥ ਫੜ੍ਹਿਆ। ਘੁੰਡ 'ਚੋਂ ਹੀ ਮੈਂ ਉਸ ਹਸੀਨ ਚਿਹਰੇ ਨੂੰ ਦੇਖਿਆ। ਫਿਰ ਉਸ ਨੇ ਘੁੰਡ ਚੁੱਕ ਕੇ ਮੈਨੂੰ ਦੇਖਿਆ। ਪੰਜ ਚਾਂਦੀ ਦੇ ਸਿੱਕੇ ਮੇਰੀ ਤਲੀ 'ਤੇ ਧਰੇ। ਨਾਲ ਹੀ ਕੋਲ ਖੜ੍ਹੇ ਬੇਜੀ ਵੱਲ ਮੂੰਹ ਕਰਕੇ ਭਾਰੀ ਮਰਦਾਨਾ ਆਵਾਜ਼ 'ਚ ਬੋਲੀ, "ਬੇਜੀ! ਬਹੂ ਤਾਂ ਤੁਹਾਡੀ ਡੱਬੀ 'ਚ ਬੰਦ ਕਰਨ ਜੋਗੀ ਹੈ।" ਫਿਰ ਮੇਰੇ ਕੰਨ 'ਚ ਬੋਲੀ, "ਤੇਰਾ ਸਿਰ ਦਾ ਸਾਈਂ ਹੀਰਾ ਵੇ, ਸਾਂਭ ਕੇ ਰੱਖੀਂ!" ਉਸ ਮੇਰੀਆਂ ਸੱਤ ਬਲਾਵਾਂ ਲਈਆਂ ਅਤੇ ਬੇਜੀ ਤੋਂ ਪਾਣੀ ਦੀ ਗੜਵੀ ਲੈ ਮੇਰੇ ਇਸ ਤਰ੍ਹਾਂ ਨੇੜੇ ਕੀਤੀ ਕਿ ਗੜਵੀ ਦੇ ਪਾਣੀ 'ਚੋਂ ਮੇਰੇ ਚਿਹਰੇ ਨਾਲ ਚੰਨ ਵੀ ਦਿਸਿਆ। ਕਹਿਣ ਲੱਗੀ, "ਦੇਖ ਵਹੁਟੀਏ! ਤੇਰੇ ਸਵਾਗਤ ਲਈ ਅੱਜ ਚੰਨ

**ਮਨਮੋਹਨ ਕੌਰ**
ਫੋਨ: 91-98149-68849

ਵੀ ਜ਼ਮੀਨ 'ਤੇ ਉਤਰ ਆਇਆ ਵੇ।" ਮੈਂ ਛੂਈ ਮੂਈ ਹੋ ਜ਼ਮੀਨ ਵਲ ਦੇਖਣ ਲੱਗੀ। ਜਦੋਂ ਨਜ਼ਰ ਉਠਾਈ ਤਾਂ ਬੇਜੀ ਨੂੰ ਪਾਣੀ ਦੀ ਗੜਵੀ ਫੜਾ ਉਹ ਛੂਈਂ-ਮੂਈਂ ਹੋ ਗਈ।

ਮੈਂ ਉਦੋਂ 20-21ਵੇਂ ਸਾਲ ਵਿਚ ਸਾਂ। ਇੰਨੇ ਸਾਲ ਪੜ੍ਹਾਈ ਵੱਲ ਹੀ ਧਿਆਨ ਰਿਹਾ, ਬਹੁਤ ਹੀ ਸਾਦ ਮੁਰਾਦੀ ਜ਼ਿੰਦਗੀ ਦੇਖੀ ਸੀ। ਬੀ. ਐਡ. ਕਰ ਰਹੀ ਸਾਂ ਕਿ ਇਨ੍ਹਾਂ ਵਲੋਂ ਰਿਸ਼ਤਾ ਆਇਆ ਤੇ ਸ਼ਾਦੀ ਦਾ ਬਿਗਲ ਵੱਜ ਗਿਆ। ਸਾਡੀ ਦੇਖ ਦਿਖਾਈ ਵੀ ਗੁਰਦੁਆਰੇ ਹੀ ਹੋਈ ਸੀ। ਸਿਰਫ ਦੋ ਅੱਖਾਂ ਚਾਰ ਹੋਈਆਂ, ਨਾ ਕੋਈ ਸਵਾਲ, ਨਾ ਜਵਾਬ। ਬਸ ਇੰਨੀ ਕੁ ਹੀ ਸੀ ਪਹਿਲੀ ਮਿਲਣੀ।

ਇਹ ਬੇਜੀ ਦੇ ਲਾਡਲੇ ਪਰ ਸਰਵਣ ਪੁੱਤਰ ਸਨ, ਘਰ ਦੇ ਆਖਰੀ ਬਰਾਤੀ ਦੀ ਵੀ ਲੋੜ ਪੂਰੀ ਕਰਕੇ ਕਮਰੇ 'ਚ ਆਏ ਤਾਂ ਮੈਂ ਖਿੜਕੀ 'ਚ ਚੰਨ ਤੇ ਉਸ ਦੀਆਂ ਠੰਡੀਆਂ ਰਿਸ਼ਮਾਂ ਨੂੰ ਮਾਣ ਰਹੀ ਸਾਂ, ਇਹ ਮੇਰੇ ਕੋਲ ਆ ਕੇ ਖੜ੍ਹੇ ਹੋ ਗਏ, "ਦੇਖੋ! ਅੱਜ ਚੰਨ ਕਿੰਨਾ ਵੱਡਾ, ਨਜ਼ਦੀਕ ਅਤੇ ਸੋਹਣਾ ਲੱਗ ਰਿਹਾ ਹੈ ਜਿਵੇਂ ਸਾਡੀ ਖਿੜਕੀ 'ਤੇ ਪਹਿਰਾ ਦੇ ਰਿਹਾ ਹੋਵੇ।"

"ਹਾਂ ਹੈ ਤੇ ਸਹੀ ਪਰ ਮੈਂ ਤਾਂ ਆਪਣੇ ਚੰਨ ਨੂੰ ਦੇਖ ਰਿਹਾਂ।" ਇਨ੍ਹਾਂ ਮੇਰੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ, "ਉਹ ਚੰਨ ਮੇਰੇ ਚੰਨ ਨਾਲੋਂ ਫਿਕਾ ਹੈ।"

ਮੈਂ ਸ਼ਰਮਾ ਕੇ ਫਿਰ ਖਿੜਕੀ ਵਲ ਦੇਖਣ ਲੱਗੀ। ਇੰਨੇ 'ਚ ਦੇਖਿਆ ਕਿ ਦੂਰ ਗਲੀ ਦੇ ਚੁਬਾਰੇ ਦੀ ਖਿੜਕੀ ਵਿਚ ਉਹੀ ਪਿਆਰੀ ਜਿਹੀ ਔਰਤ ਸਾਡੇ ਵਲ ਦੇਖ ਰਹੀ ਸੀ। ਮੈਂ ਇੱਕ ਦਮ ਇਨ੍ਹਾਂ ਤੋਂ ਸਵਾਲੀਆ ਨਜ਼ਰ ਨਾਲ ਪੁੱਛਿਆ ਕਿ ਇਹ ਕੌਣ ਹੈ, ਭਗੀਰਥੀ।

"ਭਗੀਰਥੀ ਹਿਜੜਿਆਂ ਦਾ ਸਰਦਾਰ ਏ। ਇਹ ਪਾਕਿਸਤਾਨ ਤੋਂ ਹਿਜਰਤ ਕਰਕੇ ਆਏ ਰਿਫ਼ੂਜੀਆਂ ਨਾਲ ਹੀ ਆਏ ਸਨ। ਮੁਸਲਮਾਨਾਂ ਵਲੋਂ ਖਾਲੀ ਕੀਤੇ ਮਕਾਨਾਂ ਵਿਚੋਂ ਇੱਕ ਇਨ੍ਹਾਂ ਨੇ ਵੀ ਖਰੀਦ ਲਿਆ ਸੀ।" ਮੇਰੀ ਉਤਸੁਕਤਾ ਵੇਖ ਉਨ੍ਹਾਂ ਮੈਨੂੰ ਦੱਸਿਆ। ਤਾਹੀਓਂ ਗਲੀ ਦਾ ਨਾਂ ਹਿਜੜਿਆਂ ਵਾਲੀ ਗਲੀ ਪੈ ਗਿਆ।

ਗਲੀ 'ਚੋਂ ਲੰਘਦਿਆਂ, ਅਕਸਰ ਭਗੀਰਥੀ ਆਪਣੇ ਗਰੁਪ ਨਾਲ ਗਲੀ ਵਿਚ ਹੀ ਮਿਲ ਜਾਂਦੀ। ਉਹ ਮੇਰੇ ਨਾਲ ਬਹੁਤ ਹੀ ਮੋਹ ਕਰਨ ਲੱਗ ਪਈ, ਜਦੋਂ ਮਿਲਦੀ, ਘੁੱਟ ਕੇ ਕਲਾਵੇ 'ਚ ਲੈ ਲੈਂਦੀ। ਕਹਿੰਦੀ, "ਨੀ ਵਹੁਟੀਏ ਤੂੰ ਤਾਂ ਨਿਰੀ ਪੁਰੀ ਲੋਗੜ ਏਂ! ਪੱਕੀ ਪੀਡੀ ਹੋ ਜਾਹ, ਤਾਂਹੀਂ ਮੁੰਡਾ ਜੰਮੇਂਗੀ।" ਸ਼ਰਾਰਤ ਨਾਲ ਉਹ ਮੇਰੀਆਂ ਗੱਲ੍ਹਾਂ 'ਤੇ ਚੂੰਡੀ ਵੱਢਦੀ। ਢੋਲਕੀ ਦੀ ਥਾਪ ਅਤੇ ਥਿਰਕਦੇ ਪੈਰਾਂ ਦੇ ਘੁੰਗਰੂਆਂ ਦੀ ਆਵਾਜ਼ ਨਾਲ ਉਹ ਅਕਸਰ ਸਾਡੇ ਦੋਵਾਂ ਦੀਆਂ ਬਲਾਵਾਂ ਲੈਂਦੀ। ਮੈਨੂੰ ਵੀ ਉਹ ਚੰਗੀ ਲੱਗਣ ਲੱਗੀ। ਜਦੋਂ ਉਹ ਆਪਣੇ ਨਾਲ ਘੁੱਟਦੀ ਤਾਂ ਮੈਨੂੰ ਉਸ ਦੇ ਸੀਨੇ 'ਚੋਂ ਮਾਂ ਵਰਗੀ ਹੀ ਖੁਸ਼ਬੂ ਆਉਂਦੀ।

ਸੱਚ ਦਸਾਂ! ਮੈਨੂੰ ਕਿੰਨਰ ਤੋਂ ਬਹੁਤ ਡਰ ਲੱਗਦਾ ਸੀ। ਜਦੋਂ ਵੀ ਕਦੀ ਕਿਸੇ ਸ਼ਾਦੀ-ਵਿਆਹ, ਮੁੰਡਾ ਜੰਮਣ 'ਤੇ ਜਾਂ ਟਰੇਨ ਵਿਚ ਗਾਉਂਦਿਆਂ ਨੱਚਦਿਆਂ ਦੇਖਦੀ, ਉਨ੍ਹਾਂ ਦੀਆਂ ਹੋਛੀਆਂ ਹਰਕਤਾਂ ਬੁਰੀਆਂ ਲੱਗਦੀਆਂ, ਪਰ ਭਗੀਰਥੀ ਦੇ ਪਿਆਰ ਅਤੇ ਮੋਹ ਕਾਰਨ ਅਕਸਰ ਉਨ੍ਹਾਂ ਬਾਰੇ ਸੋਚਦੀ ਰਹਿੰਦੀ। ਲੋਕ ਇਨ੍ਹਾਂ ਨੂੰ ਨਫਰਤ ਕਿਉਂ ਕਰਦੇ ਹਨ? ਸਰੀਰ ਦੇ ਵਿਕਲਾਂਗ ਹੋਣ 'ਚ ਇਨ੍ਹਾਂ ਦਾ ਕਸੂਰ ਤਾਂ ਨਹੀਂ! ਕਿਉਂ ਇਹ ਲੋਕ ਪੇਟ ਖਾਤਿਰ ਦਰ ਦਰ ਭਟਕਦੇ ਹਨ! ਕਈਂ ਵਾਰੀ ਇਨ੍ਹਾਂ ਦੀਆਂ ਮੰਗਾਂ ਕਾਰਨ ਲੋਕੀਂ ਪ੍ਰੇਸ਼ਾਨ ਹੋ ਇਨ੍ਹਾਂ ਨੂੰ ਦੁਤਕਾਰਦੇ ਵੀ ਹਨ। ਪਸ਼ੂਆਂ ਨਾਲੋਂ ਵੀ ਬਦਤਰ ਇਨ੍ਹਾਂ ਨਾਲ ਸਲੂਕ ਹੁੰਦਾ ਹੈ। ਭਿਖਾਰੀ 'ਤੇ ਤਰਸ ਕਰਕੇ ਅਸੀਂ 10-20 ਰੁਪਏ ਭੀਖ ਦੇ ਦਿੰਦੇ ਹਾਂ ਪਰ ਇਨ੍ਹਾਂ 'ਤੇ ਕੋਈ ਤਰਸ ਨਹੀਂ ਕਰਦਾ।

ਕਦੀ ਕਿਸੇ ਨੇ ਇਨ੍ਹਾਂ ਨੂੰ ਸਰਕਾਰੀ-ਗੈਰ ਸਰਕਾਰੀ ਨੌਕਰੀ ਦੇ ਕਾਬਿਲ ਨਹੀਂ ਸਮਝਿਆ। ਹੋਰ ਤਾਂ ਕੀ, ਇਨ੍ਹਾਂ ਲੋਕਾਂ ਨੂੰ ਧਾਰਮਿਕ ਸਥਾਨਾਂ 'ਤੇ ਜਾਣ ਦੀ ਵੀ ਇਜਾਜ਼ਤ ਨਹੀਂ। ਸਮਾਜ ਦੇ ਇਹ ਇੱਕ ਕੱਟੇ ਅੰਗ ਵਾਂਙੂ ਹਨ। ਹੋਰ ਤਾਂ ਹੋਰ ਆਪਣੇ ਮਾਂ ਬਾਪ ਵਲੋਂ ਵੀ ਨਕਾਰੇ ਜਾਂਦੇ ਹਨ। ਇਥੋਂ ਤੱਕ ਕਿ ਇਹ ਬੀਮਾਰ ਹੋਣ ਤਾਂ ਕੋਈ ਡਾਕਟਰ ਵੀ ਇਨ੍ਹਾਂ ਕੋਲ ਨਹੀਂ ਬਹੁੜਦਾ। ਰਾਜਿਆਂ-ਮਹਾਰਾਜਿਆਂ ਦੇ ਸਮੇਂ ਇਨ੍ਹਾਂ ਦੀ ਕਿੰਨੀ ਪੁੱਛ ਹੁੰਦੀ ਸੀ! ਇਹ ਉਨ੍ਹਾਂ ਦੀ ਗੋਲੀ ਜਾਂ ਸਹੇਲੀ ਬਣ ਕੇ ਰਹਿੰਦੇ ਸਨ, ਕਈ ਵਾਰੀ ਸੂਹੀਏ ਦਾ ਵੀ ਕੰਮ ਕਰਦੇ ਸਨ।



***ਲੇਖਕ ਮਨਦੀਪ ਖੁਰਮੀ ਦੀ ਬੇਟੀ ਦੇ ਜਨਮ ਮੌਕੇ ਖੁਸਰੇ ਨਚਾਉਣ ਦੀ ਨਵੀਂ ਪਿਰਤ ਮੌਕੇ ਦੀ ਇਕ ਤਸਵੀਰ***

ਭਗੀਰਥੀ ਆਪਣੇ ਘਰ ਹੀ ਹਰ ਮੰਗਲਵਾਰ ਆਪਣੇ ਇਸ਼ਟ ਦੀ ਪੂਜਾ ਕਰਦੀ ਅਤੇ ਆਪਣੀ ਘਰ ਦੀ ਮੁਹਾਠ 'ਤੇ ਖੜ੍ਹੀ ਹੋ ਬੂੰਦੀ ਵਾਲੇ ਲੱਡੂਆਂ ਦਾ ਪ੍ਰਸ਼ਾਦ ਬੱਚਿਆਂ 'ਚ ਵੰਡਦੀ।

ਇਨ੍ਹੀਂ ਦਿਨੀਂ ਮੈਨੂੰ ਲੱਡੂ ਬਹੁਤ ਸਵਾਦ ਲੱਗਦੇ। ਇੱਕ ਮੰਗਲਵਾਰ ਮੈਂ ਲੱਡੂ ਖਾਣ ਦਾ ਲਾਲਚ ਨਾ ਛਡ ਸਕੀ ਤੇ ਬੱਚਿਆਂ ਨਾਲ ਦੋਵੇਂ ਹੱਥ ਖੋਲ੍ਹ ਕੇ ਖੜ੍ਹੀ ਹੋ ਗਈ। ਪ੍ਰਸ਼ਾਦਿ ਵੰਡ ਕੇ ਉਹ ਮੈਨੂੰ ਅੰਦਰ ਲੈ ਗਈ। ਆਪਣੇ ਹੱਥੀਂ ਲੱਡੂ ਖਵਾਏ। ਫਿਰ ਮੇਰੀ ਝੋਲੀ 'ਚ ਫਲ ਤੇ ਪਤਾਸੇ ਪਾਉਂਦਿਆਂ ਬੋਲੀ, "ਦੁੱਧੀ ਨ੍ਹਾਵੇਂ, ਪੁੱਤੀਂ ਫਲੇਂ।"

ਮੈਨੂੰ ਦਾਦੀ ਦੀ ਗੱਲ ਯਾਦ ਆ ਗਈ। ਦਾਦੀ ਹਮੇਸ਼ਾ ਹਰ ਗਰਭਵਤੀ ਨੂੰ ਅਸੀਸ ਦਿੰਦੀ, "ਪੁੱਤਰ! ਰੱਬ ਤੈਨੂੰ ਪੁੱਤਰ ਦੇਵੇ ਜਾਂ ਧੀ ਦੇਵੇ, ਤੀਜੀ ਚੀਜ਼ ਨਾ ਦੇਵੇ।" ਦਾਦੀ ਦੀ ਗੱਲ ਦੀ ਮੈਨੂੰ ਹੁਣ ਸਮਝ ਲੱਗੀ ਕਿ ਤੀਜੀ ਚੀਜ਼ ਦਾ ਇਸ਼ਾਰਾ ਕਿਸ ਤਰਫ ਸੀ।

ਭਗੀਰਥੀ ਨੇ ਸ਼ਰਬਤ ਲਿਆ ਮੇਰੇ ਹੱਥ ਫੜਾਇਆ। ਮੈਂ ਘੁੱਟ ਘੁੱਟ ਪੀਂਦਿਆਂ ਘਰ ਨੂੰ ਧਿਆਨ ਨਾਲ ਵੇਖਣ ਲੱਗੀ। ਥੱਲੇ ਚਾਰ ਕਮਰੇ ਸਨ, ਉਨ੍ਹਾਂ ਵਿਚ ਮੋਟੇ ਗੱਦੇਦਾਰ ਲਾਲ ਰੰਗ ਦੇ ਕਾਲੀਨ ਵਿਛੇ ਸਨ ਅਤੇ ਉਪਰ ਗੋਲ ਸਿਰਹਾਣੇ ਰੱਖੇ ਸਨ। ਘਰ ਵਿਚ ਸਹੂਲਤ ਦੀ ਹਰ ਚੀਜ਼ ਸੀ।

ਅੰਮਾ ਨੇ ਦੱਸਿਆ ਕਿ ਉਹ ਪਰਿਵਾਰ ਦੇ ਬਾਰਾਂ ਜੀਅ ਹਨ, ਰਲ ਮਿਲ ਕੇ ਖਾਂਦੇ-ਪੀਂਦੇ ਅਤੇ ਭਗੀਰਥੀ ਨੂੰ ਅੰਮਾ ਕਹਿ ਕੇ ਬੁਲਾਉਂਦੇ ਸਨ। ਘਰ ਦੇ ਇੱਕ ਕੋਨੇ 'ਚ ਛੋਟਾ ਜਿਹਾ ਮੰਦਿਰ ਸੀ, ਜਿਸ ਵਿਚ ਰਾਮ, ਸੀਤਾ ਤੇ ਹਨੂੰਮਾਨ ਦੀਆਂ ਤਸਵੀਰਾਂ ਰੱਖੀਆਂ ਹੋਈਆਂ ਸਨ।

ਮੰਦਿਰ ਦੇਖਦਿਆਂ ਜ਼ਿਹਨ 'ਚ ਦਾਦੀ ਮਾਂ ਤੋਂ ਸੁਣੀ ਲੋਕ ਕਥਾ ਘੁੰਮਣ ਲੱਗੀ ਕਿ ਰਾਮ, ਸੀਤਾ ਅਤੇ ਲਛਮਣ ਬਨਵਾਸ ਲਈ ਤੁਰੇ ਤਾਂ ਸਾਰੀ ਖਲਕਤ ਵਿਰਲਾਪ ਕਰਦੀ ਨਾਲ ਤੁਰ ਪਈ। ਹਨੇਰਾ ਪੈ ਗਿਆ ਤਾਂ ਰਾਮ ਜੀ ਨੇ ਬੇਨਤੀ ਕਰਦਿਆਂ ਕਿਹਾ ਕਿ ਸਾਰੇ ਨਰ-ਨਾਰੀ ਵਾਪਿਸ ਚਲੇ ਜਾਓ, ਜ਼ਾਰੋ ਜ਼ਾਰ ਰੋਂਦੀ ਖਲਕਤ ਵਾਪਿਸ ਚਲੀ ਗਈ ਪਰ ਜੋ ਨਾ ਨਰ ਸਨ, ਨਾ ਨਾਰੀ; ਆਗਿਆ ਨਾ ਮਿਲਣ ਕਾਰਨ ਵਾਪਿਸ ਨਾ ਗਏ, ਉਹ ਉਥੇ ਹੀ ਵੱਸ ਗਏ। ਜਦੋਂ ਚੌਦਾਂ ਸਾਲ ਬਾਅਦ ਰਾਮ ਜੀ ਵਾਪਿਸ ਆਏ ਤਾਂ ਉਨ੍ਹਾਂ ਨੂੰ ਉਥੇ ਹੀ ਵੱਸਿਆਂ ਤੇ ਉਡੀਕਦਿਆਂ ਦੇਖ ਹੈਰਾਨ ਰਹਿ ਗਏ। ਪੁੱਛਣ 'ਤੇ ਉਨ੍ਹਾਂ ਕਿਹਾ ਕਿ ਤੁਸੀਂ ਨਰ-ਨਾਰੀ ਨੂੰ ਜਾਣ ਲਈ ਕਿਹਾ ਸੀ, ਸਾਡੇ ਲਈ ਹੁਕਮ ਨਹੀਂ ਕੀਤਾ ਸੀ। ਰਾਮ ਜੀ ਦੀਆਂ ਅੱਖਾਂ 'ਚ ਅਥਰੂ ਆ ਗਏ, ਉਨ੍ਹਾਂ ਵਰ ਦਿੱਤਾ, ਹਰ ਖੁਸ਼ੀ 'ਤੇ ਜੋ ਲੋਕ ਤੁਹਾਨੂੰ ਖੁਸ਼ ਰੱਖਣਗੇ, ਉਹ ਮਨਚਿੰਦਿਆ ਫਲ ਪਾਉਣਗੇ।"

ਇੰਨੇ 'ਚ ਬੇਜੀ ਮੈਨੂੰ ਲਭਦੇ ਆ ਪਹੁੰਚੇ ਕਿਉਂਕਿ ਗਲੀ ਦੇ ਬੱਚਿਆਂ ਨੇ ਮੇਰਾ ਅੰਮਾ ਦੇ ਘਰ ਹੋਣਾ ਦਸ ਦਿੱਤਾ ਸੀ। ਅੰਮਾ ਨੇ ਮੇਰੇ ਦੁਪੱਟੇ ਦੀਆਂ ਚਾਰਾਂ ਚੂਕਾਂ ਵਿਚ ਡਰਾਈ-ਫ਼ੂਰਟ ਬੰਨ੍ਹ ਮੈਨੂੰ ਤੋਰਿਆ।

ਵਾਪਿਸ ਆਉਂਦਿਆਂ ਬੇਜੀ ਨੇ ਘੁਰਕਦਿਆਂ ਕਿਹਾ, "ਨਾ ਧੀਏ! ਵੱਤ ਇਨ੍ਹਾਂ ਲੋਕਾਂ ਦੇ ਘਰ ਜਾਣਾ ਲੋਕ ਖਰਾ ਨਹੀਂ ਸਮਝਦੇ, ਮੁੜ ਕੇ ਨਾ ਜਾਵੀਂ।" ਉਨ੍ਹਾਂ ਚੁੰਨੀ ਦੀਆਂ ਚੂਕਾਂ ਤੋਂ ਡਰਾਈ-ਫਰੂਟ ਇੱਕ ਪਾਸੇ ਰੱਖ ਚੁੰਨੀ ਨੂੰ ਝੱਟਪੱਟ ਧੋ ਦਿੱਤਾ। ਮੈਨੂੰ ਮੂੰਹ ਹੱਥ ਧੋ ਕੇ ਕਪੜੇ ਬਦਲਣ ਦੀ ਤਾਕੀਦ ਕੀਤੀ। ਸ਼ੁਕਰ ਐ! ਮੈਂ ਇਹ ਨਹੀਂ ਦੱਸਿਆ ਕਿ ਉਨ੍ਹਾਂ ਦੇ ਘਰ ਤੋਂ ਲੱਡੂ ਖਾ ਕੇ ਅਤੇ ਸ਼ਰਬਤ ਪੀ ਆਈ ਹਾਂ।

ਬੇਜੀ ਦੇ ਰੋਕਣ 'ਤੇ ਵੀ ਅੰਮਾ ਲਈ ਮੇਰਾ ਮੋਹ ਘੱਟ ਨਾ ਹੋਇਆ। ਮੈਂ ਉਸ ਨੂੰ ਰੋਜ਼ ਖਿੜਕੀ 'ਚ ਬੈਠਿਆਂ ਵੇਖ ਲੈਂਦੀ। ਮੇਰੇ ਲਈ ਇੱਕ ਖੁਸ਼ੀ ਦੀ ਗੱਲ ਹੋਈ ਕਿ ਮੇਰੀ ਸਰਕਾਰੀ ਨੌਕਰੀ ਲੱਗ ਗਈ। ਜੁਆਇਨ ਕਰਨ ਪਿਛੋਂ ਮੈਂ ਇਨ੍ਹਾਂ ਦੇ ਨਾਲ ਜਾ ਕੇ ਅੰਮਾ ਨਾਲ ਖੁਸ਼ੀ ਸਾਂਝੀ ਕੀਤੀ। ਕਾਜੂ ਬਰਫੀ ਨਾਲ ਸਭ ਦਾ ਮੂੰਹ ਮਿੱਠਾ ਕਰਵਾਇਆ। ਅੰਮਾ ਖੁਸ਼ੀ ਨਾਲ ਆਪੇ ਤੋਂ ਬਾਹਰ ਹੋ ਗਈ। ਕਮਰੇ 'ਚ ਗਈ ਅਤੇ ਉਨਾਬੀ ਰੰਗ ਦਾ ਕਸ਼ਮੀਰੀ ਕੁੜਤਾ ਲੈ ਕੇ ਬਾਹਰ ਆਈ, "ਲੈ ਧੀਏ! ਇਹ ਰੰਗ ਤੇਰੇ 'ਤੇ ਬਹੁਤ ਜਚੂ। ਤਰੱਕੀਆਂ ਪਾਵੇਂ ਧੀਏ, ਬੁੱਢ ਸੁਹਾਗਣ ਹੋਵੇਂ, ਸੋਨੇ ਦੇ ਛੱਤਰ ਝੂਲਣ...।" ਉਸ ਨੇ ਅਸੀਸਾਂ ਦੀ ਵਾਛੜ ਕਰ ਦਿੱਤੀ। ਸਾਡੇ ਵਿਚ ਇੱਕ ਵਿਸਮਾਦੀ ਮੋਹ ਅਤੇ ਖਿੱਚ ਦੀ ਚਿਣਗ ਜਾਗ ਉਠੀ।

ਆਫਿਸ ਜਾਣ ਕਰਕੇ ਮੈਂ ਵੀ ਮਸ਼ਰੂਫ ਰਹਿਣ ਲੱਗੀ, ਅੰਮਾ ਵੀ ਘੱਟ ਵੱਧ ਦਿਸਦੀ ਕਿਉਂਕਿ ਸਰਦੀ ਰੁੱਤੇ ਵਿਆਹ-ਸ਼ਾਦੀਆਂ ਹੋਣ ਕਾਰਨ ਸ਼ਾਇਦ ਉਹ ਵੀ ਰੁਝੀ ਰਹਿੰਦੀ ਸੀ।

ਅੰਮਾ ਦੀਆਂ ਅਸੀਸਾਂ ਰੰਗ ਲਿਆਈਆਂ, ਸਾਡੇ ਘਰ ਚੰਨ ਵਰਗੇ ਪੁੱਤਰ ਨੇ ਜਨਮ ਲਿਆ। ਜਦੋਂ ਮੈਂ ਹਸਪਤਾਲੋਂ ਮੁੜੀ ਤਾਂ ਅੰਮਾ ਨੂੰ ਪਤਾ ਲੱਗਣ ਦੀ ਦੇਰ ਸੀ ਕਿ ਸਾਡਾ ਵਿਹੜਾ ਢੋਲਕ ਅਤੇ ਘੁੰਗਰੂਆਂ ਨਾਲ ਗੂੰਜਣ ਲੱਗ ਪਿਆ। ਉਸ ਬੱਚੇ ਨੂੰ ਝੋਲੀ ਪਾ ਲਿਆ ਅਤੇ ਬੌਬੀ ਤੇ ਨੂਰੀ ਨਾਲ ਉਚੀ ਹੇਕ 'ਚ ਗਾਉਣ ਲੱਗੀ, "ਤੁਝੇ ਸੂਰਜ ਕਹੂੰ ਯਾ ਚੰਦਾ, ਤੁਝੇ ਦੀਪ ਕਹੂੰ ਯਾ ਤਾਰਾ। ਮੇਰਾ ਨਾਮ ਕਰੇਗਾ ਰੋਸ਼ਨ, ਜਗ ਮੇਂ ਮੇਰਾ ਰਾਜ ਦੁਲਾਰਾ।"

ਤਿੰਨਾਂ ਨੇ ਨੱਚ ਨੱਚ ਵਿਹੜਾ ਹਿਲਾ ਦਿੱਤਾ। ਅੰਮਾ ਨੇ ਪਾਣੀ ਦਾ ਗਿਲਾਸ ਮੰਗਾਇਆ ਅਤੇ ਤਿੰਨੇ ਜਣੀਆਂ ਕਾਕੇ ਦੀ ਪੋਪੀ 'ਤੇ ਬਾਰ ਬਾਰ ਪਾਣੀ ਪਾ ਸ਼ਰਾਰਤ ਕਰਨ। ਆਖਿਰ ਕਾਕੇ ਨੂੰ ਪਿਸ਼ਾਬ ਦੀ ਲੰਬੀ ਧਾਰ ਮਾਰਦਾ ਦੇਖ ਵਿਹੜੇ 'ਚ ਹਾਸੜ ਪੈ ਗਿਆ। ਅੰਮਾਂ ਬੋਲੀ, "ਅਰੇ ਵਾਹ ਇਹ ਤਾਂ ਘੋੜੇ ਵਰਗਾ ਮਰਦ ਐ!"

ਅੰਮਾ ਨੇ ਮੇਰੀ ਝੋਲੀ ਸ਼ਗਨ ਪਾਇਆ ਅਤੇ ਕਾਕੇ ਲਈ ਪੰਜ ਸਰਦੀਆਂ ਦੇ ਸੂਟ ਦਿੱਤੇ। ਬੇਜੀ ਨੇ ਵੀ ਚਾਵਲ, ਗੁੜ, ਕੱਪੜੇ 1100 ਰੁਪਏ ਸ਼ਗਨ ਦੇ ਪਾਏ। ਅੰਮਾ ਵਾਰ ਵਾਰ ਕਾਕੇ ਨੂੰ ਚੁੰਮ ਰਹੀ ਸੀ ਜਿਵੇਂ ਉਸ ਦਾ ਹੀ ਨਾਤੀ ਹੋਵੇ।

ਰੋਜ਼ ਕਾਕੇ ਨੂੰ ਮਿਲ ਕੇ ਜਾਣਾ ਅੰਮਾ ਦਾ ਨੇਮ ਬਣ ਗਿਆ। ਹੁਣ ਬੇਜੀ ਦੀ ਵੀ ਅੰਮਾ ਪ੍ਰਤੀ ਕੁੜਿੱਤਣ ਘਟ ਗਈ। ਉਨ੍ਹਾਂ ਨੂੰ ਲੱਗਦਾ, ਘਰ 'ਚ ਖੁਸ਼ੀਆਂ ਭਗੀਰਥੀ ਦੀਆਂ ਅਸੀਸਾਂ ਕਾਰਨ ਆਈਆਂ ਨੇ।

ਇੱਕ ਰਾਤ ਬਹੁਤ ਤੇਜ਼ ਦੀ ਬਾਰਿਸ਼ ਹੋ ਰਹੀ ਸੀ, ਵਾਰ ਵਾਰ ਬਿਜਲੀ ਕੜਕਦੀ ਦੇਖ ਬੀਜੀ ਮੈਨੂੰ ਘੜੀ ਮੁੜੀ ਆਵਾਜ਼ ਦਿੰਦੇ, "ਧੀਏ...ਪੁੱਤਰ! ਨੱਢੇ ਨੂੰ ਛਾਤੀ ਨਾਲ ਲਾ ਲੈ ਸੂ, ਸ਼ੌਦਾ ਡਰ ਜਾਸੀ।"

ਅੱਧੀ ਰਾਤ ਡੋਰ ਬੈਲ ਵੱਜੀ ਤਾਂ ਬੇਜੀ 'ਵ੍ਹਾਗੁਰੂ ਸੁੱਖ ਰੱਖੇ! ਇਸ ਵੱਸਦੇ ਮੀਂਹ 'ਚ ਕੌਣ ਏ?' ਬੋਲਦਿਆਂ ਦਰਵਾਜ਼ੇ ਵੱਲ ਵਧੇ। ਬਾਹਰੋਂ ਆਵਾਜ਼ ਸੁਣਨ ਤੋਂ ਪਹਿਲਾਂ ਹੀ ਦਰਵਾਜ਼ਾ ਖੋਲ੍ਹ ਦਿੱਤਾ, "ਹਾਏ! ਭਗੀਰਥੀ, ਤੂੰ ਇਸ ਵਕਤ! ਖੈਰ ਤਾਂ ਹੈ।"

ਅਸੀਂ ਦੋਵੇਂ ਉਠ ਕੇ ਦਰਵਾਜ਼ੇ ਵੱਲ ਆਏ, ਭਗੀਰਥੀ ਦੇ ਗਰੁਪ ਨਾਲ ਇੱਕ ਸੋਹਣੀ 21-22 ਸਾਲ ਦੀ ਜਵਾਨ ਲੜਕੀ ਸੀ ਜੋ ਸਿਰ ਤੋਂ ਲੈ ਕੇ ਪੈਰਾਂ ਤੱਕ ਬਾਰਿਸ਼ ਨਾਲ ਨੁੱਚੜੀ ਹੋਈ ਸੀ ਤੇ ਫਟੀ ਲਗਾਰਾ ਚੁੰਨੀ ਨਾਲ ਸਰੀਰ ਨੂੰ ਕੱਜ ਰਹੀ ਸੀ। ਮੇਰੇ ਮੂੰਹੋਂ ਅੱਬੜਵਾਹੇ ਨਿਕਲਿਆ, "ਅੰਮਾ ਇਹ ਕੌਣ ਏ? ਤੇ ਤੁਸੀਂ ਇਸ ਵਕਤ ਵਰ੍ਹਦੇ ਮੀਂਹ 'ਚ ਕਿੱਥੋਂ?"

"ਇਹ ਰਾਣੀ ਏ...।"

ਰਾਣੀ। ਕਿੰਨੀ ਸੋਹਣੀ ਮਾਸੂਮ! ਨਾਮ ਦੀ ਰਾਣੀ ਪਰ ਲੱਗਦਾ ਸੀ ਉਸ ਦੀ ਕਿਸਮਤ ਲੀਰੋ ਲੀਰ ਸੀ।

ਸਾਰੇ ਡਿਓਢੀ ਵਿਚ ਤਖਤਪੋਸ਼ 'ਤੇ ਬੈਠ ਗਏ। ਅੰਮਾ ਨੇ ਰਾਣੀ ਬਾਬਤ ਦੱਸਣਾ ਸ਼ੁਰੂ ਕੀਤਾ, "ਧੀਏ! ਅਸੀਂ ਤਾਂ ਲਾਗਲੇ ਪਿੰਡ 'ਚ ਤਿੰਨ ਚਾਰ ਮੁੰਡੇ ਹੋਣ 'ਤੇ ਅਤੇ ਦੋ ਕੁ ਨਵੇਂ ਵਿਆਹੇ ਘਰਾਂ 'ਚ ਵਧਾਈ ਦੇਣ ਗਏ ਸਾਂ, ਰਾਤ ਪੈ ਗਈ, ਫੇਰ ਉਪਰੋਂ ਬਾਰਿਸ਼ ਆ ਗਈ। ਸੜਕ 'ਤੇ ਖੜ੍ਹੇ ਬੱਸ-ਟਾਂਗਾ ਉਡੀਕ ਰਹੇ ਸਾਂ ਕਿ ਰਾਣੀ ਫਟੇ ਹਾਲੀਂ ਵਰ੍ਹਦੇ ਮੀਂਹ 'ਚ ਦੌੜਦੀ ਸਾਡੇ ਨਾਲ ਆ ਰਲੀ। ਹੱਥ ਜੋੜ ਕਹਿਣ ਲੱਗੀ, 'ਮੈਨੂੰ ਬਚਾ ਲਉ। ਮੇਰਾ ਕੋਈ ਨਹੀਂ। ਚਾਰ ਦਿਨ ਹੋਏ ਮੇਰਾ ਦਾਦਾ ਗੁਜ਼ਰ ਗਿਆ। ਪਿੰਡ ਦਾ ਸਰਪੰਚ ਹਮਦਰਦੀ ਦਿਖਾਉਣ ਬਹਾਨੇ ਮੇਰੇ ਕੋਲ ਆਇਆ ਅਤੇ ਮੇਰੀ ਇੱਜਤ ਲੁੱਟਣ ਦੀ ਕੋਸ਼ਿਸ਼ ਕੀਤੀ। ਮੈਂ ਕਿਸੇ ਤਰ੍ਹਾਂ ਬੱਚ ਨਿਕਲੀ। ਰੱਬ ਦਾ ਵਾਸਤਾ, ਮੈਨੂੰ ਆਪਣੇ ਕੋਲ ਰੱਖ ਲਉ!'

ਇੱਕ ਟਰੱਕ ਵਾਲੇ ਨੂੰ ਹੱਥ ਦਿਤਾ ਤੇ ਉਹ ਭਲਾਪੁਰਸ਼ ਸਾਨੂੰ ਇੱਥੇ ਛਡ ਗਿਆ। ਖੈਰ, ਅਸੀਂ ਇਸ ਨੂੰ ਨਾਲ ਲੈ ਤਾਂ ਆਏ, ਸੋਚਦੀ ਆਂ, ਮਹੱਲੇ ਦੇ ਚਾਰ ਪੰਜ ਮੋਹਤਬਰਾਂ ਨੂੰ ਨਾਲ ਲੈ ਥਾਣੇ ਖਬਰ ਕਰ ਆਈਏ ਤਾਂ ਜੁ ਇਸ ਨੂੰ ਕਿਸੇ ਆਸਰਾ ਘਰ ਭੇਜ ਸਕੀਏ।" ਅੰਮਾ ਬੋਲੀ।

ਰਾਣੀ ਚੀਕਾਂ ਮਾਰ ਕੇ ਰੋਣ ਲੱਗੀ, "ਨਾ ਮਾਂ! ਮੈਂ ਕਿਧਰੇ ਨਹੀਂ ਜਾਣਾ।" ਉਸ ਨੇ ਅੰਮਾ ਦੇ ਪੈਰ ਫੜ੍ਹ ਲਏ। ਉਸ ਨੂੰ ਰੋਂਦਿਆਂ ਦੇਖ ਸਾਰੇ ਹੀ ਰੋ ਪਏ। ਮੈਂ ਉਸ ਨੂੰ ਮੋਢਿਆਂ ਤੋਂ ਫੜ੍ਹ ਕੇ ਉਠਾਇਆ, ਮਹਿਸੂਸ ਹੋਇਆ ਜਿਵੇਂ ਉਸ ਦੇ ਚੁੰਨੀ ਦੇ ਹੇਠਾਂ ਕਮੀਜ਼ ਨਹੀਂ ਹੈ। ਮੈਂ ਰੋਂਦੀ ਕੁਰਲਾਂਦੀ ਨੂੰ ਆਪਣੇ ਕਮਰੇ 'ਚ ਲੈ ਗਈ। ਉਹ ਹੱਥ ਜੋੜ ਰਹੀ ਸੀ, "ਭੈਣ ਬਣ ਕੇ ਮੈਨੂੰ ਕਿਧਰੇ ਨਾ ਭੇਜੀਂ।" ਮੈਂ ਉਸ ਨੂੰ ਗਲ ਲਾਇਆ, "ਭੈਣ ਬਣਾਇਆ ਈ ਨਾ ਰਾਣੀਏ, ਫਿਰ ਮੇਰੇ 'ਤੇ ਭਰੋਸਾ ਰੱਖ, ਕਿਧਰੇ ਨਹੀਂ ਤੈਨੂੰ ਭੇਜਦੇ।"

ਮੈਂ ਉਸ ਨੂੰ ਕੱਪੜੇ ਦਿੱਤੇ ਅਤੇ ਚਾਹ ਬਣਾਉਣ ਰਸੋਈ ਵੱਲ ਚਲੀ ਗਈ। ਰਾਣੀ ਕੱਪੜੇ ਬਦਲ ਕੇ ਬਾਹਰ ਆ ਗਈ।

ਚਾਹ ਪੀਂਦਿਆਂ ਬੇਜੀ ਬੋਲੇ, "ਭਲਾ ਹੋਵੇ ਤੇਰਾ ਭਗੀਰਥੀਏ, ਤੇਰੀ ਜਨਨੀ ਧੰਨ ਹੈ, ਜਿਸ ਨੇ ਤੈਨੂੰ ਜੰਮਿਆ! ਲੋਕਾਂ ਤੈਨੂੰ ਦੁਰਕਾਰਿਆ, ਪਰ ਤੂੰ ਤਾਂ ਨਿਥਾਵਿਆਂ-ਨਿਆਸਰਿਆਂ ਦੀ ਮਾਂ ਬਣ ਗਈ ਏਂ। ਸਵੇਰੇ ਮੈਂ ਵੀ ਤੇਰੇ ਨਾਲ ਥਾਣੇ ਜਾਸਾਂ। ਭਲੀ ਲੋਕੇ! ਤੂੰ ਫਿਕਰ ਨਾ ਕਰ।" ਫਿਰ ਉਹ ਰਾਣੀ ਨੂੰ ਨਾਲ ਲੈ ਕੇ ਚਲੇ ਗਏ ਕਿਉਂਕਿ ਉਹ ਆਪਣੇ ਆਪ ਨੂੰ ਉਨ੍ਹਾਂ ਕੋਲ ਮਹਿਫੂਜ਼ ਸਮਝਦੀ ਸੀ।

ਸਵੇਰੇ ਗੁਰਦੁਆਰਾ ਤੇ ਸੁਧਾਰ ਕਮੇਟੀ ਦੇ ਪ੍ਰਧਾਨ ਅਤੇ ਦੋ ਚਾਰ ਹੋਰ ਬੰਦੇ ਭਗੀਰਥੀ ਤੇ ਰਾਣੀ ਨਾਲ ਥਾਣੇ ਗਏ। ਰਾਣੀ ਨੇ ਉਥੇ ਆਪਣਾ ਬਿਆਨ ਦਰਜ ਕਰਵਾਇਆ ਕਿ ਮੈਂ ਬਾਲਿਗ ਹਾਂ। ਬਿਨਾ ਕਿਸੇ ਦਬਾਅ ਦੇ ਆਪਣੇ ਹੋਸ਼ੋ-ਹਵਾਸ਼ 'ਚ ਅੰਮਾ ਭਗੀਰਥੀ ਨਾਲ ਰਹਿਣਾ ਚਾਹੁੰਦੀ ਹਾਂ ਕਿਉਂਕਿ ਮੈਨੂੰ ਹੋਰ ਕੋਈ ਮਹਿਫੂਜ਼ ਜਗ੍ਹਾ ਨਹੀਂ ਲੱਗਦੀ।

ਰਾਣੀ ਭਗੀਰਥੀ ਕੋਲ ਰਹਿ ਕੇ ਖੁਸ਼ ਸੀ। ਉਹ ਪ੍ਰਾਈਵੇਟ ਬੀ.ਏ. ਫਾਈਨਲ ਕਰ ਰਹੀ ਸੀ। ਅੰਮਾ ਨੇ ਉਸ ਦੀ ਫੀਸ ਭਰ ਦਿੱਤੀ। ਕਦੀ ਕਦਾਈਂ ਹਿਸਟਰੀ ਜਾਂ ਪੁਲੀਟੀਕਲ ਸਾਇੰਸ ਦਾ ਕੋਈ ਪ੍ਰਸ਼ਨ ਪੁੱਛਣ-ਸਮਝਣ ਆ ਜਾਂਦੀ ਅਤੇ ਕਿੰਨੀ ਦੇਰ ਗਗਨ ਨੂੰ ਖਿਡਾਉਂਦੀ ਰਹਿੰਦੀ। ਸ਼ਾਮ ਨੂੰ ਹਰ ਰੋਜ਼ ਮੇਰੇ ਨਾਲ ਮੁਹੱਲੇ ਦੇ ਗੁਰਦੁਆਰੇ ਵੀ ਚਲੀ ਜਾਂਦੀ, ਝਾੜੂ ਲਾਉਣ ਦੀ ਸੇਵਾ ਕਰਦੀ ਤੇ ਬਾਕੀ ਕੁੜੀਆਂ ਨਾਲ ਕੀਰਤਨ ਵੀ ਸਿੱਖਦੀ।

ਭਗੀਰਥੀ ਹੁਣ ਘਰ ਹੀ ਰਹਿੰਦੀ, ਕੁਝ ਰਾਣੀ ਕਰਕੇ ਤੇ ਕੁਝ ਸ਼ੁਗਰ ਤੇ ਬਲੱਡ ਪ੍ਰੈਸ਼ਰ ਹੋਣ ਕਰਕੇ। ਬੇਜੀ ਦੇ ਕਹਿਣ 'ਤੇ ਮੁਹੱਲੇ ਦਾ ਕੈਮਿਸਟ ਜਸਮੀਤ ਅਕਸਰ ਅੰਮਾ ਨੂੰ ਚੈਕ ਕਰਕੇ ਜਾਂਦਾ। ਬੜਾ ਸਾਊ ਮੁੰਡਾ ਸੀ, ਘਰ ਵਿਚ ਉਹ ਤੇ ਉਸ ਦੀ ਬੁੱਢੀ ਮਾਂ ਸੀ। ਰਾਣੀ ਅਤੇ ਜਸਮੀਤ ਦੀਆਂ ਅੱਖਾਂ ਇੱਕ ਦੂਸਰੇ ਨੂੰ ਕਹਿੰਦੀਆਂ-ਸੁਣਦੀਆਂ ਲੱਗਦੀਆਂ। ਆਖਿਰ ਉਸ ਦੀ ਮਾਂ ਇੱਕ ਦਿਨ ਭਗੀਰਥੀ ਕੋਲ ਆਈ ਤੇ ਬੋਲੀ, "ਹੱਲਾ ਭੈਣੇ! ਤੂੰ ਇਸ ਤਰ੍ਹਾਂ ਕਰੇਂ, ਰਾਣੀ ਨੂੰ ਮੇਰੀ ਝੋਲੀ 'ਚ ਪਾ ਦੇਵੇਂ, ਭਲਾ ਹੋਸੀ ਆ। ਤੇਰੀ ਜ਼ਿੰਮੇਵਾਰੀ,

***(ਬਾਕੀ ਅਗਲੇ ਸਫੇ 'ਤੇ)***

ਸਾਡੀਆਂ ਰਸਮਾਂ ਸਾਡੇ ਗੀਤ



ਨੀਲਮ ਸੈਣੀ
ਫੋਨ: 510-502-0551

# ਲਾਵਾਂ-ਫੇਰੇ/ਅਨੰਦ ਕਾਰਜ

*ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੁੱਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਇਸ ਵਾਰ ਲਿਖਾਰੀ ਨੇ ਲਾਵਾਂ-ਫੇਰੇ/ਅਨੰਦ ਕਾਰਜਾਂ ਬਾਰੇ ਚਰਚਾ ਕੀਤੀ ਹੈ। ਨਾਲ ਹੀ ਦੋ ਹੋਰ ਰਸਮਾਂ ਸਲਾਮੀ ਅਤੇ 'ਦੇਲ੍ਹ' ਬਾਰੇ ਵੀ ਦੱਸਿਆ ਗਿਆ ਹੈ। -ਸੰਪਾਦਕ*

ਲਾਵਾਂ/ਫੇਰੇ ਵਿਆਹ ਦੀ ਸਭ ਤੋਂ ਮਹੱਤਵਪੂਰਨ ਰਸਮ ਹੈ। ਇਸ ਰਸਮ ਤੋਂ ਬਾਅਦ ਹੀ ਵਿਆਹ ਸੰਪੂਰਨ ਮੰਨਿਆ ਜਾਂਦਾ ਹੈ ਅਤੇ ਵਿਆਹ ਦੀਆਂ ਵਧਾਈਆਂ ਦਿੱਤੀਆਂ ਤੇ ਮੰਨੀਆਂ ਜਾਂਦੀਆਂ ਹਨ। ਡਾ. ਹਰਜਿੰਦਰ ਵਾਲੀਆ ਨੇ ਆਪਣੇ ਲੇਖ (ਹਾਸ਼ੀਏ ਦੇ ਆਰ ਪਾਰ) ਵਿਚ ਇਸ ਰਸਮ ਬਾਰੇ ਲਿਖਿਆ ਹੈ ਕਿ ਮਹਾਨ ਕੋਸ਼ ਅਨੁਸਾਰ 'ਲਾਂਵ' ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਅਰਥ ਹਨ: ਤੋੜਨ ਦੀ ਪ੍ਰਕਿਰਿਆ। ਇਸ ਲਈ ਲਾਵਾਂ ਵਿਆਹ ਸਮੇਂ ਦੀ ਪਰਿਕਰਮਾ ਹੈ ਜਿਸ ਦੁਆਰਾ ਪਿਤਾ ਦੇ ਘਰ ਨਾਲੋਂ ਸਬੰਧ ਤੋੜ ਕੇ, ਪਤੀ ਦੇ ਘਰ ਨਾਲ ਜੋੜਿਆ ਜਾਂਦਾ ਹੈ।

ਵੇਦੀ ਦੇ ਫੇਰਿਆਂ ਵੇਲੇ ਚਾਰ ਡੰਡੇ ਚੌਰਸ ਥਾਂ ਦੀਆਂ ਨੁੱਕਰਾਂ ਵਿਚ ਗੱਡ ਕੇ, ਉਪਰ ਤੋਤੇ ਬਣਾਏ ਜਾਂਦੇ ਸਨ। ਅਗਨੀ ਦੇ ਆਲੇ-ਦੁਆਲੇ ਵੇਦੀ ਉਤੇ ਸੱਤ ਲਾਵਾਂ/ਫੇਰੇ ਲਏ ਜਾਂਦੇ ਸਨ। ਪਹਿਲੇ ਛੇ ਫੇਰਿਆਂ ਵਿਚ ਕੰਨਿਆਂ ਅੱਗੇ ਹੁੰਦੀ ਸੀ ਅਤੇ ਸੱਤਵੇਂ ਫੇਰੇ ਵੇਲੇ ਵਰ ਅੱਗੇ ਹੁੰਦਾ ਸੀ। ਬ੍ਰਾਹਮਣ ਵਲੋਂ ਵੇਦ-ਮੰਤਰਾਂ ਦਾ ਉਚਾਰਨ ਕੀਤਾ ਜਾਂਦਾ ਸੀ। ਇਹ ਲਾਵਾਂ ਤਾਰਿਆਂ ਦੀ ਛਾਵੇਂ ਹੁੰਦੀਆਂ ਸਨ। ਅਜੋਕੇ ਸਮੇਂ ਵਿਚ ਵਿਆਹ ਸਿਰਫ਼ ਦਿਨ ਵੇਲੇ ਹੀ ਹੁੰਦੇ ਹਨ। ਇਸ ਲਈ ਹੁਣ ਇਹ 'ਲਾਵਾਂ ਫ਼ੇਰੇ' ਤਾਰਿਆਂ ਦੀ ਛਾਵੇਂ ਦੀ ਥਾਂ ਸੂਰਜ ਦੇ ਪ੍ਰਕਾਸ਼ ਵਿਚ ਹੀ ਹੁੰਦੇ ਹਨ।

ਅਨੰਦ ਕਾਰਜ ਗੁਰਦੁਆਰੇ ਹੁੰਦੇ ਹਨ। ਵਿਆਂਦੜ ਮੁੰਡਾ ਮੱਥਾ ਟੇਕ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠਦਾ ਹੈ। ਉਸ ਦਾ ਸਿਹਰਾ ਅਤੇ ਕਲਗੀ ਲਾਹ ਕੇ ਮੱਥਾ ਟੇਕਣ ਦੀ ਰਸਮ ਕੀਤੀ ਜਾਂਦੀ ਹੈ। ਵਿਆਂਦੜ ਕੁੜੀ ਨੂੰ ਉਸ ਦੀਆਂ ਭਰਜਾਈਆਂ ਅਤੇ ਸਹੇਲੀਆਂ ਲੈ ਕੇ ਆਉਂਦੀਆਂ ਹਨ ਅਤੇ ਉਸ ਨੂੰ ਮੱਥਾ ਟਿਕਾ ਕੇ ਵਿਆਂਦੜ ਮੁੰਡੇ ਦੇ ਬਰਾਬਰ ਬਿਠਾ ਦਿੰਦੀਆਂ ਹਨ। ਅਰਦਾਸ ਕਰਨ ਉਪਰੰਤ ਗ੍ਰੰਥੀ ਸਿੰਘ ਵਲੋਂ ਕੁੜੀ ਦੇ ਬਾਬਲ ਨੂੰ 'ਪੱਲਾ ਫੜਾਉਣ' ਲਈ ਕਿਹਾ ਜਾਂਦਾ ਹੈ। ਭੈਣਾਂ ਵਲੋਂ ਜੰਞ ਚੜ੍ਹਨ ਵੇਲੇ ਫੜਿਆ ਇੰਜੜਾ ਪੱਲੇ ਦਾ ਰੂਪ ਧਾਰਨ ਕਰਦਾ ਹੈ। ਬਾਬਲ ਭਰੇ ਮਨ ਨਾਲ ਲਾੜੇ ਕੋਲੋਂ ਪੱਲਾ ਫੜਦੇ ਹੋਏ ਆਪਣੀ ਧੀ ਦੇ ਹੱਥ ਵਿਚ ਫੜਾਉਂਦਾ ਹੈ। ਇਸ ਮੌਕੇ 'ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ'॥੧॥ ਸ਼ਬਦ ਪੜ੍ਹਿਆ ਜਾਂਦਾ ਹੈ। ਵੱਡੀਆਂ ਵਡੇਰੀਆਂ ਵਲੋਂ ਕੁੜੀ ਨੂੰ ਘੁੰਡ ਕੇ ਪੱਲਾ ਫੜਨ ਦੀ ਸਿੱਖਿਆ ਪਹਿਲਾਂ ਹੀ ਦਿੱਤੀ ਗਈ ਹੁੰਦੀ ਹੈ।

ਵਣਜਾਰਾ ਬੇਦੀ ਅਨੁਸਾਰ ਅਨੰਦ ਕਾਰਜ ਵੇਲੇ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਪਰਿਕਰਮਾ ਕੀਤੀ ਜਾਂਦੀ ਹੈ। ਇਥੇ ਇਹ ਜ਼ਿਕਰਯੋਗ ਹੈ ਕਿ ਲਾਵਾਂ-ਫ਼ੇਰੇ ਦੀ ਰਸਮ 12:00 ਵਜੇ ਤੋਂ ਪਹਿਲਾਂ ਕੀਤੀ ਜਾਂਦੀ ਸੀ ਅਤੇ 12:00 ਵਜੇ ਤੋਂ ਬਾਅਦ ਲਾਵਾਂ ਫੇਰੇ ਅਸ਼ੁਭ ਮੰਨੇ ਜਾਂਦੇ ਸਨ। ਜੇ ਜੰਞ ਕਿਸੇ ਕਾਰਨ ਕੁਵੇਲੇ ਪਹੁੰਚੇ ਤਾਂ ਸਮੇਂ ਨੂੰ ਧਿਆਨ ਵਿਚ ਰੱਖਦੇ ਹੋਏ ਲਾਵਾਂ-ਫੇਰੇ ਕਰਵਾ ਕੇ ਹੀ ਚਾਹ-ਪਾਣੀ ਪਿਲਾਇਆ ਜਾਂਦਾ ਸੀ। ਅਜੋਕੇ ਸਮੇਂ ਵਿਚ ਬਹੁਤੀ ਵਾਰੀ ਜੰਞ ਬਹੁਤ ਕੁਵੇਲੇ ਢੁਕਦੀ ਹੈ। ਇਸ ਕਰ ਕੇ ਅਕਸਰ ਹੀ ਲਾਂਵਾਂ 12:00 ਵਜੇ ਤੋਂ ਬਾਅਦ ਹੁੰਦੀਆਂ ਹਨ। ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠਾ ਭਾਈ ਲਾਂਵ ਪੜ੍ਹਦਾ ਹੈ ਜਿਸ ਨੂੰ ਵਰ-ਕੰਨਿਆਂ ਅਤੇ ਸਮੂਹ ਸੰਗਤ ਵਲੋਂ ਸੁਣਿਆ ਜਾਂਦਾ ਹੈ। ਕੀਰਤਨੀਏ ਉਸ ਲਾਂਵ ਨੂੰ ਗਾਉਂਦੇ ਹਨ। ਵਰ ਅਤੇ ਕੰਨਿਆ ਚਾਰ ਵਾਰੀ ਗੁਰੂ ਗ੍ਰੰਥ ਸਾਹਿਬ ਦੀ ਪਰਿਕਰਮਾ ਕਰਦੇ ਹਨ। ਇਥੇ ਇਕ ਧਾਰਨਾ ਹੋਰ ਵੀ ਬਣੀ ਹੋਈ ਹੈ ਕਿ ਵਰ ਅਤੇ ਕੰਨਿਆ ਵਿਚੋਂ ਜਿਹੜਾ ਪਰਿਕਰਮਾ ਲਈ ਪਹਿਲਾਂ ਖੜ੍ਹਾ ਹੋਵੇਗਾ, ਸਾਰੀ ਜ਼ਿੰਦਗੀ ਉਸ ਦਾ ਹੀ ਰੋਹਬ ਚੱਲੇਗਾ। ਅੱਜ ਵੀ ਕੁੜੀ-ਮੁੰਡੇ ਨੂੰ ਕਿਸੇ ਨਾ ਕਿਸੇ ਵਲੋਂ ਲਾਵਾਂ ਤੋਂ ਪਹਿਲਾਂ ਇਹ ਸਿੱਖਿਆ ਦੇ ਦਿੱਤੀ ਜਾਂਦੀ ਹੈ। ਲਾਵਾਂ ਕਰਵਾ ਰਹੇ ਗ੍ਰੰਥੀ ਸਿੰਘ ਸਾਹਿਬ ਵਲੋਂ ਉਨ੍ਹਾਂ ਨੂੰ ਸਤਿਕਾਰ ਸਹਿਤ ਖੜ੍ਹੇ ਹੋ ਕੇ ਪਰਿਕਰਮਾ ਕਰਨ ਦੀ ਬੇਨਤੀ ਵੀ ਕੀਤੀ ਜਾਂਦੀ ਹੈ। ਹਰ ਲਾਂਵ ਸਮੇਂ ਲਾੜਾ ਹੀ ਅੱਗੇ ਚੱਲਦਾ ਹੈ। ਦੋਵੇਂ ਸਤਿਕਾਰ ਸਹਿਤ ਮੱਥਾ ਟੇਕ ਕੇ ਫਿਰ ਬੈਠ ਜਾਂਦੇ ਹਨ। ਇਹ ਪ੍ਰਕਿਰਿਆ ਹਰ ਲਾਂਵ ਨਾਲ ਦੁਹਰਾਈ ਜਾਂਦੀ ਹੈ।

ਪੰਜਾਬੀ ਵਿਚ ਇਹ ਅਖਾਣ ਅਕਸਰ ਵਰਤਿਆ ਜਾਂਦਾ ਸੀ, 'ਬਾਬੇ ਦਾ ਵਿਹੜਾ ਵਿਆਹੁਣਾ।' ਇਸ ਲਈ ਗੁਰੂ ਗ੍ਰੰਥ ਸਾਹਿਬ ਘਰ ਲਿਆ ਕੇ ਹੀ ਲਾਵਾਂ ਪੜ੍ਹੀਆਂ ਜਾਂਦੀਆਂ ਸਨ। ਅੱਜ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਜੋਂ ਇਹ ਰਸਮ ਅਕਸਰ ਗੁਰੂ ਘਰ ਜਾ ਕੇ ਹੀ ਕੀਤੀ ਜਾਂਦੀ ਹੈ।

ਇਸ ਰਸਮ ਦਾ ਮਹੱਤਵ ਗ੍ਰਿਹਸਥੀ ਜੀਵਨ ਦਾ ਅਰੰਭ ਧਰਮ ਗ੍ਰੰਥਾਂ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਕਰਨਾ ਹੈ। ਇਕ ਦੂਜੇ ਪ੍ਰਤੀ ਵਚਨਬੱਧ ਹੋਣਾ ਹੈ। ਇਸ ਦੇ ਨਾਲ ਹੀ ਕੁੜੀ ਦਾ ਪੇਕੇ ਘਰ ਤੋਂ ਨਾਤਾ ਤੋੜ ਕੇ ਉਸ ਦਾ ਸਬੰਧ ਪਤੀ ਨਾਲ ਅਤੇ ਸਹੁਰੇ ਘਰ ਨਾਲ ਜੋੜਨਾ ਹੈ। ਲਾਵਾਂ-ਫ਼ੇਰੇ ਧਾਰਮਿਕ ਰਹੁ-ਰੀਤਾਂ ਨਾਲ ਹੋਣ ਕਾਰਨ ਇਸ ਵਕਤ ਸ਼ਬਦ ਗਾਇਨ ਜਾਂ ਵੇਦ ਮੰਤਰ ਹੀ ਉਚਾਰੇ ਜਾਂਦੇ ਹਨ। ਇਸ ਲਈ ਇਸ ਰਸਮ ਦੇ ਦੌਰਾਨ ਕੋਈ ਲੋਕ ਗੀਤ ਨਹੀਂ ਗਾਇਆ ਜਾਂਦਾ। ਲਾਵਾਂ ਤੋਂ ਪਹਿਲਾਂ ਰਸਤੇ ਵਿਚ ਤੁਰੀ ਆ ਰਹੀ ਜੰਞ ਵਿਚਕਾਰ ਤੁਰੇ ਜਾਂਦੇ ਲਾੜੇ ਨੂੰ ਦੇਖ ਕੇ ਜਾਂ ਲਾਵਾਂ ਫੇਰੇ ਸ਼ੁਰੂ ਹੋਣ ਤੋਂ ਪਹਿਲਾਂ ਨਿਮਨ ਲਿਖਤ ਗੀਤ ਜ਼ਰੂਰ ਗਾਏ ਜਾਂਦੇ ਸਨ ਜੋ ਹੁਣ ਲੋਪ ਹੁੰਦੇ ਜਾ ਰਹੇ ਹਨ।

ਬਾਬੇ ਸਧਰਮੀ ਨੇ, ਧਰਮ ਕੀਤਾ।
ਧਰਤੀ ਮੁੱਲ ਲਈਉ,
ਆਂਗਣ ਬੇਦਾਂ ਗਡਾਇ ਲਈਉ।
ਬਾਬਲ ਸਧਰਮੀ ਨੇ, ਧਰਮ ਕੀਤਾ।
ਧਰਤੀ ਮੁੱਲ ਲਈਉ,
ਆਂਗਣ ਬੇਦਾਂ ਗਡਾਇ ਲਈਉ।
ਨਾਨੇ ਸਧਰਮੀ ਨੇ, ਧਰਮ ਕੀਤਾ।
ਧਰਤੀ ਮੁੱਲ ਲਈਉ,
ਆਂਗਣ ਬੇਦਾਂ ਗਡਾਇ ਲਈਉ।

ਮੇਰੇ ਬਾਬਲ ਜੀ!
ਬੇਦੀ ਦੇ ਬੋਲਦੇ ਨੇ ਤੋਤੇ,
ਤੁਸੀਂ ਬੋਲਦੇ ਕਿਉਂ ਨਹੀਂ?
ਮੇਰੇ ਬਾਬਲ ਜੀ!
ਮੈਂ ਬੇਦਾਂ ਹੇਠ ਖਲੋਈ,
ਮੈਂ ਛਮ-ਛਮ ਜਾਮਾਂ ਰੋਈ।
ਮੇਰੇ ਬਾਬਲ ਜੀ!
ਤੁਸੀਂ ਬੋਲਦੇ ਕਿਉਂ ਨਹੀਂ?
ਮੇਰੀ ਅੰਮੜੀਏ!
ਮੈਨੂੰ ਹੁਣ ਨਾ ਆਖੀਂ ਜਾਈ,
ਮੈਂ ਹੋ ਗਈ ਅੱਜ ਪਰਾਈ।
ਮੇਰੇ ਬਾਬਲ ਜੀ!
ਬੇਦੀ ਦੇ ਬੋਲਦੇ ਨੇ ਤੋਤੇ,
ਤੁਸੀਂ ਬੋਲਦੇ ਕਿਉਂ ਨਹੀਂ?

ਧੰਨ ਜਣੇਂਦੜੀ ਅੰਮੜੀ ਜੀ,
ਜਿਨ੍ਹੇ ਇਹ ਬੇਟਾ ਜਾਇਆ।
ਸੋਨੇ ਦਾ ਮੁਕਟ ਲਗਾ ਕੇ,
ਜੀ ਸਾਡੇ ਲਗਨਾਂ ਨੂੰ ਆਇਆ।
ਧੰਨ ਜਣੇਂਦੜੀ ਅੰਮੜੀ ਜੀ,
ਜਿਨ੍ਹੇ ਇਹ ਬੇਟੀ ਜਾਈ।
ਸੂੱਭਰ ਚੋਲੇ ਲਪੇਟ ਕੇ ਜੀ,
ਬੇਟੀ ਲਗਨੀਂ ਬਿਠਾਈ।
ਅੰਦਰ ਬੀਬੀ ਦੀ ਮਾਤਾ ਰੋਵੇ,
ਜੀ ਬਾਹਰ ਹੱਸੇ ਭਰਜਾਈ।
ਓਦਣ ਰੋਵੇਂਗੀ ਭਾਬੀਏ ਨੀ,
ਜਿੱਦਣ ਤੋਰੇਂਗੀ ਜਾਈ।
ਬੀਬੀ ਦਾ ਵੀਰਾ ਵੱਖ ਰੋਵੇ,
ਜੀ ਵੱਖ ਰੋਵੇ ਲੋਕਾਈ।
ਬੀਬੀ ਦਾ ਬਾਬਲ ਐਂ ਰੋਵੇ,
ਜਿਓਂ ਸਾਵਣ ਵਰਖਾ ਲਾਈ।
ਤੂੰ ਕਿਉਂ ਰੋਮੇਂ ਮੇਰੇ ਬਾਬਲਾ,
ਜੱਗ ਹੁੰਦੜੀ ਆਈ।



### ਸਲਾਮੀ ਅਤੇ ਦੇਲ੍ਹ ਦੀ ਰਸਮ ਤੇ ਗੀਤ

ਜੰਞ ਵਾਪਸ ਡੇਰੇ (ਧਰਮਸ਼ਾਲਾ/ਜੰਞ ਘਰ) ਚਲੀ ਜਾਂਦੀ ਸੀ। ਵਿਆਂਦੜ ਮੁੰਡੇ ਦੇ ਪਿੰਡ ਤੋਂ ਉਸ ਪਿੰਡ ਵਿੱਚ ਵਿਆਹੀਆਂ ਕੁੜੀਆਂ ਇਕ ਥਾਂ ਤੇ ਇਕੱਠੀਆਂ ਹੁੰਦੀਆਂ ਸਨ। ਉਹ ਥਾਲੀ ਵਿਚ ਜੋਤ ਜਗਾ ਕੇ, ਦੁੱਧ ਦੀ ਗੜਵੀ-ਖੰਡ/ਲੱਡੂ/ਸੀਰਨੀ ਅਤੇ ਵਾਰਨੇ ਲਈ ਰੁਪਈਏ ਆਦਿ ਰੱਖ ਕੇ ਗਾਉਂਦੀਆਂ ਸਲਾਮੀ ਪਾਉਣ ਜਾਂਦੀਆਂ ਸਨ। ਮੁੰਡੇ ਵਾਲਿਆਂ ਵਲੋਂ ਉਨ੍ਹਾਂ ਨੂੰ ਉਨ੍ਹਾਂ ਦੀ ਸਲਾਮੀ ਤੋਂ ਦੁੱਗਣੇ ਪੈਸੇ ਅਤੇ ਸੂਟ ਆਦਿ ਦਿੱਤੇ ਜਾਂਦੇ ਸਨ। ਇਸ ਨੂੰ 'ਦੇਲ੍ਹ' ਕਿਹਾ ਜਾਂਦਾ ਸੀ। ਅੱਜ ਵੀ ਕਈ ਥਾਂਵਾਂ 'ਤੇ ਇਹ ਰਸਮ ਉਸ ਪਿੰਡ ਵਿਚ ਵਿਆਹੀਆਂ ਕੁੜੀਆਂ ਦਾ ਮਾਣ ਵਧਾਉਣ ਲਈ ਕੀਤੀ ਜਾਂਦੀ ਹੈ। ਚੇਤੇ ਰਹੇ, ਪਹਿਲੇ ਸਮਿਆਂ ਵਿਚ ਪਿੰਡ ਦੀਆਂ ਧੀਆਂ-ਭੈਣਾਂ ਸਾਂਝੀਆਂ ਮੰਨੀਆਂ ਜਾਂਦੀਆਂ ਸਨ। ਇਹ ਰਸਮ ਵੀ ਹੁਣ ਟਾਂਵੀਂ-ਟਾਂਵੀਂ ਰਹਿ ਗਈ ਹੈ।

ਮੱਲਾਂ ਤੇਰੀਆਂ ਭੈਣਾਂ ਵੇ ਸੁਣੈਣਾਂ,
ਵੇ ਸੋਹਿਲੇ ਗਾਉਂਦੀਆਂ ਆਈਆਂ।
ਮੱਲਾ ਤੇਰੀਆਂ ਫੁੱਫੀਆਂ ਵੇ ਸਿਰ ਖੁੱਥੀਆਂ,
ਵੇ ਸੋਹਿਲੇ ਗਾਉਂਦੀਆਂ ਆਈਆਂ।

# ਭਗੀਰਥੀ

**(ਪਿਛਲੇ ਸਫੇ ਦੀ ਬਾਕੀ)**

ਸਾਡੀ ਜ਼ਿੰਮੇਵਾਰੀ ਹੋਸੀ।"

ਅੰਮਾ ਨੇ ਰਾਣੀ, ਬੇਜੀ ਅਤੇ ਮਹੱਲੇ ਵਾਲਿਆਂ ਨਾਲ ਸਲਾਹ ਪਿਛੋਂ ਰਿਸ਼ਤਾ ਤੈਅ ਕਰ ਦਿੱਤਾ। ਗੁਰਦੁਆਰੇ ਵਿਚ ਹੀ ਲਾਵਾਂ ਕਰਵਾ ਕੇ ਅੰਮਾ ਨੇ ਵੱਡੇ ਭੋਜ ਦਾ ਪ੍ਰਬੰਧ ਕੀਤਾ। ਮਹੱਲੇ ਵਾਲੇ ਹੀ ਜਾਂਞੀ ਤੇ ਮਾਂਞੀ ਵੀ ਬਣੇ। ਜਸਮੀਤ ਦੇ ਘਰ ਕਿਸੇ ਚੀਜ਼ ਦੀ ਕਮੀ ਨਹੀਂ ਸੀ ਪਰ ਅੰਮਾ ਨੇ ਤਾਂ ਭਰੇ ਘਰ ਨੂੰ ਹੋਰ ਭਰ ਦਿੱਤਾ। ਮੁਹੱਲੇ ਵਾਲਿਆਂ ਵੀ ਰਾਣੀ ਨੂੰ ਕੀਮਤੀ ਤੋਹਫੇ ਦਿੱਤੇ। ਜਸਮੀਤ ਨੇ ਸ਼ਹਿਰੋਂ ਬਾਹਰ ਬਣਦੀ ਕੋਠੀ 'ਚ ਸਮਾਨ ਸਜਾ ਲਿਆ ਅਤੇ ਰਾਣੀ ਦੀ ਡੋਲੀ ਵੀ ਉਸੇ ਕੋਠੀ 'ਚ ਲੈ ਗਿਆ।

ਰਾਣੀ ਦੀ ਡੋਲੀ ਤੋਰਨ ਵਕਤ ਅੰਮਾ ਇਸ ਤਰ੍ਹਾਂ ਰੋਈ ਜਿਵੇਂ ਆਪਣੇ ਢਿੱਡੋਂ ਜਾਈ ਬੱਚੀ ਲਈ ਕੋਈ ਰੋਂਦਾ ਕੁਰਲਾਉਂਦਾ ਹੈ।

ਅੰਮਾ ਹੁਣ ਉਦਾਸ ਅਤੇ ਬਿਮਾਰ ਰਹਿਣ ਲੱਗੀ। ਅੰਮਾ ਨੂੰ ਉਦਾਸ ਦੇਖ ਮੈਂ ਗਗਨ ਨੂੰ ਜ਼ਿਆਦਾ ਸਮੇਂ ਲਈ ਉਨ੍ਹਾਂ ਕੋਲ ਛੱਡ ਜਾਂਦੀ। ਦੂਜਾ ਕਾਰਨ ਇਹ ਵੀ ਸੀ ਕਿ ਮੇਰੀ ਨਨਾਣ ਦਾ ਜਣੇਪਾ ਵੀ ਨੇੜੇ ਸੀ, ਉਨ੍ਹਾਂ ਕੋਲ ਪਹਿਲਾਂ ਵੀ ਦੋ ਬੇਟੀਆਂ ਸਨ। ਬੇਜੀ ਨੂੰ ਅਕਸਰ ਖਬਰਸਾਰ ਲੈਣ ਜਾਣਾ ਪੈਂਦਾ। ਪਿੰਡ ਵਿਚ ਮੇਰੀ ਚੋਣ ਡਿਊਟੀ ਲੱਗਣ ਕਾਰਨ ਗਗਨ ਨੂੰ ਇਕ-ਦੋ ਵਾਰ ਉਨ੍ਹਾਂ ਕੋਲ ਰਾਤ ਵੀ ਛੱਡਣਾ ਪਿਆ। ਉਹ ਇਨਾ ਰਲ ਮਿਲ ਗਿਆ ਕਿ ਉਨ੍ਹਾਂ ਦਾ ਜ਼ਰਾ ਵੀ ਵਿਸਾਹ ਨਾ ਖਾਂਦਾ।

ਸਮਾਂ ਬੀਤਦਿਆਂ ਪਤਾ ਹੀ ਨਾ ਲੱਗਾ। ਗਗਨ ਪੰਜ ਸਾਲ ਦਾ ਹੋ ਗਿਆ ਅਤੇ ਸਕੂਲ ਵੀ ਜਾਣ ਲੱਗ ਗਿਆ। ਸਕੂਲੋਂ ਮੁੜਦਿਆਂ ਹੀ ਬੈਗ ਰੱਖ ਅੰਮਾ ਨੂੰ ਮਿਲਣ ਚਲਾ ਜਾਂਦਾ। ਉਹ ਅੰਮਾ ਨੂੰ ਬੇਜੀ ਵਾਂਗ ਆਜੀ ਹੋ ਕਹਿੰਦਾ ਸੀ।

ਗਗਨ ਦੀ ਦੇਖਾ-ਦੇਖੀ ਮੁਹੱਲੇ ਦੇ ਹੋਰ ਬੱਚੇ ਸ਼ਾਮ ਨੂੰ ਅੰਮਾ ਦੇ ਵਿਹੜੇ ਹੀ ਖੇਡਦੇ, ਅੰਮਾ ਵੀ ਬੱਚਿਆਂ ਨਾਲ ਬੱਚਾ ਬਣ ਕ੍ਰਿਕਟ, ਲੁਕਣ ਮੀਟੀ, ਕੋਟਲਾ ਛਪਾਕੀ ਖੇਡਦੀ। ਹਨੇਰਾ ਪੈਣ ਤੱਕ ਬੱਚੇ ਘਰਾਂ ਨੂੰ ਨਾ ਪਰਤਦੇ, ਬੱਚੇ ਅੰਮਾ ਦੀ ਜਾਨ ਸਨ।

ਇੱਕ ਐਤਵਾਰ ਸਵੇਰੇ ਹੀ ਬੱਚਿਆਂ ਨੇ ਅੰਮਾ ਦੇ ਵਿਹੜੇ ਰੌਣਕ ਲਾਈ ਹੋਈ ਸੀ। ਉਥੇ ਹੀ ਸਾਰੇ ਨਹਾ ਰਹੇ ਸਨ। ਅੰਮਾ ਨੇ ਕੜਾਹ-ਪੂਰੀ ਦਾ ਨਾਸ਼ਤਾ ਕਰਵਾਇਆ। ਬੱਚੇ ਖੂਬ ਮੌਜ ਮਸਤੀ ਕਰ ਰਹੇ ਸਨ। ਅਚਾਨਕ ਬੱਚਿਆਂ ਨਾਲ ਖੇਡਦਿਆਂ ਅੰਮਾ ਡਿਗ ਪਈ। ਕੋਹਰਾਮ ਮੱਚ ਗਿਆ। ਗਗਨ ਦੌੜਦਾ ਸਾਹੋ ਸਾਹੀ, ਰੋਂਦਾ ਆਇਆ, "ਮਾਮਾ, ਆਜੀ ਗਿਰ ਗਏ, ਆ ਜੀ।" ਅਸੀਂ ਤਿੰਨੇਂ ਭਗੀਰਥੀ ਦੇ ਘਰ ਵਲ ਦੌੜੇ ਅਤੇ ਦੇਖਿਆ ਅੰਮਾ ਦੇ ਨੱਕ ਵਿਚੋਂ ਖੂਨ ਨਿਕਲ ਰਿਹਾ ਸੀ। ਮੈਂ ਸਰੀਰ ਨੂੰ ਛੂਹਿਆ, ਠੰਡਾ ਬਰਫ ਹੋਇਆ ਪਿਆ ਸੀ। ਇਹ ਡਾਕਟਰ ਨੂੰ ਲੈਣ ਲਈ ਦੌੜੇ। ਸਾਰੇ ਅੰਮਾ ਦੇ ਪੈਰ ਝੱਸਣ ਲੱਗੇ। ਝੱਟ ਸਾਰੇ ਮਰਦ ਤੀਵੀਆਂ ਇੱਕਠੇ ਹੋ ਗਏ। ਬੇਜੀ ਨੇ ਅੰਮਾ ਦੇ ਕੋਲ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ। ਮਾੜਾ ਮੋਟਾ ਸਾਹ ਚੱਲ ਰਿਹਾ ਸੀ ਪਰ ਡਾਕਟਰ ਦੇ ਆਉਣ ਤੋਂ ਪਹਿਲਾਂ ਹੀ ਅੰਮਾ ਦੇ ਸਵਾਸ ਪੂਰੇ ਹੋ ਗਏ।

ਡਾਕਟਰ ਨੇ ਚੈਕ ਕਰਕੇ ਨਾਂਹ ਵਿਚ ਸਿਰ ਹਿਲਾਇਆ। ਸਭ ਦੀਆਂ ਅੱਖਾਂ ਵਹਿ ਤੁਰੀਆਂ। ਬੇਜੀ ਪਾਠ ਕਰਦੇ ਰੋਣ ਲੱਗ ਪਏ। ਉਨ੍ਹਾਂ ਇਸ਼ਾਰੇ ਨਾਲ ਸਭ ਨੂੰ ਪਾਠ ਕਰਨ ਲਈ ਕਿਹਾ। ਅੰਮਾ ਦੇ ਪਰਿਵਾਰ ਦੇ ਜੀਅ ਵੀ ਵਿਲ੍ਹਕ ਰਹੇ ਸਨ। ਬੌਬੀ, ਅਨੀਤਾ, ਸਾਧਨਾ ਬੁਸ ਬੁਸ ਕਰਦੀਆਂ ਰੋ ਰਹੀਆਂ ਸਨ। ਆਪਣੇ ਸੌਖਾਂ ਨੂੰ ਚੇਤੇ ਕਰ ਰਹੀਆਂ ਸਨ। ਮਾਪਿਆਂ ਆਪਣੀ ਅੰਦਰ ਹੋ ਕੇ ਵੀ ਤਿਆਗ ਦਿੱਤਾ ਸੀ, ਇੱਕ ਅੰਮਾ ਸੀ ਜਿਸ ਨੇ ਆਪਣੇ ਸਮਝ ਸੀਨੇ ਲਾਇਆ। ਇਵੇਂ ਲੱਗ ਰਿਹਾ ਸੀ ਜਿਵੇਂ ਸਾਜ਼ ਵੀ ਰੋ ਰਹੇ ਹੋਣ। ਅੰਮਾ ਬਾਰੇ ਪਤਾ ਲੱਗਣ 'ਤੇ ਜਸਮੀਤ ਅਤੇ ਰਾਣੀ ਵੀ ਆ ਗਏ। ਰਾਣੀ ਤਾਂ ਰੋ ਰੋ ਝੱਲੀ ਹੋ ਰਹੀ ਸੀ, 'ਮਾਂ, ਮਾਂ!' ਉਹ ਅੰਮਾ ਨਾਲ ਲਿਪਟ ਰਹੀ ਸੀ, 'ਮਾਂ ਮੈਨੂੰ ਤੂੰ ਨਵਾਂ ਜਨਮ ਦਿੱਤਾ, ਤੇਰੇ ਕਾਰਨ ਮੈਂ ਗੋਲੀ ਤੋਂ ਰਾਣੀ ਬਣੀ, ਮੈਨੂੰ ਛੱਡ ਕੇ ਨਾ ਜਾਹ।'

ਇਨ੍ਹਾਂ ਨੇ ਬਾਜ਼ਾਰ ਤੋਂ ਕਫਨ ਦਾ ਕੱਪੜਾ, ਗੱਲ ਦੇ ਵਸਤਰ, ਸਾਬਣ ਅਤੇ ਹੋਰ ਲੋੜੀਂਦੀਆਂ ਚੀਜ਼ਾਂ ਲੈ ਆਂਦੀਆਂ। ਪਾਠ ਸੰਪਨ ਹੋਇਆ ਤਾਂ ਅੰਮਾ ਨੂੰ ਇਸ਼ਨਾਨ ਕਰਵਾਇਆ ਗਿਆ। ਇੰਨੇ ਨੂੰ ਰਾਜਪੁਰੇ ਤੋਂ ਪੰਜ ਬਜ਼ੁਰਗ ਹਿਜੜੇ ਅੰਦਰ ਆਏ ਜਿਨ੍ਹਾਂ ਨੂੰ ਖਬਰ ਕਰਨ ਲਈ ਜਸਮੀਤ ਨੂੰ ਭੇਜਿਆ ਗਿਆ ਸੀ, ਕਿਉਂਕਿ ਸੂਰਜ ਡੁੱਬਣ ਤੋਂ ਪਹਿਲਾਂ ਸਸਕਾਰ ਕਰਨਾ ਸੀ। ਅੰਮਾ ਦਾ ਬੀਬਾਣ ਗੁਬਾਰਿਆਂ ਨਾਲ ਸਜਾਇਆ ਗਿਆ। ਬੇਜੀ ਨੇ ਉਸ 'ਤੇ ਰੋਂਦਿਆਂ ਦੁਸ਼ਾਲਾ ਪਾਇਆ ਅਤੇ ਸਿਰ 'ਤੇ ਪੀਲੀ ਦਸਤਾਰ ਸਜਾ ਦਿੱਤੀ। ਇਸ ਰੂਪ 'ਚ ਅੰਮਾ ਸਾਧਵੀ ਲੱਗ ਰਹੀ ਸੀ। ਸਾਰੇ ਬੱਚੇ ਦੁਆਲੇ ਖੜ੍ਹੇ ਰੋ ਰਹੇ ਸਨ। ਭਾਈ ਜੀ ਨੇ ਅਰਦਾਸਾ ਸੋਧਿਆ ਤਾਂ ਪੰਜ ਬਜ਼ੁਰਗ ਅੱਗੇ ਆਏ, ਜੁੱਤੀਆਂ ਲਾਹ ਜ਼ੋਰ ਜ਼ੋਰ ਦੀ ਭਗੀਰਥੀ ਨੂੰ ਮਾਰਦਿਆਂ ਬੋਲਣ ਲੱਗੇ, "ਜਾਹ ਭਗੀਰਥੀ, ਮੁੜ ਇਸ ਜੂਨੇ ਨਾ ਆਈਂ।"

ਇੰਨੇ 'ਚ ਗਗਨ ਵਿਲ੍ਹਕਦਾ ਹੋਇਆ ਭਗੀਰਥੀ ਦੇ ਜਨਾਜ਼ੇ 'ਤੇ ਲੇਟ ਗਿਆ ਅਤੇ ਤੜਫਦਾ ਚੀਕਣ ਲੱਗਾ, "ਮੇਰੇ ਆਜੀ ਨੂੰ ਨਾ ਮਾਰੋ, ਮੇਰੇ ਆਜੀ ਨੂੰ ਨਾ ਮਾਰੋ।" ਮੁੰਡੇ ਨੂੰ ਘਰਕਦਾ ਦੇਖ ਸਾਰਿਆਂ ਦੇ ਮੂੰਹੋਂ ਚੀਕਾਂ ਨਿਕਲ ਗਈਆਂ। ਬੜੀ ਮੁਸ਼ਕਿਲ ਨਾਲ ਗਗਨ ਨੂੰ ਅਲੱਗ ਕੀਤਾ।

ਰਾਤ ਉਤਰ ਆਈ। ਦਫਨਾਉਣ ਲਈ ਲਿਜਾਣ ਲੱਗੇ। ਹਿਜੜਿਆਂ ਦੇ ਰਿਵਾਜ਼ ਹੈ ਕਿ ਉਨ੍ਹਾਂ ਨੂੰ ਰਾਤ ਸਮੇਂ ਹੀ ਦਫਨਾਇਆ ਜਾਂਦਾ ਹੈ ਕਿਉਂਕਿ ਵਹਿਮ ਹੈ ਕਿ ਜੇ ਕੋਈ ਨਰ ਜਾਂ ਨਾਰੀ ਉਨ੍ਹਾਂ ਨੂੰ ਦਫਨਾਉਂਦਾ ਦੇਖ ਲਵੇ ਤਾਂ ਅਗਲੇ ਜਨਮ ਉਹ ਹਿਜੜਾ ਬਣ ਜਾਂਦਾ ਹੈ। ਉਨ੍ਹਾਂ ਦੇ ਮਰਨ 'ਤੇ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ ਅਤੇ ਵੱਡਾ ਭੋਜ ਕੀਤਾ ਜਾਂਦਾ ਹੈ।

ਹਿਜੜੇ ਅੰਮਾ ਨੂੰ ਕਬਰਿਸਤਾਨ ਦੇ ਬਾਹਰਲੇ ਖੁੱਲ੍ਹੇ ਮੈਦਾਨ 'ਚ ਦਫਨ ਕਰਨ ਤੱਕ ਜੁੱਤੀਆਂ ਮਾਰਦੇ ਰਹੇ। ਅੰਮਾ ਦੇ ਜਾਣ ਨਾਲ ਜਿਵੇਂ ਸਾਰਾ ਮੁਹੱਲਾ ਸੁੰਨਾ ਹੋ ਗਿਆ।

ਰੋਜ਼ ਵਾਂਗ ਮੈਂ ਅੰਮਾ ਦੀ ਖਿੜਕੀ ਵਲ ਦੇਖਿਆ, ਖਾਲੀ ਦੇਖ ਕਲੇਜਾ ਮੂੰਹ ਨੂੰ ਆ ਗਿਆ। ਅੱਜ ਵੀ ਮੇਰੀ ਖਿੜਕੀ ਦੇ ਬਾਹਰ ਫਿਰ ਚੰਦਰਮਾ ਸੀ, ਪਰ ਉਦਾਸ ਉਦਾਸ, ਅਧੂਰਾ ਅਧੂਰਾ। 'ਅੰ...ਮ੍ਹ...!' ਰੋਂਦਿਆਂ ਮੈਂ ਖਿੜਕੀ ਬੰਦ ਕਰ ਦਿਤੀ।

## ਸਮਾਂ

ਰਹੀ ਵਾਸਤੇ ਘੱਤ
'ਸਮੇ' ਨੇ ਇੱਕ ਨਾ ਮੰਨੀ,
ਫੜ ਫੜ ਰਹੀ ਧਰੀਕ
'ਸਮੇ' ਖਿਸਕਾਈ ਕੰਨੀ,
ਕਿਵੇਂ ਨ ਸੱਕੀ ਰੋਕ
ਅਟਕ ਜੋ ਪਾਈ ਭੰਨੀ,
ਤ੍ਰਿੱਖੇ ਅਪਣੇ ਵੇਗ
ਗਿਆ ਟੱਪ ਬੰਨੇ ਬੰਨੀ,
ਹੋ! ਅਜੇ ਸੰਭਾਲ ਇਸ 'ਸਮੇ' ਨੂੰ
ਕਰ ਸਫਲ ਉਡੰਦਾ ਜਾਂਵਦਾ,
ਇਹ ਠਹਿਰਨ ਜਾਚ ਨ ਜਾਣਦਾ
ਲੰਘ ਗਿਆ ਨ ਮੁੜਕੇ ਆਂਵਦਾ।

*-ਭਾਈ ਵੀਰ ਸਿੰਘ*

# ਕਲਾ ਸਿਨੇਮਾ ਦੇ ਸਮਾਜਿਕ ਸਰੋਕਾਰ


ਭਾਰਤੀ ਸਿਨੇਮਾ ਦੇ ਇਤਿਹਾਸ ਵਿਚ 1960 ਦੇ ਦਹਾਕੇ ਤੋਂ 1980 ਤੱਕ ਅਜਿਹੀਆਂ ਫਿਲਮਾਂ ਦਾ ਬੋਲਬਾਲਾ ਰਿਹਾ ਜਿਨ੍ਹਾਂ ਨੂੰ ਕਲਾ, ਰੂਪਕ, ਪਟਕਥਾ, ਪੇਸ਼ਕਾਰੀ ਅਤੇ ਦ੍ਰਿਸ਼ ਚਿਤਰਨ ਦੇ ਪੱਖਾਂ ਤੋਂ ਪ੍ਰਯੋਗ ਵਾਲੇ ਸਿਨੇਮਾ ਦਾ ਨਾਮ ਦਿੱਤਾ ਜਾਂਦਾ ਹੈ। ਉਨ੍ਹਾਂ ਵਕਤਾਂ ਦੇ ਸਿਆਸੀ, ਆਰਥਿਕ, ਸਮਾਜਿਕ ਅਤੇ ਆਲਮੀ ਵਰਤਾਰਿਆਂ 'ਤੇ ਝਾਤ ਮਾਰੀ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਹਰ ਤਰ੍ਹਾਂ ਦੀ ਆਲੋਚਨਾ ਝੱਲਣ ਦੇ ਬਾਵਜੂਦ ਕਲਾ ਮਾਧਿਅਮ ਵਜੋਂ ਭਾਰਤੀ ਸਿਨੇਮਾ ਨੇ ਤਤਕਾਲੀ ਹਕੀਕਤਾਂ ਦੀ ਨਾ ਸਿਰਫ ਹਕੀਕੀ ਪੇਸ਼ਕਾਰੀ





**ਕੁਲਦੀਪ ਕੌਰ**
**ਫੋਨ: +91-98554-04330**


ਕੀਤੀ, ਸਗੋਂ ਕਥਾਨਕ ਨੂੰ ਵੀ ਇੰਨੀਆਂ ਬਾਰੀਕੀਆਂ ਨਾਲ ਸਿਰਜਿਆ ਕਿ ਇਸ ਨੂੰ 'ਲੋਕਾਂ ਦਾ ਸਿਨੇਮਾ' ਦਾ ਲਕਬ ਮਿਲਿਆ। ਇਸ ਸਿਨੇਮਾ ਨੇ ਜਿਥੇ ਉਸ ਸਮੇਂ ਚੱਲ ਰਹੇ ਸਿਆਸੀ ਤੇ ਸਮਾਜਿਕ ਅੰਦੋਲਨਾਂ, ਬਹਿਸਾਂ, ਗੋਸ਼ਟੀਆਂ ਅਤੇ ਵਿਚਾਰਧਾਰਕ ਟਕਰਾਵਾਂ ਨੂੰ ਸਿਨੇਮਈ ਪਟਕਥਾਵਾਂ ਦਾ ਹਿੱਸਾ ਬਣਾਇਆ, ਉਥੇ ਇਨ੍ਹਾਂ ਫਿਲਮਾਂ ਰਾਹੀਂ ਉਪਰੋਕਤ ਟਕਰਾਵਾਂ ਤੇ ਰਗੜਾਂ ਵਿਚੋਂ ਨਿਕਲੀ ਸਮਝ ਨੂੰ ਵਿਗਿਆਨ ਅਤੇ ਆਧੁਨਿਕਤਾ ਦੀ ਸਾਣ 'ਤੇ ਵੀ ਲਾਇਆ। ਇਨ੍ਹਾਂ ਫਿਲਮਾਂ ਨੇ ਹੀ ਭਾਰਤੀ ਸਮਾਜ ਨੂੰ ਉਸ ਆਲਮੀ ਚਿੰਤਨ ਦਾ ਹਿੱਸਾ ਬਣਾਇਆ ਜਿਸ ਵਿਚ ਸਮਾਜ ਦੇ ਬੁਨਿਆਦੀ ਮਸਲਿਆਂ ਬਾਰੇ ਸਮਝ ਬਣਾਉਣ ਵਿਚ ਵੱਖ ਵੱਖ ਕਲਾ ਵੰਨਗੀਆਂ ਦੀ ਭੂਮਿਕਾ ਬਾਰੇ ਲਗਾਤਾਰ ਚੱਲਣ ਵਾਲੀ ਬਹਿਸ ਦਾ ਮੁੱਢ ਬੱਝਿਆ।

ਸਿਨੇਮਾ ਦੀ ਸ਼ੁਰੂਆਤ ਤੋਂ ਹੀ ਇਸ ਨੂੰ ਕਲਾ ਜਾਂ ਵਿਗਿਆਨ ਮੰਨਣ ਦੇ ਨਾਲ ਨਾਲ ਇਸ ਦੇ ਉਦੇਸ਼ਾਂ ਬਾਰੇ ਚਰਚਾ ਸ਼ੁਰੂ ਹੋ ਗਈ। ਸਿਨੇਮਾ ਦੇ ਇਤਿਹਾਸ ਵਿਚ ਬਣੀ ਪਹਿਲੀ ਫਿਲਮ 'ਦਿ ਹੌਰਸ ਇਨ ਮੋਸ਼ਨ' (1878) ਤੋਂ ਲੈ ਕੇ ਅੱਜ ਤੱਕ ਇਹ ਮੁੱਦਾ ਹੱਲ ਨਹੀਂ ਹੋ ਸਕਿਆ ਕਿ ਫਿਲਮ ਸਿਰਫ ਮਨੋਰੰਜਨ ਦਾ ਜ਼ਰੀਆ ਹੈ ਜਾਂ ਇਸ ਨੂੰ ਸਮਾਜਿਕ ਤਬਦੀਲੀ ਲਈ ਵਿਚਾਰਾਂ ਦੇ ਸੰਚਾਰ ਦੇ ਸੰਦ ਵਜੋਂ ਵਰਤਿਆ ਜਾ ਸਕਦਾ ਹੈ? ਸਿਨੇਮਾ ਮਹਿੰਗਾ ਤਕਨੀਕੀ ਸਾਧਨ ਹੋਣ ਕਾਰਨ ਇਸ ਦੀ ਆਰਥਿਕਤਾ ਇਸ ਦੇ ਕਲਾਤਮਿਕ ਪੱਖ 'ਤੇ ਭਾਰੂ ਰਹਿੰਦੀ ਹੈ ਤੇ ਨਿਰਮਾਤਾ ਇਸ ਦੀ ਵਪਾਰਕ ਸਫਲਤਾ ਪ੍ਰਤੀ ਫਿਕਰਮੰਦ ਰਹਿੰਦੇ ਹਨ। ਇਸ ਦੇ ਬਾਵਜੂਦ ਸਿਨੇਮਾ ਵਿਚ ਸਿਆਸੀ ਤੇ ਸਮਾਜਿਕ ਮੁੱਦਿਆਂ ਤੇ ਫਿਲਮਾਂ ਬਣਾਉਣ ਦਾ ਰੁਝਾਨ ਹਰ ਮੁਲਕ ਵਿਚ ਰਿਹਾ ਹੈ। ਇਸ ਦਾ ਕਾਰਨ ਕਹਾਣੀ ਸੁਣਾਉਣ ਦੇ ਇਸ ਮਾਧਿਅਮ ਦੀ ਸਮਰੱਥਾ ਵੀ ਹੈ ਅਤੇ ਇਸ ਦੀ ਸਮਾਜ ਦੇ ਹਰ ਵਰਗ ਤੱਕ ਪਹੁੰਚ ਵੀ। ਇਹ ਸਿਨੇਮਾ ਦਰਸ਼ਕਾਂ ਨੂੰ ਮਹਿਜ਼ ਖਪਤਕਾਰ ਦੇ ਰੂਪ ਵਿਚ ਨਹੀਂ, ਸਗੋਂ ਇਕ ਜਾਗਰੂਕ/ਚੇਤੰਨ ਸਮਾਜਿਕ ਜੀਵ ਵਜੋਂ ਸਨਮਾਨ ਦਿੰਦਾ ਹੈ ਤੇ ਉਸ ਦੇ ਜਜ਼ਬਾਤ, ਯਾਦਾਂ, ਸੁਪਨਿਆਂ ਤੇ ਵਿਚਾਰਾਂ ਦੀ ਪੇਸ਼ਕਾਰੀ ਨੂੰ ਆਪਣੀ ਜ਼ਿੰਮੇਵਾਰੀ ਸਮਝਦਾ ਹੈ। ਜੇ ਭਾਰਤੀ ਸਿਨੇਮਾ ਵਿਚ ਇਸ ਧਾਰਾ ਦੀ ਨਿਸ਼ਾਨਦੇਹੀ ਕਰਨੀ ਹੋਵੇ ਤਾਂ ਇਸ ਤਰ੍ਹਾਂ ਦੀਆਂ ਫਿਲਮਾਂ ਦੇ ਬਣਨ ਪਿੱਛੇ ਇਕੋ-ਜਿਹੇ ਕਈ ਕਾਰਨ ਨਜ਼ਰ ਆਉਂਦੇ ਹਨ, ਜਿਵੇਂ:









*ਫਿਲਮ 'ਦਿ ਹੌਰਸ ਇਨ ਮੋਸ਼ਨ' ਦਾ ਕਰਤਾ ਐਡਵਰਡ ਮੂਈਬ੍ਰਿਜ (ਖੱਬੇ) ਤੇ ਭਾਰਤੀ ਫਿਲਮਸਾਜ਼ (ਉਪਰ) ਸ਼ਿਆਮ ਬੈਨੇਗਲ, ਮ੍ਰਿਣਾਲ ਸੇਨ ਅਤੇ ਬਾਸੂ ਚੈਟਰਜੀ।*

ਇਨ੍ਹਾਂ ਫਿਲਮਾਂ ਦੀ ਦ੍ਰਿਸ਼ ਪੇਸ਼ਕਾਰੀ ਵਿਚ ਫਿਲਮ ਘੜੀ ਜਾਂਦੀ ਹੈ, ਸਿਰਫ ਪੇਸ਼ ਨਹੀਂ ਕੀਤੀ ਜਾਂਦੀ। ਘੜਨ ਦਾ ਤਰੀਕਾ ਕਿਰਦਾਰਾਂ, ਪਲਾਟ ਅਤੇ ਕਹਾਣੀ ਫਿਲਮਾਉਣ ਦੀਆਂ ਪਰੰਪਰਾਗਤ ਫਾਰਮੂਲੇ ਰੱਦ ਕਰਦਾ ਹੈ।

> ***ਇਨ੍ਹਾਂ ਫਿਲਮਾਂ ਦੇ ਨਿਰਦੇਸ਼ਕਾਂ ਨੇ ਦ੍ਰਿਸ਼ਾਂ, ਸੰਕੇਤਾਂ, ਸੂਚਕਾਂ ਤੇ ਪ੍ਰਤੀਕਾਂ ਦੀ ਵੱਖਰੀ ਭਾਸ਼ਾ ਈਜਾਦ ਕੀਤੀ ਅਤੇ ਇਨ੍ਹਾਂ ਰਾਹੀਂ ਸਿਨੇਮੇ ਦੀ ਭਾਸ਼ਾ ਦੇ ਅਰਥਾਂ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ। ਇਹ ਲਿਖਣਾ ਕੁਥਾਂ ਨਹੀਂ ਹੋਵੇਗਾ ਕਿ ਭਾਰਤੀ ਕਲਾ ਸਿਨੇਮਾ ਨਾਲ ਜੁੜੇ ਬਹੁਤੇ ਫਿਲਮਸਾਜ਼ ਉਹ ਸਨ ਜਿਨ੍ਹਾਂ ਲਈ ਸਿਨੇਮਾ ਸਿਰਫ ਕਹਾਣੀ ਸੁਣਾਉਣ ਦਾ ਮਾਧਿਅਮ ਨਹੀਂ, ਸਗੋਂ ਉਸ ਕਹਾਣੀ ਦੇ ਸਮਾਜਿਕ ਪ੍ਰਸੰਗਾਂ ਬਾਰੇ ਸੰਜੀਦਾ ਸੰਵਾਦ ਸ਼ੁਰੂ ਕਰਨ ਦਾ ਜ਼ਰੀਆ ਸੀ।***

ਇਨ੍ਹਾਂ ਫਿਲਮਾਂ ਦੇ ਨਿਰਦੇਸ਼ਕਾਂ ਨੇ ਦ੍ਰਿਸ਼ਾਂ, ਸੰਕੇਤਾਂ, ਸੂਚਕਾਂ ਅਤੇ ਪ੍ਰਤੀਕਾਂ ਦੀ ਵੱਖਰੀ ਭਾਸ਼ਾ ਈਜਾਦ ਕੀਤੀ ਅਤੇ ਇਨ੍ਹਾਂ ਰਾਹੀਂ ਸਿਨੇਮੇ ਦੀ ਭਾਸ਼ਾ ਦੇ ਅਰਥਾਂ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ। ਇਹ ਲਿਖਣਾ ਕੁਥਾਂ ਨਹੀਂ ਹੋਵੇਗਾ ਕਿ ਭਾਰਤੀ ਕਲਾ ਸਿਨੇਮਾ ਨਾਲ ਜੁੜੇ ਬਹੁਤੇ ਫਿਲਮਸਾਜ਼ ਉਹ ਸਨ ਜਿਨ੍ਹਾਂ ਲਈ ਸਿਨੇਮਾ ਸਿਰਫ ਕਹਾਣੀ ਸੁਣਾਉਣ ਦਾ ਮਾਧਿਅਮ ਨਹੀਂ, ਸਗੋਂ ਉਸ ਕਹਾਣੀ ਦੇ ਸਮਾਜਿਕ ਪ੍ਰਸੰਗਾਂ ਬਾਰੇ ਸੰਜੀਦਾ ਸੰਵਾਦ ਸ਼ੁਰੂ ਕਰਨ ਦਾ ਜ਼ਰੀਆ ਸੀ।

ਇਨ੍ਹਾਂ ਫਿਲਮਾਂ ਦਾ ਬਜਟ ਸੀਮਿਤ ਹੁੰਦਾ ਸੀ। ਜ਼ਿਆਦਾਤਰ ਫਿਲਮਸਾਜ਼ ਆਪਣੀਆਂ ਨਿੱਜੀ ਖਾਹਿਸ਼ਾਂ ਅਤੇ ਜ਼ਰੂਰਤਾਂ ਨੂੰ ਦਰਕਿਨਾਰ ਕਰ ਕੇ ਅਜਿਹੇ ਮੁੱਦਿਆਂ 'ਤੇ ਫਿਲਮਾਂ ਬਣਾਉਂਦੇ ਰਹੇ ਹਨ ਜਿਨ੍ਹਾਂ ਉਤੇ ਕਈ ਵਾਰ ਸਮਾਜ ਅਤੇ ਰਾਜਤੰਤਰ ਗੱਲ ਕਰਨ ਲਈ ਵੀ ਤਿਆਰ ਨਹੀਂ ਹੁੰਦਾ। ਇਥੇ ਇਹ ਸਵਾਲ ਅਹਿਮ ਹੈ ਕਿ ਉਹ ਅਜਿਹੀਆਂ ਫਿਲਮਾਂ ਬਣਾਉਣ ਲਈ ਕਿਉਂ ਤਰੱਦਦ ਕਰਦੇ ਹਨ ਜਿਹੜੀਆਂ ਨਾ ਤਾਂ ਪੈਸਾ ਵੱਟ ਸਕਦੀਆਂ ਹਨ ਅਤੇ ਨਾ ਹੀ ਉਨ੍ਹਾਂ ਨੂੰ ਦਰਸ਼ਕ ਜੁੜਦੇ ਹਨ? ਇਥੇ ਮਸਲਾ ਫਿਲਮਸਾਜ਼ ਦੀ ਸਮਾਜਿਕ ਸਾਂਝ ਨਾਲ ਜਾ ਜੁੜਦਾ ਹੈ। ਕੋਈ ਫਿਲਮਸਾਜ਼ ਕਿੰਨਾ ਸੰਵੇਦਨਸ਼ੀਲ ਤੇ ਲੋਕ ਪੱਖੀ ਸੋਚ ਦਾ ਧਾਰਨੀ ਹੈ, ਉਹ ਉਸ ਦੇ ਬਿਆਨਾਂ ਅਤੇ ਦਾਅਵਿਆਂ ਵਿਚੋਂ ਨਹੀਂ, ਸਗੋਂ ਉਸ ਦੀਆਂ ਫਿਲਮਾਂ ਵਿਚੋਂ ਝਲਕਦਾ ਹੈ।

ਭਾਰਤ ਵਿਚ ਕਲਾ ਸਿਨੇਮਾ ਦੇ ਮੁੱਢਲੇ ਦੌਰ ਵਿਚ ਭਾਰਤ ਸਰਕਾਰ ਦੁਆਰਾ ਬਣਾਈ ਫਿਲਮ ਫਾਇਨਾਂਸ ਕਾਰਪੋਰੇਸ਼ਨ ਦੀ ਭੂਮਿਕਾ ਮਹਤੱਵਪੂਰਨ ਰਹੀ। ਇਸ ਦੀ ਕਾਇਮੀ ਲੀਕ ਤੋਂ ਹਟ ਕੇ ਫਿਲਮਾਂ ਬਣਾਉਣ ਲਈ ਕੀਤੀ ਗਈ ਸੀ। ਇਸ ਸੰਸਥਾ ਨੇ ਬਾਸੂ ਚੈਟਰਜੀ, ਰਾਜਿੰਦਰ ਸਿੰਘ ਬੇਦੀ, ਮ੍ਰਿਣਾਲ ਸੇਨ, ਮਣੀ ਕੌਲ, ਕੁਮਾਰ ਸਾਹਨੀ, ਗਿਰੀਸ਼ ਕਰਨਾਡ, ਐਮ.ਐਸ. ਮੈਥਿਊ, ਸ਼ਿਆਮ ਬੈਨੇਗਲ ਵਰਗੇ ਫਿਲਮਸਾਜ਼ਾਂ ਦੀ ਵਿਤੀ ਮਦਦ ਕੀਤੀ। ਇਨ੍ਹਾਂ ਦੀਆਂ ਫਿਲਮਾਂ ਨੇ ਇਮਾਨਦਾਰੀ ਨਾਲ ਫਿਲਮਾਂ ਦੇ ਸਟਾਰ ਸਿਸਟਮ ਦੀ ਤਾਨਾਸ਼ਾਹੀ ਨੂੰ ਖਤਮ ਕੀਤਾ। ਫਿਲਮਾਂ ਦੇ ਵਿਸ਼ੇ ਵਸਤੂ ਪਰੀ ਕਹਾਣੀਆਂ ਤੇ ਨਾਚ ਗਾਣਿਆਂ ਦੇ ਕਲਪਿਤ ਸੰਸਾਰ ਵਿਚੋਂ ਨਿਕਲ ਕੇ ਭਾਰਤੀ ਸਮਾਜ ਦੀਆਂ ਤਤਕਾਲੀਨ ਸਚਾਈਆਂ ਨਾਲ ਜੁੜਨੇ ਸ਼ੁਰੂ ਹੋਏ। ਇਨ੍ਹਾਂ ਫਿਲਮਾਂ ਵਿਚ ਇਹ ਸਚਾਈ ਆਪਣੀਆਂ ਸਾਰੀਆਂ ਪਰਤਾਂ ਸਮੇਤ ਪੇਸ਼ ਹੁੰਦੀ ਹੈ ਤੇ ਦਰਸ਼ਕਾਂ ਨੂੰ ਇਨ੍ਹਾਂ ਪਰਤਾਂ ਵਿਚਲੀਆਂ ਵਿੱਥਾਂ ਫਰੋਲਣ ਲਈ ਮਜਬੂਰ ਕਰਦੀ ਹੈ। ਇਨ੍ਹਾਂ ਫਿਲਮਾਂ ਦੀ ਆਲੋਚਨਾ ਵਿਚ ਇਕ ਨੁਕਤਾ ਇਹ ਵੀ ਹੁੰਦਾ ਹੈ ਕਿ ਇਹ ਫਿਲਮਾਂ ਸਿਰਫ ਸਮੱਸਿਆਵਾਂ ਦੀ ਪੇਸ਼ਕਾਰੀ ਕਰਦੀਆਂ ਹਨ, ਉਨ੍ਹਾਂ ਦਾ ਕੋਈ ਸਾਰਥਿਕ ਹੱਲ ਪੇਸ਼ ਨਹੀਂ ਕਰਦੀਆਂ। ਇਸ ਦਾ ਜਵਾਬ ਇਸ ਗੱਲ ਵਿਚ ਪਿਆ ਹੈ ਕਿ ਕਲਾ ਦਾ ਮਕਸਦ ਸਮਾਜ ਨੂੰ ਸ਼ੀਸ਼ਾ ਦਿਖਾਉਣਾ ਹੁੰਦਾ ਹੈ।

ਇਨ੍ਹਾਂ ਫਿਲਮਾਂ ਦਾ ਭਾਰਤੀ ਸਿਨੇਮਾ 'ਤੇ ਚਿਰ-ਸਦੀਵੀ ਪ੍ਰਭਾਵ ਪਿਆ। ਇਨ੍ਹਾਂ ਨੇ ਭਾਰਤੀ ਵਪਾਰਕ ਸਿਨੇਮਾ ਦੇ ਸਾਹਮਣੇ ਨਵਾਂ ਬਦਲ ਪੇਸ਼ ਕੀਤਾ ਜਿਸ ਨੇ ਭਾਰਤੀ ਦਰਸ਼ਕਾਂ ਦੇ ਚੇਤਨਾ ਸੰਸਾਰ ਵਿਚ ਨਵਾਂ ਅਧਿਆਇ ਸ਼ੁਰੂ ਕੀਤਾ। 1990 ਤੱਕ ਆਉਂਦਿਆਂ ਇਹ ਵਿਰਾਸਤ ਨਵ-ਉਦਾਰਵਾਦੀ ਕਲਾ ਬਾਜ਼ਾਰ ਤੇ ਖੁੱਲੀ ਮੰਡੀ ਦੇ ਜਬਾੜਿਆਂ ਥੱਲੇ ਆ ਗਈ।

# ਇਰਫਾਨੀ 'ਡੂਬ' ਦੀ ਉਡਾਣ



ਬੰਗਲਾਦੇਸ਼ੀ ਫ਼ਿਲਮ 'ਡੂਬ' ਜਿਸ ਵਿਚ ਭਾਰਤ ਦੇ ਦਮਦਾਰ ਕਲਾਕਾਰ ਇਰਫ਼ਾਨ ਖਾਨ ਦਾ ਮੁੱਖ ਕਿਰਦਾਰ ਹੈ, ਮੁੱਖ ਰੂਪ ਵਿਚ ਬੰਗਲਾਦੇਸ਼ ਦੇ ਲੇਖਕ ਅਤੇ ਫ਼ਿਲਮਸਾਜ਼ ਹਮਾਯੂੰ ਅਹਿਮਦ ਦੀ ਜ਼ਿੰਦਗੀ ਉਤੇ ਆਧਾਰਤ ਹੈ। ਇਹ ਫਿਲਮ ਹਾਲ ਹੀ ਵਿਚ ਲੱਗੇ ਸ਼ੰਘਾਈ ਕੌਮਾਂਤਰੀ ਫਿਲਮ ਮੇਲੇ (ਚੀਨ) ਵਿਚ ਦਿਖਾਈ ਗਈ, ਪਰ ਬੰਗਲਾਦੇਸ਼ ਵਿਚ ਇਸ ਫ਼ਿਲਮ ਉਤੇ ਪਾਬੰਦੀ ਲਾ ਦਿੱਤੀ ਗਈ। ਇਰਫ਼ਾਨ ਖ਼ਾਨ ਨੇ ਇਸ ਖ਼ਬਰ 'ਤੇ ਬੜੀ ਹੈਰਾਨੀ ਜ਼ਾਹਿਰ ਕੀਤੀ ਹੈ। ਪਤਾ ਲੱਗਿਆ ਹੈ ਕਿ ਮਰਹੂਮ ਫਿਲਮਸਾਜ਼ ਹਮਾਯੂੰ ਅਹਿਮਦ ਦੀ ਪਤਨੀ ਨੇ ਬੰਗਲਾਦੇਸ਼ ਸਰਕਾਰ ਦੇ ਧਿਆਨ ਵਿਚ ਲਿਆਂਦਾ ਸੀ ਕਿ ਇਸ ਫਿਲਮ ਵਿਚ ਉਸ ਦੇ ਪਤੀ ਦੀ ਜ਼ਿੰਦਗੀ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ।

ਹਮਾਯੂ ਅਹਿਮਦ (13 ਨਵੰਬਰ 1948-19 ਜੁਲਾਈ 2012) ਫਿਲਮਸਾਜ਼ ਹੋਣ ਦੇ ਨਾਲ ਨਾਲ ਲਿਖਾਰੀ ਵੀ ਸੀ। ਉਸ ਦਾ ਪਹਿਲਾ ਨਾਵਲ 'ਨੰਦਤੋ ਨੋਰੋਕੇ' 1972 ਵਿਚ ਛਪਿਆ ਸੀ। ਉਸ ਨੇ 200 ਤੋਂ ਵੱਧ ਕਿਤਾਬਾਂ ਲਿਖੀਆਂ ਹਨ ਜੋ ਬੰਗਲਾਦੇਸ਼ ਵਿਚ ਅੱਜ ਵੀ ਬੜੀਆਂ ਵਿਕਦੀਆਂ ਹਨ। ਅਹਿਮਦ ਦੀ ਲਿਖਣ ਸ਼ੈਲੀ, ਮੈਜ਼ੀਕਲ ਯਥਾਰਥਵਾਦ ਹੈ। ਉਸ ਨੂੰ ਬੰਗਲਾ ਅਕਾਦਮੀ ਇਨਾਮ ਅਤੇ 'ਏਕੁਸ਼ਹਿ ਤਗਮਾ' ਇਨਾਮ ਵੀ ਮਿਲ ਚੁੱਕਾ ਹੈ। ਉਸ ਨੇ ਕੁੱਲ ਅੱਠ ਫਿਲਮਾਂ ਬਣਾਈਆਂ। ਇਹ ਸਾਰੀਆਂ ਫਿਲਮਾਂ ਉਸ ਦੇ ਆਪਣੇ ਲਿਖੇ ਨਾਵਲਾਂ ਉਤੇ ਹੀ ਆਧਾਰਤ ਸਨ ਅਤੇ ਇਨ੍ਹਾਂ ਫਿਲਮਾਂ ਲਈ ਉਸ ਨੇ ਬੰਗਲਾਦੇਸ਼ ਦੇ ਛੇ ਕੌਮੀ ਫਿਲਮ ਵੀ ਇਨਾਮ ਹਾਸਲ ਕੀਤੇ। ਉਸ ਦੀ ਹਰ ਫਿਲਮ ਉਤੇ ਖੂਬ ਚਰਚਾ ਹੁੰਦੀ ਸੀ। ਫਿਲਮ 'ਡੂਬ' ਬੰਗਲਾਦੇਸ਼ੀ ਫ਼ਿਲਮਸਾਜ਼ ਮੁਸਤਫ਼ਾ ਸਰਵਰ ਫਾਰੂਕੀ ਵੱਲੋਂ ਬਣਾਈ ਜਾ ਰਹੀ ਹੈ ਅਤੇ ਇਸ ਦੇ ਨਿਰਮਾਤਾ ਇਰਫਾਨ ਖਾਨ ਦੇ ਨਾਲ ਨਾਲ ਅਬਦੁਲ ਅਜੀਜ਼ (ਬੰਗਲਾਦੇਸ਼) ਵੀ ਹਨ। ਇਸ ਫਿਲਮ ਵਿਚ ਇਰਫ਼ਾਨ ਖਾਨ ਤੋਂ ਇਲਾਵਾ ਬੰਗਲਾਦੇਸ਼ੀ ਹੀਰੋਇਨ ਨੁਸਰਤ ਇਮਰੋਜ਼ ਤੀਸ਼ਾ, ਰੁਕੱਈ ਪਰਾਚੀ ਅਤੇ ਪਾਰਨੋ ਮਿੱਤਰਾ ਦੀਆਂ ਵੀ ਅਹਿਮ ਭੂਮਿਕਾਵਾਂ ਹਨ। ਇਹ ਫਿਲਮ ਸੰਸਾਰ ਭਰ ਵਿਚ 25 ਜੂਨ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਫਿਲਮ ਦੀ ਕਹਾਣੀ ਦੋ ਪਰਿਵਾਰਾਂ ਦੇ ਵੱਖ ਵੱਖ ਜੀਆਂ ਦੁਆਲੇ ਘੁੰਮਦੀ ਹੈ। ਕਹਾਣੀ ਦਾ ਤੋੜ ਇਹ ਹੈ ਕਿ ਪਰਿਵਾਰ ਦੇ ਕਿਸੇ ਇਕ ਜੀਅ ਦੀ ਮੌਤ ਤੋਂ ਬਾਅਦ ਜ਼ਿੰਦਗੀਆਂ ਦੀਆਂ ਤੰਦਾਂ ਕਿਤੇ ਖ਼ਤਮ ਨਹੀਂ ਹੋ ਜਾਂਦੀਆਂ। ਫਿਲਮ ਦਾ ਸਾਰ ਤੱਤ ਇਹੀ ਹੈ ਕਿ ਮੌਤ ਨਾਲ ਤੁਹਾਡੋਂ ਕੋਲੋਂ ਸਿਰਫ ਕੁਝ ਖੁੱਸਦਾ ਹੀ ਨਹੀਂ, ਸਗੋਂ ਕੁਝ ਕੁਝ ਹਾਸਲ ਵੀ ਹੁੰਦਾ ਹੈ। ਇਹ ਫਿਲਮ 39ਵੇਂ ਮਾਸਕੋ ਕੌਮਾਂਤਰੀ ਫਿਲਮ ਮੇਲੇ ਵਿਚ ਪਹਿਲਾਂ ਹੀ ਧੁੰਮਾਂ ਪਾ ਚੁੱਕੀ ਹੈ। ਫਿਲਮ ਦੇ ਡਾਇਰੈਕਟਰ ਸਰਵਰ ਫਾਰੂਕੀ ਦਾ ਫਿਲਮ ਉਤੇ ਪਾਬੰਦੀ ਬਾਰੇ ਦਾ ਕਹਿਣਾ ਹੈ ਕਿ ਉਸ ਦੀ ਫਿਲਮ ਨੂੰ ਪਹਿਲੇ ਗੇਟ ਉਤੇ ਹੀ ਰੋਕਣ ਦਾ ਯਤਨ ਕੀਤਾ ਗਿਆ ਹੈ; ਹੋਰ ਤਾਂ ਹੋਰ, ਇਸ ਫਿਲਮ ਉਤੇ ਪਾਬੰਦੀ ਕਿਉਂ ਲਾਈ ਹੋਈ ਹੈ, ਇਸ ਬਾਰੇ ਵੀ ਕਿਤੇ ਸਪਸ਼ਟ ਨਹੀਂ ਕੀਤਾ ਗਿਆ ਹੈ। ਹਾਂ, ਇਹ ਜ਼ਰੂਰ ਹੈ ਕਿ ਮੈਂ ਆਪਣੀ ਫਿਲਮ ਵਿਚ ਪ੍ਰਚੱਲਿਤ ਧਾਰਾ ਤੋਂ ਐਨ ਉਲਟ ਕੁਝ ਗੱਲਾਂ ਠੋਕ- ਵਜਾ ਕੇ ਕੀਤੀਆਂ ਹਨ। ਹੋ ਸਕਦਾ ਹੈ ਕਿ ਅਗਲਿਆਂ ਨੂੰ ਮੇਰੀਆਂ ਇਨ੍ਹਾਂ ਹੀ ਗੱਲਾਂ ਤੋਂ ਕੋਈ ਔਖ ਹੋਈ ਹੋਵੇ, ਪਰ ਫਿਲਮ ਉਤੇ ਪਾਬੰਦੀ ਬੰਦੇ ਦੀ ਬੋਲਣ ਦੀ ਆਜ਼ਾਦੀ ਉਤੇ ਸਿੱਧਾ ਡਾਕਾ ਹੈ। ***-ਗੁਰਜੰਟ ਸਿੰਘ***



*ਨੁਸਰਤ ਇਮਰੋਜ਼ ਤੀਸ਼ਾ*



*ਹਮਾਯੂੰ ਅਹਿਮਦ*

# ਵਾਰਸ ਸ਼ਾਹ ਦਾ ਪਿੰਡ

## ਜੰਡਿਆਲਾ ਸ਼ੇਰ ਖਾਂ ਦੀ ਜ਼ਿਆਰਤ

*ਹੀਰ, ਵਾਰਸ ਸ਼ਾਹ ਦੀ ਅਮਰ ਰਚਨਾ ਹੈ। ਇਸ ਰਚਨਾ ਵਿਚ ਹੀਰ-ਰਾਂਝੇ ਦੀ ਪਿਆਰ-ਕਥਾ ਤਾਂ ਪਰੋਈ ਹੀ ਹੋਈ ਹੈ, ਉਸ ਵੇਲੇ ਦੇ ਪੰਜਾਬ ਅਤੇ ਪੰਜਾਬੀਆਂ ਦੇ ਦਰਸ਼ਨ ਵੀ ਇਸ ਰਚਨਾ ਵਿਚੋਂ ਹੋ ਜਾਂਦੇ ਹਨ। ਇਹ ਲੇਖ ਸੂਫੀ ਅਮਰਜੀਤ ਨੇ ਵਾਰਸ ਸ਼ਾਹ ਦੇ ਪਿੰਡ ਜੰਡਿਆਲਾ ਸ਼ੇਰ ਖਾਂ ਦੀ ਯਾਤਰਾ ਬਾਰੇ ਲਿਖਿਆ ਹੈ ਜਿਸ ਤੋਂ ਵਾਰਸ ਸ਼ਾਹ ਦੀ ਮਾਨਤਾ ਬਾਰੇ ਸੂਹ ਮਿਲਦੀ ਹੈ। -ਸੰਪਾਦਕ*


ਵਾਰਸ ਸ਼ਾਹ ਦੇ ਪਿੰਡ ਜੰਡਿਆਲਾ ਸ਼ੇਰ ਖਾਂ ਵਿਚ ਬਣੀ ਵਾਰਸ ਦੀ ਮਜ਼ਾਰ।

ਸੂਫ਼ੀ ਅਮਰਜੀਤ

ਉਘੇ ਸ਼ਾਇਰ ਵਾਰਸ ਸ਼ਾਹ ਦਾ ਪਿੰਡ ਜੰਡਿਆਲਾ ਸ਼ੇਰ ਖਾਂ ਬਹੁਤੀ ਦੂਰ ਨਹੀਂ ਸੀ। ਦੋ ਕੁ ਥਾਂਵਾਂ ਤੋਂ ਪਤਾ ਕੀਤਾ ਤਾਂ ਅੱਗੇ ਜੰਡਿਆਲਾ ਸ਼ੇਰ ਖ਼ਾਂ ਦਾ ਮੀਲ ਪੱਥਰ ਖੜ੍ਹਾ ਕਹਿ ਰਿਹਾ ਸੀ ਕਿ ਪੰਜਾਬੀ ਦੇ ਮਹਾਨ ਸ਼ਾਇਰ ਦੇ ਪਿੰਡ ਜਾਣ ਵਾਲੀ ਇਹੋ ਸੜਕ ਹੈ। ਲਹਿੰਦੇ ਪੰਜਾਬ ਵਿਚ ਵੀ ਪਿੰਡ ਸੜਕਾਂ ਨਾਲ ਜੋੜਨ ਵਾਲੀ ਸਕੀਮ ਦਾ ਹਿੱਸਾ ਜਾਪਦੇ ਹਨ। ਵਾਰਸ ਸ਼ਾਹ ਦੀ ਹੀਰ-ਰਾਂਝਾ ਸ਼ਾਹਕਾਰ ਰਚਨਾ ਹੈ। ਸਮੁੱਚੇ ਪੰਜਾਬੀ ਸਾਹਿਤ ਦੀ ਕਿੱਸਾਕਾਰੀ ਵਿਚ ਹੀ ਨਹੀਂ, ਸਗੋਂ ਸਾਹਿਤ ਅਤੇ ਸਭਿਆਚਾਰ ਦੇ ਖੇਤਰਾਂ ਵਿਚੋਂ ਜੇ ਵਾਰਸ ਦੀ 'ਹੀਰ' ਦੇ ਕਿੱਸੇ ਨੂੰ ਮਨਫ਼ੀ ਕਰ ਕੇ ਦੇਖੀਏ ਤਾਂ ਇਹ ਊਣੇ ਲੱਗਣਗੇ। ਹੀਰ ਦਾ ਕਿੱਸਾ ਅਨੇਕਾਂ ਸ਼ਾਇਰਾਂ ਨੇ ਲਿਖਿਆ, ਪਰ ਜਿਹੜੀ ਮੋਹਰ ਛਾਪ 'ਹੀਰ ਵਾਰਸ ਸ਼ਾਹ' ਦੀ ਲੋਕ ਮਨਾਂ ਉਪਰ ਲੱਗੀ ਹੈ, ਉਹ ਮਾਣ ਹੋਰ ਕਿਸੇ ਨੂੰ ਨਹੀਂ ਮਿਲਿਆ। ਇਸ ਦੀਆਂ ਅਨੇਕਾਂ ਤੁਕਾਂ ਅਖਾਣਾਂ-ਮੁਹਾਵਰੇ ਬਣ ਗਈਆਂ ਹਨ। ਅਨਪੜ੍ਹ ਲੋਕ 'ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਨੀ' ਜ਼ਰੂਰ ਜਾਣਦੇ ਹਨ। ਵਾਰਸ ਸ਼ਾਹ ਨੂੰ ਖੁਦ ਵੀ ਆਪਣੀ ਸਿਰਜਣਾ ਉਪਰ ਡਾਢਾ ਮਾਣ ਸੀ। ਉਸ ਨੇ ਲਿਖਿਆ ਹੈ:


ਹੋਰ ਸ਼ਾਇਰਾਂ ਚੱਕੀਆਂ ਝੋੜੀਆਂ ਨੇ,  
ਗੱਲਾਂ ਪੀਸਿਆ ਵਿਚ ਖਰਾਸ ਦੇ ਮੈਂ।

ਹੀਰ ਵਾਰਸ ਦੀ ਰਚਨਾ ਉਪਰ ਅਨੇਕਾਂ ਵਿਦਵਾਨ ਆਲੋਚਕਾਂ ਨੇ ਕਿਤਾਬਾਂ ਲਿਖੀਆਂ ਹਨ। ਅਨੇਕਾਂ ਵਿਦਿਆਰਥੀਆਂ ਨੇ ਪੀਐਚ.ਡੀ. ਅਤੇ ਐਮ.ਫਿਲ. ਦੀ ਡਿਗਰੀ ਪ੍ਰਾਪਤ ਕੀਤੀ ਹੈ। ਸਦੀਆਂ ਲੰਘਣ ਉਪਰੰਤ ਵੀ ਅੱਜ ਵੀ ਇਸ ਮਹਾਨ ਸਾਹਿਤ ਰਚਨਾ ਦੀ ਤਾਜ਼ਗੀ ਸਦਾ ਬਹਾਰ ਫੁੱਲਾਂ ਵਾਂਗ ਕਾਇਮ ਹੈ।


ਮੁਲਕ ਦੀ ਵੰਡ ਸਮੇਂ ਤੱਕ ਅਨੇਕਾਂ ਪ੍ਰਕਾਸ਼ਕਾਂ ਨੇ ਵਾਰਸ ਸ਼ਾਹ ਦੀ ਰਚਨਾ ਨੂੰ 'ਅਸਲੀ ਤੇ ਵੱਡੀ ਹੀਰ' ਦੇ ਵਿਸ਼ੇਸ਼ਣ ਨਾਲ ਛਾਪਿਆ। ਵੰਡ ਪਿਛੋਂ ਹੀਰ ਦੇ ਕਿੱਸੇ ਉਪਰ ਕਈ ਵਿਦਵਾਨਾਂ ਖੋਜ ਕੀਤੀ ਹੈ। ਉਨ੍ਹਾਂ ਇਸ ਵਿਚ ਹੋਈ ਮਿਲਾਵਟ ਦੀ ਨਿਸ਼ਾਨਦੇਹੀ ਵੀ ਕੀਤੀ ਹੈ ਜਿਸ ਨਾਲ ਇਹ ਆਮ ਬਾਜ਼ਾਰ ਵਿਚ ਛਪਣ ਵਾਲੇ ਕਿੱਸੇ ਨਾਲੋਂ ਤੀਜਾ ਕੁ ਹਿੱਸਾ ਹੀ ਰਹਿ ਜਾਂਦੀ ਹੈ। ਸਮੇਂ ਸਮੇਂ ਹੋਰ ਸ਼ਾਇਰ ਲੇਖਕਾਂ ਨੇ ਇਸ ਦੇ ਬੈਂਤ ਬੜੇ ਲੰਮੇ ਕਰ ਦਿੱਤੇ ਹਨ। ਕਈ ਨਵੇਂ ਬੈਂਤ ਹੀ ਸ਼ਾਮਲ ਕੀਤੇ ਹਨ। ਮੈਨੂੰ ਦੋਵੇਂ ਹੀ ਤਰ੍ਹਾਂ ਦੇ ਕਿੱਸੇ ਪੜ੍ਹਨ ਦਾ ਮੌਕਾ ਮਿਲਿਆ ਹੈ। ਫਿਰ ਵੀ ਰਵਾਇਤੀ ਆਮ ਵਿਕਦੇ ਕਿੱਸੇ ਵਿਚ ਕੁਝ ਅਸ਼ਲੀਲ ਬੈਂਤਾਂ ਤੋਂ ਬਿਨਾਂ ਬਾਕੀ ਨਿਰਸੰਦੇਹ ਬਾਹਰਲੇ ਹਨ, ਪਰ ਉਸ ਨਾਲ ਹੀਰ ਦੀ ਕਥਾ ਵਧੇਰੇ ਰੌਚਿਕ ਬਣਦੀ ਜਾਪਦੀ ਹੈ। ਕਈ ਬੈਂਤ ਤਾਂ ਬਹੁਤ ਖੂਬਸੂਰਤ ਹਨ। ਉਨ੍ਹਾਂ ਦਾ ਵਾਰਸ ਸ਼ਾਹ ਦੀ ਮੌਲਿਕ ਲੇਖਣੀ ਨਾਲੋਂ ਉਕਾ ਹੀ ਫਰਕ ਨਹੀਂ ਜਾਪਦਾ।

ਵਾਰਸ ਸ਼ਾਹ ਤੇ ਉਸ ਦੀ ਰਚਨਾ ਬਾਰੇ ਸੋਚਣ ਵਿਚ ਮੇਰਾ ਮਨ ਪੂਰੀ ਤਰ੍ਹਾਂ ਰੁੱਝਿਆ, ਸੋਚਾਂ ਵਿਚ ਫਸਿਆ, ਆਲੇ-ਦੁਆਲੇ ਦੇ ਖੇਤਾਂ ਨੂੰ ਦੇਖ ਰਿਹਾ ਸੀ; ਅਚਾਨਕ ਮੁਜ਼ਤਬਾ ਸਾਹਿਬ ਕਹਿਣ ਲੱਗੇ, "ਪਹੁੰਚ ਗਏ ਆਪਾਂ ਵਾਰਸ ਸ਼ਾਹ ਦੇ ਮਜ਼ਾਰ ਲਾਗੇ।"

ਅਸੀਂ ਵੱਡੇ ਬੂਹੇ ਦੇ ਅੰਦਰ ਲੰਘ ਕੇ, ਕਾਰ ਇਕ ਪਾਸੇ ਖੜ੍ਹੀ ਕਰ ਦਿੱਤੀ। ਆਸਮਾਨ ਉਪਰ ਬੱਦਲ ਛਾਏ ਹੋਏ ਸਨ, ਕੋਈ ਕੋਈ ਕਣੀ ਵੀ ਡਿੱਗ ਰਹੀ ਸੀ। ਤੇਜ਼ ਹਵਾ ਚੱਲ ਰਹੀ ਸੀ। ਕਾਰ ਵਿਚੋਂ ਨਿਕਲ ਕੇ ਆਲੇ-ਦੁਆਲੇ ਲੋਕਾਂ ਦੀ ਚਹਿਲ ਪਹਿਲ ਦੇਖੀ। ਸੱਜੇ ਪਾਸੇ ਕਨਾਤ ਲਾ ਕੇ ਉਸ ਵਿਚ ਨਿਕਾਹ ਪੜ੍ਹਾਇਆ ਜਾ ਰਿਹਾ ਸੀ। ਪਤਾ ਲੱਗਾ ਕਿ ਗੁਆਂਢ ਦੀਆਂ ਕੁੜੀਆਂ ਦੇ ਦੋ ਨਿਕਾਹ ਪੜ੍ਹਾਏ ਗਏ ਸਨ। ਖੱਬੇ ਹੱਥ ਕਈ ਦੁਕਾਨਾਂ ਸਨ ਜਿਹੜੀਆਂ ਮਜ਼ਾਰ ਦੀ ਦੀਵਾਰ ਦੇ ਬਾਹਰਲੇ ਪਾਸੇ ਬਣੀਆਂ ਹੋਈਆਂ ਸਨ। ਕੁਝ ਦੁਕਾਨਾਂ ਬੰਦ ਸਨ ਅਤੇ ਕੁਝ ਕੁ ਖੁੱਲ੍ਹੀਆਂ। ਲਾਗੇ ਹੀ ਅੰਦਰ ਜਾਣ ਲਈ ਵੱਡਾ ਦੁਆਰ ਸੀ। ਅਸੀਂ ਕਾਰ ਵਿਚੋਂ ਨਿਕਲ ਕੇ ਉਸ ਪਾਸੇ ਹੋ ਤੁਰੇ। ਕਾਫੀ ਲੋਕ ਮਜ਼ਾਰ ਉਤੇ ਅਕੀਦਤ ਭੇਟ ਕਰਨ ਅਤੇ ਕਈ ਮਨ ਵਿਚ ਸੁੱਖਾਂ ਲੈ ਕੇ ਆਉਂਦੇ ਜਾਂਦੇ ਨਜ਼ਰੀਂ ਪਏ। ਜਿਉਂ ਹੀ ਅਸੀਂ ਕੁਝ ਕਦਮ ਅੱਗੇ ਵਧੇ ਤਾਂ ਵਿਆਹ ਦੇ ਪੰਡਾਲ ਵਿਚੋਂ ਪਹਿਲਵਾਨਾਂ ਵਰਗਾ ਛੇ ਫੁੱਟ ਤੋਂ ਉਚਾ, ਨਰੋਆ, ਗੋਰੇ ਰੰਗ ਅਤੇ ਮੋਟੀਆਂ ਮੋਟੀਆਂ ਅੱਖਾਂ ਵਿਚੋਂ ਖੁਸ਼ੀ ਨਾਲ ਮੁਸਕਰਾਉਂਦਾ ਜੁਆਨ ਮੇਰੇ ਵੱਲ ਆਇਆ। ਮੇਰੇ ਪਗੜੀ ਬੱਧੀ ਦੇਖ ਕੇ ਅਤੇ ਚੜ੍ਹਦੇ ਪੰਜਾਬ ਵਿਚੋਂ ਆਇਆ ਸਮਝ ਕੇ, ਦੋਵੇਂ ਬਾਹਾਂ ਖੋਲ੍ਹ ਕੇ ਮੇਰੇ ਸਾਹਮਣੇ ਆਣ ਖਲੋਤਾ। ਉਸ ਦਾ ਚਿਹਰਾ ਖੁਸ਼ੀ ਦੇ ਸਰੂਰ ਨਾਲ ਲਿਸ਼ਕ ਰਿਹਾ ਸੀ। ਉਸ ਨੇ ਹੱਥ ਮਿਲਾਇਆ ਅਤੇ ਦੋਵੇਂ ਮੋਢਿਆਂ ਨਾਲ ਵਾਰੀ ਵਾਰੀ ਜੱਫ਼ੀ ਪਾ ਕੇ ਮਿਲਿਆ ਜਿਵੇਂ ਪੁਰਾਣੀ ਪੰਜਾਬੀ ਰਵਾਇਤ ਹੈ।


ਅਬਦੁਰ ਰਹਿਮਾਨ ਚੁਗਤਾਈ ਦਾ ਬਣਾਇਆ ਵਾਰਿਸ ਸ਼ਾਹ।

*ਵਾਰਸ ਸ਼ਾਹ ਦੀ ਹੀਰ-ਰਾਂਝਾ ਸ਼ਾਹਕਾਰ ਰਚਨਾ ਹੈ। ਹੀਰ ਦਾ ਕਿੱਸਾ ਅਨੇਕਾਂ ਸ਼ਾਇਰਾਂ ਨੇ ਲਿਖਿਆ, ਪਰ ਜਿਹੜੀ ਮੋਹਰ ਛਾਪ 'ਹੀਰ ਵਾਰਸ ਸ਼ਾਹ' ਦੀ ਲੋਕ ਮਨਾਂ ਉਪਰ ਲੱਗੀ ਹੋਈ ਹੈ, ਉਹ ਮਾਣ ਹੋਰ ਕਿਸੇ ਨੂੰ ਨਹੀਂ ਮਿਲਿਆ। ਇਸ ਦੀਆਂ ਅਨੇਕਾਂ ਤੁਕਾਂ ਅਖਾਣਾਂ-ਮੁਹਾਵਰੇ ਬਣ ਗਈਆਂ ਹਨ। ਵਾਰਸ ਸ਼ਾਹ ਨੂੰ ਖੁਦ ਵੀ ਆਪਣੀ ਸਿਰਜਣਾ ਉਪਰ ਡਾਢਾ ਮਾਣ ਸੀ। ਉਸ ਨੇ ਲਿਖਿਆ ਹੈ:*  
*ਹੋਰ ਸ਼ਾਇਰਾਂ ਚੱਕੀਆਂ ਝੋੜੀਆਂ ਨੇ,*  
*ਗੱਲਾਂ ਪੀਸਿਆ ਵਿਚ ਖਰਾਸ ਦੇ ਮੈਂ।*



1888 ਵਿਚ ਛਪੇ ਕਿੱਸੇ ਹੀਰ ਰਾਂਝਾ 'ਤੇ ਛਪਿਆ ਵਾਰਿਸ ਦਾ ਸਕੈੱਚ।

ਇਸ ਨੌਜੁਆਨ ਨੇ ਕੱਢਵੇਂ ਗਲੇ ਵਾਲੀ ਫਿੱਕੀ ਬਾਦਾਮੀ ਲੰਮੀ ਕਮੀਜ਼-ਸਲਵਾਰ ਪਹਿਨੇ ਹੋਏ ਸਨ। ਫਿਰ ਉਸ ਨੇ ਆਪਣੇ ਦੋਵੇਂ ਬੱਚਿਆਂ ਜੋ ਪੰਜ ਅਤੇ ਸੱਤ ਕੁ ਸਾਲ ਦੇ ਹੋਣੇ ਸਨ, ਨੂੰ ਮਿਲਾਇਆ ਅਤੇ ਕਿਹਾ, "ਏਥੇ ਆਉਣ ਉਤੇ ਖੁਸ਼ਆਮਦੀਦ! ਅਸੀਂ ਬੜੇ ਖੁਸ਼ਕਿਸਮਤ ਹਾਂ ਜੋ ਤੁਸੀਂ ਸਾਡੇ ਬਜ਼ੁਰਗਾਂ ਦੀ ਯਾਦ ਨੂੰ ਅਕੀਦਤ ਪੇਸ਼ ਕਰਨ ਆਏ ਹੋ।" ਉਸ ਕੁਝ ਹੋਰ ਬੋਲ ਵੀ ਸਾਂਝੇ ਕੀਤੇ। ਉਹ ਵਾਰ ਵਾਰ ਸ਼ੁਕਰੀਆ ਕਰ ਰਿਹਾ ਸੀ। ਉਸ ਦੇ ਉਸ ਸਮੇਂ ਦੇ ਵਲਵਲਿਆਂ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਸੀ। ਉਹ ਭਾਵੁਕਤਾ ਵਿਚ ਏਨਾ ਡੁੱਬਿਆ ਹੋਇਆ ਸੀ ਕਿ ਉਸ ਨੂੰ ਖੁਸ਼ੀ ਜ਼ਾਹਰ ਕਰਨ ਲਈ ਲਫ਼ਜ਼ ਨਹੀਂ ਸਨ ਲੱਭ ਰਹੇ। ਉਸ ਦੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ। ਲੋਕ ਸਾਡੇ ਵੱਲ ਦੇਖ ਰਹੇ ਸਨ, ਸ਼ਾਇਦ ਮੇਰੀ ਪਗੜੀ ਉਨ੍ਹਾਂ ਲਈ ਖਿੱਚ ਦਾ ਕਾਰਨ ਸੀ। ਇਹ ਕਹਿਣਾ ਵਧੇਰੇ ਠੀਕ ਹੋਵੇਗਾ ਕਿ ਵੱਖਰਾ ਪਹਿਰਾਵਾ ਹਮੇਸ਼ਾ ਧਿਆਨ ਖਿੱਚਦਾ ਹੈ।

ਜਦੋਂ ਅਸੀਂ ਬਰਾਂਡੇ ਵਿਚ ਦਾਖ਼ਲ ਹੋਣ ਲੱਗੇ ਤਾਂ ਇਕ ਮੁਟਿਆਰ ਦਿਸੀ ਜੋ ਹੱਥ ਵਿਚ ਸੂਹੇ ਗੁਲਾਬ ਦਾ ਫੁੱਲ ਫੜੀ ਆਪਣੇ ਪੋਟਿਆਂ ਨਾਲ ਪਲੋਸਦੀ ਘੁਮਾ ਰਹੀ ਸੀ। ਫੁੱਲ ਦਾ ਰੰਗ ਮੇਰੀ ਪਗੜੀ ਦੇ ਰੰਗ ਤੋਂ ਵੀ ਗੂੜ੍ਹਾ ਲਾਲ ਸੀ। ਚਿਹਰੇ ਉਪਰ ਉਕਾ ਨਾ ਕੋਈ ਮੁਸਕਰਾਹਟ ਸੀ, ਨਾ ਹੀ ਉਦਾਸੀ ਦਾ ਪਤਾ ਲੱਗਦਾ ਸੀ। ਉਹ ਮੂਰਤੀ ਵਾਂਗ ਜਾਪਦੀ ਬੜੀ ਪਿਆਰੀ ਲੱਗ ਰਹੀ ਸੀ। ਮੇਰੇ ਮਨ ਵਿਚ ਆਇਆ ਕਿ ਸਾਨੂੰ ਵੀ ਫੁੱਲ ਲੈ ਕੇ ਆਉਣੇ ਚਾਹੀਦੇ ਸਨ! ਛਿਣ ਕੁ ਲਈ ਇਹ ਖਿਆਲ ਵੀ ਮਨ ਵਿਚੋਂ ਗੁਜ਼ਰਿਆ ਕਿ ਮੈਂ ਇਸ ਕੁੜੀ ਨੂੰ ਕਹਾਂ ਕਿ ਮਜ਼ਾਰ ਉਪਰ ਭੇਟ ਕਰਨ ਲਈ ਜੇ ਇਸ ਫੁੱਲ ਦੀ ਇਕ ਪੱਤੀ ਮੈਨੂੰ ਦੇ ਦੇਵੋ!!

ਅਸੀਂ ਪੈਰੋਂ ਜੁੱਤੀਆਂ ਲਾਹ ਕੇ ਮਜ਼ਾਰ ਅੰਦਰ ਦਾਖਲ ਹੋਏ। ਤਿੰਨ ਕਬਰਾਂ ਨਾਲੋ-ਨਾਲ ਸਨ। ਇਕ ਵਾਰਸ ਸ਼ਾਹ ਦੀ, ਦੂਜੀ ਉਸ ਦੇ ਬਾਪ ਸ਼ੇਰ ਖਾਂ ਦੀ ਅਤੇ ਤੀਜੀ ਉਸ ਦੇ ਭਰਾ ਦੀ ਕਬਰ ਸੀ। ਇਨ੍ਹਾਂ ਉਪਰ ਲਾਲ ਸੂਹੇ ਗੁਲਾਬ ਦੇ ਫੁੱਲ ਵਿਛੇ ਹੋਏ ਸਨ। ਕਬਰਾਂ ਲਾਗੇ ਤਿੰਨ ਚਾਰ ਬੰਦੇ ਬੈਠੇ ਕੁਝ ਪੜ੍ਹ ਰਹੇ ਸਨ। ਸ਼ਾਇਦ ਕੁਰਾਨ ਸ਼ਰੀਫ਼ ਹੋਵੇ। ਉਸ ਦੇ ਬਾਪ ਦਾ ਨਾਂ ਕਬਰ ਉਪਰ ਪੜ੍ਹ ਕੇ ਸਮਝ ਆਈ ਕਿ ਇਸ ਪਿੰਡ ਨੂੰ ਜੰਡਿਆਲਾ ਸ਼ੇਰ ਖਾਂ ਕਿਉਂ ਕਹਿੰਦੇ ਹਨ। ਸੰਭਵ ਹੈ ਕਿ ਰਾਂਝੇ ਵਾਂਗ, ਵਾਰਸ ਦਾ ਬਾਪ ਵੀ ਪਿੰਡ ਦਾ ਚੌਧਰੀ ਹੋਵੇ। ਕਿਹਾ ਜਾਂਦਾ ਹੈ ਕਿ ਹੀਰ ਦੀ ਕਹਾਣੀ ਵਿਚ ਵਾਰਸ ਨੇ ਆਪਣੇ ਪਿਤਰਾਂ ਦੀ ਕਹਾਣੀ ਦਾ ਸਾਰਾ ਰੁਮਾਂਸੀ ਸਰੋਦ ਭਰਿਆ ਹੋਇਆ ਹੈ। ਰਾਂਝੇ ਦੇ ਪਿੰਡ ਛੱਡਣ ਸਮੇਂ ਦੇ ਦ੍ਰਿਸ਼ ਨੂੰ ਚਿਤਰਦਿਆਂ ਵਾਰਸ ਨੇ ਲਿਖਿਆ ਹੈ:

ਹੱਕ ਪਕੜ ਜੁੱਤੀ ਮੋਢੇ ਮਾਰ ਬੁੱਕਲ,  
ਰਾਂਝਾ ਹੋ ਤੁਰਿਆ ਵਾਰਸ ਸ਼ਾਹ ਜੇਹਾ।

ਅਸੀਂ ਕਬਰਾਂ ਦੀ ਪਰਿਕਰਮਾ ਕੀਤੀ। ਉਥੇ ਪਏ ਪੈਸਿਆਂ ਵਾਲੇ ਸੰਦੂਕ ਵਿਚ ਕੁਝ ਪੈਸੇ ਪਾਏ। ਮਜ਼ਾਰ ਉਪਰ ਬਣਿਆ ਗੁੰਬਦ ਬੜਾ ਸ਼ਾਨਦਾਰ ਹੈ। ਉਸ ਦੇ ਅੰਦਰ ਦੀ ਗੋਲਾਈ ਉਤੇ ਅਰਬੀ ਅੱਖਰਾਂ ਵਿਚ 'ਅੱਲਾ ਹੂ, ਅੱਲਾ ਹੂ, ਅੱਲਾ ਹੂ' ਲਿਖ ਕੇ ਭਰਿਆ ਹੋਇਆ ਹੈ। ਫਿਰ ਅਸੀਂ ਬਾਹਰ ਆ ਕੇ ਮਜ਼ਾਰ ਦੀ ਸਮੁੱਚੀ ਇਮਾਰਤ ਦੀਆਂ ਪਰਿਕਰਮਾ ਕੀਤੀ। ਉਸ ਇਮਾਰਤ ਦੇ ਬਾਹਰ ਉਚੇ ਕਰ ਕੇ ਸ਼ਾਹਮੁਖੀ ਅੱਖਰਾਂ ਵਿਚ ਪੰਜਾਬੀ ਵਿਚ ਹੀਰ ਦੇ ਕਿੱਸੇ ਵਿਚੋਂ ਸੂਫੀਆਨਾ ਭਾਵਾਂ ਵਾਲੇ ਸ਼ਿਅਰ ਲਿਖੇ ਹੋਏ ਦੇਖੇ। ਇਹ ਸ਼ਿਅਰ ਕੁੱਲ ਅੱਠ ਹਨ ਜਿਹੜੇ ਇਮਾਰਤ ਦੇ ਅੱਠ ਕੋਨਿਆਂ ਵਿਚਕਾਰ ਲਿਖੇ ਹੋਏ ਹਨ।

ਵਾਰਸ ਸ਼ਾਹ ਦੇ ਮੁਰਸ਼ਦ ਸ਼ਾਹ ਇਨਾਇਤ ਸਨ ਜੋ ਸਾਈਂ ਬੁਲ੍ਹੇ ਸ਼ਾਹ ਦੇ ਵੀ ਮੁਰਸ਼ਦ ਸਨ। ਕਿੰਨੀ ਹੈਰਾਨ ਕਰਨ ਵਾਲੀ ਗੱਲ ਹੈ ਕਿ ਉਨ੍ਹਾਂ ਦੇ ਦੋ ਸ਼ਾਗਿਰਦ ਆਪਣੀਆਂ ਰਚਨਾਵਾਂ ਕਾਰਨ ਸੰਸਾਰ ਪ੍ਰਸਿੱਧੀ ਦੀਆਂ ਬੁਲੰਦੀਆਂ ਪ੍ਰਾਪਤ ਕਰ ਗਏ ਸਨ ਜਿਨ੍ਹਾਂ ਦਾ ਕਲਾਮ ਪੰਜਾਬੀ ਸਾਹਿਤ ਅਤੇ ਸਭਿਆਚਾਰ ਦਾ ਅਮੁੱਲ ਖਜ਼ਾਨਾ ਹੈ।

ਜਦੋਂ ਅਸੀਂ ਮਜ਼ਾਰ ਦੀਆਂ ਪਰਿਕਰਮਾ ਕਰਨ ਉਪਰੰਤ ਵਾਪਸ ਮੁੜਨ ਲੱਗੇ ਤਾਂ ਉਸ ਸਮੇਂ ਨਿਕਾਹ ਵਾਲੇ ਪਰਿਵਾਰਾਂ ਦੇ ਲੋਕ ਅਕੀਦਤ ਭੇਟ ਕਰਨ ਲਈ ਆ ਰਹੇ ਸਨ। ਉਨ੍ਹਾਂ ਦੇ ਅੱਗੇ ਪਿੱਤਲ ਦੇ ਵਾਜੇ ਉਤੇ ਪਹਿਲਾਂ ਬੁਲ੍ਹੇ ਸ਼ਾਹ ਦੀ ਧੁਨ ਵਜਾਈ, ਫਿਰ ਵਾਰਸ ਸ਼ਾਹ ਦੀ ਹੀਰ ਵਿਚੋਂ ਬੋਲਾਂ ਦੀ ਧੁਨ ਸੁਣਾਈ ਦਿੱਤੀ।


ਇਹ ਮੇਰੇ ਲਈ ਨਵੀਂ ਅਤੇ ਡਾਢੀ ਖੁਸ਼ੀ ਵਾਲਾ ਦ੍ਰਿਸ਼ ਸੀ ਕਿ ਵਾਰਸ ਸ਼ਾਹ ਨੂੰ ਐਵੇਂ ਨਹੀਂ ਲੋਕਾਂ ਦਾ ਸ਼ਾਇਰ ਮੰਨਿਆ ਜਾਂਦਾ!

ਜਦੋਂ ਅਸੀਂ ਜੰਝ ਲੰਘਣ ਪਿਛੋਂ ਬਾਹਰ ਬਰਾਂਡੇ ਵਿਚ ਤੋਹਫਿਆਂ ਦੀਆਂ ਦੁਕਾਨਾਂ ਲਾਗੇ ਆਏ ਤਾਂ ਟੇਪਾਂ ਵਾਲੀ ਦੁਕਾਨ ਉਪਰ ਹੀਰ ਦੀ ਟੇਪ ਹੀ ਵੱਜ ਰਹੀ ਸੀ। ਜਾਪਦਾ ਸੀ ਕਿ ਵਾਜੇ ਵਾਲੇ ਹੁਣੇ ਜਿਹੜੀ ਧੁਨ ਵਜਾ ਰਹੇ ਸਨ, ਉਹ ਉਥੇ ਟੇਪ ਦੀ ਆਵਾਜ਼ ਨਾਲ ਆਪਣੇ ਵਾਜੇ ਦੀ ਸੁਰ ਮੇਲ ਕੇ ਵਜਾ ਰਹੇ ਸਨ। ਇਹ ਸਹਿਜੇ ਹੀ ਆਪਣੇ ਆਪ ਵਿਚ ਇਕ ਤਰ੍ਹਾਂ ਸੰਗੀਤਕ ਸੁਹਾਣੀ ਸ਼ਾਮ ਬਣ ਗਈ ਸੀ। ਦਰੱਖਤਾਂ ਅਤੇ ਬਨੇਰਿਆਂ ਉਪਰ ਕਬੂਤਰ, ਚਿੜੀਆਂ ਅਤੇ ਤੋਤੇ ਵੀ ਆਪੋ-ਆਪਣੀਆਂ ਬੋਲੀਆਂ ਬੋਲਦੇ ਹੋਏ ਇਸ ਸੰਗੀਤਕ ਸ਼ਾਮ ਵਿਚ ਸ਼ਾਮਲ ਹੋ ਰਹੇ ਸਨ; ਜਿਵੇਂ ਉਹ ਵੀ ਵਾਰਸ ਸ਼ਾਹ ਦੇ ਮਜ਼ਾਰ ਉਪਰ ਆਪਣੀ ਅਕੀਦਤ ਭੇਟ ਕਰਨ ਆਏ ਹੋਣ!

ਮਜ਼ਾਰ ਦੀ ਇਮਾਰਤ ਦੇ ਪਿਛਵਾੜੇ ਵਿਚ ਘਾਹ ਲੱਗਿਆ ਖੁੱਲ੍ਹਾ ਵਿਹੜਾ ਹੈ ਜਿਸ ਦੇ ਸਿਰੇ ਦੀ ਬਾਹੀ ਵਿਚ 'ਵਾਰਸ ਸ਼ਾਹ ਯਾਦਗਾਰੀ ਲਾਇਬਰੇਰੀ' ਦਾ ਸ਼ਾਹਮੁਖੀ ਵਿਚ ਲਿਖਿਆ ਬੋਰਡ ਨਜ਼ਰ ਆ ਰਿਹਾ ਸੀ। ਐਤਵਾਰ ਹੋਣ ਕਾਰਨ ਲਾਇਬਰੇਰੀ ਬੰਦ ਸੀ। ਤੇਜ਼ੀ ਨਾਲ ਸੂਰਜ ਦਾ ਸੁਨਹਿਰੀ ਰੱਥ ਦੌੜਦਾ ਹੋਇਆ, ਸਾਡੇ ਹੱਥੋਂ ਸਮੇਂ ਨੂੰ ਸਮੇਟ ਰਿਹਾ ਸੀ, ਇਸ ਲਈ ਜਾਣ ਦੀ ਕਾਹਲ ਨੇ ਸਾਨੂੰ ਹੋਰ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਤੋਂ ਰੋਕ ਦਿੱਤਾ ਸੀ। ਅਜਿਹੇ ਮੌਕੇ ਸਮੇਂ ਦੀ ਥੁੜ੍ਹ, ਮਜਬੂਰੀ ਵਿਚ ਪੈਦਾ ਹੋਇਆ ਧੱਕਾ ਹੀ ਤਾਂ ਬਣ ਜਾਂਦਾ ਹੈ।

ਮਜ਼ਾਰ ਉਪਰ ਲੱਗੇ ਹਰੇ ਰੰਗ ਦੇ ਝੰਡੇ ਤੇਜ਼ ਹਵਾ ਨਾਲ ਫਰਾਟੇ ਮਾਰ ਰਹੇ ਸਨ ਜਿਹੜੇ ਇਕ ਤਰ੍ਹਾਂ ਨਾਲ ਸਾਨੂੰ ਅਲਵਿਦਾ ਹੀ ਆਖ ਰਹੇ ਸਨ। ਅਸੀਂ ਵਾਰਸ ਸ਼ਾਹ ਦੀ ਯਾਦ ਨੂੰ ਦਿਲ ਵਿਚ ਸਾਂਭ ਕੇ ਜੰਡਿਆਲੇ ਤੋਂ ਰੁਖਸਤ ਹੋਏ।

ਸਾਡੀ ਕਾਰ ਸ਼ੇਖੂਪੁਰੇ ਨੂੰ ਜਾਣ ਵਾਲੀ ਸੜਕ ਉਤੇ ਦੌੜ ਰਹੀ ਸੀ। ਅਸੀਂ ਸੜਕ ਦੁਆਲੇ ਹਰੇ ਭਰੇ ਖੇਤ ਦੇਖਦੇ ਜਾ ਰਹੇ ਸਾਂ। ਮੇਰੇ ਮਨ ਵਿਚ ਗੁਲਾਬ ਦਾ ਫੁੱਲ ਹੱਥਾਂ ਵਿਚ ਫੜੀ ਖੜ੍ਹੀ ਕੁੜੀ ਵਾਰ ਵਾਰ ਆ-ਜਾ ਰਹੀ ਸੀ। ਅਸਲ ਵਿਚ ਉਸ ਦਾ ਅਨਭੋਲ ਜਿਹਾ ਅਲ੍ਹੜ ਚਿਹਰਾ ਮਨ ਵਿਚੋਂ ਨਿਕਲ ਹੀ ਨਹੀਂ ਸੀ ਰਿਹਾ। ਮੈਨੂੰ ਜਾਪਿਆ, ਉਸ ਦੀਆਂ ਉਦਾਸ ਖੁਸ਼ਕ ਅੱਖਾਂ ਦਾ ਕਾਰਨ ਲੱਭਣ ਲਈ ਮੇਰਾ ਮਨ ਘਾੜਤਾਂ ਵਿਚ ਪਿਆ ਹੋਇਆ ਸੀ। ਅਚਾਨਕ ਮੇਰੇ ਮਨ ਨੇ ਪੁਣ-ਛਾਣ ਕਰਦਿਆਂ ਸਿੱਟਾ ਕੱਢਿਆ ਕਿ ਸ਼ਾਇਦ ਉਹ ਹੀਰ ਰਾਂਝੇ ਦੀ ਕਹਾਣੀ ਦੇ ਸਿਰਜਕ ਵਾਰਸ ਸ਼ਾਹ ਦੀ ਮਜ਼ਾਰ ਉਪਰ ਆਪਣੇ ਮਹਿਬੂਬ ਨੂੰ ਪ੍ਰਾਪਤ ਕਰਨ ਲਈ ਦੁਆ ਕਰਨ ਆਈ ਹੋਵੇ! ਹੁਣ ਉਸ ਦਾ ਉਦਾਸ ਚਿਹਰਾ ਖਾਲੀ ਉਦਾਸ ਅੱਖਾਂ ਜਿਵੇਂ ਤਰਸ ਦਾ ਪਾਤਰ ਬਣੀਆਂ ਆਲੇ-ਦੁਆਲੇ ਲੋਕਾਂ ਨੂੰ ਕਹਿ ਰਹੀਆਂ ਹੋਣ ਕਿ ਮੇਰੇ ਲਈ ਵੀ ਦੁਆ ਕਰੋ! ਮੈਂ ਆਪਣੇ ਮਨ ਵਿਚ ਉਸ ਅਜਨਬੀ ਕੁੜੀ ਦੀ ਤਮੰਨਾ ਪੂਰੀ ਹੋਣ ਲਈ ਕਾਮਨਾ ਕੀਤੀ।


ਅਬਦੁਰ ਰਹਿਮਾਨ ਚੁਗਤਾਈ ਦਾ ਬਣਾਇਆ ਹੀਰ ਰਾਂਝੇ ਦਾ ਚਿੱਤਰ।

# ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting new model homes to save big time.**

## Just Sold

1. 4234 Monet Dr., Stockton, CA 95206
2. 2903 Stallion Way, San Jose, CA 95121
3. 4292 Solar Cir., Union City, CA 94587
4. 950 Wildgrass Ct., Gilroy, CA 95020
5. 32442 Woodland Dr., Union City, CA 94587
6. 1946 Winterpark Way, San Jose, CA 95122
7. 1485 E. Grant Line Rd., Tracy, CA 95304

**Call for Listing Special 2017**

Fremont Office:
86 Pilgrim Loop
Fremont CA 94539
Tel:510-440-9292
Fax:510-656-8941



Jaswinder (Jassi) Gill
M.Sc (PAU)
CA BRE# 00966763
Broker/Owner/Notary

Pinnacle Award Winner
2014, 2015 & 2016
Grand Master Award Winner
2012 & 2013

E-mail: jassi@jassigill.com
or
Visit us @ www.jassigill.com
for hot listings

Follow us on zillow.com and trulia.com

**Cell: 510-304-9292 & 408-666-8279**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095